Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

AD Space is available
Contact us:
847-359-0746

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 34; August 24, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਕੰਗਨਾ ਦੀ ਫਿਲਮ 'ਐਮਰਜੈਂਸੀ' ਬਾਰੇ ਵਿਵਾਦ ਭਖਿਆ

### ਸਿੱਖਾਂ ਦਾ ਅਕਸ ਵਿਗਾੜਨ ਦੇ ਦੋਸ਼

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਭਾਜਪਾ ਦੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਦੀ ਆਉਣ ਵਾਲੀ ਫਿਲਮ 'ਐਮਰਜੈਂਸੀ' ਵਿਵਾਦਾਂ ਵਿਚ ਘਿਰ ਗਈ ਹੈ। ਸਿੱਖ ਜਥੇਬੰਦੀਆਂ ਨੇ ਇਸ ਫਿਲਮ ਉਤੇ ਸਖਤ ਇਤਰਾਜ਼ ਕੀਤਾ ਹੈ ਤੇ ਇਸ ਨੂੰ ਸਿੱਖ ਕੌਮ ਦਾ ਅਕਸ ਵਿਗਾੜਨ ਵਾਲੀ ਕਰਾਰ ਦਿੱਤਾ ਹੈ। ਇਸ ਫਿਲਮ ਨੂੰ ਸਿੱਖਾਂ ਖਿਲਾਫ ਸਾਜ਼ਿਸ਼ ਦੱਸਿਆ ਜਾ ਰਿਹਾ ਹੈ ਅਤੇ ਇਸ ਉਤੇ ਤੁਰੰਤ ਰੋਕ ਲਾਉਣ ਦੀ ਮੰਗ ਨੇ ਜ਼ੋਰ ਫੜ ਲਿਆ ਹੈ।

ਫਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਫਿਲਮ ਦੇ ਟ੍ਰੇਲਰ 'ਚ ਦਿਖਾਏ ਦ੍ਰਿਸ਼ਾਂ ਉਤੇ ਇਤਰਾਜ਼ ਜਤਾਇਆ ਹੈ। ਦੋਸ਼ ਲਾਏ ਗਏ ਹਨ ਕਿ ਇਸ ਫਿਲਮ ਵਿਚ ਸਿੱਖਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਸਰਬਜੀਤ ਸਿੰਘ ਖਾਲਸਾ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਫਿਲਮ ਦੀ ਰਿਲੀਜ਼ ਉਤੇ ਰੋਕ ਲਗਾਉਣ ਦੀ ਮੰਗ ਕੀਤੀ ਹੈ, ਫਿਲਮ ਅੰਦਰ ਸਿੱਖਾਂ ਨੂੰ ਵੱਖਵਾਦੀ ਅਤੇ ਦਹਿਸ਼ਤਗਰਦ ਵਜੋਂ ਫਿਲਮਾਇਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਹੈ ਕਿ ਜਿਹੜੀ ਐਮਰਜੈਂਸੀ ਇੰਦਰਾ ਗਾਂਧੀ ਦੇ ਪਤਨ ਦਾ ਕਾਰਨ ਬਣੀ ਸੀ, ਉਸ ਉਤੇ ਫਿਲਮ ਆ ਰਹੀ ਹੈ ਜਿਸ ਦਾ ਟ੍ਰੇਲਰ ਵਿਵਾਦਪੂਰਨ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਜ਼ਰੂਰ ਫਿਲਮਾਇਆ ਜਾਣਾ ਚਾਹੀਦਾ ਹੈ ਪਰ ਤੱਥ ਸਹੀ ਹੋਣੇ ਚਾਹੀਦੇ ਹਨ। ਇਸ ਟ੍ਰੇਲਰ ਵਿਚ ਸਿੱਖਾਂ ਨੂੰ ਨਫ਼ਰਤ ਦਾ ਪਾਤਰ ਤੇ ਜ਼ਾਲਮ ਦਿਖਾਇਆ ਗਿਆ ਹੈ। ਇਸ ਤੋਂ ਇਲਾਵਾ ਸੰਤ ਜਰਨੈਲ ਸਿੰਘ ਦੀ ਨਕਲ ਕੀਤੀ ਗਈ ਹੈ। ਕੰਗਨਾ ਰਣੌਤ ਦੀ ਇਹ ਫਿਲਮ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਰਜਕਾਲ ਦੌਰਾਨ ਲਾਈ ਐਮਰਜੈਂਸੀ ਉਤੇ ਬਣੀ ਹੈ।




ਯਾਦ ਰਹੇ ਕਿ ਕੰਗਨਾ ਨੇ ਕੁਝ ਦਿਨ ਪਹਿਲਾਂ ਇਸ ਫਿਲਮ ਦਾ ਟ੍ਰੇਲਰ ਆਪਣੇ ਸੋਸ਼ਲ ਮੀਡੀਆ ਅਕਾਊਂਟ ਉਤੇ ਸ਼ੇਅਰ ਕੀਤਾ ਸੀ। ਉਸ ਵਿਚ 1980ਵਿਆਂ ਵਿਚ ਪੰਜਾਬ ਵਿਚ ਅਤਿਵਾਦ ਦਾ ਦੌਰ ਵੀ ਦਿਖਾਇਆ ਗਿਆ ਹੈ। ਇਸ ਵਿਚ ਇਕ ਪਾਤਰ ਜਰਨੈਲ ਸਿੰਘ ਭਿੰਡਰਾਂਵਾਲਾ ਵੀ ਹੈ। ਸਰਬਜੀਤ ਸਿੰਘ ਖਾਲਸਾ ਦਾ ਮੰਨਣਾ ਹੈ ਕਿ ਬਲਿਊ ਸਟਾਰ ਅਪਰੇਸ਼ਨ ਬਾਰੇ ਵੀ ਫਿਲਮ ਵਿਚ ਸੀਨ ਹੈ ਜੋ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਖਤਮ ਕਰਨ ਲਈ ਹੀ ਕੀਤਾ ਗਿਆ ਸੀ। ਕੰਗਨਾ ਨੇ ਇਸ ਫਿਲਮ ਵਿਚ ਨਾ ਸਿਰਫ ਐਕਟਿੰਗ ਕੀਤੀ ਹੈ ਸਗੋਂ ਇਸ ਦਾ ਨਿਰਦੇਸ਼ਨ ਵੀ ਕੀਤਾ ਹੈ। ਫਿਲਮ ਵਿਚ ਅਦਾਕਾਰਾ ਕੰਗਨਾ ਰਣੌਤ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਭੂਮਿਕਾ ਵਿਚ ਨਜ਼ਰ ਆ ਰਹੀ ਹੈ। ਇਹ ਫਿਲਮ 1975 ਵਿਚ ਆਈ 'ਐਮਰਜੈਂਸੀ' ਉਤੇ ਆਧਾਰਿਤ ਹੈ। 6 ਸਤੰਬਰ ਨੂੰ ਸਿਨੇਮਾਘਰਾਂ ਵਿਚ ਰਿਲੀਜ਼ ਹੋਣ ਵਾਲੀ ਇਸ

(ਬਾਕੀ ਸਫਾ 6 'ਤੇ)

### ਭਾਜਪਾ ਨੇ ਵੱਟਿਆ ਪਾਸਾ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਲੀਡਰ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਲੋਕਤੰਤਰ ਵਾਲਾ ਦੇਸ਼ ਹੈ, ਜੇ ਇੱਥੇ ਕਿਸੇ ਧਰਮ ਬਾਰੇ ਕੋਈ ਗੱਲ ਕਰਨੀ ਹੋਵੇ ਤਾਂ ਪਹਿਲਾਂ ਉਸ ਦੀ ਮਨਜ਼ੂਰੀ ਲੈਣੀ ਚਾਹੀਦੀ ਹੈ। ਫਿਲਮ ਬਣਾਉਣ ਵਾਲਿਆਂ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਉਹ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਸੋਚ ਨਾਲ ਸਹਿਮਤ ਨਹੀਂ ਪਰ ਕਿਸੇ ਦਾ ਵੀ ਨਿਰਾਦਰ ਨਹੀਂ ਹੋਣਾ ਚਾਹੀਦਾ। ਅਜਿਹਾ ਕਰਨ ਤੋਂ ਪਹਿਲਾਂ ਫਿਲਮ ਬਣਾਉਣ ਵਾਲਿਆਂ ਨੂੰ ਸਿੱਖ ਸੰਸਥਾਂ ਨਾਲ ਗੱਲ ਕਰਨੀ ਚਾਹੀਦੀ ਸੀ ਤਾਂ ਕਿ ਕੋਈ ਅਜਿਹੇ ਮਸਲੇ ਪੈਦਾ ਨਾ ਹੋਣ।

## ਜੰਮੂ ਤੇ ਕਸ਼ਮੀਰ 'ਚ ਸਿੱਖਾਂ ਵੱਲੋਂ ਚੋਣਾਂ ਲੜਨ ਦੀ ਤਿਆਰੀ



**ਅੰਮ੍ਰਿਤਸਰ:** ਜੰਮੂ ਕਸ਼ਮੀਰ ਦੀ ਵਿਧਾਨ ਸਭਾ ਚੋਣਾਂ ਦੀ ਇਕ ਦਹਾਕੇ ਦੀ ਉਡੀਕ ਮੁੱਕ ਗਈ ਹੈ। ਚੋਣ ਕਮਿਸ਼ਨ ਨੇ ਇਸ ਕੇਂਦਰ ਸ਼ਾਸਿਤ ਪ੍ਰਦੇਸ਼ ਲਈ ਤਿੰਨ ਪੜਾਵਾਂ ਵਿਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੈ। ਹੁਣ ਜੰਮੂ ਖੇਤਰ ਦੀਆਂ ਵਿਧਾਨ ਸਭਾ ਸੀਟਾਂ ਦੀ ਗਿਣਤੀ 37 ਤੋਂ ਵਧਾ ਕੇ 43 ਕਰ ਦਿੱਤੀ ਗਈ ਹੈ। ਕਸ਼ਮੀਰ ਦੀਆਂ ਸੀਟਾਂ ਦੀ ਗਿਣਤੀ 46 ਤੋਂ 47 ਹੋ ਗਈ ਹੈ। ਇਸ ਨਾਲ ਚੁਣਾਵੀ ਨਤੀਜੇ ਹੀ ਨਹੀਂ ਸਗੋਂ ਚੋਣਾਂ ਤੋਂ ਪਹਿਲਾਂ ਅਤੇ ਬਾਅਦ ਵਿਚ ਬਣਨ ਵਾਲੇ ਗੱਠਜੋੜ ਅਸਰਅੰਦਾਜ਼ ਹੋਣਗੇ।

ਜੰਮੂ ਅਤੇ ਕਸ਼ਮੀਰ ਵਿਚ ਚੋਣਾਂ ਦਾ ਬਿਗਲ ਵੱਜਣ ਤੋਂ ਬਾਅਦ ਕਸ਼ਮੀਰ ਵਿਚ ਵਸਦੇ ਸਿੱਖਾਂ ਵੱਲੋਂ ਚੋਣਾਂ ਲੜਨ ਦੀ ਯੋਜਨਾ ਬਣਾਈ ਜਾ ਰਹੀ ਹੈ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਇਸ ਸਬੰਧੀ ਐਲਾਨ ਕੀਤਾ ਹੈ ਕਿ ਉਹ ਬਹੁਗਿਣਤੀ ਦੀ ਮਦਦ ਨਾਲ ਜੰਮੂ ਅਤੇ ਕਸ਼ਮੀਰ ਦੀਆਂ ਅੱਠ ਤੋਂ ਬਾਰਾਂ ਵਿਧਾਨ ਸਭਾ ਸੀਟਾਂ 'ਤੇ ਚੋਣ ਲੜ ਸਕਦੇ ਹਨ।

ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਜਗਮੋਹਨ ਸਿੰਘ ਰੈਣਾ ਨੇ ਦੱਸਿਆ ਕਿ ਹੁਣ ਤੱਕ ਜੰਮੂ ਅਤੇ ਕਸ਼ਮੀਰ ਵਿਚ ਕਈ ਸਿਆਸੀ ਪਾਰਟੀਆਂ ਆਈਆਂ ਹਨ ਪਰ ਕਿਸੇ ਨੇ ਵੀ ਸਿੱਖਾਂ ਦੀ ਬਾਂਹ ਨਹੀਂ ਫੜੀ ਸਗੋਂ ਸਿੱਖਾਂ ਨੂੰ ਸਿਰਫ ਆਪਣੇ ਵੋਟ ਬੈਂਕ ਲਈ ਵਰਤਿਆ ਹੈ ਜਿਸ ਦਾ ਸਿੱਟਾ ਹੈ ਕਿ ਸਿੱਖਾਂ ਦੀਆਂ ਸਮੱਸਿਆਵਾਂ ਜਿਵੇਂ ਦੀਆਂ ਤਿਵੇਂ ਹਨ ਅਤੇ ਸਿੱਖਾਂ ਨੂੰ ਘੱਟ ਗਿਣਤੀ ਹੋਣ ਦੇ ਬਾਵਜੂਦ ਘੱਟ ਗਿਣਤੀ ਦਾ ਦਰਜਾ ਨਹੀਂ ਮਿਲਿਆ। ਉਨ੍ਹਾਂ ਜੰਮੂ ਕਸ਼ਮੀਰ ਵਿਚ ਵਸਦੇ ਬਹੁ ਗਿਣਤੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਕਸ਼ਮੀਰੀਅਤ ਦੇ ਭਲੇ ਲਈ ਸਿੱਖ ਭਾਈਚਾਰੇ ਨੂੰ ਸਮਰਥਨ ਦਿੱਤਾ ਜਾਵੇ। ਆਲ ਪਾਰਟੀ ਸਿੱਖ ਕੋਆਰਡੀਨੇਸ਼ਨ ਕਮੇਟੀ ਨੇ ਇਸ ਬਾਰੇ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਹਨ।

ਉਨ੍ਹਾਂ ਦੱਸਿਆ ਕਿ ਉਹ ਕਸ਼ਮੀਰ ਘਾਟੀ ਦੀਆਂ ਚਾਰ ਸੀਟਾਂ 'ਤੇ ਨਜ਼ਰ ਰੱਖ ਰਹੇ ਹਨ ਜਿੱਥੇ ਸਿੱਖ ਭਾਈਚਾਰਾ ਚੰਗੀ ਗਿਣਤੀ ਵਿਚ ਹੈ। ਇਨ੍ਹਾਂ ਵਿਚ

(ਬਾਕੀ ਸਫਾ 6 'ਤੇ)

ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ
START CDL
CDL COURSES From $ 2 500
Call us at: +18442272162
Address: 2605 US-130 Cinnaminson, NJ 08077
* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਦੋ ਹਫਤੇ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਵਿਪਸਾਅ ਵੱਲੋਂ ਪ੍ਰੋ. ਪਿਆਰਾ ਸਿੰਘ ਕੁੱਦੋਵਾਲ ਨਾਲ ਸਾਹਿਤਕ ਮਿਲ਼ਣੀ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵੱਲੋਂ ਫੇਵਰਟ ਇੰਡੀਆ ਰੈਸਟੋਰੈਂਟ ਹੇਵਰਡ ਵਿਖੇ ਵਿਸ਼ੇਸ਼ ਮਿਲ਼ਣੀ ਆਯੋਜਿਤ ਕੀਤੀ ਗਈ। ਜਿਸ ਦੇ ਆਰੰਭ ਵਿਚ ਹਾਜ਼ਰ ਸਾਹਿਤਕਾਰਾਂ ਨੇ ਮਰਹੂਮ ਸ਼ਾਇਰ ਹਰਭਜਨ ਢਿੱਲੋਂ ਦੀ ਵਿਛੜੀ ਰੂਹ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਹਰਭਜਨ ਢਿੱਲੋਂ ਦੇ ਅਚਾਨਕ ਸਦੀਵੀ ਵਿਛੋੜੇ ਨੇ ਖਲਾਅ ਪੈਦਾ ਕਰ ਦਿੱਤਾ ਹੈ। ਸੰਗੀਤ ਨੂੰ ਪਿਆਰ ਕਰਨ ਵਾਲ਼ੇ ਇਸ ਸ਼ਾਇਰ ਦੇ ਸ਼ਬਦ ਰਹਿੰਦੀ ਦੁਨੀਆ ਤੱਕ ਜਿਊਂਦੇ ਰਹਿਣਗੇ।

ਇਸ ਉਪਰੰਤ ਪੰਜਾਬੀ ਲੇਖਕ ਪਿਆਰਾ ਸਿੰਘ ਕੁੱਦੋਵਾਲ ਨਾਲ਼ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਉਨ੍ਹਾਂ ਆਪਣੇ ਸਾਹਿਤਕ ਸਫ਼ਰ ਦੀ ਦਾਸਤਾਨ ਸਾਂਝੀ ਕਰਦਿਆਂ ਕਿਹਾ ਕਿ ਉਹ ਪਰਵਾਸ ਧਾਰਨ ਕਰਨ ਤੋਂ ਪਹਿਲਾਂ ਇੰਡੀਆ ਦੀਆਂ ਸਾਹਿਤਕ ਸਭਾਵਾਂ ਵਿਚ ਸਰਗਰਮ ਸਨ। ਥਾਈਲੈਂਡ ਜਾ ਕੇ ਇਹ ਸਰਗਰਮੀਆਂ ਘਟ ਗਈਆਂ। ਉਨ੍ਹਾਂ ਅਮਰੀਕਾ ਆ ਕੇ ਆਪਣਾ ਸਾਹਿਤਕ ਸਫ਼ਰ ਸੁਰਜੀਤ ਕੀਤਾ। ਉਹ ਆਪਣੀ ਹਮਸਫ਼ਰ ਸ਼ਾਇਰਾ ਸੁਰਜੀਤ ਦੇ ਨਾਲ਼ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗੇ। ਏਥੇ ਉਨ੍ਹਾਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੀਆਂ ਸੇਵਾਵਾਂ ਨਿਭਾਈਆਂ। ਉਹ 2008 ਵਿਚ ਅਮਰੀਕਾ ਤੋਂ ਕੈਨੇਡਾ ਜਾ ਵਸੇ। ਇਸ ਦੌਰਾਨ ਇਕ ਸਾਹਿਤਕ ਮਿਲ਼ਣੀ ਵਿਚ



ਉਨ੍ਹਾਂ ਦੀ ਮੁਲਕਾਤ ਅਜੀਤ ਅਖ਼ਬਾਰ ਦੇ ਫਾਊਂਡਰ ਪ੍ਰਧਾਨ ਡਾ. ਦਰਸ਼ਨ ਸਿੰਘ ਨਾਲ਼ ਹੋਈ ਅਤੇ ਉਨ੍ਹਾਂ ਨਾਲ਼ ਮਿਲ਼ ਕੇ 'ਕਲਮ' ਨਾਮ ਦੀ ਸੰਸਥਾ ਦਾ ਮੁੱਢ ਬੰਨ੍ਹਿਆ। ਇਸ ਸਮੇਂ ਦੌਰਾਨ ਉਨ੍ਹਾਂ ਦੇ ਕਾਵਿ ਸੰਗ੍ਰਹਿ 'ਸਮਿਆਂ ਤੋਂ ਪਾਰ' ਅਤੇ 'ਸੂਰਜ ਨਹੀਂ ਮੋਇਆ' ਪ੍ਰਕਾਸ਼ਿਤ ਹੋਏ। ਉਨ੍ਹਾਂ ਪੰਜਾਬੀ ਨਾਟਕ 'ਸਰਹੰਦ ਫਤਿਹ' ਲਿਖਿਆ ਅਤੇ ਉਸਦੀ ਸਫ਼ਲ ਪੇਸ਼ਕਾਰੀ ਵੀ ਕੀਤੀ। ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਉਨ੍ਹਾਂ ਨੇ ਮਸੂਰੀ ਅਤੇ ਥਾਈਲੈਂਡ ਦੇ ਕਾਰਜਕਾਲ ਦੌਰਾਨ ਬੱਚਿਆਂ ਨੂੰ ਪੜ੍ਹਾਉਣ ਦੇ ਮਕਸਦ ਨਾਲ਼ ਮਹਾਰਾਜਾ ਰਣਜੀਤ ਸਿੰਘ ਬਾਰੇ ਨਾਟਕ ਲਿਖੇ ਅਤੇ ਪੇਸ਼ ਕੀਤੇ। ਉਹ ਭੰਗੜਾ ਨਾਟ ਵੀ ਕਰਵਾ ਚੁੱਕੇ ਹਨ। ਉਨ੍ਹਾਂ ਦੇ ਵਿਦਿਆਰਥੀਆਂ ਨੇ ਨੈਸ਼ਨਲ ਟੀ ਵੀ 'ਤੇ ਭੰਗੜਾ ਵੀ ਪਾਇਆ। ਉਨ੍ਹਾਂ ਕੈਨੇਡਾ ਦੀਆਂ ਸਾਹਿਤਕ ਸਭਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਹੁਤ ਸਾਰੇ ਪ੍ਰੋਫ਼ੈਸਰ ਸੇਵਾ-ਮੁਕਤ ਹੋ ਕੇ ਕੈਨੇਡਾ ਵਿਚ ਆਪਣੇ ਬੱਚਿਆਂ ਕੋਲ ਰਹਿ ਰਹੇ ਹਨ ਜਿਵੇਂ ਵਰਿਆਮ ਸੰਧੂ, ਨਾਹਰ ਸਿੰਘ, ਵਿਰਕ ਆਦਿ। ਉਹ ਕੈਨੇਡਾ ਵਿਚ ਰਚੇ ਜਾ ਰਹੇ ਸਾਹਿਤ ਦੀ ਸੁਚੱਜੀ ਆਲੋਚਨਾ ਕਰਦੇ ਹਨ ਜੋ ਮਿਆਰੀ ਸਾਹਿਤ ਰਚਣ ਵਿਚ ਸਹਾਈ ਹੁੰਦੀ ਹੈ। ਸੋਸ਼ਲ ਮੀਡੀਆ ਨੇ ਸਾਹਿਤ ਉੱਤੇ ਮਾਰੂ ਪ੍ਰਭਾਵ ਪਾਇਆ ਹੈ। ਇਸ ਦੇ ਬਾਵਜੂਦ ਤਸੱਲੀ ਹੈ ਕਿ ਬਹੁਤ ਕੁਝ ਚੰਗਾ ਵੀ ਸਿਰਜਿਆ ਜਾ ਰਿਹਾ ਹੈ। ਇਸ ਉਪਰੰਤ ਪ੍ਰਿੰ. ਹਜ਼ੂਰਾ ਸਿੰਘ, ਮੁਕੇਸ਼ ਕੁਮਾਰ ਅਤੇ ਅਮਰਜੀਤ ਸਿੰਘ ਜੌਹਲ ਨੇ ਤਰਨੁਮ ਵਿਚ ਕਲਾਮ ਪੇਸ਼ ਕੀਤੇ। ਉਨ੍ਹਾਂ ਡਾ. ਨਿਰਮਲ ਜਸਵਾਲ ਵਲੋਂ ਸੰਪਾਦਿਤ ਅੰਗਰੇਜ਼ੀ ਕਹਾਣੀ ਸੰਗ੍ਰਹਿ 'Rustling Alphabets' ਅਕਾਦਮੀ ਦੇ ਮੈਂਬਰਾਂ ਨੂੰ ਭੇਟ ਕੀਤਾ। ਇਸ ਵਿਚ ਉਨ੍ਹਾਂ ਦੀ ਕਹਾਣੀ ਵੀ ਸ਼ਾਮਲ ਹੈ। ਅੰਤ ਵਿੱਚ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਸਭ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰੋ. ਸੁਰਿੰਦਰ ਸਿੰਘ ਸੀਰਤ, ਪ੍ਰਿੰਸੀਪਲ ਹਜ਼ੂਰਾ ਸਿੰਘ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਜਸਵਿੰਦਰ ਧਨੋਆ, ਮਨਜੀਤ ਪਲਾਹੀ, ਤਾਰਾ ਸਿੰਘ ਸਾਗਰ, ਪ੍ਰੋ. ਬਲਜਿੰਦਰ ਸਿੰਘ ਸਵੈਚ, ਗੁਲਸ਼ਨ ਦਿਆਲ, ਪ੍ਰੋ. ਦਲਬੀਰ ਸਿੰਘ, ਪ੍ਰੋ. ਸੁਖਦੇਵ ਸਿੰਘ, ਅਭੀਤਾਬ ਸੈਣੀ ਅਤੇ ਲਾਜ ਨੀਲਮ ਸੈਣੀ ਆਦਿ ਹਾਜ਼ਰ ਸਨ।

**-ਰਿਪੋਰਟ: ਲਾਜ ਨੀਲਮ ਸੈਣੀ**
**(ਸਾਹਿਤ ਸਕੱਤਰ ਵਿਪਸਾਅ)**
**510-502-0551**

## ਬਾਬਾ ਗੰਗਾ ਰਾਮ ਜੀ ਦੀ 66ਵੀਂ ਬਰਸੀ ਮਨਾਈ

**ਫਰਿਜ਼ਨੋ:** ਜ਼ਿਲ੍ਹਾ ਮੋਗਾ ਦੇ ਪਿੰਡ ਸੈਦੋਕੇ ਦੀ ਫਰਿਜ਼ਨੋ ਨਿਵਾਸੀ ਸੰਗਤ ਵੱਲੋਂ ਬਾਬਾ ਗੰਗਾ ਰਾਮ ਜੀ ਦੀ ਬਰਸੀ ਸ਼ਰਧਾ ਨਾਲ, ਸਥਾਨਕ ਗੁਰਦੁਆਰਾ ਨਾਨਕਸਰ ਚੈਰੀ ਰੋਡ ਵਿਖੇ ਅਖੰਡ ਪਾਠ ਸਹਿਬ ਦੇ ਭੋਗ ਪਾ ਕੇ ਮਨਾਈ ਗਈ। ਇਸ ਮੌਕੇ ਪੰਜਾਬ ਤੋਂ ਖਾਸ ਤੌਰ 'ਤੇ ਸੰਤ ਧਰਮ ਦਾਸ ਜੀ ਪਹੁੰਚੇ ਹੋਏ ਸਨ, ਜਿਨ੍ਹਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਬਾਬਾ ਗੰਗਾ ਰਾਮ ਜੀ ਦੇ ਜੀਵਨ 'ਤੇ ਪੰਛੀ ਝਾਤ ਪਵਾਈ। ਉਨ੍ਹਾਂ ਪਿੰਡ ਸੈਦੋਕੇ ਦੇ ਉੱਦਮ ਦੀ ਸ਼ਲਾਘਾ ਕੀਤੀ ਅਤੇ ਸੰਗਤ ਨੂੰ ਆਸ਼ੀਰਵਾਦ ਵੀ ਦਿੱਤਾ। ਇਸ ਮੌਕੇ ਕੀਰਤਨ ਦਰਬਾਰ ਸਜਾਇਆ ਗਿਆ। ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਮਾਜਸੇਵੀ ਪੰਮਾ ਸੈਦੋਕੇ ਨੇ ਸੰਗਤ ਦਾ ਧੰਨਵਾਦ ਕੀਤਾ, ਉਪਰੰਤ ਸੰਤ ਧਰਮ ਦਾਸ ਨੇ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਦਾ ਦੌਰਾ ਕੀਤਾ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਸ਼ਰਧਾਂਜਲੀ ਫੁੱਲ ਭੇਟ ਕੀਤੇ। ਇਸ ਸਮਾਗਮ ਨੂੰ ਕਾਮਯਾਬ ਕਰਨ ਦਾ ਸਿਹਰਾ ਸੁੱਖਾ ਸੈਦੋਕੇ, ਗੁਰਸੇਵਕ ਸਿੰਘ ਸੈਦੋਕੇ, ਗੋਗੀ ਸੈਦੋਕੇ, ਕਰਨੈਲ ਸਿੰਘ ਡੋਡ ਸਿਰ ਜਾਂਦਾ ਹੈ। ***-ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ***



# ਸਮੱਸਿਆਵਾਂ ਦੇ ਬਾਵਜੂਦ ਭਾਰਤ ਦਾ ਜਮਹੂਰੀ ਢਾਂਚਾ ਮਜ਼ਬੂਤ: ਪ੍ਰੋ. ਜਗਰੂਪ ਸਿੰਘ ਸੇਖੋਂ

**ਕੈਲਗਰੀ:** ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ 10 ਅਗਸਤ ਨੂੰ ਕੋਸੋ ਹਾਲ ਵਿਚ ਹੋਈ। ਇਸਦੀ ਪ੍ਰਧਾਨਗੀ ਡਾ. ਜੋਗਾ ਸਿੰਘ ਸਹੋਤਾ, ਪ੍ਰੋ. ਜਗਰੂਪ ਸਿੰਘ ਸੇਖੋਂ, ਗੀਤਕਾਰ ਅਲਬੇਲ ਸਿੰਘ ਬਰਾੜ ਅਤੇ ਸਰੂਪ ਸਿੰਘ ਮੰਡੇਰ ਨੇ ਕੀਤੀ। ਸਭਾ ਦੇ ਸਕੱਤਰ ਜਸਵੰਤ ਸਿੰਘ ਸੇਖੋਂ ਨੇ ਪ੍ਰੋਗਰਮ ਦੀ ਕਾਰਵਾਈ ਬਾਰੇ ਦੱਸਿਆ।



ਡਾ. ਮਨਮੋਹਨ ਸਿੰਘ ਬਾਠ ਦੇ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਸਭ ਤੋਂ ਪਹਿਲਾਂ ਕਵੀਸ਼ਰ ਸਰੂਪ ਸਿੰਘ ਮੰਡੇਰ ਦੀ ਦਸਵੀਂ ਕਿਤਾਬ 'ਮੰਡੇਰ ਬਗੀਚਾ' ਲੋਕ-ਅਰਪਣ ਕੀਤੀ ਗਈ। ਇਸ ਕਿਤਾਬ ਬਾਰੇ ਸਮੀਖਿਆ ਕਰਦਿਆਂ ਜਗਦੇਵ ਸਿੱਧੂ ਨੇ ਕਿਹਾ ਕਿ ਅੱਜ ਪੰਜਾਬ ਦੇ ਸਿਰਮੌਰ ਕਵੀਸ਼ਰ ਬਾਬੂ ਰਜਬ ਅਲੀ ਖ਼ਾਨ ਦੇ ਜਨਮ ਦੀ 130ਵੀਂ ਵਰ੍ਹੇਗੰਢ ਮੌਕੇ ਕਵੀਸ਼ਰੀ ਦਾ ਮਾਹੌਲ ਸਿਰਜਣਾ ਉਸ ਨੂੰ ਸ਼ਰਧਾਂਜਲੀ ਹੈ। ਇਹ ਕਿਤਾਬ ਉਸੇ ਪ੍ਰੰਪਰਾ ਨੂੰ ਸਫ਼ਲਤਾ ਨਾਲ਼ ਅੱਗੇ ਤੋਰਦੀ ਹੈ। ਮੰਡੇਰ ਨੇ ਸਮਾਜ, ਇਤਿਹਾਸ, ਰਾਜਨੀਤੀ, ਅਰਥਚਾਰੇ, ਵਾਤਾਵਰਣ, ਲੋਕ-ਲਹਿਰਾਂ, ਮਹਾਂਮਾਰੀ ਆਦਿ ਵਿਸ਼ਿਆਂ ਸਮੇਤ ਉਪਦੇਸ਼-ਆਤਮਿਕ ਰਵਾਇਤ ਵਾਲ਼ੇ ਵੰਨ-ਸੁਵੰਨੇ 70 ਛੰਦ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੇ ਹਨ। ਪ੍ਰੋ. ਜਗਰੂਪ ਸਿੰਘ ਸੇਖੋਂ ਨੂੰ ਸਨਮਾਨ ਚਿੰਨ੍ਹ ਨਾਲ਼ ਸ਼ਾਲ ਦੇ ਕੇ ਨਿਵਾਜਿਆ ਗਿਆ। ਪ੍ਰੋ. ਸੇਖੋਂ ਨੇ ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਦ੍ਰਿਸ਼ ਨੂੰ ਵਿਸਥਾਰ ਸਹਿਤ ਵਿਦਵਤਾ ਪੂਰਨ ਸਾਕਾਰ ਕੀਤਾ। ਉਨ੍ਹਾਂ ਨੇ ਇਤਿਹਾਸਕ ਹਵਾਲਿਆਂ ਰਾਹੀਂ ਸਮਝਾਇਆ ਕਿ ਭਾਰਤ ਅੰਦਰ ਜਮਹੂਰੀਅਤ ਦੀਆਂ ਜੜ੍ਹਾਂ ਮਜ਼ਬੂਤ ਹੋਈਆਂ ਹਨ।

ਦੂਜੇ ਦੌਰ ਵਿਚ ਤਿੰਨ ਹਜ਼ਾਰ ਤੋਂ ਵੱਧ ਸੱਚੇ-ਸੁੱਚੇ ਗੀਤਾਂ ਦੇ ਰਚੇਤਾ ਅਲਬੇਲ ਸਿੰਘ ਬਰਾੜ (ਦਿਓਣਵਾਲ਼ਾ, ਬਠਿੰਡਾ) ਨੂੰ ਸਭਾ ਵੱਲੋਂ ਸਨਮਾਨ ਚਿੰਨ੍ਹ ਸਮੇਤ ਸ਼ਾਲ ਪ੍ਰਦਾਨ ਕੀਤਾ ਗਿਆ। ਉਸਦੇ ਗੀਤਾਂ ਨੇ ਸਮਾਜ ਨੂੰ ਉਸਾਰੂ ਸੇਧ ਦਿੱਤੀ ਹੈ। ਸਨਮਾਨ ਨੂੰ ਯਾਦਗਾਰੀ ਕਹਿ ਕੇ ਸਵੀਕਾਰ ਕਰਦਿਆਂ ਉਸਨੇ ਕਿਹਾ ਕਿ ਪ੍ਰਮਾਤਮਾ ਨੇ ਉਸ ਨੂੰ ਕਲਮ ਫੜਾ ਕੇ ਉਸਾਰੂ ਗੀਤ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਹੈ। ਉਸਨੇ ਆਪਣਾ ਗੀਤ ਸੁਣਾ ਕੇ ਲੇਖਕਾਂ ਤੇ ਗੀਤਕਾਰਾਂ ਨੂੰ ਹਲੂਣਾ ਦਿੰਦਿਆਂ ਸੁਚੇਤ ਕੀਤਾ 'ਫ਼ੁਕਰੀ ਨਾ ਮਾਰਿਆ ਕਰੋ, ਲਿਖਣ ਤੇ ਗਾਉਣ ਵਾਲ਼ਿਓ ਗੱਲ ਅੰਬਰੀਂ ਨਾ ਚਾੜ੍ਹਿਆ ਕਰੋ'।

ਡਾ. ਮਨਮੋਹਨ ਬਾਠ ਨੇ ਲਾਲ ਚੰਦ ਯਮਲ਼ਾ ਜੱਟ ਦਾ ਲਿਖਿਆ ਗੀਤ 'ਜਿਨ੍ਹਾਂ ਕੀਤੀ ਨਾ ਕਮਾਈ ਉਨ੍ਹਾਂ ਰੱਜ ਕੇ ਕੀ ਖਾਣਾ', ਸੁਣਾਇਆ। ਡਾ. ਜੋਗਾ ਸਿੰਘ ਸਹੋਤਾ ਨੇ ਗ਼ਜ਼ਲ 'ਚੱਲ ਪਾਤਰ ਹੁਣ ਢੂੰਡਣ ਚੱਲੀਏ ਭੁੱਲੀਆਂ ਹੋਈਆਂ ਥਾਵਾਂ', ਸਾਜ਼ ਨਾਲ ਸੁਣਾ ਕੇ ਕਮਾਲ ਦੀ ਪੇਸ਼ਕਾਰੀ ਕੀਤੀ। ਜੈਤੋਵਾਲ਼ੇ ਦਰਸ਼ਨ ਸਿੰਘ ਬਰਾੜ ਦੀ ਪੇਸ਼ਕਸ਼ 'ਸਿੱਖੀ ਮੰਗਦੀ ਹੈ ਏਹ ਕੁਰਬਾਨੀਆਂ' ਗਾਇਕੀ ਦੀ ਸਿਖਰ ਹੋ ਨਿੱਬੜੀ। ਕੇਸਰ ਸਿੰਘ ਨੀਰ ਦੀਆਂ ਗ਼ਜ਼ਲਾਂ 'ਮੇਰੇ ਦਿਲ ਨੇ ਸਦਮੇ ਸਹਾਰੇ ਬੜੇ ਨੇ', 'ਲੁਭਾਉਂਦੇ ਪੱਤਝੜਾਂ ਅੰਦਰ ਨਜ਼ਾਰੇ ਹੋਰ ਹੁੰਦੇ ਨੇ' ਨਾਲ ਸਰੋਤਿਆਂ ਨੂੰ ਕੀਲਿਆ।

ਸੁਰਿੰਦਰ ਕੌਰ ਕੈਂਥ ਦੀ ਪੇਸ਼ਕਾਰੀ 'ਮੈਂ ਭੁਲਾਵਾਂ ਬੜਾ ਬੇ-ਰੁਖੀ ਓਸ ਦੀ', ਪਰਮਜੀਤ ਸਿੰਘ ਭੰਗੂ ਦੁਆਰਾ ਗਾਈ ਸ਼ਹੀਦ ਊਧਮ ਸਿੰਘ ਦੀ ਵਾਰ, ਜਰਨੈਲ ਤੱਗੜ ਦੁਆਰਾ ਉਚਾਰੀ ਗ਼ਜ਼ਲ 'ਸੱਚ 'ਤੇ ਜਦ ਵੀ ਚਾਦਰ ਤਾਣੀ ਜਾਂਦੀ ਹੈ' ਵਿਲੱਖਣ ਅੰਦਾਜ਼ ਵਿਚ ਸੁਣਾਈ। ਜਤਿੰਦਰ ਉਰਫ਼ ਸੰਨੀ ਸਵੈਚ ਦੀ ਵਿਅੰਗਮਈ ਰਚਨਾ 'ਪਹੁੰਚ ਗਿਆ ਸੀ ਮੈਂ ਲੁਧਿਆਣੇ, ਸੁਜ਼ਾਨ ਸਿੰਘ ਮੰਡੇਰ ਦੀ ਕਵਿਤਾ 'ਮਿੱਠੇ ਬੋਲ ਤੇ ਮਿੱਠੀਆਂ ਬਾਤਾਂ' ਅਤੇ ਜਸਵੀਰ ਸਿਹੋਤਾ ਦੀ ਕਵਿਤਾ 'ਰਸਤੇ ਦੀ ਵਾਟ ਜੀਹਦੇ ਪੈਰੀਂ ਲੱਗ ਜਾਵੇ' ਆਪੋ ਆਪਣਾ ਅਨੂਠਾ ਪ੍ਰਭਾਵ ਛੱਡ ਗਈਆਂ। ਜਸਵੰਤ ਸੇਖੋਂ ਅਤੇ ਸਰੂਪ ਮੰਡੇਰ ਜੋੜੀ ਦੀ ਕਵੀਸ਼ਰੀ ਸਰੋਤਿਆਂ ਨੂੰ ਪੰਜਾਬ ਦੇ ਕਵੀਸ਼ਰੀ ਦੇ ਅਖਾੜਿਆਂ ਦੀ ਯਾਦ ਤਾਜ਼ਾ ਕਰਵਾ ਗਈ। ਹਾਸਿਆਂ ਦੇ ਬਾਦਸ਼ਾਹ ਤਰਲੋਕ ਚੁੱਘ ਨੇ ਹਸਾਉਣ ਦੀ ਕਸਰ ਪੂਰੀ ਕੀਤੀ। ਸਾਬਕਾ ਪੀ.ਸੀ.ਐੱਸ. ਅਫ਼ਸਰ ਹਰਜੀਤ ਸਿੰਘ ਸਿੱਧੂ ਨੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ।

ਸਤਨਾਮ ਢਾਅ ਨੇ ਸਰੂਪ ਸਿੰਘ ਮੰਡੇਰ ਨੂੰ ਵਧਾਈ ਦਿੰਦਿਆਂ ਆਖਿਆ ਕਿ ਮੰਡੇਰ ਆਪਣੀ ਕਵਿਤਾ ਸਮੇਂ ਦੀ ਅੱਖ ਵਿਚ ਅੱਖ ਪਾ ਕੇ ਸਿਰਜਦੇ ਹਨ। ਅਸੀਂ ਕਾਮਨਾ ਕਰਦੇ ਹਾਂ ਕਿ ਮੰਡੇਰ ਸਾਹਿਬ ਇਸੇ ਤਰ੍ਹਾਂ ਮਿਆਰੀ ਕਵਿਤਾ ਪੰਜਾਬੀ ਸਾਹਿਤ ਦੀ ਝੋਲ਼ੀ ਪਾਉਂਦੇ ਰਹਿਣਗੇ। ਜਸਵੰਤ ਸੇਖੋਂ ਨੇ ਸਾਰੀ ਕਾਰਵਾਈ ਨੂੰ ਨਿਪੁੰਨਤਾ ਨਾਲ ਚਲਾਇਆ। ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ ਨੇ ਮਹਿਮਾਨਾਂ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ।

ਹੋਰ ਜਾਣਕਾਰੀ ਲਈ 403-207-4412 'ਤੇ ਡਾ. ਜੋਗਾ ਸਿੰਘ ਅਤੇ 403-681-3132 'ਤੇ ਜਸਵੰਤ ਸਿੰਘ ਸੇਖੋਂ ਨੂੰ ਸੰਪਰਕ ਕੀਤਾ ਜਾ ਸਕਦਾ ਹੈ।

***- ਸਤਨਾਮ ਸਿੰਘ ਢਾਅ/ ਜਗਦੇਵ ਸਿੰਘ ਸਿੱਧੂ***

## ਸ਼ਹੀਦ ਜਸਵੰਤ ਸਿੰਘ ਖਾਲੜਾ ਦਾ ਬਰਸੀ ਸਮਾਗਮ 21 ਸਤੰਬਰ ਨੂੰ

**ਫਰਿਜ਼ਨੋ:** ਇੰਡੋ-ਯੂ.ਐਸ. ਹੈਰੀਟੇਜ਼ ਫਰਿਜ਼ਨੋ, ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ, ਜੈਕਾਰਾ ਮੂਵਮੈਂਟ ਦੇ ਉਪਰਾਲੇ ਸਦਕਾ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਬਰਸੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਅਤੇ ਮਨੁੱਖੀ ਅਧਿਕਾਰ ਦਿਵਸ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਖਾਲੜਾ ਪਾਰਕ ਵਿਖੇ 21 ਸਤੰਬਰ ਦਿਨ ਸ਼ਨਿਚਰਵਾਰ ਨੂੰ ਦੁਪਹਿਰ 12 ਕਰਵਾਇਆ ਜਾ ਰਿਹਾ ਹੈ।



ਇਸ ਸ਼ਹੀਦੀ ਸਮਾਗਮ ਵਿਚ ਖਾਲੜਾ ਸਾਹਿਬ ਦੇ ਧਰਮ-ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਅਤੇ ਬੇਟੀ ਨਵਕਿਰਨ ਕੌਰ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਮੌਕੇ 1911 ਦੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਜਾਵੇਗੀ। ਇਸ ਸ਼ਰਧਾਂਜਲੀ ਸਮਾਗਮ ਵਿਚ ਸਭਨਾਂ ਭਰਾਤਰੀ ਜਥੇਬੰਦੀਆਂ ਅਤੇ ਸਮੂਹ ਭਾਈਚਾਰੇ ਨੂੰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।


ਇਸ ਪ੍ਰੋਗਰਾਮ ਸਬੰਧੀ ਇੰਡੋ ਯੂ ਐਸ ਹੈਰੀਟੇਜ ਫਰਿਜ਼ਨੋ, ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ, ਜੈਕਾਰਾ ਜਥੇਬੰਦੀ ਦੇ ਮੈਂਬਰਾਂ ਦੀ ਮੀਟਿੰਗ ਖਾਲੜਾ ਪਾਰਕ ਵਿਚ ਹੋਈ। ਮੀਟਿੰਗ ਦੌਰਾਨ ਲਾਵਾਰਸ ਲਾਸ਼ਾਂ ਕਹਿ ਕੇ ਸਾੜ ਦਿੱਤੇ ਗਏ ਸਿੱਖ ਨੌਜੁਆਨਾਂ ਦਾ ਰਿਕਾਰਡ ਇਕੱਠਾ ਕਰਦੇ ਹੋਏ ਸ਼ਹੀਦ ਕਰ ਦਿੱਤੇ ਗਏ, ਜਸਵੰਤ ਸਿੰਘ ਖਾਲੜਾ ਦੇ ਸ਼ਹੀਦੀ ਦਿਹਾੜੇ ਦੇ ਆਯੋਜਨ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਬੰਧਕਾਂ ਨੇ ਦੱਸਿਆ ਕਿ ਸਮਾਗਮ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਵਾਲੰਟੀਅਰਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਇਸ ਖ਼ੂਬਸੂਰਤ ਪਾਰਕ ਦੀ ਦੇਖ ਭਾਲ ਖਾਲੜਾ ਪਾਰਕ ਵਾਲੇ ਬਾਬਿਆਂ ਦੀ ਕਮੇਟੀ ਕਰਦੀ ਆ ਰਹੀ ਹੈ। ਇਹ ਪਾਰਕ ਪੰਜਾਬੀ ਬਜ਼ੁਰਗਾਂ ਲਈ ਕਮਿਊਨਿਟੀ ਸੈਂਟਰ ਬਣਿਆ ਹੋਇਆ ਹੈ। ਵੱਡੀ ਕੰਧ 'ਤੇ ਖਾਲੜਾ ਸਾਹਿਬ ਦੀ ਉਲੀਕੀ ਤਸਵੀਰ ਸਾਨੂੰ ਮਨੁੱਖੀ ਅਧਿਕਾਰਾਂ ਲਈ ਲੜਨ ਵਾਸਤੇ ਪ੍ਰੇਰਣਾ ਸ੍ਰੋਤ ਬਣੀ ਹੋਈ ਹੈ।

ਵਧੇਰੇ ਜਾਣਕਾਰੀ ਲਈ ਨਿਰਮਲ ਸਿੰਘ ਧਨੌਲਾ ਨਾਲ ਫੋਨ ਨੰਬਰ (559) 270-9880, ਹਰਦੇਵ ਸਿੰਘ ਰਸੂਲਪੁਰ (559) 803-8586, ਨੈਣਦੀਪ ਸਿੰਘ ਚੰਨ (559) 647 4700 ਅਤੇ ਮਾਸਟਰ ਸੁਲੱਖਣ ਸਿੰਘ ਗਿੱਲ ਨਾਲ (559) 548-5924 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746

ਕਿਚਨ ਹੈਲਪਰ ਤੇ ਕੁੱਕ ਦੀ ਫੌਰੀ ਲੋੜ ਹੈ
ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਕਿਚਨ ਹੈਲਪਰ ਅਤੇ ਕੁੱਕ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼
Restaurant Help Wanted
Immediately hiring Kitchen Helper & Cook for Indian restaurant in Indiana.
*Good salary and free accommodation.
ਸੰਪਰਕ ਕਰੋ: ਟੋਨੀ
ਫੋਨ: 317-340-1470
33-34

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635


Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency Call anytime at
847-436-9010

EARLY BIRD SALE!!!!
Etihad, Air India, KLM, Lufthansa, Delta, Qatar Airlines.
Domestic fares available

# Matrimonials

## ਲੜਕੀ ਦੀ ਲੋੜ ਹੈ

Kamboj Sikh Family looking for suitable girl living in USA/Canda for their 31-year-old 5'11" son, Innocent Divorce (No Kids). He has done MCA & Diploma in Electrical Engineering; he is currently working as Professional Electrical Techician with National Contractor. He is Canadian PR, currently living in Surrey, BC. Drug free, no alcohol, no smoking. Please contact us at +1225 921 0802 or gillh5162@gmail.com
34-37

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਵੈਸ਼ਨੂੰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/ what's app on +91 98993-79442 or E-mail: cjsingh55@gmail.com
33-36

Jatt sikh family residing in USA looking for a suitable match for their 24 years 5'11 boy. Caste no bar. He has done his graduation in accounting from Canada and now he is in (Indianapolis) Usa with his family on tourist visa. Family has share in gas station and both brothers are working there. For more information call or Whatsapp to +1 (463) 204-9565 or email Singhkulwinderbb@gmail.com.
32-35

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com
32-35

Inviting a suitable match for a Tonk Kashatria Sikh boy, 1993 born, 5'-8", Software Engineer in the USA. Looking for a well-educated girl working/ studying in the USA. For more Information Please contact (605) 786-5657.
32-35

Arora family seeks a compatible match for their 32 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com
30-33

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.
25-28

## ਲੜਕੇ ਦੀ ਲੋੜ ਹੈ

Goldsmith/Mair Rathore Rajput family seeks a comparable match from a progressive family for their 27-year-old, 5' 2", daughter. She is MS in Bioinformatics from Indiana University. Required highly qualified boy with good family background and must be green card holder or resident of The US. Age gap should not be more than three years. Please contact with details at abhimanyu.kanda@gmail.com
32-35

Jat Sikh family seeks a suitable match in US/Canada for their amritdhari girl, age 25, height 5'4". Associate of arts and ECEA certificate, currently doing dental receptionist course in Canada. Looking for a well educated amritdhari boy from a sikh family. Please contact us at: (559) 369-6129 or email at apaulsingh1999@gmail.com
32-35

Jat Sikh parents are looking for a suitable match (only from Jat Sikh family) for their beautiful daughter, 1st year medical student in USA, born and raised in USA, 24 years old, 5'.6" tall. Looking for a turbaned match from medical field, born and raised in USA. For more information Please contact at 262-443-9849 or E-mail: my email is caprisingh8@yahoo.com
32-35

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐੱਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ।
27-30

# ਮੁੱਖ ਮੰਤਰੀ ਵੱਲੋਂ ਪਾਣੀ ਸੰਕਟ ਦੇ ਟਾਕਰੇ ਲਈ ਅੰਦੋਲਨ ਵਿੱਢਣ ਦਾ ਸੱਦਾ



**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੇ 78ਵੇਂ ਆਜ਼ਾਦੀ ਦਿਹਾੜੇ ਮੌਕੇ ਇਥੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਸੂਬਾ ਪੱਧਰੀ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਇਆ। ਉਨ੍ਹਾਂ ਕਿਹਾ ਕਿ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿਚ ਪੈਦਾ ਹੋਏ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਅੰਦੋਲਨ ਸ਼ੁਰੂ ਕਰਨਾ ਪਵੇਗਾ।

'ਆਪ' ਸਰਕਾਰ ਨੇ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਪੁਰਾਣੀਆਂ ਨਹਿਰਾਂ, ਨਾਲਿਆਂ ਤੇ ਸਹਾਇਕ ਨਦੀਆਂ ਆਦਿ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ 'ਆਪ' ਸਰਕਾਰ ਨੇ ਸੂਬੇ ਵਿਚ ਮਾਲਵਾ ਨਹਿਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਪੰਜਾਬੀਆਂ ਨੂੰ ਗੁਰੂ ਸਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਵੀ ਲੋਕ ਲਹਿਰ ਖੜ੍ਹੀ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿਨਾਂ ਵਿਚ ਪ੍ਰਦੂਸ਼ਣ ਰੋਕਣਾ ਗੰਭੀਰ ਚੁਣੌਤੀ ਹੈ, ਜਿਸ ਕਰਕੇ ਹਰ ਪੰਜਾਬੀ ਨੂੰ ਇਸ ਸਮੱਸਿਆ ਨਾਲ ਨਜਿੱਠਣ ਲਈ ਵਧ-ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕੌਮੀ ਆਜ਼ਾਦੀ ਸੰਘਰਸ਼ ਵਿਚ ਪਾਏ ਪੰਜਾਬੀਆਂ ਦੇ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਅੰਨ ਭੰਡਾਰ ਦੀ ਸੁਰੱਖਿਆ ਲਈ ਵੀ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਕੀਮਤ ਤਾਰਨੀ ਪਈ। ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਸਖ਼ਤ ਕਾਰਵਾਈ ਆਰੰਭੀ ਹੋਈ ਹੈ। ਹੁਣ ਤੱਕ 14,381 ਨਸ਼ਾ ਤਸਕਰਾਂ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ ਅਤੇ 10,393 ਐਫ.ਆਈ.ਆਰਜ਼. ਦਰਜ ਕੀਤੀਆਂ ਗਈਆਂ ਹਨ।

ਮਾਨ ਨੇ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਸੂਬੇ ਵਿਚ ਨਹਿਰੀ ਪਾਣੀ ਦੇ ਢਾਂਚੇ ਦੀ ਕਾਇਆ ਕਲਪ ਕਰਨ ਵੱਲ ਸਭ ਤੋਂ ਵੱਧ ਧਿਆਨ ਦਿੱਤਾ ਹੈ। ਜਦੋਂ ਉਨ੍ਹਾਂ ਦੀ ਸਰਕਾਰ ਸੱਤਾ ਵਿਚ ਆਈ ਸੀ, ਉਦੋਂ ਸਿਰਫ਼ 21 ਫੀਸਦੀ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾਂਦਾ ਸੀ। ਹੁਣ 72 ਫੀਸਦ ਨਹਿਰੀ ਪਾਣੀ ਸਿੰਜਾਈ ਲਈ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਧਾਰ ਕਲਾਂ ਵਿਚ 206 ਮੈਗਾਵਾਟ ਦੀ ਸਮਰੱਥਾ ਵਾਲੇ ਡੈਮ ਦੀ ਸਥਾਪਨਾ ਕੀਤੀ ਜਾ ਰਹੀ ਹੈ। ਆਉਂਦੇ ਦਿਨਾਂ ਵਿਚ ਇਹ ਡੈਮ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।

## ਬੀ.ਐਸ.ਐਫ. ਤੇ ਰੇਂਜਰਜ਼ ਨੇ ਇਕ-ਦੂਜੇ ਨੂੰ ਮਠਿਆਈ ਵੰਡੀ

**ਅਟਾਰੀ:** ਭਾਰਤ ਦੇ ਆਜ਼ਾਦੀ ਦਿਵਸ ਮੌਕੇ ਅਟਾਰੀ-ਵਾਹਗਾ ਸਰਹੱਦ ਦੀ ਸਾਂਝੀ ਜਾਂਚ ਚੌਕੀ 'ਤੇ ਸੀਮਾ ਸੁਰੱਖਿਆ ਬਲ ਅਤੇ ਪਾਕਿਸਤਾਨੀ ਰੇਂਜਰਜ਼ ਦਰਮਿਆਨ ਮਠਿਆਈਆਂ ਦਾ ਆਦਾਨ-ਪ੍ਰਦਾਨ ਹੋਇਆ। ਸੀਮਾ ਸੁਰੱਖਿਆ ਬਲ ਦੇ 144ਵੀਂ ਬਟਾਲੀਅਨ ਦੇ ਕਮਾਂਡੈਂਟ ਏਕੇ ਮਿਸ਼ਰਾ ਤੇ ਪਾਕਿਸਤਾਨ ਰੇਂਜਰਜ਼ ਦੇ ਲੈਫਟੀਨੈਂਟ ਆਜ਼ਮ ਨੇ ਇਕ ਦੂਜੇ ਨੂੰ ਮਠਿਆਈਆਂ ਦੇ ਡੱਬੇ ਦੇ ਕੇ ਆਜ਼ਾਦੀ ਦਿਵਸ ਦੀ ਮੁਬਾਰਕਬਾਦ ਦਿੱਤੀ ਤੇ ਖੁਸ਼ੀਆਂ ਸਾਂਝੀਆਂ ਕੀਤੀਆਂ। ਇਸ ਤੋਂ ਇਲਾਵਾ ਅਟਾਰੀ ਸਰਹੱਦ 'ਤੇ ਬੀ.ਐਸ.ਐਫ. ਵੱਲੋਂ 78ਵਾਂ ਆਜ਼ਾਦੀ ਦਿਹਾੜਾ ਉਤਸ਼ਾਹ ਨਾਲ ਮਨਾਇਆ ਗਿਆ।

# ਹਲਵਾਰਾ ਅੱਡੇ ਤੋਂ ਨਵੰਬਰ ਤੱਕ ਉਡਾਣਾਂ ਸ਼ੁਰੂ ਹੋਣ ਦੇ ਆਸਾਰ



**ਗੁਰੂਸਰ ਸੁਧਾਰ:** ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਤੋਂ ਇਸੇ ਸਾਲ ਨਵੰਬਰ ਤੱਕ ਹਵਾਈ ਉਡਾਣਾਂ ਸ਼ੁਰੂ ਕਰਨ ਦਾ ਦਾਅਵਾ ਕੀਤਾ ਹੈ। ਟਾਟਾ ਸਮੂਹ ਹਵਾਈ ਕੰਪਨੀਆਂ ਦੇ ਅਧਿਕਾਰੀਆਂ ਨਾਲ ਦਿੱਲੀ ਵਿਚ ਵਿਚਾਰ-ਚਰਚਾ ਤੋਂ ਬਾਅਦ ਸ੍ਰੀ ਅਰੋੜਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਟਾਟਾ ਸਮੂਹ ਦੇ ਚੇਅਰਮੈਨ ਐੱਨ. ਚੰਦਰਸ਼ੇਖਰਨ ਨੂੰ ਪਿਛਲੇ ਸਮੇਂ ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਲਈ ਬੇਨਤੀ ਕੀਤੀ ਗਈ ਸੀ ਜਿਸ ਦਾ ਉਨ੍ਹਾਂ ਨੇ ਹਾਂ-ਪੱਖੀ ਹੁੰਗਾਰਾ ਭਰਿਆ ਹੈ।

ਸੰਜੀਵ ਅਰੋੜਾ ਨੇ ਦਾਅਵਾ ਕੀਤਾ ਕਿ ਟਾਟਾ ਸਮੂਹ ਦੀਆਂ ਹਵਾਈ ਕੰਪਨੀਆਂ ਦੇ ਰਲੇਵੇਂ ਦੀ ਪ੍ਰਕਿਰਿਆ ਜਾਰੀ ਹੈ ਅਤੇ ਇਹ ਨਵੰਬਰ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਟਾਟਾ ਸਮੂਹ ਦੇ ਅਧਿਕਾਰੀਆਂ ਨੇ ਮੀਟਿੰਗ ਦੌਰਾਨ ਦੱਸਿਆ ਕਿ ਰਲੇਵੇਂ ਦੀ ਪ੍ਰਕਿਰਿਆ ਮੁਕੰਮਲ ਹੋਣ ਬਾਅਦ ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਕਰਨ ਬਾਰੇ ਸਰਵੇਖਣ ਸ਼ੁਰੂ ਕੀਤਾ ਜਾਵੇਗਾ। ਇਸ ਸਰਵੇਖਣ ਵਿਚ ਉਡਾਣਾਂ ਦੇ ਵਿੱਤੀ ਪਹਿਲੂਆਂ, ਆਵਾਜਾਈ ਅਤੇ ਮਾਰਕੀਟਿੰਗ 'ਤੇ ਵਿਚਾਰ ਕੀਤਾ ਜਾਵੇਗਾ। ਸੰਜੀਵ ਅਰੋੜਾ ਨੇ ਹਵਾਈ ਕੰਪਨੀਆਂ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਪਿਛਲੇ ਦਿਨੀਂ ਉਨ੍ਹਾਂ ਖ਼ੁਦ ਹਲਵਾਰਾ ਹਵਾਈ ਅੱਡੇ ਦੇ ਨਿਰਮਾਣ ਕਾਰਜਾਂ ਦਾ ਨਿਰੀਖਣ ਕੀਤਾ ਸੀ ਅਤੇ ਸਿਵਲ ਟਰਮੀਨਲ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਿਆ ਹੈ ਅਤੇ ਭਾਰਤੀ ਹਵਾਈ ਸੈਨਾ ਵੱਲੋਂ ਹਵਾਈ ਪੱਟੀ ਸਣੇ ਹੋਰ ਜਾਰੀ ਨਿਰਮਾਣ ਕਾਰਜ ਵੀ ਜਲਦੀ ਮੁਕੰਮਲ ਕਰ ਲਏ ਜਾਣਗੇ। ਅਰੋੜਾ ਨੇ ਦੁਹਰਾਇਆ ਕਿ ਪ੍ਰੋਜੈਕਟ ਨੂੰ ਪੂਰਾ ਕਰਨ ਵਿਚ ਕੁਝ ਦੇਰੀ ਹੋਈ ਹੈ ਅਤੇ ਇਹ ਸ਼ਹਿਰੀ ਹਵਾਬਾਜ਼ੀ ਅਤੇ ਭਾਰਤੀ ਹਵਾਈ ਸੈਨਾ ਤੋਂ ਕੁਝ ਮਨਜ਼ੂਰੀਆਂ ਪ੍ਰਾਪਤ ਕਰਨ ਵਿਚ ਹੋਈ ਦੇਰੀ ਕਾਰਨ ਹੋਇਆ ਹੈ।

# ਭਗਵੰਤ ਦੇ ਬੁਲੇਟਪਰੂਫ ਸਕਰੀਨ 'ਚ ਭਾਸ਼ਣ ਨੇ ਛੇੜੀ ਚਰਚਾ



**ਜਲੰਧਰ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਜ਼ਾਦੀ ਦਿਹਾੜੇ ਮੌਕੇ ਜਲੰਧਰ ਵਿਚ ਸੂਬਾ ਪੱਧਰੀ ਸਮਾਗਮ ਦੌਰਾਨ ਸੰਬੋਧਨ ਕੀਤਾ। ਇਸ ਮੌਕੇ ਮੁੱਖ ਮੰਤਰੀ ਨੇ ਬੁਲੇਟਪਰੂਫ ਸ਼ੀਸ਼ੇ ਪਿੱਛੇ ਖੜ੍ਹ ਕੇ ਸੰਬੋਧਨ ਕੀਤਾ। ਪੰਜਾਬ ਪਹਿਲੀ ਵਾਰ ਕਿਸੇ ਮੁੱਖ ਮੰਤਰੀ ਵਾਸਤੇ ਆਜ਼ਾਦੀ ਦਿਹਾੜੇ ਮੌਕੇ ਸੰਬੋਧਨ ਕਰਨ ਲਈ ਵਿਸ਼ੇਸ਼ ਉੱਚ ਸੁਰੱਖਿਆ ਬੁਲੇਟਪਰੂਫ ਸ਼ੀਸ਼ੇ ਦੀ ਸਕਰੀਨ ਲਾਈ ਗਈ।

ਇਸ ਬੁਲੇਟਪਰੂਫ ਸਕਰੀਨ ਦੀ ਕੀਮਤ 16 ਲੱਖ ਰੁਪਏ ਹੈ ਅਤੇ ਇਸ ਨੂੰ ਪੰਜਾਬ ਪੁਲਿਸ ਨੇ ਸਮਾਗਮ ਤੋਂ ਪਹਿਲਾਂ ਖ਼ਰੀਦਿਆ ਸੀ। ਇਹ ਸਮਾਗਮ ਗੁਰੂ ਗੋਬਿੰਦ ਸਿੰਘ ਸਟੇਡੀਅਮ 'ਚ ਹੋਇਆ ਜਿੱਥੇ ਇਕ ਹਜ਼ਾਰ ਤੋਂ ਵੱਧ ਪੁਲਿਸ ਮੁਲਾਜ਼ਮ ਤਾਇਨਾਤ ਸਨ। ਇਸ ਮੌਕੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਤੇ ਮੁੱਖ ਮੰਤਰੀ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੀ ਮੌਜੂਦ ਸਨ। ਇਸ ਸਮਾਗਮ ਤੋਂ ਪਹਿਲਾਂ ਗਰਮ ਖਿਆਲੀਆਂ ਵੱਲੋਂ ਧਮਕੀਆਂ ਦਿੱਤੀਆਂ ਗਈਆਂ ਸਨ ਜਿਸ ਕਾਰਨ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਸਟੇਡੀਅਮ ਖੇਤਰ ਦੇ ਨਾਲ-ਨਾਲ ਆਲੇ-ਦੁਆਲੇ ਦੀਆਂ ਇਮਾਰਤਾਂ ਦੀ ਜਾਂਚ ਕੀਤੀ ਗਈ ਅਤੇ ਸਮਾਗਮ ਵਾਲੀ ਥਾਂ ਵੱਲ ਜਾਣ ਵਾਲੀ ਆਵਾਜਾਈ ਨੂੰ 14 ਅਗਸਤ ਸ਼ਾਮ ਤੋਂ ਹੀ ਬਦਲਵੇਂ ਰਸਤੇ ਭੇਜਿਆ ਗਿਆ। ਏ.ਡੀ.ਜੀ.ਪੀ. ਸਪੈਸ਼ਲ ਪ੍ਰੋਟੈਕਸ਼ਨ ਯੂਨਿਟ ਏਕੇ ਪਾਂਡੇ ਨੇ ਕਿਹਾ ਕਿ ਮੁੱਖ ਮੰਤਰੀ ਦੀ ਸੁਰੱਖਿਆ ਸਭ ਤੋਂ ਅਹਿਮ ਹੈ ਅਤੇ ਅਜਿਹੇ ਸੂਬਾ ਪੱਧਰੀ ਸਮਾਗਮਾਂ ਵਿਚ ਹਮੇਸ਼ਾ ਖ਼ਤਰਾ ਹੁੰਦਾ ਹੈ ਤੇ ਸਮੇਂ ਦੀ ਨਜ਼ਾਕਤ ਅਨੁਸਾਰ ਬੁਲੇਟਪਰੂਫ ਸਕਰੀਨ ਲਾਈ ਗਈ। ਸਰਹੱਦੀ ਸੂਬਾ ਹੋਣ ਕਰ ਕੇ ਮੁੱਖ ਮੰਤਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ। ਉਨ੍ਹਾਂ ਕਿਹਾ ਕਿ ਇਸ ਸਮਾਗਮ ਤੋਂ ਪਹਿਲਾਂ ਪੰਜਾਬ ਪੁਲਿਸ ਵੱਲੋਂ ਵਿਸ਼ੇਸ਼ ਤੌਰ 'ਤੇ ਬੁਲੇਟਪਰੂਫ ਸਕਰੀਨ ਮੰਗਵਾਈ ਗਈ ਸੀ। ਉਨ੍ਹਾਂ ਪੁਸ਼ਟੀ ਕੀਤੀ ਕਿ ਇਸ ਸਮਾਗਮ ਵਿਚ 16 ਲੱਖ ਰੁਪਏ ਦੀ ਲਾਗਤ ਵਾਲੀ ਬੁਲੇਟਪਰੂਫ ਸਕਰੀਨ ਲਾਈ ਗਈ। ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਸਾਰੇ ਜ਼ਰੂਰੀ ਕਦਮ ਚੁੱਕੇ ਜਾਣੇ ਚਾਹੀਦੇ ਹਨ।

# ਅਕਾਲੀ ਦਲ ਨੂੰ ਝਟਕਾ, ਵਿਧਾਇਕ ਸੁਖਵਿੰਦਰ ਸੁੱਖੀ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਬੰਗਾ ਤੋਂ ਪਾਰਟੀ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ 'ਆਪ' ਵਿਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਡਾ. ਸੁੱਖੀ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ। ਡਾ. ਸੁੱਖੀ ਪਹਿਲੀ ਵਾਰ 2017 ਵਿਚ ਬੰਗਾ ਤੋਂ ਵਿਧਾਇਕ ਚੁਣੇ ਗਏ ਸਨ ਅਤੇ ਉਹ 2022 ਵਿਚ ਮੁੜ ਵਿਧਾਇਕ ਬਣੇ ਹਨ।

ਪੰਜਾਬ ਵਿਧਾਨ ਸਭਾ ਵਿਚ ਉਹ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਦਲ ਦੇ ਆਗੂ ਸਨ। ਪਹਿਲਾਂ ਹੀ ਸੰਕਟ ਝੱਲ ਰਹੇ ਸ਼੍ਰੋਮਣੀ ਅਕਾਲੀ ਦਲ ਲਈ ਇਹ ਨਮੋਸ਼ੀ ਵਾਲੀ ਘੜੀ ਹੈ ਕਿ ਹੁਣ ਪਾਰਟੀ ਦੇ ਤਿੰਨ ਵਿਧਾਇਕਾਂ 'ਚੋਂ ਇਕ ਡਾ. ਸੁੱਖੀ ਨੇ 'ਆਪ' ਦਾ ਪੱਲਾ ਫੜ ਲਿਆ ਹੈ ਜਦੋਂ ਕਿ ਮਨਪ੍ਰੀਤ ਸਿੰਘ ਇਯਾਲੀ ਨੇ ਪਹਿਲਾਂ ਹੀ ਪਾਰਟੀ ਲੀਡਰਸ਼ਿਪ ਤੋਂ ਦੂਰੀ ਬਣਾਈ ਹੋਈ ਹੈ। ਵਿਧਾਨ ਸਭਾ ਵਿਚ ਹੁਣ ਇਕਲੌਤੀ ਵਿਧਾਇਕ ਗਨੀਵ ਕੌਰ ਮਜੀਠੀਆ ਹੀ ਅਕਾਲੀ ਦਲ ਦੇ ਨੁਮਾਇੰਦੇ ਬਚੇ ਹਨ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ 'ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਚੁੱਪ ਵੱਟੀ ਹੋਈ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਡਾ. ਸੁੱਖੀ ਨੂੰ ਪਾਰਟੀ ਵਿਚ ਸ਼ਾਮਲ ਕਰਨ ਮੌਕੇ ਕਿਹਾ ਕਿ ਸਿਆਸੀ ਧਿਰਾਂ ਵਿਚ ਕਈ ਚੰਗੀਆਂ ਸ਼ਖ਼ਸੀਅਤਾਂ



ਵੀ ਹਨ ਜਿਨ੍ਹਾਂ 'ਚੋਂ ਡਾ. ਸੁੱਖੀ ਇਕ ਹਨ। ਇਸ ਮੌਕੇ ਡਾ. ਸੁੱਖੀ ਨੇ ਕਿਹਾ ਕਿ ਉਹ ਮੁੱਖ ਮੰਤਰੀ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ 'ਆਪ' ਵਿਚ ਸ਼ਾਮਲ ਹੋਏ ਹਨ ਅਤੇ ਬੰਗਾ ਦੇ ਵਿਕਾਸ ਨੂੰ ਮੁੱਖ ਰੱਖ ਕੇ ਉਨ੍ਹਾਂ ਇਹ ਕਦਮ ਚੁੱਕਿਆ ਹੈ। ਦਲ ਬਦਲਣ ਮਗਰੋਂ ਉਨ੍ਹਾਂ ਦੀ ਵਿਧਾਇਕੀ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਡਾ. ਸੁੱਖੀ ਨੇ ਕਿਹਾ ਕਿ ਉਹ ਕਾਨੂੰਨੀ ਨੁਕਤੇ ਹਾਲੇ ਵਿਚਾਰਨਗੇ। ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਨੇ ਟਿੱਪਣੀ ਕੀਤੀ ਕਿ ਪਾਰਟੀ ਲੀਡਰਸ਼ਿਪ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਵਰਕਰ ਕੀ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਲਈ ਇਹ ਵੱਡਾ ਝਟਕਾ ਹੈ।

## 'ਬਿੱਲ ਲਿਆਓ ਇਨਾਮ ਪਾਓ' ਯੋਜਨਾ ਤਹਿਤ 2601 ਜਣਿਆਂ ਨੇ ਇਨਾਮ ਜਿੱਤੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਟੈਕਸ ਚੋਰੀ ਰੋਕਣ ਲਈ ਸ਼ੁਰੂ ਕੀਤੀ ਗਈ 'ਬਿੱਲ ਲਿਆਓ, ਇਨਾਮ ਪਾਓ' ਯੋਜਨਾ ਕਾਰਗਰ ਸਾਬਤ ਹੋ ਰਹੀ ਹੈ। ਇਸ ਯੋਜਨਾ ਅਧੀਨ ਵੱਡੀ ਗਿਣਤੀ ਵਿਚ ਲੋਕ ਪੰਜਾਬ ਵਿਚ ਖਰੀਦੋ-ਫਰੋਖ਼ਤ ਕਰਨ 'ਤੇ ਬਿੱਲ ਲੈ ਕੇ 'ਮੇਰਾ ਬਿੱਲ' ਐਪ 'ਤੇ ਅਪਲੋਡ ਕਰ ਰਹੇ ਹਨ ਅਤੇ ਕਰੋੜਾਂ ਰੁਪਏ ਦੇ ਇਨਾਮ ਹਾਸਲ ਕਰ ਰਹੇ ਹਨ। ਕੈਬਨਿਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਆਖਿਆ ਕਿ ਮੇਰਾ ਬਿੱਲ ਐਪ ਉਤੇ ਹੁਣ ਤੱਕ ਕੁੱਲ 97,443 ਬਿੱਲ ਅਪਲੋਡ ਕੀਤੇ ਗਏ ਹਨ ਜਿਨ੍ਹਾਂ ਵਿਚੋਂ 2601 ਜੇਤੂਆਂ ਨੇ 1.52 ਕਰੋੜ ਰੁਪਏ ਦੇ ਇਨਾਮ ਜਿੱਤੇ ਹਨ। ਸ੍ਰੀ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ 2601 ਜੇਤੂਆਂ ਵਿਚੋਂ 1892 ਜੇਤੂਆਂ ਨੂੰ 1.11 ਕਰੋੜ ਰੁਪਏ ਦੇ ਇਨਾਮ ਪਹਿਲਾਂ ਹੀ ਵੰਡੇ ਜਾ ਚੁੱਕੇ ਹਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਮੁੱਖ ਮੰਤਰੀ ਤੇ ਵਜ਼ੀਰਾਂ ਦੇ ਘਰਾਂ ਅੱਗੇ ਮੁਜ਼ਾਹਰੇ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ ਵਿਚ ਸ਼ਾਮਲ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਮੰਗਾਂ ਮੰਨਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀਆਂ, ਵਿਧਾਨ ਸਭਾ ਸਪੀਕਰ ਤੇ ਡਿਪਟੀ ਸਪੀਕਰ ਦੇ ਘਰ ਸਮੇਤ 18 ਥਾਵਾਂ 'ਤੇ ਰੋਸ ਮੁਜ਼ਾਹਰੇ ਕੀਤੇ ਗਏ।



ਜਾਣਕਾਰੀ ਅਨੁਸਾਰ ਕਿਸਾਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਵਿਚਲੀ ਰਿਹਾਇਸ਼ ਤੇ ਧੂਰੀ ਸਥਿਤ ਦਫਤਰ ਤੋਂ ਇਲਾਵਾ ਸੁਨਾਮ ਵਿਚ ਕੈਬਨਿਟ ਮੰਤਰੀ ਅਮਨ ਅਰੋੜਾ, ਦਿੜ੍ਹਬਾ ਵਿਚ ਹਰਪਾਲ ਸਿੰਘ ਚੀਮਾ, ਅੰਮ੍ਰਿਤਸਰ ਦੇ ਅਜਨਾਲਾ ਵਿਚ ਕੁਲਦੀਪ ਸਿੰਘ ਧਾਲੀਵਾਲ, ਜੰਡਿਆਲਾ 'ਚ ਹਰਭਜਨ ਸਿੰਘ ਈ.ਟੀ.ਓ. ਅਤੇ ਗੁਰਦਾਸਪੁਰ ਵਿਚ ਲਾਲਚੰਦ ਕਟਾਰੂਚੱਕ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ। ਇਸ ਦੌਰਾਨ ਪੁਲਿਸ ਨੇ ਕਿਸਾਨਾਂ ਨੂੰ ਥੋੜ੍ਹੀ ਦੂਰੀ 'ਤੇ ਰੋਕ ਦਿੱਤਾ ਅਤੇ ਕਿਸਾਨਾਂ ਨੇ ਸ਼ਾਂਤਮਈ ਢੰਗ ਨਾਲ ਉਥੇ ਹੀ ਬੈਠ ਕੇ ਪ੍ਰਦਰਸ਼ਨ ਕੀਤੇ।

ਇਸੇ ਤਰ੍ਹਾਂ ਕਿਸਾਨ ਜਥੇਬੰਦੀਆਂ ਨੇ ਤਰਨ ਤਾਰਨ ਵਿਚ ਲਾਲਜੀਤ ਸਿੰਘ ਭੁੱਲਰ, ਰੋਪੜ 'ਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਖਰੜ 'ਚ ਅਨਮੋਲ ਗਗਨ ਮਾਨ, ਪਟਿਆਲਾ 'ਚ ਡਾ. ਬਲਬੀਰ ਸਿੰਘ, ਸਮਾਣਾ 'ਚ ਚੇਤਨ ਸਿੰਘ ਜੌੜਾਮਾਜਰਾ, ਲੰਬੀ 'ਚ ਗੁਰਮੀਤ ਸਿੰਘ ਖੁੱਡੀਆਂ, ਮਲੋਟ 'ਚ ਡਾ. ਬਲਜੀਤ ਕੌਰ, ਜਲੰਧਰ 'ਚ ਬਲਕਾਰ ਸਿੰਘ, ਹੁਸ਼ਿਆਰਪੁਰ 'ਚ ਬ੍ਰਹਮ ਸ਼ੰਕਰ ਜਿੰਪਾ, ਫਰੀਦਕੋਟ 'ਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਤੇ ਗੜ੍ਹਸ਼ੰਕਰ 'ਚ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ ਦੇ ਘਰਾਂ ਸਾਹਮਣੇ ਤਿੰਨ ਘੰਟਿਆਂ ਲਈ ਧਰਨੇ ਦਿੱਤੇ। ਇਨ੍ਹਾਂ ਧਰਨਿਆਂ ਨੂੰ ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਤਬਾਹ ਹੋ ਚੁੱਕੇ ਨਹਿਰੀ ਢਾਂਚੇ ਦੀ ਮੁੜ ਉਸਾਰੀ ਅਤੇ ਨਵੇਂ ਇਲਾਕਿਆਂ ਵਿਚ ਨਹਿਰੀ ਢਾਂਚੇ ਦਾ ਵਿਸਥਾਰ ਕਰ ਕੇ ਹਰ ਖੇਤ ਨੂੰ ਨਹਿਰੀ ਪਾਣੀ ਅਤੇ ਹਰ ਘਰ ਤੱਕ ਪੀਣ ਵਾਲਾ ਸਾਫ ਪਾਣੀ ਪਹੁੰਚਾਉਣ ਲਈ ਯੋਜਨਾ ਉਲੀਕਣੀ ਚਾਹੀਦੀ ਹੈ।

ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਤੋਂ ਇਸ ਸਬੰਧੀ ਪੰਜਾਬ ਲਈ ਵਿੱਤੀ ਪੈਕੇਜ ਦੀ ਮੰਗ ਵੀ ਕੀਤੀ। ਉਨ੍ਹਾਂ ਸਾਰੀਆਂ ਫ਼ਸਲਾਂ ਦੀ ਐਮ.ਐਸ.ਪੀ. ਉਤੇ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ ਦੇ ਨਾਲ-ਨਾਲ ਮੀਂਹ ਦੇ ਪਾਣੀ ਦੀ ਸੰਭਾਲ ਲਈ ਜਲ ਨੀਤੀ ਤਿਆਰ ਕਰਨ ਦੀ ਮੰਗ ਵੀ ਚੁੱਕੀ। ਉਨ੍ਹਾਂ ਕਿਹਾ ਕਿ ਮੱਧ ਪੂਰਬ ਅਤੇ ਪਾਕਿਸਤਾਨ ਨਾਲ ਸੜਕੀ ਲਾਂਘਿਆਂ ਰਾਹੀਂ ਵਪਾਰ ਨੂੰ ਖੋਲ੍ਹਣ ਲਈ ਵਾਹਗਾ-ਅਟਾਰੀ ਤੇ ਹੁਸੈਨੀਵਾਲਾ-ਸੁਲੇਮਾਨ ਸੜਕੀ ਲਾਂਘੇ ਨੂੰ ਖੋਲ੍ਹਿਆ ਜਾਵੇ।

# ਅਕਾਲੀ ਦਲ ਸੰਕਟ: ਪੰਜ ਜਥੇਦਾਰਾਂ ਲਈ ਚੁਣੌਤੀਪੂਰਨ ਹੋਵੇਗਾ ਮਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਦਾ ਮਾਮਲਾ ਅਕਾਲ ਤਖ਼ਤ ਸਹਿਬ ਦੇ ਵਿਚਾਰ ਅਧੀਨ ਹੈ। ਇਸ ਮਸਲੇ ਦੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਸਿੰਘ ਸਾਹਿਬਾਨ ਦੀ ਸਾਖ਼ ਵੀ ਦਾਅ 'ਤੇ ਲੱਗੀ ਹੋਈ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 30 ਅਗਸਤ ਨੂੰ ਸੱਦੀ ਹੈ, ਜਿਸ ਵਿਚ ਪੰਥਕ ਮਾਮਲਿਆਂ 'ਤੇ ਵਿਚਾਰ ਚਰਚਾ ਹੋਵੇਗੀ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਕਟ ਨਾਲ ਜੁੜਿਆ ਮਾਮਲਾ ਪ੍ਰਮੁੱਖ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਹੋਏ ਆਗੂਆਂ ਦੇ ਧੜੇ ਵੱਲੋਂ ਪਹਿਲੀ ਜੁਲਾਈ ਨੂੰ ਅਕਾਲ ਤਖ਼ਤ ਵਿਖੇ ਇਕ ਪੱਤਰ ਸੌਂਪ ਕੇ ਇੰਕਸ਼ਾਫ ਕੀਤਾ ਗਿਆ ਸੀ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਕਈ ਵੱਡੀਆਂ ਗਲਤੀਆਂ ਹੋਈਆਂ ਸਨ ਜਿਨ੍ਹਾਂ ਲਈ ਉਹ ਖਿਮਾ ਯਾਚਨਾ ਕਰਨਾ ਚਾਹੁੰਦੇ ਹਨ। ਇਨ੍ਹਾਂ ਗ਼ਲਤੀਆਂ ਵਾਸਤੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਸੀ।



ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ 15 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਲੱਗੇ ਦੋਸ਼ਾਂ ਸਬੰਧੀ 15 ਦਿਨਾਂ ਦੇ ਅੰਦਰ ਸ੍ਰੀ ਅਕਾਲ ਤਖ਼ਤ 'ਤੇ ਹਾਜ਼ਰ ਹੋ ਕੇ ਆਪਣਾ ਸਪਸ਼ਟੀਕਰਨ ਦੇਣ ਦੇ ਆਦੇਸ਼ ਦਿੱਤੇ ਸਨ। ਸੁਖਬੀਰ ਸਿੰਘ ਬਾਦਲ ਵੱਲੋਂ ਨਿਰਧਾਰਤ ਸਮੇਂ ਵਿਚ ਆਪਣਾ ਸਪਸ਼ਟੀਕਰਨ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਗਿਆ ਸੀ, ਜਿਸ ਨੂੰ ਹੁਣ ਜਨਤਕ ਕੀਤਾ ਗਿਆ। ਇਹ ਸਪਸ਼ਟੀਕਰਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਅਕਾਲੀ ਸਰਕਾਰ ਦੇ ਸਮੇਂ ਪਾਰਟੀ ਜਾਂ ਸਰਕਾਰ ਕੋਲੋਂ ਜਾਣੇ ਅਣਜਾਣੇ ਵਿਚ ਹੋਈਆਂ ਸਾਰੀਆਂ ਗ਼ਲਤੀਆਂ ਅਤੇ ਭੁੱਲਾਂ ਨੂੰ ਆਪਣੀ ਝੋਲੀ ਵਿਚ ਪਾਉਂਦਿਆਂ ਇਨ੍ਹਾਂ ਦੀ ਖਿਮਾ ਯਾਚਨਾ ਕੀਤੀ ਗਈ ਹੈ।

## ਸੁਖਬੀਰ ਬਾਦਲ ਨੂੰ ਪੰਥ ਦੀ ਕੋਈ ਫਿਕਰ ਨਹੀਂ: ਚੰਦੂਮਾਜਰਾ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਤੋਂ ਨਾਰਾਜ਼ ਹੋ ਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਬਣਾਉਣ ਵਾਲੇ ਆਗੂਆਂ ਨੇ ਪਟਿਆਲਾ ਵਿਚ ਪ੍ਰੈੱਸ ਕਾਨਫ਼ਰੰਸ ਕੀਤੀ। ਬਾਗੀ ਧੜੇ ਦੇ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਸੁਖਬੀਰ ਬਾਦਲ ਏਜੰਸੀਆਂ ਵਿਚ ਘਿਰੇ ਹੋਏ ਹਨ ਜੋ ਪੰਥ ਦੇ ਭਲੇ ਲਈ ਕੁਝ ਵੀ ਕਰਨ ਲਈ ਤਿਆਰ ਨਹੀਂ ਹਨ। ਜੇਕਰ ਉਨ੍ਹਾਂ ਨੂੰ ਕੋਈ ਪੰਥ ਦੇ ਭਲੇ ਲਈ ਕੁਝ ਕਹਿਣਾ ਚਾਹੁੰਦਾ ਹੈ ਤਾਂ ਉਹ ਕਿਸੇ ਦੀ ਵੀ ਗੱਲ ਮੰਨਣ ਲਈ ਤਿਆਰ ਨਹੀਂ ਹੁੰਦੇ ਜਿਸ ਕਰ ਕੇ ਪੰਥ ਖ਼ਤਰੇ ਦੇ ਦੌਰ ਵਿਚੋਂ ਲੰਘ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਵੱਲੋਂ ਸਪਸ਼ਟੀਕਰਨ ਮਿਲਣ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਲਗਭਗ ਇਕ ਮਹੀਨੇ ਦੇ ਵਕਫੇ ਮਗਰੋਂ ਸੱਦੀ ਗਈ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲੋਂ ਨਵੀਂ ਕੋਰ ਕਮੇਟੀ ਤੇ ਸੰਸਦੀ ਬੋਰਡ ਆਦਿ ਦਾ ਗਠਨ ਕਰ ਦਿੱਤਾ ਗਿਆ ਹੈ।

ਸਿੱਖ ਵਿਦਵਾਨ ਗੁਰਚਰਨ ਸਿੰਘ ਲਾਂਬਾ ਨੇ ਆਖਿਆ ਕਿ ਇਹ ਮਾਮਲਾ ਅਤਿ ਗੰਭੀਰ ਹੈ, ਜੋ ਸ਼੍ਰੋਮਣੀ ਅਕਾਲੀ ਦਲ ਦੇ ਦਾਗ਼ੀ ਤੇ ਬਾਗ਼ੀ ਧੜੇ ਨਾਲ ਜੁੜਿਆ ਹੋਇਆ ਹੈ। ਦੋਵੇਂ ਹੀ ਧੜੇ ਕਸੂਰਵਾਰ ਹਨ। ਜਦੋਂ ਮਾਮਲਾ ਅਕਾਲ ਤਖ਼ਤ ਕੋਲ ਹੈ ਤਾਂ ਹੁਣ ਇਨ੍ਹਾਂ ਖਿਲਾਫ਼ ਦੋਸ਼ ਤੈਅ ਹੋਣੇ ਚਾਹੀਦੇ ਹਨ। ਜਦੋਂ ਉਹ ਦੋਸ਼ ਸਵੀਕਾਰ ਲੈਂਦੇ ਹਨ ਤਾਂ ਦੋਸ਼ਾਂ ਦੀ ਗੰਭੀਰਤਾ ਦੇ ਮੁਤਾਬਕ ਹੀ ਕਾਰਵਾਈ ਹੋਣੀ ਚਾਹੀਦੀ ਹੈ, ਨਹੀਂ ਤਾਂ ਇਸ ਨਾਲ ਜਥੇਦਾਰਾਂ ਦੀ ਸਾਖ਼ ਨੂੰ ਵੀ ਸੱਟ ਵੱਜੇਗੀ।

ਸਿੱਖ ਵਿਦਵਾਨ ਅਸ਼ੋਕ ਸਿੰਘ ਬਾਗੜੀਆਂ ਨੇ ਆਖਿਆ ਕਿ ਪੰਜ ਸਿੰਘ ਸਾਹਿਬਾਨ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣ ਵਰਗਾ ਅਜਿਹਾ ਮਾਮਲਾ ਵਿਚਾਰਦਿਆਂ ਪੰਥ ਦੇ ਵਡੇਰੇ ਹਿਤਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਿਸਲਾਂ ਦੇ ਆਗੂ ਅਕਾਲ ਤਖ਼ਤ ਆਉਣ ਸਮੇਂ ਸਿਰਫ ਪੰਥਕ ਹਿੱਤਾਂ ਨੂੰ ਤਰਜੀਹ ਦਿੰਦੇ ਸਨ।

# ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਮੁੜ ਅਕਾਲ ਤਖਤ ਪੁੱਜਿਆ ਬਾਗ਼ੀ ਧੜਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਪੰਥਕ ਆਗੂਆਂ ਨੇ ਇੱਥੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਕਈ ਬੱਜਰ ਗੁਨਾਹ ਕਰਨ ਦਾ ਦੋਸ਼ ਲਾਇਆ ਤੇ ਉਨ੍ਹਾਂ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ।

ਅਕਾਲ ਤਖ਼ਤ ਸਕੱਤਰੇਤ 'ਤੇ ਜਥੇਦਾਰ ਨੂੰ ਮੰਗ ਪੱਤਰ ਸੌਂਪਣ ਵਾਲਿਆਂ 'ਚ ਭਾਈ ਮਨਜੀਤ ਸਿੰਘ, ਕਰਨੈਲ ਸਿੰਘ ਪੰਜੋਲੀ, ਨਿਰਵੈਲ ਸਿੰਘ ਜੌਹਲਾਂ, ਰਾਮਪਾਲ ਸਿੰਘ ਬਹਿਣੀਵਾਲ, ਮਲਕੀਤ ਸਿੰਘ ਚੰਗਾਲ, ਪਰਮਜੀਤ ਕੌਰ ਲਾਂਡਰਾਂ, ਹਰਦੇਵ ਸਿੰਘ, ਸੁਰਿੰਦਰ ਸਿੰਘ ਆਦਿ ਸ਼ਾਮਲ ਸਨ। ਇਨ੍ਹਾਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫਿਆਂ ਦਾ ਇਕ ਪੱਤਰ ਸੌਂਪਿਆ ਹੈ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਨਾਰਾਜ਼ ਧੜੇ ਦੇ ਆਗੂ ਵੀ ਅਜਿਹਾ ਹੀ ਪੱਤਰ ਜਥੇਦਾਰ ਨੂੰ ਸੌਂਪ ਚੁੱਕੇ ਹਨ, ਜਿਸ ਮਗਰੋਂ ਸੁਖਬੀਰ ਸਿੰਘ ਬਾਦਲ ਕੋਲੋਂ ਸਪੱਸ਼ਟੀਕਰਨ ਮੰਗਿਆ ਗਿਆ ਸੀ।


ਮੰਗ ਪੱਤਰ 'ਚ ਸਿੱਖ ਆਗੂਆਂ ਨੇ ਆਖਿਆ ਕਿ ਲੰਘੇ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਕਾਰਨ ਦੇਸ਼-ਵਿਦੇਸ਼ 'ਚ ਸਿੱਖ ਸੰਗਤ ਦਾ ਅਕਾਲੀ ਦਲ ਅਤੇ ਖਾਸ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਭਰੋਸਾ ਉੱਠ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ 'ਚ ਕਈ ਨਵੇਂ ਸਬੂਤ ਵੀ ਸਾਹਮਣੇ ਆਏ ਹਨ, ਜਿਨ੍ਹਾਂ ਦੀ ਪੜਤਾਲ ਕਰਕੇ ਕਥਿਤ ਬੱਜਰ ਗੁਨਾਹਾਂ ਬਦਲੇ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਫਾਰਗ ਕਰਦਿਆਂ ਸਖਤ ਸਜ਼ਾ ਦੇ ਕੇ ਲੋਕ ਸੇਵਾ ਦੇ ਕੰਮਾਂ ਤੋਂ ਦੂਰ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਇਸ ਪੱਤਰ ਵਿਚ ਡੇਰਾ ਸਿਰਸਾ ਮੁਖੀ ਵੱਲੋਂ ਗੁਰੂ ਸਾਹਿਬ ਦੀ ਨਕਲ ਕਰਨ ਦੇ ਮਾਮਲੇ ਦਾ ਜ਼ਿਕਰ ਕੀਤਾ



ਹੈ, ਜਿਸ ਖ਼ਿਲਾਫ਼ ਪੁਲਿਸ ਕੇਸ ਦਰਜ ਹੋਇਆ ਪਰ ਕੇਸ ਰੱਦ ਕਰ ਦਿੱਤਾ ਗਿਆ। ਆਗੂਆਂ ਮੁਤਾਬਕ ਸ੍ਰੀ ਅਕਾਲ ਤਖਤ ਵੱਲੋਂ ਡੇਰਾ ਸਿਰਸਾ ਨਾਲ ਕੋਈ ਸਬੰਧ ਨਾ ਰੱਖਣ ਦਾ ਹੁਕਮ ਹੋਇਆ ਸੀ ਪਰ ਉਸ ਦੇ ਬਾਵਜੂਦ 2017 ਵਿਚ ਵੋਟਾਂ ਲੈਣ ਵਾਸਤੇ ਡੇਰੇ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਹੁਕਮਨਾਮੇ ਦੀ ਉਲੰਘਣਾ ਕਰਨਾ ਵੀ ਵੱਡਾ ਗੁਨਾਹ ਹੈ। ਪੱਤਰ 'ਚ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਨ੍ਹਾਂ ਮਾਮਲਿਆਂ 'ਚ ਸੁਖਬੀਰ ਸਿੰਘ ਬਾਦਲ ਤੇ ਕਥਿਤ ਤੌਰ ਗਲਤੀਆਂ ਦੇ ਦੋਸ਼ ਲਾਏ ਗਏ ਹਨ। ਸਿੱਖ ਆਗੂਆਂ ਨੇ ਆਖਿਆ ਕਿ ਇਹ ਬੇਹੱਦ ਗੰਭੀਰ ਮਸਲੇ ਹਨ, ਜਿਨ੍ਹਾਂ ਕਾਰਨ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਗਹਿਰੀ ਸੱਟ ਵੱਜੀ ਹੈ ਅਤੇ ਇਸ ਮਾਮਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਤੇ ਵੱਕਾਰ ਵੀ ਜੁੜਿਆ ਹੋਇਆ ਹੈ। ਇਸ ਕਰਕੇ ਹੁਣ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਰੀਆਂ ਗਲਤੀਆਂ ਮੰਨ ਚੁੱਕੇ ਹਨ ਤਾਂ ਪੰਥਕ ਪਰੰਪਰਾਵਾਂ ਅਨੁਸਾਰ ਉਸ ਨੂੰ ਸਾਰੀਆਂ ਜ਼ਿੰਮੇਵਾਰੀਆਂ ਤੋਂ ਫਾਰਗ ਕੀਤਾ ਜਾਵੇ।

# ਜ਼ਿਮਨੀ ਚੋਣਾਂ ਲਈ ਸਿਆਸੀ ਧਿਰਾਂ ਨੇ ਸਰਗਰਮੀਆਂ ਵਧਾਈਆਂ

**ਸ੍ਰੀ ਮੁਕਤਸਰ ਸਾਹਿਬ:** ਚੋਣ ਕਮਿਸ਼ਨ ਨੇ ਭਾਵੇਂ ਪੰਜਾਬ ਵਿਚ ਜ਼ਿਮਨੀ ਚੋਣ ਨੂੰ ਹਰੀ ਝੰਡੀ ਨਹੀਂ ਦਿੱਤੀ ਪਰ ਗਿੱਦੜਬਾਹਾ ਜ਼ਿਮਨੀ ਚੋਣ ਦਾ ਪਿੜ ਭਖ ਗਿਆ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਚਨਚੇਤ ਗਿੱਦੜਬਾਹਾ ਹਲਕੇ ਦੇ ਦੋ ਪਿੰਡਾਂ ਵਿਚ ਇਕ ਦਿਨ ਵਿੱਚ ਦਰਜਨ ਤੋਂ ਵੱਧ ਬੈਠਕਾਂ ਕਰ ਕੇ ਅਕਾਲੀ ਵਰਕਰਾਂ ਨੂੰ ਜ਼ਿਮਨੀ ਚੋਣ ਲਈ ਸਰਗਰਮ ਹੋਣ ਦਾ ਸੱਦਾ ਦਿੱਤਾ।




ਉਨ੍ਹਾਂ ਵਾਰ-ਵਾਰ ਕਿਹਾ ਕਿ 1995 'ਚ ਗਿੱਦੜਬਾਹਾ ਉਪ ਚੋਣ ਜਿੱਤਣ ਤੋਂ ਬਾਅਦ ਹੀ 1997 ਵਿਚ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਵਿਚ ਸਰਕਾਰ ਬਣਾਈ ਸੀ ਤੇ ਹੁਣ ਵੀ ਸਰਕਾਰ ਬਣਾਉਣ ਦਾ ਮੁੱਢ ਇੱਥੋਂ ਹੀ ਬੱਝੇਗਾ। ਉਨ੍ਹਾਂ ਪਿੰਡ ਖਿੜਕੀਆਂ ਵਾਲਾ ਤੇ ਕਾਉਣੀ ਵਿਚ ਬੈਠਕਾਂ ਕੀਤੀਆਂ। ਦੱਸਣਯੋਗ ਹੈ ਕਿ ਇਸ ਹਲਕੇ ਤੋਂ ਅਕਾਲੀ ਦਲ ਦੇ ਸੰਭਾਵੀ ਉਮੀਦਵਾਰ ਵਜੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਨਾਮ ਦਾ ਚਰਚਾ ਸੀ ਕਿਉਂਕਿ ਉਹ ਪਹਿਲਾਂ ਵੀ ਇਸ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਰਹਿ ਚੁੱਕੇ ਹਨ ਪਰ ਹੁਣ ਸੁਖਬੀਰ ਸਿੰਘ ਬਾਦਲ ਵੱਲੋਂ ਖੁਦ ਇਹ ਮੁਹਿੰਮ ਸਾਂਭੀ ਹੋਈ ਹੈ।

ਦੂਜੇ ਪਾਸੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਵੀ ਮੁਕਤਸਰ ਵਿਚ ਜ਼ਿਲ੍ਹੇ ਭਰ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਇਕ ਮੈਰਿਜ ਪੈਲੇਸ ਵਿਚ ਸੱਦ ਕੇ ਉਨ੍ਹਾਂ ਨੂੰ ਗਿੱਦੜਬਾਹਾ ਜ਼ਿਮਨੀ ਚੋਣ ਲਈ ਸਰਗਰਮ ਹੋਣ ਲਈ ਕਿਹਾ ਗਿਆ। ਇਸ ਮੌਕੇ ਸਾਬਕਾ ਸੰਸਦ ਮੈਂਬਰ ਜਸਵੀਰ ਸਿੰਘ ਡਿੰਪਾ ਨੂੰ ਗਿੱਦੜਬਾਹਾ ਹਲਕੇ ਦਾ ਇੰਚਾਰਜ ਥਾਪਿਆ ਗਿਆ। ਇਸ ਹਲਕੇ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਵਜੋਂ ਨਰਿੰਦਰ ਸਿੰਘ ਕਾਉਣੀ ਦੇ ਚਰਚੇ ਹਨ ਜੋ ਰਾਜਾ ਵੜਿੰਗ ਦੇ ਕਰੀਬੀ ਹਨ। ਸੱਤਾਧਾਰੀ ਧਿਰ ਦੀਆਂ ਸਰਗਰਮੀਆਂ ਇਸ ਤੋਂ ਵੀ ਪਹਿਲਾਂ ਉਦੋਂ ਸ਼ੁਰੂ ਹੋ ਗਈਆਂ ਸਨ ਜਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੰਡ ਦੋਦਾ ਵਿਚ ਮਾਲਵਾ ਨਹਿਰ ਦਾ ਐਲਾਨ ਕਰਦਿਆਂ ਇਸ ਨੂੰ ਗਿੱਦੜਬਾਹਾ ਹਲਕੇ ਲਈ ਇਕ ਵਰਦਾਨ ਕਰਾਰ ਦਿੱਤਾ ਸੀ। ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਵਜੋਂ ਸਾਬਕਾ ਵਿਧਾਇਕ ਸੁਖਦਰਸ਼ਨ ਸਿੰਘ ਬਰਾੜ ਦੇ ਪੁੱਤਰ ਸਾਬਕਾ ਪੁਲਿਸ ਅਧਿਕਾਰੀ ਰਾਜਬਲਵਿੰਦਰ ਸਿੰਘ ਮਰਾੜ ਦਾ ਨਾਂ ਚਰਚਾ ਵਿਚ ਹੈ ਜਦਕਿ ਇਸ ਦੇ ਨਾਲ ਹੀ ਸੁਖਜਿੰਦਰ ਸਿੰਘ ਕਾਉਣੀ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਅਤੇ ਗਿੱਦੜਬਾਹਾ ਹਲਕਾ ਦੇ ਇੰਚਾਰਜ ਪ੍ਰਿਤਪਾਲ ਸ਼ਰਮਾ ਦਾ ਨਾਮ ਵੀ ਸਾਹਮਣੇ ਆ ਰਿਹਾ ਹੈ।

ਦੱਸਣਯੋਗ ਹੈ ਕਿ ਰਾਜਬਲਵਿੰਦਰ ਸਿੰਘ ਦੇ ਪਿਤਾ ਸੁਖਦਰਸ਼ਨ ਸਿੰਘ ਮਰਾੜ ਨੇ ਆਜ਼ਾਦ ਚੋਣ ਲੜਦਿਆਂ ਤਤਕਾਲੀ ਮੁੱਖ ਮੰਤਰੀ ਨੂੰ ਹਰਾ ਦਿੱਤਾ ਸੀ ਅਤੇ ਉਨ੍ਹਾਂ ਦਾ ਗਿੱਦੜਬਾਹਾ ਹਲਕੇ ਦੇ ਵੱਡੇ ਪਿੰਡਾਂ ਹਰੀ ਕੇ ਕਲਾਂ ਅਤੇ ਗਿੱਦੜਬਾਹਾ ਮੰਡੀ ਵਿਚ ਵੱਡਾ ਜਨ ਆਧਾਰ ਹੈ। ਇਸੇ ਤਰ੍ਹਾਂ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਦਾ ਨਾਮ ਵੀ ਚਰਚਾ ਵਿਚ ਹੈ। ਇਸੇ ਤਰ੍ਹਾਂ ਕਾਂਗਰਸ, ਅਕਾਲੀ ਅਤੇ ਭਾਜਪਾ ਦੇ ਆਗੂਆਂ ਵੱਲੋਂ ਵੀ ਆਪੋ ਆਪਣੀਆਂ ਦਾਅਵੇਦਾਰੀਆਂ ਮਜ਼ਬੂਤ ਕਰਨ ਲਈ ਯਤਨ ਜਾਰੀ ਹਨ।

## ਅਮਰੀਕਾ ਵਿਚ ਮਾਛੀਵਾੜਾ ਦੇ ਨੌਜਵਾਨ ਦੀ ਮੌਤ

**ਮਾਛੀਵਾੜਾ:** ਅਮਰੀਕਾ ਵਿਚ ਸੜਕ ਹਾਦਸੇ 'ਚ ਮਾਛੀਵਾੜਾ ਦੇ ਨੌਜਵਾਨ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਵਿਸ਼ਵਦੀਪ ਸਿੰਘ (19) ਪੁੱਤਰ ਸਤਨਾਮ ਸਿੰਘ ਵਾਸੀ ਜੇਐੱਸ ਨਗਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਵਿਸ਼ਵਦੀਪ ਸਿੰਘ ਕਰੀਬ 2 ਸਾਲ ਪਹਿਲਾਂ ਅਮਰੀਕਾ ਗਿਆ ਸੀ ਤੇ ਉਥੇ ਫਰੈਜ਼ਨੋ ਸ਼ਹਿਰ ਵਿਚ ਰਹਿੰਦਾ ਸੀ ਤੇ ਸਟੋਰ 'ਤੇ ਨੌਕਰੀ ਕਰਦਾ ਸੀ। ਉਹ ਜਦੋਂ ਕਿਧਰੇ ਜਾ ਰਿਹਾ ਸੀ ਤਾਂ ਸਾਹਮਣੇ ਤੋਂ ਆ ਰਹੀ ਇਕ ਕਾਰ ਦੀ ਉਸ ਦੀ ਕਾਰ ਨਾਲ ਜ਼ਬਰਦਸਤ ਟੱਕਰ ਹੋ ਗਈ ਅਤੇ ਇਸ ਹਾਦਸੇ 'ਚ ਵਿਸ਼ਵਦੀਪ ਸਿੰਘ ਦੀ ਮੌਤ ਹੋ ਗਈ।

# ਪੰਜਾਬ ਵਿਚ ਪੰਚਾਇਤ ਚੋਣਾਂ ਨਵੰਬਰ ਦੇ ਪਹਿਲੇ ਹਫਤੇ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਨਵੰਬਰ ਮਹੀਨੇ ਦੇ ਪਹਿਲੇ ਹਫ਼ਤੇ ਹੋ ਸਕਦੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਗੈਰ-ਰਸਮੀ ਤੌਰ 'ਤੇ ਕੈਬਨਿਟ ਵਜ਼ੀਰਾਂ ਨਾਲ ਸਲਾਹ-ਮਸ਼ਵਰਾ ਕਰਦਿਆਂ ਇਸ ਫ਼ੈਸਲੇ ਤੋਂ ਜਾਣੂ ਕਰਵਾਇਆ। ਸੂਬਾ ਸਰਕਾਰ ਅਗਾਮੀ ਚਾਰ ਜ਼ਿਮਨੀ ਚੋਣਾਂ ਮਗਰੋਂ ਹੀ ਪੰਚਾਇਤ ਚੋਣਾਂ ਕਰਾਉਣ ਦੇ ਰੌਂਅ ਵਿਚ ਹੈ।

ਪੰਜਾਬ ਸਰਕਾਰ ਨੇ ਪੰਚਾਇਤੀ ਚੋਣਾਂ ਦੀ ਤਿਆਰੀ ਪਹਿਲਾਂ ਹੀ ਵਿੱਢ ਦਿੱਤੀ ਹੈ। ਬੀਤੇ ਦਿਨੀਂ ਪਾਰਟੀ ਵਿਧਾਇਕਾਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਪਿੰਡਾਂ 'ਚ ਜਾਣ ਦੇ ਹੁਕਮ ਦਿੱਤੇ ਗਏ ਹਨ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਨਵੰਬਰ ਮਹੀਨੇ 'ਚ ਹੀ ਨਗਰ ਕੌਂਸਲ ਅਤੇ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਉਣਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਐਡਵੋਕੇਟ ਜਨਰਲ ਨੂੰ ਵੀ ਇਸ ਰਾਇ ਤੋਂ ਜਾਣੂ ਕਰਵਾ ਦਿੱਤਾ ਹੈ ਕਿਉਂਕਿ ਚੋਣਾਂ ਦਾ ਮਾਮਲਾ ਹਾਈ ਕੋਰਟ ਵਿਚ ਬਕਾਇਆ ਹੈ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਨੇ ਨਵੰਬਰ ਮਹੀਨੇ 'ਚ ਹੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਦਾ ਕੰਮ ਨਿਬੇੜਨ ਲਈ ਕਿਹਾ ਹੈ। ਸੂਬਾ ਸਰਕਾਰ ਉਸ ਤੋਂ ਪਹਿਲਾਂ ਪੇਂਡੂ ਤੇ ਸ਼ਹਿਰੀ ਵਿਕਾਸ ਲਈ ਫ਼ੰਡ ਵੀ ਜਾਰੀ ਕਰੇਗੀ।

ਜਾਣਕਾਰੀ ਅਨੁਸਾਰ ਨਵੰਬਰ ਮਹੀਨੇ ਵਿਚ ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀ ਮਿਆਦ ਖ਼ਤਮ ਹੋ ਰਹੀ ਹੈ ਜਿਸ ਕਰਕੇ ਸਰਕਾਰ



ਨੇ ਚੋਣਾਂ ਲਈ ਇਹ ਮਹੀਨਾ ਹੀ ਚੁਣਿਆ ਹੈ। ਸੂਬਾ ਚੋਣ ਕਮਿਸ਼ਨ ਨੇ ਪੰਚਾਇਤੀ ਸੰਸਥਾਵਾਂ ਦੀਆਂ ਚੋਣਾਂ ਕਰਾਉਣ ਲਈ ਵੋਟਰ ਸੂਚੀਆਂ 'ਚ ਸੁਧਾਈ ਦੀਆਂ ਤਰੀਕਾਂ ਵੀ ਤੈਅ ਕੀਤੀਆਂ ਹਨ। ਪਾਰਟੀ ਦੇ ਵਿਧਾਇਕਾਂ ਪੰਚਾਇਤ ਮੈਂਬਰਾਂ ਦੀਆਂ ਚੋਣਾਂ ਵਾਰਡ ਅਨੁਸਾਰ ਕਰਵਾਉਣ ਦੀ ਥਾਂ ਖੁੱਲ੍ਹੀਆਂ ਹੀ ਕਰਵਾਉਣ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਨੇ ਸੰਵਿਧਾਨਿਕ ਅੜਚਣ ਦੇ ਹਵਾਲੇ ਨਾਲ ਵਿਧਾਇਕਾਂ ਦੀ ਇਸ ਮੰਗ ਨੂੰ ਠੁਕਰਾ ਦਿੱਤਾ ਹੈ। ਮੁੱਖ ਮੰਤਰੀ ਚਾਹੁੰਦੇ ਸਨ ਕਿ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਪੰਚਾਇਤੀ ਚੋਣਾਂ ਕਰਵਾ ਲਈਆਂ ਜਾਣ ਪਰ ਕੁਝ ਤਕਨੀਕੀ ਮੁਸ਼ਕਲਾਂ ਕਰਕੇ ਅਜਿਹਾ ਸੰਭਵ ਨਹੀਂ ਹੋ ਸਕਿਆ। ਸੂਬੇ ਵਿਚ 13,241 ਗ੍ਰਾਮ ਪੰਚਾਇਤਾਂ, 150 ਪੰਚਾਇਤ ਸਮਿਤੀਆਂ ਅਤੇ 22 ਜ਼ਿਲ੍ਹਾ ਪਰਿਸ਼ਦ ਹਨ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਾਜਪਾ ਨੇ ਰਵਨੀਤ ਬਿੱਟੂ ਨੂੰ ਰਾਜਸਥਾਨ ਤੋਂ ਰਾਜ ਸਭਾ ਉਮੀਦਵਾਰ ਐਲਾਨਿਆ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨੇ 12 ਰਾਜ ਸਭਾ ਸੀਟਾਂ ਉਤੇ ਹੋਣ ਵਾਲੀਆਂ ਉਪ ਚੋਣਾਂ ਲਈ ਆਪਣੇ 9 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਸੂਚੀ 'ਚ ਕਈ ਵੱਡੇ ਨੇਤਾਵਾਂ ਦੇ ਨਾਂ ਸ਼ਾਮਲ ਹਨ। ਭਾਜਪਾ ਨੇ ਕੇਂਦਰੀ ਮੰਤਰੀ ਜਾਰਜ ਕੁਰੀਅਨ ਨੂੰ ਮੱਧ ਪ੍ਰਦੇਸ਼ ਅਤੇ ਰਵਨੀਤ ਸਿੰਘ ਬਿੱਟੂ ਨੂੰ ਰਾਜਸਥਾਨ ਤੋਂ ਆਪਣਾ ਉਮੀਦਵਾਰ ਐਲਾਨਿਆ ਹੈ।

48 ਸਾਲਾ ਰਵਨੀਤ ਬਿੱਟੂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਸਨ। ਉਹ ਭਾਜਪਾ ਦੇ ਉਮੀਦਵਾਰ ਵਜੋਂ ਪੰਜਾਬ ਦੇ ਲੁਧਿਆਣਾ ਤੋਂ ਚੋਣ ਲੜੇ ਸੀ, ਪਰ ਕਾਂਗਰਸੀ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਹਾਰ ਗਿਆ ਸੀ। ਬਿੱਟੂ ਇਸ ਸਮੇਂ ਕੇਂਦਰੀ ਰੇਲ ਰਾਜ ਮੰਤਰੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਹਨ। ਹੁਣ ਰਵਨੀਤ ਸਿੰਘ ਬਿੱਟੂ ਨੂੰ ਨਵੀਂ ਜ਼ਿੰਮੇਵਾਰੀ ਸੌਂਪੀ ਗਈ ਹੈ।

ਪੰਜਾਬ ਯੂਥ ਕਾਂਗਰਸ ਤੋਂ ਆਪਣਾ ਸਫ਼ਰ ਸ਼ੁਰੂ ਕਰਨ ਵਾਲੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਵੀ ਕਾਂਗਰਸ ਦੀ ਟਿਕਟ 'ਤੇ ਤਿੰਨ ਵਾਰ ਸੰਸਦ ਮੈਂਬਰ ਰਹਿ ਚੁੱਕੇ ਹਨ। ਉਹ ਪਹਿਲਾਂ ਸ੍ਰੀ ਆਨੰਦਪੁਰ ਸਾਹਿਬ ਅਤੇ ਫਿਰ ਲੁਧਿਆਣਾ ਤੋਂ ਦੋ ਵਾਰ ਸੰਸਦ ਮੈਂਬਰ ਰਹੇ।

ਸੂਤਰਾਂ ਦੀ ਮੰਨੀਏ ਤਾਂ ਇਸ ਤੋਂ ਪਹਿਲਾਂ ਰਵਨੀਤ ਸਿੰਘ ਬਿੱਟੂ ਨੂੰ ਹਰਿਆਣਾ ਤੋਂ ਰਾਜ ਸਭਾ ਭੇਜਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਇਹ ਸੀਟ ਵੀ ਦੀਪੇਂਦਰ ਹੁੱਡਾ ਦੇ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਖਾਲੀ ਹੋ ਗਈ ਸੀ ਜਿਸ ਤੋਂ ਬਾਅਦ ਚਰਚਾ ਸੀ ਕਿ ਬਿੱਟੂ ਨੂੰ ਹਰਿਆਣਾ ਤੋਂ ਰਾਜ ਸਭਾ ਵਿਚ ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਪਰ ਪੰਜਾਬ ਦਾ ਹਰਿਆਣਾ ਨਾਲ ਪਾਣੀਆਂ ਦਾ ਵਿਵਾਦ ਚੱਲ ਰਿਹਾ ਹੈ ਜਿਸ ਕਾਰਨ ਬਿੱਟੂ ਪਾਣੀਆਂ ਦੇ ਮੁੱਦੇ 'ਤੇ ਪੰਜਾਬ ਵਿਰੁੱਧ ਨਹੀਂ ਬੋਲ ਸਕਦਾ। ਸੂਤਰਾਂ ਦਾ ਕਹਿਣਾ ਹੈ ਕਿ ਬਿੱਟੂ ਨੇ ਪਾਣੀਆਂ ਦੇ ਮੁੱਦੇ ਨੂੰ ਲੈ ਕੇ ਹਰਿਆਣਾ ਤੋਂ ਰਾਜ ਸਭਾ ਵਿਚ ਨਾ ਜਾਣ ਦੀ ਇੱਛਾ ਪ੍ਰਗਟਾਈ ਸੀ ਜਿਸ ਨੂੰ ਭਾਜਪਾ ਹਾਈ ਕਮਾਂਡ ਨੇ ਵੀ ਸਵੀਕਾਰ ਕਰ ਲਿਆ ਹੈ।

## ਅਦਾਲਤ ਨੇ ਕੇਜਰੀਵਾਲ ਦਾ ਜੁਡੀਸ਼ਲ ਰਿਮਾਂਡ 27 ਤੱਕ ਵਧਾਇਆ

**ਨਵੀਂ ਦਿੱਲੀ:** ਇਥੋਂ ਦੀ ਅਦਾਲਤ ਨੇ ਕਥਿਤ ਆਬਕਾਰੀ ਘਪਲੇ ਸਬੰਧੀ ਸੀ.ਬੀ.ਆਈ. ਵੱਲੋਂ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਦੀ ਮਿਆਦ 27 ਅਗਸਤ ਤੱਕ ਵਧਾ ਦਿੱਤੀ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਆਮ ਆਦਮੀ ਪਾਰਟੀ (ਆਪ) ਨੇਤਾ ਨੂੰ ਪਹਿਲਾਂ ਦਿੱਤੀ ਗਈ ਨਿਆਇਕ ਹਿਰਾਸਤ ਦੀ ਮਿਆਦ ਖਤਮ ਹੋਣ ਉਤੇ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਕੀਤੇ ਜਾਣ ਤੋਂ ਬਾਅਦ ਹਿਰਾਸਤ ਵਿਚ ਵਾਧਾ ਕਰ ਦਿੱਤਾ। ਅਦਾਲਤ ਵੱਲੋਂ 27 ਅਗਸਤ ਨੂੰ ਕੇਜਰੀਵਾਲ ਖ਼ਿਲਾਫ਼ ਸੀ.ਬੀ.ਆਈ. ਵੱਲੋਂ ਦਾਇਰ ਸਪਲੀਮੈਂਟਰੀ ਚਾਰਜਸ਼ੀਟ 'ਤੇ ਵਿਚਾਰ ਕਰਨ ਦੀ ਸੰਭਾਵਨਾ ਹੈ।

## ਔਰਤਾਂ ਨੂੰ ਵੱਧ ਅਧਿਕਾਰ ਦੇਣ ਦੇ ਉਪਰਾਲੇ ਕਰੇਗੀ ਸਰਕਾਰ: ਭਗਵੰਤ ਮਾਨ

**ਰਈਆ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੇਲਾ ਰੱਖੜ ਪੁੰਨਿਆ 'ਤੇ ਸੂਬਾ ਪੱਧਰੀ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਸੂਬੇ ਦੇ ਛੇ ਜ਼ਿਲ੍ਹਿਆਂ ਵਿਚ ਮਹਿਲਾ ਸੀਨੀਅਰ ਪੁਲਿਸ ਕਪਤਾਨ ਅਤੇ ਅੱਠ ਜ਼ਿਲ੍ਹਿਆਂ ਵਿਚ ਮਹਿਲਾ ਡਿਪਟੀ ਕਮਿਸ਼ਨਰ ਤਾਇਨਾਤ ਕੀਤੇ ਹਨ ਜਿਸ ਨਾਲ ਇਹ ਸਰਕਾਰ ਮਹਿਲਾਵਾਂ ਦੇ ਵੱਧ ਅਧਿਕਾਰਾਂ ਲਈ ਵੱਡੀ ਗਿਣਤੀ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਹੈ। ਲੜਕੀਆਂ ਪਹਿਲੀ ਵਾਰ ਅੱਗ ਬੁਝਾਊ ਅਮਲੇ ਵਿਚ ਭਰਤੀ ਕੀਤੀਆਂ ਜਾਣਗੀਆਂ ਅਤੇ ਪੰਜਾਬ ਅਜਿਹਾ ਕਦਮ ਚੁੱਕਣ ਵਾਲਾ ਪਹਿਲਾ ਸੂਬਾ ਹੋਵੇਗਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰੱਖੜ ਪੁੰਨਿਆ ਮੌਕੇ ਇਤਿਹਾਸਕ ਗੁਰਦੁਆਰਾ ਤਪ ਅਸਥਾਨ ਨੌਵੀਂ ਪਾਤਸ਼ਾਹੀ ਗੁਰੂ ਤੇਗ਼ ਬਹਾਦਰ ਵਿਖੇ ਨਤਮਸਤਕ ਹੋਏ। ਉਨ੍ਹਾਂ ਕਿਹਾ ਕਿ ਬਾਬਾ ਬਕਾਲਾ ਸਾਹਿਬ ਦੀ ਇਤਿਹਾਸਕ ਤੇ ਪਵਿੱਤਰ ਧਰਤੀ ਉਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਲੰਮਾ ਸਮਾਂ ਭਗਤੀ ਕੀਤੀ। ਮਹਾਨ ਸਿੱਖ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਜ਼ੁਲਮ, ਬੇਇਨਸਾਫ਼ੀ ਅਤੇ ਅੱਤਿਆਚਾਰ ਵਿਰੁੱਧ ਲੜਨ ਦੀ ਪ੍ਰੇਰਨਾ ਦਿੱਤੀ ਹੈ ਜਿਸ ਸਦਕਾ ਪੰਜਾਬੀਆਂ ਨੇ ਹਮੇਸ਼ਾ ਹੀ ਬੁਰਾਈਆਂ ਵਿਰੁੱਧ ਲੜਾਈ ਵਿਚ ਦੇਸ਼ ਦੀ ਅਗਵਾਈ ਕੀਤੀ ਹੈ।

## ਬਾਬਾ ਬਕਾਲਾ ਮੇਲੇ 'ਚ ਗੋਲੀ ਲੱਗਣ ਕਾਰਨ ਨਿਹੰਗ ਸਿੰਘ ਦੀ ਮੌਤ

**ਰਈਆ:** ਰੱਖੜ ਪੁੰਨਿਆ ਮੇਲੇ ਵਿਚ ਡੀ.ਐਸ.ਪੀ. ਬਾਬਾ ਬਕਾਲਾ ਦਫ਼ਤਰ ਨੇੜੇ ਤਰਨਾ ਦਲ ਦੇ ਕਾਫ਼ਲੇ ਵਿਚ ਗੋਲੀਆਂ ਚੱਲਣ ਕਾਰਨ ਘੋੜ ਸਵਾਰ ਨਿਹੰਗ ਸਿੰਘ ਧੀਰਾ ਸਿੰਘ ਉਰਫ਼ ਕਿੱਲੀ ਪੁੱਤਰ ਚਾਨਣ ਸਿੰਘ ਡਡਿਆਲ ਤਰਨਤਾਰਨ ਦੀ ਮੌਤ ਹੋ ਗਈ। ਇਸ ਦੌਰਾਨ ਵੱਖਰੀ ਲੜਾਈ ਵਿਚ ਇਕ ਹੋਰ ਨਿਹੰਗ ਸਿੰਘ ਜ਼ਖ਼ਮੀ ਹੋ ਗਿਆ।

ਮੇਲਾ ਰੱਖੜ ਪੁੰਨਿਆ ਬਾਬਾ ਬਕਾਲਾ 'ਤੇ ਨਿਹੰਗ ਸਿੰਘਾਂ ਵੱਲੋ ਮਹੱਲਾ ਕੱਢਿਆ ਜਾਂਦਾ ਹੈ, ਜਿਸ ਵਿਚ ਵੱਡੀ ਗਿਣਤੀ ਵਿਚ ਕਾਫ਼ਲੇ ਇੱਥੇ ਪੁੱਜਦੇ ਹਨ। ਸ਼ਾਮ ਚਾਰ ਵਜੇ ਸਿਵਲ ਹਸਪਤਾਲ ਕੋਲ ਘੋੜ ਸਵਾਰ ਨਿਹੰਗ ਸਿੰਘਾ ਦਾ ਕਾਫ਼ਲਾ ਜਾ ਰਿਹਾ ਸੀ, ਜਿਸ ਵਕਤ ਉਹ ਡੀ.ਐਸ.ਪੀ. ਦਫ਼ਤਰ ਨਜ਼ਦੀਕ ਪੁੱਜਾ ਤਾਂ ਦੋ ਗੋਲੀਆਂ ਚੱਲਣ ਦੀ ਅਵਾਜ਼ ਸੁਣੀ, ਜੋ ਘੋੜ ਸਵਾਰ ਨਿਹੰਗ ਸਿੰਘ ਦੇ ਲੱਗੀਆਂ। ਉਸ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇਹ ਨਹੀਂ ਪਤਾ ਲੱਗਿਆ ਗੋਲੀ ਕਿਸ ਤਰ੍ਹਾਂ ਚੱਲੀ ਹੈ।

## 'ਵਾਰਿਸ ਪੰਜਾਬ ਦੇ' ਵੱਲੋਂ ਪੰਥਕ ਇਕੱਠ

**ਰਈਆ:** ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਅਗਵਾਈ ਵਾਲੀ 'ਵਾਰਸ ਪੰਜਾਬ ਦੇ' ਪਾਰਟੀ ਵੱਲੋਂ ਇੱਥੇ ਅਕਾਲੀ ਬਿਸ਼ਨ ਸਿੰਘ ਫਾਰਮ ਵਿਚ ਰੱਖੜ ਪੁੰਨਿਆ ਮੌਕੇ ਪੰਥਕ ਇਕੱਠ ਕੀਤਾ ਗਿਆ, ਜਿਸ ਵਿਚ 'ਆਪ' ਅਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਕਾਨਫਰੰਸਾਂ ਨਾਲੋਂ ਵੱਧ ਲੋਕ ਪੁੱਜੇ। ਕਾਨਫਰੰਸ ਦੌਰਾਨ ਪੰਥਕ ਕਹਾਉਂਦੇ ਆਗੂ ਗ਼ੈਰ-ਹਾਜ਼ਰ ਰਹੇ ਕਿਉਂਕਿ ਉਨ੍ਹਾਂ ਨੂੰ ਅੰਮ੍ਰਿਤਪਾਲ ਸਿੰਘ ਦੀ ਟੀਮ ਨੇ ਸੱਦਾ ਨਹੀਂ ਦਿੱਤਾ ਸੀ। ਅਕਾਲੀ ਦਲ ਦੇ ਬਾਗ਼ੀ ਧੜੇ ਵੱਲੋਂ ਹਾਜ਼ਰ ਹੋਏ ਭਾਈ ਮਨਜੀਤ ਸਿੰਘ ਭੂਰਾ ਕੋਹਨਾ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ। ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਦਾ ਡਿਬਰੂਗੜ੍ਹ ਜੇਲ੍ਹ ਤੋਂ ਸਿੱਖ ਕੌਮ ਦੇ ਨਾਮ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ ਅਤੇ ਕਾਨਫਰੰਸ ਦੌਰਾਨ ਸੱਤ ਮਤੇ ਪਾਸ ਕੀਤੇ ਗਏ। ਬੁਲਾਰਿਆਂ ਨੇ ਅਕਾਲੀ ਦਲ ਨੂੰ ਮੁੜ ਖੜ੍ਹਾ ਕਰਨ, ਇਤਿਹਾਸ ਤੋਂ ਸੇਧ ਲੈ ਕੇ ਪਿੰਡ ਪੱਧਰ 'ਤੇ ਅਕਾਲੀ ਜਥੇ ਬਣਾਉਣ ਦਾ ਸੱਦਾ ਦਿੱਤਾ। ਕਾਨਫਰੰਸ ਦੌਰਾਨ ਪ੍ਰਬੰਧਾਂ ਦੀ ਘਾਟ ਕਾਰਨ ਲੋਕ ਆਪ-ਮੁਹਾਰੇ ਚੱਲ ਰਹੇ ਸਨ।

## ਹਰਿਆਣਾ ਵਿਧਾਨ ਸਭਾ ਚੋਣਾਂ ਲੜ ਸਕਦੀ ਹੈ ਵਿਨੇਸ਼ ਫੋਗਾਟ

**ਨਵੀਂ ਦਿੱਲੀ:** ਮਸ਼ਹੂਰ ਪਹਿਲਵਾਨ ਵਿਨੇਸ਼ ਫੋਗਾਟ ਦੇ ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਦੀ ਸੰਭਾਵਨਾ ਹੈ। ਹਾਲਾਂਕਿ ਵਿਨੇਸ਼ ਨੇ ਪਹਿਲਾਂ ਕਿਹਾ ਸੀ ਕਿ ਉਹ ਸਰਗਰਮ ਰਾਜਨੀਤੀ ਵਿਚ ਨਹੀਂ ਆਵੇਗੀ ਪਰ ਤਾਜ਼ਾ ਰਿਪੋਰਟ ਅਨੁਸਾਰ ਕੁਝ ਸਿਆਸੀ ਪਾਰਟੀਆਂ ਉਸ ਨੂੰ ਮਨਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਵਿਨੇਸ਼ ਨੇ ਪੈਰਿਸ ਓਲੰਪਿਕ ਵਿਚ 100 ਗ੍ਰਾਮ ਜ਼ਿਆਦਾ ਭਾਰ ਹੋਣ ਕਾਰਨ ਫਾਈਨਲ ਵਿਚ ਅਯੋਗ ਹੋਣ ਤੋਂ ਬਾਅਦ ਔਰਤਾਂ ਦੇ ਫਰੀਸਟਾਈਲ 50 ਕਿਲੋਗ੍ਰਾਮ ਵਰਗ ਵਿਚ ਸੋਨ ਤਮਗਾ ਜਿੱਤਣ ਦਾ ਮੌਕਾ ਗੁਆ ਦਿੱਤਾ। ਵਿਨੇਸ਼ ਕਿਸ ਪਾਰਟੀ 'ਚ ਸ਼ਾਮਲ ਹੋ ਰਹੀ ਹੈ, ਇਸ ਦੀ ਪੁਸ਼ਟੀ ਹੋਣੀ ਬਾਕੀ ਹੈ।

## ਕਈ ਸਿੱਖ ਆਗੂਆਂ ਨੇ ਏਜੰਸੀਆਂ ਨਾਲ ਮਿਲ ਕੇ ਪੰਥ ਨੂੰ ਕਮਜ਼ੋਰ ਕੀਤਾ: ਸੁਖਬੀਰ

**ਰਈਆ:** ਬਾਬਾ ਬਕਾਲਾ ਵਿਚ ਰੱਖੜ ਪੁੰਨਿਆ ਮੇਲੇ ਮੌਕੇ ਸ਼੍ਰੋਮਣੀ ਅਕਾਲੀ ਦਲ ਦੀ ਕਾਨਫ਼ਰੰਸ ਵਿਚ ਪਾਰਟੀ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬਲਜੀਤ ਸਿੰਘ ਦਾਦੂਵਾਲ, ਜਸਬੀਰ ਸਿੰਘ ਰੋਡੇ ਤੇ ਧਿਆਨ ਸਿੰਘ ਮੰਡ 'ਤੇ ਨਿਸ਼ਾਨੇ ਸੇਧੇ ਤੇ ਉਨ੍ਹਾਂ ਨੂੰ ਆਰ.ਐਸ.ਐਸ-ਭਾਜਪਾ ਤੇ ਸਰਕਾਰੀ ਏਜੰਸੀਆਂ ਨਾਲ ਮਿਲ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਕੌਮ ਨੂੰ ਕਮਜ਼ੋਰ ਕਰਨ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਇਹ ਪੰਥ ਵਿਚ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਜਿਸ ਕਰ ਕੇ ਇਨ੍ਹਾਂ ਹੱਥੋਂ ਪੰਜਾਬ ਅਤੇ ਕੌਮ ਨੂੰ ਬਰਬਾਦ ਹੋਣ ਤੋਂ ਬਚਾਉਣ ਦੀ ਲੋੜ ਹੈ। ਆਰ.ਐਸ.ਐਸ. ਅਤੇ ਭਾਜਪਾ ਗੁਰੂ ਘਰਾਂ ਉਤੇ ਕਬਜ਼ਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਜੇ ਅੱਜ ਵੀ ਸਿੱਖ ਕੌਮ ਇਨ੍ਹਾਂ ਤਾਕਤਾਂ ਨੂੰ ਪਛਾਣ ਕੇ ਸੁਚੇਤ ਨਾ ਹੋਈ ਤਾਂ ਪੰਜਾਬ ਅਤੇ ਕੌਮ ਦੀ ਤਬਾਹੀ ਨੂੰ ਕੋਈ ਰੋਕ ਨਹੀਂ ਸਕਦਾ। ਸ੍ਰੀ ਬਾਦਲ ਨੇ ਕਿਹਾ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਅਤੇ ਹੁਣ ਭਗਵੰਤ ਮਾਨ ਨੇ ਪੰਜਾਬ ਨੂੰ ਤਬਾਹੀ ਦੇ ਕੰਢੇ ਪਹੁੰਚਾ ਦਿੱਤਾ ਹੈ। ਇਨ੍ਹਾਂ ਸਰਕਾਰਾਂ ਨੇ ਪੰਜਾਬ ਦਾ ਵਿਕਾਸ ਨਹੀਂ ਸਗੋਂ ਵਿਨਾਸ਼ ਹੀ ਕੀਤਾ ਹੈ।

## ਜੰਮੂ ਤੇ ਕਸ਼ਮੀਰ 'ਚ ਸਿੱਖਾਂ ਵੱਲੋਂ ਚੋਣਾਂ ਲੜਨ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਪੁਲਵਾਮਾ ਦੀ ਤਰਾਲ ਸੀਟ, ਬਾਰਾਮੂਲਾ, ਸ੍ਰੀਨਗਰ ਅਤੇ ਅਮੀਰਾ ਕਦਲ ਵਿਧਾਨ ਸਭਾ ਖੇਤਰ ਸ਼ਾਮਲ ਹਨ। ਪੁਲਵਾਮਾ ਵਿਚ ਲਗਭਗ 14 ਹਜ਼ਾਰ, ਬਾਰਾਮੁੱਲਾ ਵਿਚ ਲਗਪਗ 17 ਹਜ਼ਾਰ, ਸ੍ਰੀਨਗਰ ਅਤੇ ਅਮੀਰਾ ਕਦਲ ਵਿਚ ਕ੍ਰਮਵਾਰ ਸੱਤ ਤੇ ਅੱਠ ਹਜ਼ਾਰ ਸਿੱਖ ਰਹਿੰਦੇ ਹਨ। ਉਧਰ, ਭਾਜਪਾ ਨੂੰ ਚੋਣ ਮੈਦਾਨ ਵਿਚ ਵੱਡੀ ਟੱਕਰ ਦੇਣ ਲਈ ਗੱਠਜੋੜ ਦੀ ਰਣਨੀਤੀ ਬਣਨ ਲੱਗੀ ਹੈ। ਕਾਂਗਰਸ ਦੀ ਜੰਮੂ ਕਸ਼ਮੀਰ ਇਕਾਈ ਦੇ ਨਵ-ਨਿਯੁਕਤ ਮੁਖੀ ਤਾਰਿਕ ਹਮੀਦ ਕਾਰਾ ਨੇ ਆਖਿਆ ਹੈ ਕਿ ਨੈਸ਼ਨਲ ਕਾਨਫਰੰਸ ਤੇ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਦੇ ਆਗੂ ਵਿਧਾਨ ਸਭਾ ਚੋਣਾਂ 'ਚ ਗੱਠਜੋੜ ਲਈ ਕਾਂਗਰਸ ਦੇ ਸੰਪਰਕ ਵਿਚ ਹਨ। ਕਾਂਗਰਸ ਨੂੰ ਪੂਰਾ ਯਕੀਨ ਹੈ ਕਿ 'ਇੰਡੀਆ' ਗੱਠਜੋੜ 'ਚ ਸ਼ਾਮਲ ਖੇਤਰੀ ਪਾਰਟੀਆਂ ਜੇ ਉਸ ਮਕਸਦ ਨੂੰ ਜਾਰੀ ਰੱਖਦੀਆਂ ਹਨ ਜਿਸ ਲਈ ਇਹ ਗੱਠਜੋੜ ਬਣਾਇਆ ਗਿਆ ਸੀ ਤਾਂ ਉਹ ਕਾਮਯਾਬ ਜ਼ਰੂਰ ਹੋਣਗੇ।

## ਇੰਗਲੈਂਡ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਸੰਦੌੜ:** ਪਿੰਡ ਸ਼ੇਰਗੜ੍ਹ ਚੀਮਾ ਦੇ ਨੌਜਵਾਨ ਗੁਰਵੀਰ ਸਿੰਘ (23) ਦੀ ਇੰਗਲੈਂਡ ਵਿਚ ਮੌਤ ਹੋ ਗਈ। ਉਹ ਪਿਛਲੇ ਸਾਲ ਦਸੰਬਰ ਵਿਚ ਪਤਨੀ ਕੋਲ ਇੰਗਲੈਂਡ ਗਿਆ ਸੀ। ਨੌਜਵਾਨ ਦੇ ਪਿਤਾ ਰਤਨਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਕਰਜ਼ਾ ਚੁੱਕ ਕੇ ਪੁੱਤਰ ਦਾ ਵਿਆਹ ਝਲੂਰ (ਬਰਨਾਲਾ) ਦੀ ਜਸ਼ਨਦੀਪ ਕੌਰ ਨਾਲ ਕੀਤਾ ਸੀ। ਵਿਆਹ ਤੋਂ ਬਾਅਦ ਅਕਤੂਬਰ 2023 ਵਿਚ ਜਸ਼ਨਦੀਪ ਇੰਗਲੈਂਡ ਚਲੀ ਗਈ ਅਤੇ ਦਸੰਬਰ ਵਿਚ ਉਸ ਦਾ ਲੜਕਾ ਵੀ ਪਤਨੀ ਕੋਲ ਚਲਾ ਗਿਆ। ਉੱਥੇ ਪੁੱਜਣ ਦੇ ਕੁਝ ਦਿਨ ਬਾਅਦ ਹੀ ਉਸ ਦੀ ਪਤਨੀ ਉਸ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗ ਪਈ। ਮਗਰੋਂ ਜਸ਼ਨਦੀਪ ਕੌਰ ਨੇ ਆਪਣੇ ਮਾਮੇ ਦੇ ਲੜਕੇ ਨਾਲ ਰਲ ਕੇ ਗੁਰਵੀਰ ਨੂੰ ਘਰੋਂ ਕੱਢ ਦਿੱਤਾ।

## ਕੰਗਨਾ ਦੀ ਫਿਲਮ ਬਾਰੇ ਵਿਵਾਦ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਫਿਲਮ 'ਚ ਕੰਗਨਾ ਦੇ ਨਾਲ-ਨਾਲ ਅਨੁਪਮ ਖੇਰ, ਸ਼੍ਰੇਅਸ ਤਲਪੜੇ, ਮਹਿਮਾ ਚੌਧਰੀ, ਮਿਲਿੰਦ ਸੋਮਨ ਅਤੇ ਸਤੀਸ਼ ਕੌਸ਼ਿਕ ਵਰਗੇ ਕਲਾਕਾਰ ਵੀ ਹਨ। ਦਰਅਸਲ, ਫਿਲਮ ਉਤੇ ਰੋਕ ਲਾਉਣ ਦਾ ਮੁੱਦਾ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਚੁੱਕਿਆ ਸੀ ਜਿਸ ਪਿੱਛੋਂ ਸ਼੍ਰੋਮਣੀ ਕਮੇਟੀ ਨੇ ਵੀ ਇਸ ਫਿਲਮ ਦੇ ਟ੍ਰੇਲਰ 'ਚ ਦਿਖਾਏ ਗਏ ਦ੍ਰਿਸ਼ਾਂ ਉਤੇ ਸਖਤ ਇਤਰਾਜ਼ ਜਤਾਇਆ। ਵਿਵਾਦ ਭਖਦਾ ਦੇਖ ਪੰਜਾਬ ਭਾਜਪਾ ਨੇ ਆਪਣੇ ਆਪ ਨੂੰ ਇਸ ਮੁੱਦੇ ਤੋਂ ਵੱਖ ਕਰ ਲਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਪੰਜਾਬ ਮੰਤਰੀ ਮੰਡਲ ਵੱਲੋਂ ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਖਤਮ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲੀ ਦੀ ਮੀਟਿੰਗ ਦੌਰਾਨ 16ਵੀਂ ਪੰਜਾਬ ਵਿਧਾਨ ਸਭਾ ਦਾ ਸੱਤਵਾਂ ਤਿੰਨ ਰੋਜ਼ਾ ਸੈਸ਼ਨ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਮੌਨਸੂਨ ਸੈਸ਼ਨ 2 ਤੋਂ 4 ਸਤੰਬਰ ਤੱਕ ਸੱਦਿਆ ਗਿਆ ਹੈ। ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਵਿਚ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਇਤਰਾਜ਼ਹੀਣਤਾ ਸਰਟੀਫਿਕੇਟ (ਐਨ.ਓ.ਸੀ.) ਦੀ ਸ਼ਰਤ ਨੂੰ ਸਿਧਾਂਤਕ ਤੌਰ 'ਤੇ ਖ਼ਤਮ ਕਰਨ ਦੀ ਸਹਿਮਤੀ ਵੀ ਦਿੱਤੀ ਗਈ।

ਮੰਤਰੀ ਮੰਡਲ ਦੀ ਮੀਟਿੰਗ ਬਾਰੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਨੇ ਦੱਸਿਆ ਕਿ ਪੰਜਾਬ ਵਿਚ ਬਿਨਾਂ ਪ੍ਰਵਾਨਗੀ ਵਾਲੀਆਂ ਜ਼ਮੀਨਾਂ ਦੀ ਖਰੀਦੋ-ਫਰੋਖਤ 'ਤੇ ਪਾਬੰਦੀ ਲਾਉਣ ਲਈ ਜ਼ਮੀਨ-ਜਾਇਦਾਦ ਦੀ ਰਜਿਸਟਰੇਸ਼ਨ ਲਈ ਵੱਖ-ਵੱਖ ਵਿਭਾਗਾਂ ਤੋਂ ਐਨ.ਓ.ਸੀ. ਲੈਣੀ ਲਾਜ਼ਮੀ ਸੀ, ਜਿਸ ਕਾਰਨ ਸੂਬੇ ਵਿਚ ਵੱਡੀ ਗਿਣਤੀ ਵਿੱਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਅੱਧ ਵਿਚਾਲੇ ਅਟਕੀਆਂ ਹੋਈਆਂ ਹਨ। ਮੰਤਰੀ ਮੰਡਲ ਨੇ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਐਨ.ਓ.ਸੀ. ਦੀ ਸ਼ਰਤ ਸਿਧਾਂਤਕ ਤੌਰ 'ਤੇ ਖ਼ਤਮ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ



ਪੰਜਾਬ ਵਿਚ ਜਿਨ੍ਹਾਂ ਜਾਇਦਾਦਾਂ ਦੇ ਰਜਿਸਟਰਡ ਬਿਆਨੇ 31 ਜੁਲਾਈ 2024 ਤੱਕ ਹੋ ਚੁੱਕੇ ਹਨ, ਉਨ੍ਹਾਂ ਜਾਇਦਾਦਾਂ ਦੀ ਰਜਿਸਟਰੀ 30 ਨਵੰਬਰ 2024 ਤੱਕ ਬਿਨਾਂ ਕਿਸੇ ਐਨ.ਓ.ਸੀ. ਤੋਂ ਕਰਵਾਈ ਜਾ ਸਕੇਗੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਨੇ ਕੁਦਰਤੀ ਆਫ਼ਤਾਂ ਦੀ ਸੂਰਤ ਵਿਚ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਲਈ ਐਸ.ਡੀ.ਆਰ.ਐਫ. ਅਤੇ ਸੂਬਾਈ ਬਜਟ 'ਚੋਂ ਸਾਂਝੇ ਤੌਰ 'ਤੇ ਇਕ ਕਰੋੜ ਰੁਪਏ ਤੋਂ ਵੱਧ ਦੇ ਫੰਡ ਜਾਰੀ ਕਰਨ ਲਈ ਸਮਰੱਥ ਅਥਾਰਟੀ ਵਜੋਂ ਸਟੇਟ ਐਗਜ਼ੀਕਿਊਟਿਵ ਕਮੇਟੀ ਨੂੰ ਨਾਮਜ਼ਦ ਕਰਨ ਦੀ ਮਨਜ਼ੂਰੀ ਵੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਪੰਜਾਬ ਫਾਇਰ ਸੇਫ਼ਟੀ ਤੇ ਐਮਰਜੈਂਸੀ ਸੇਵਾਵਾਂ ਬਿੱਲ, 2024 ਨੂੰ ਮਨਜ਼ੂਰੀ ਦੇ ਦਿੱਤੀ। ਇਸ ਤਹਿਤ ਸਾਲਾਨਾ ਫਾਇਰ ਸੇਫ਼ਟੀ ਸਰਟੀਫਿਕੇਟ ਹੁਣ ਤਿੰਨ ਸਾਲਾਂ ਮਗਰੋਂ ਲੈਣਾ ਪਵੇਗਾ। ਇਸ ਮੌਕੇ ਸੱਤ ਗ੍ਰਾਮ ਨਿਆਲਿਆ ਪਾਤੜਾਂ (ਪਟਿਆਲਾ), ਤਪਾ (ਬਰਨਾਲਾ), ਬੱਸੀ ਪਠਾਣਾਂ (ਫਤਹਿਗੜ੍ਹ ਸਾਹਿਬ), ਡੇਰਾ ਬਾਬਾ ਨਾਨਕ (ਗੁਰਦਾਸਪੁਰ), ਧਾਰ ਕਲਾਂ (ਪਠਾਨਕੋਟ), ਰਾਏਕੋਟ (ਲੁਧਿਆਣਾ) ਤੇ ਚਮਕੌਰ ਸਾਹਿਬ (ਰੂਪਨਗਰ) ਲਈ 49 ਅਸਾਮੀਆਂ ਸਿਰਜਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ।

ਇਸੇ ਦੌਰਾਨ ਖੇਡ ਵਿਭਾਗ ਦੇ 'ਦਿ ਆਊਟਸਟੈਂਡਿਗ ਸਪੋਰਟਸ ਪਰਸਨਜ਼ ਸਰਵਿਸ ਰੂਲਜ਼' ਤਿਆਰ ਕਰਕੇ ਇਸ ਰਾਹੀਂ ਸਪੋਰਟਸ ਰੈਗੂਲਰ ਕਾਡਰ ਸਰਵਿਸ ਰੂਲਜ਼ ਵਿਚ ਸੋਧ ਕਰਨ ਤੇ 'ਪੰਜਾਬ ਸਪੋਰਟਸ ਮੈਡੀਕਲ ਕਾਡਰ ਸਰਵਿਸ ਰੂਲਜ਼' ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਗ਼ੈਰ-ਜੰਗਲਾਤ ਵਾਲੀ ਸਰਕਾਰੀ ਤੇ ਜਨਤਕ ਜ਼ਮੀਨ-2024 ਲਈ ਰੁੱਖ ਸੰਭਾਲ ਨੀਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਾਲ 2030 ਤੱਕ ਇਹ ਰਕਬਾ ਵਧਾ ਕੇ 7.5 ਫੀਸਦੀ ਕਰਨ ਦਾ ਟੀਚਾ ਮਿਥਿਆ ਹੈ। ਕੈਬਨਿਟ ਨੇ ਜਾਪਾਨ ਦੇ ਸਹਿਯੋਗ ਨਾਲ 792.88 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ 'ਚ ਖੇਤੀ ਜੰਗਲਾਤ ਨੂੰ ਉਤਸ਼ਾਹਤ ਕਰਨ ਤੇ ਜੈਵਿਕ ਵਿਭਿੰਨਤਾ ਦੀ ਸੰਭਾਲ ਲਈ ਪ੍ਰਾਜੈਕਟ ਸ਼ੁਰੂ ਕਰਨ ਦੀ ਵੀ ਪ੍ਰਵਾਨਗੀ ਦਿੱਤੀ।

### ਰਜਿਸਟਰਡ ਟੂਰਿਸਟ ਵਾਹਨਾਂ 'ਤੇ ਮੋਟਰ ਵਾਹਨ ਟੈਕਸ ਘਟਾਇਆ

ਕੈਬਨਿਟ ਨੇ ਪੰਜਾਬ 'ਚ ਰਜਿਸਟਰਡ ਟੂਰਿਸਟ ਵਾਹਨਾਂ 'ਤੇ ਮੋਟਰ ਵਾਹਨ ਟੈਕਸ ਘਟਾ ਦਿੱਤਾ ਹੈ। ਲਗਜ਼ਰੀ ਵਾਹਨਾਂ ਦੀ ਇਕ ਹੋਰ ਸ਼੍ਰੇਣੀ ਉਤੇ ਵਾਧੂ ਰੋਡ ਟੈਕਸ ਲਾਉਣ ਦੀ ਵੀ ਸਹਿਮਤੀ ਦਿੱਤੀ ਅਤੇ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਲਈ ਪੰਜਾਬ 'ਚ ਰਜਿਸਟਰਡ ਪੁਰਾਣੇ ਟਰਾਂਸਪੋਰਟ ਤੇ ਗ਼ੈਰ ਟਰਾਂਸਪੋਰਟ ਵਾਹਨਾਂ 'ਤੇ ਗਰੀਨ ਟੈਕਸ ਲਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਨੌਜਵਾਨਾਂ ਦੀ ਭਲਾਈ ਲਈ ਤਿਆਰ ਕੀਤੀ ਯੁਵਕ ਸੇਵਾਵਾਂ ਨੀਤੀ-2024 ਨੂੰ ਹਰੀ ਝੰਡੀ ਦੇ ਦਿੱਤੀ ਹੈ।

## ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ

**ਮਾਨਸਾ:** ਮਾਨਸਾ ਨੇੜਲੇ ਪਿੰਡ ਕੋਟਲੀ ਕਲਾਂ ਵਿਚ ਆਪਸੀ ਰੰਜਿਸ਼ ਕਾਰਨ ਪਿੰਡ ਦੇ 26 ਸਾਲਾ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰਨ ਦੀ ਘਟਨਾ ਸਾਹਮਣੇ ਆਈ ਹੈ। ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਮਾਨਸਾ ਦੇ ਸਿਵਲ ਹਸਪਤਾਲ ਵਿਖੇ ਭੇਜ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ 26 ਸਾਲਾ ਕੁਲਵਿੰਦਰ ਸਿੰਘ ਸਵੇਰੇ ਆਪਣੇ ਪਿੰਡ ਦੇ ਬੱਸ ਸਟੈਂਡ ਉਤੇ ਖੜ੍ਹਾ ਸੀ, ਜਿੱਥੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਉਸੇ ਪਿੰਡ ਦੇ ਹੀ ਇਕ ਨੌਜਵਾਨ ਨੇ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਕੁਲਵਿੰਦਰ ਸਿੰਘ ਆਪਣੇ ਪਰਿਵਾਰ ਦਾ ਇਕਲੌਤਾ ਪੁੱਤਰ ਸੀ। ਪੁਲਿਸ ਪਾਰਟੀ ਨੇ ਮੌਕੇ ਉਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਲਿਆ ਹੈ ਅਤੇ ਕਤਲ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਗ੍ਰਿਫ਼ਤਾਰੀ ਲਈ ਟੀਮ ਬਣਾ ਕੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ।

# ਕੇਂਦਰ ਸਰਕਾਰ ਪੰਜਾਬ ਦੇ 7 ਪੁਲਿਸ ਅਫਸਰਾਂ ਨੂੰ ਬਹਾਦਰੀ ਮੈਡਲ ਦੇਵੇਗਾ

**ਚੰਡੀਗੜ੍ਹ:** ਭਾਰਤ ਸਰਕਾਰ ਵੱਲੋਂ ਪੰਜਾਬ ਪੁਲਿਸ ਦੇ ਸੱਤ ਅਧਿਕਾਰੀਆਂ ਨੂੰ ਬਹਾਦਰੀ ਮੈਡਲ (ਜੀ.ਐਮ), ਦੋ ਨੂੰ ਵਿਲੱਖਣ ਸੇਵਾ ਲਈ ਰਾਸ਼ਟਰਪਤੀ ਮੈਡਲ (ਪੀ.ਐਮ.ਡੀ.ਐਸ) ਅਤੇ 13 ਨੂੰ ਸ਼ਾਨਦਾਰ ਸੇਵਾ ਲਈ ਮੈਡਲ (ਐਮ.ਐਮ.ਐਸ) ਨਾਲ ਸਨਮਾਨਿਤ ਕੀਤਾ ਜਾਵੇਗਾ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਐਲਾਨੇ ਗਏ ਨਾਵਾਂ ਵਿਚ ਬਹਾਦਰੀ ਮੈਡਲ ਲਈ ਪੰਜਾਬ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ) ਦੀ ਟੀਮ ਦੇ 7 ਮੈਂਬਰਾਂ ਦੀ ਚੋਣ ਕੀਤੀ ਗਈ ਹੈ।



ਇਸ ਵਿਚ ਏ.ਆਈ.ਜੀ. ਸੰਦੀਪ ਗੋਇਲ, ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ, ਡੀ.ਐਸ.ਪੀ. ਰਾਜਨ ਪਰਮਿੰਦਰ ਸਿੰਘ, ਇੰਸਪੈਕਟਰ ਪੁਸ਼ਿਵੰਦਰ ਸਿੰਘ, ਐਸ.ਆਈ. ਜਸਪ੍ਰੀਤ ਸਿੰਘ, ਐਸ.ਆਈ. ਗੁਰਪ੍ਰੀਤ ਸਿੰਘ ਅਤੇ ਕਾਂਸਟੇਬਲ ਸੁਖਰਾਜ ਸਿੰਘ ਸ਼ਾਮਲ ਹਨ।

ਇਸੇ ਦੌਰਾਨ ਆਈ.ਪੀ.ਐਸ. ਅਧਿਕਾਰੀ ਏ.ਡੀ.ਜੀ.ਪੀ. ਸਾਈਬਰ ਕ੍ਰਾਈਮ ਵੀ. ਨੀਰਜਾ ਅਤੇ ਪੀ.ਪੀ.ਐਸ. ਅਧਿਕਾਰੀ ਏ.ਆਈ.ਜੀ. ਫਲਾਇੰਗ ਸਕੁਐਡ ਵਿਜੀਲੈਂਸ ਬਿਊਰੋ ਮਨਮੋਹਨ ਕੁਮਾਰ ਨੂੰ ਵਿਲੱਖਣ ਸੇਵਾ ਲਈ ਰਾਸ਼ਟਰਪਤੀ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਤੀਜੀ ਕਮਾਂਡੋ ਬਟਾਲੀਅਨ ਕਮਾਂਡੈਂਟ ਜਗਵਿੰਦਰ ਸਿੰਘ, ਡੀ.ਐਸ.ਪੀ. ਕ੍ਰਾਈਮ ਚੰਡੀਗੜ੍ਹ ਗੁਰਬਖਸ਼ੀਸ਼ ਸਿੰਘ ਮਾਨ, ਡੀ.ਐਸ.ਪੀ. ਐਸ.ਪੀ.ਯੂ. ਸੰਜੀਵ, ਇੰਸਪੈਕਟਰ ਅਮਰਬੀਰ ਸਿੰਘ, ਇੰਸਪੈਕਟਰ ਸੁਖਬੀਰ ਸਿੰਘ, ਇੰਸਪੈਕਟਰ ਨਰਿੰਦਰ ਕੁਮਾਰ, ਐਸ.ਆਈ. ਦਲਜੀਤ ਸਿੰਘ, ਐਸ.ਆਈ. ਰਣਜੋਤ ਸਿੰਘ, ਐਸ.ਆਈ. ਬਲਬੀਰ ਸਿੰਘ, ਐਸ.ਆਈ. ਰਵਿੰਦਰ ਸਿੰਘ, ਐਸ.ਆਈ. ਨਰੇਸ਼ ਕੁਮਾਰ, ਏ.ਐਸ.ਆਈ. ਮੁਹੰਮਦ ਰਮਜ਼ਾਨ ਅਤੇ ਏ.ਐਸ.ਆਈ. ਗੁਰਦੇਵ ਸਿੰਘ ਨੂੰ ਸ਼ਾਨਦਾਰ ਸੇਵਾ ਲਈ ਮੈਡਲ (ਐਮ.ਐਮ.ਐਸ) ਦਿੱਤੇ ਜਾਣਗੇ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਇਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਅਤੇ ਸਮੁੱਚੇ ਪੰਜਾਬ ਪੁਲਿਸ ਬਲ ਦਾ ਮਨੋਬਲ ਵਧਾਉਣ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦਾ ਧੰਨਵਾਦ ਕੀਤਾ ਹੈ।

# ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਹਾਰੇਗੀ ਭਾਜਪਾ: ਪੰਧੇਰ

**ਪਟਿਆਲਾ:** ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਆਖਿਆ ਕਿ ਜੇਕਰ ਸ਼ੰਭੂ ਅਤੇ ਖਨੌਰੀ ਬਾਰਡਰ ਕਿਸਾਨਾਂ ਲਈ ਨਾ ਖੋਲ੍ਹੇ ਤਾਂ ਇਕ ਅਕਤੂਬਰ ਨੂੰ ਹਰਿਆਣਾ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਵੱਡੀ ਹਾਰ ਹੋਵੇਗੀ ਕਿਉਂਕਿ ਹਰਿਆਣਵੀ ਕਿਸਾਨ ਲੰਬੇ ਸਮੇਂ ਤੋਂ ਭਾਜਪਾ ਤੋਂ ਖਫ਼ਾ ਹਨ।

ਸ੍ਰੀ ਪੰਧੇਰ ਨੇ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਸਾਰੀਆਂ ਫ਼ਸਲਾਂ ਐਮ.ਐਸ.ਪੀ. 'ਤੇ ਖ਼ਰੀਦਣ ਦਾ ਐਲਾਨ ਵੀ ਝੂਠਾ ਸਾਬਤ ਹੋਇਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਸ਼ੰਭੂ ਅਤੇ ਖਨੌਰੀ ਬਾਰਡਰ ਬੰਦ ਕਰਨ 'ਤੇ ਹਰਿਆਣਾ ਅਤੇ ਪੰਜਾਬ ਦੇ ਲੋਕ ਔਖੇ ਹਨ। ਆਵਾਜਾਈ ਬੰਦ ਹੋਣ ਕਾਰਨ ਵਪਾਰ ਖ਼ਤਰੇ ਵਿਚ ਹੈ ਅਤੇ ਅਜਿਹਾ ਹਰਿਆਣਾ ਦੀ ਭਾਜਪਾ ਸਰਕਾਰ ਕਰਕੇ ਹੋਇਆ ਹੈ।

ਕਿਸਾਨਾਂ ਨੇ ਨਾ ਸ਼ੰਭੂ ਬਾਰਡਰ ਅਤੇ ਨਾ ਹੀ ਖਨੌਰੀ ਬਾਰਡਰ ਰੋਕਿਆ ਹੈ, ਸਗੋਂ ਉਹ ਤਾਂ ਕੇਂਦਰ ਸਰਕਾਰ ਤੋਂ ਜ਼ਰੂਰੀ ਅਤੇ ਹੱਕੀ ਮੰਗਾਂ ਮੰਨਵਾਉਣ ਲਈ ਦਿੱਲੀ ਜਾ ਕੇ ਸ਼ਾਂਤਮਈ ਸੰਘਰਸ਼ ਸ਼ੁਰੂ ਕਰਨਾ ਚਾਹੁੰਦੇ ਸਨ ਪਰ ਹਰਿਆਣਾ ਦੀ ਭਾਜਪਾ ਸਰਕਾਰ ਨੇ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਕੰਧਾਂ ਕੱਢ ਕੇ ਕਿਸਾਨਾਂ ਨੂੰ ਰੋਕਿਆ ਅਤੇ ਆਮ ਲੋਕਾਂ ਦੀ ਆਵਾਜਾਈ ਪ੍ਰਭਾਵਿਤ ਕੀਤੀ। ਕਿਸਾਨ ਆਗੂ ਨੇ ਕਿਹਾ ਕਿ ਲਾਂਘਾ ਬੰਦ ਕਰਨ ਲਈ ਪੂਰਨ ਤੌਰ 'ਤੇ ਹਰਿਆਣਾ ਦੀ ਭਾਜਪਾ ਸਰਕਾਰ ਜ਼ਿੰਮੇਵਾਰ ਹੈ, ਜਿਸ ਦਾ ਖ਼ਮਿਆਜ਼ਾ ਉਸ ਨੂੰ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਸਮੁੱਚੇ ਭਾਰਤ ਵਿਚ ਕਿਸਾਨਾਂ ਵੱਲੋਂ ਕੀਤਾ ਗਿਆ ਟਰੈਕਟਰ ਮਾਰਚ ਇਤਿਹਾਸਕ ਹੋ ਨਿੱਬੜਿਆ ਹੈ।


## ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ

*ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ*

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ * ਜੋੜੇ ਨੂੰ ਪਹਿਲ

**Restaurant Help Wanted**

Immediately hiring Cook, Tandoori Chef, Helper & Server for Indian restaurant in Murfreesboro, TN.

*Good salary, free accommodation & Food.

*Hiring Bonus $1500 * Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ

ਫੋਨ: 629-295-6982

Direct call or What's up call 615-482-5158


# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰੱਖੜੀ ਮੌਕੇ ਮਹਿਲਾਵਾਂ ਨੂੰ ਸੌਗਾਤ

**ਬਰਨਾਲਾ:** ਰੱਖੜੀ ਦੇ ਤਿਉਹਾਰ ਮੌਕੇ ਪੰਜਾਬ ਦੀਆਂ ਮਹਿਲਾਵਾਂ ਨੂੰ ਵੱਡੀ ਸੌਗਾਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਂਗਣਵਾੜੀ ਵਰਕਰਾਂ ਦੀਆਂ 3000 ਨਵੀਆਂ ਅਸਾਮੀਆਂ ਭਰਨ ਦੇ ਨਾਲ-ਨਾਲ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦਾ ਐਲਾਨ ਕੀਤਾ ਹੈ। ਇੱਥੇ ਰੱਖੜੀ ਦੇ ਤਿਉਹਾਰ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਆਪਣੇ ਸੰਬੋਧਨ 'ਚ ਮੁੱਖ ਮੰਤਰੀ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਦੀ ਭਰਤੀ ਨਾਲ ਰੁਜ਼ਗਾਰ ਦੇ ਨਵੇਂ ਰਾਹ ਖੁੱਲ੍ਹਣਗੇ ਜੋ ਮਹਿਲਾਵਾਂ ਦੇ ਵਧ ਅਧਿਕਾਰਾਂ ਲਈ ਬੇਹੱਦ ਸਹਾਈ ਹੋਣਗੇ।

ਉਨ੍ਹਾਂ ਕਿਹਾ ਕਿ ਸਰਕਾਰ ਆਸ਼ਾ ਵਰਕਰਾਂ ਦੀਆਂ ਜਾਇਜ਼ ਮੰਗਾਂ ਉਤੇ ਹਮਦਰਦੀ ਨਾਲ ਵਿਚਾਰ ਕਰ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਹਿਲਾ ਸ਼ਕਤੀਕਰਨ ਦੇ ਮਨੋਰਥ ਨਾਲ ਸਰਕਾਰ



ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਛੇ ਜ਼ਿਲ੍ਹਿਆਂ ਵਿਚ ਸੀਨੀਅਰ ਪੁਲਿਸ ਕਪਤਾਨ ਅਤੇ ਅੱਠ ਜ਼ਿਲ੍ਹਿਆਂ ਵਿਚ ਮਹਿਲਾ ਡਿਪਟੀ ਕਮਿਸ਼ਨਰ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਗ ਬੁਝਾਊ ਸਟਾਫ਼ ਵਿਚ ਮਹਿਲਾਵਾਂ ਦੀ ਭਰਤੀ ਲਈ ਫਿਜ਼ੀਕਲ ਟੈਸਟ ਦੇ ਮੌਜੂਦਾ ਮਾਪਦੰਡ ਬਦਲਣ ਲਈ ਨਿਯਮਾਂ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਐਲਾਨ ਕੀਤਾ ਕਿ ਅੱਗ ਬੁਝਾਊ ਸਟਾਫ਼ ਵਿਚ ਲੜਕੀਆਂ ਦੀ ਭਰਤੀ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਦੇਸ਼ ਵਿਚ ਆਪਣੀ ਕਿਸਮ ਦੀ ਪਹਿਲੀ ਸਮਰਪਿਤ ਸੜਕ ਸੁਰੱਖਿਆ ਫੋਰਸ ਕਾਇਮ ਕੀਤੀ ਹੈ ਤਾਂ ਜੋ ਸੂਬਾਈ ਤੇ ਕੌਮੀ ਸ਼ਾਹਰਾਹਾਂ ਉਤੇ ਵਾਪਰਨ ਵਾਲੇ ਸੜਕ ਹਾਦਸਿਆਂ ਵਿਚ ਅਜਾਈਂ ਜਾਂਦੀਆਂ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਇਹ ਫੋਰਸ ਪਿਛਲੇ ਸਾਲ ਦੇ ਮੁਕਾਬਲੇ ਸੜਕ ਹਾਦਸਿਆਂ ਵਿਚ ਲਗਪਗ 1300 ਕੀਮਤੀ ਜਾਨਾਂ ਬਚਾਅ ਚੁੱਕੀ ਹੈ। ਇਸ ਤੋਂ ਇਲਾਵਾ ਹਾਦਸਿਆਂ ਵਿਚ ਫੱਟੜ ਹੋਣ ਵਾਲਿਆਂ ਦੇ 90 ਲੱਖ ਦੀ ਕੀਮਤ ਦੇ ਰੂਪ ਵਿਚ ਨਕਦੀ ਅਤੇ ਵਸਤਾਂ ਨੂੰ ਸੁਰੱਖਿਅਤ ਵਾਪਸ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਦੀ ਪਿੱਠ ਵਿਚ ਛੁਰਾ ਮਾਰਨ ਵਾਲੇ ਪਿਛਲੇ ਹੁਕਮਰਾਨਾਂ ਨੂੰ ਬਹਾਦਰ ਲੋਕਾਂ ਨੇ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ, ਜੋ ਹੁਣ ਸਿਆਸੀ ਗੁੰਮਨਾਮੀ ਵਿਚ ਚਲੇ ਗਏ ਹਨ ਅਤੇ ਸਿਆਸੀ ਬਿਖਰਾਅ ਦਾ ਸ਼ਿਕਾਰ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਹੁਣ ਤੱਕ 44,700 ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਵਿਚ ਭ੍ਰਿਸ਼ਟਾਚਾਰ ਮੁਕਤ ਤੇ ਨਿਰੋਲ ਮੈਰਿਟ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਸਿਖਲਾਈ ਦੇਣ ਵਾਸਤੇ ਅੱਠ ਹਾਈ-ਟੈੱਕ ਕੋਚਿੰਗ ਸੈਂਟਰ ਖੋਲ੍ਹਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕੇਂਦਰ ਨੌਜਵਾਨਾਂ ਨੂੰ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਪਾਸ ਕਰਨ ਦੀ ਸਿਖਲਾਈ ਪ੍ਰਦਾਨ ਕਰਨਗੇ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਵਿਚ ਜਾਣ ਦੀ ਬਜਾਏ ਇੱਥੇ ਹੀ ਰਹਿ ਕੇ ਸਖ਼ਤ ਮਿਹਨਤ ਕਰਨ ਦਾ ਸੱਦਾ ਦਿੱਤਾ। ਭਗਵੰਤ ਮਾਨ ਨੇ ਕਿਹਾ, "ਮੇਰੇ ਮਨ ਨੂੰ ਤਸੱਲੀ ਹੈ ਕਿ ਇਸ ਵਾਰ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ਵਿਚ ਦਾਖ਼ਲੇ ਲੈਣ ਲਈ ਨੌਜਵਾਨਾਂ ਦੀ ਗਿਣਤੀ ਵਿਚ ਵੱਡਾ ਵਾਧਾ ਹੋਇਆ ਹੈ। ਇਸ ਨਾਲ ਸਾਡੀਆਂ ਲੋਕ ਭਲਾਈ ਨੀਤੀਆਂ ਦੀ ਝਲਕ ਦਾ ਪ੍ਰਗਟਾਵਾ ਹੁੰਦਾ ਹੈ ਜਿਸ ਕਰਕੇ ਨੌਜਵਾਨਾਂ ਵਿਚ ਵਤਨ ਵਾਪਸੀ ਦੀ ਸ਼ੁਰੂਆਤ ਦੇਖੀ ਜਾ ਸਕਦੀ ਹੈ।"

# ਪਹਿਲਵਾਨ ਵਿਨੇਸ਼ ਫੋਗਾਟ ਦਾ ਭਾਰਤ ਪੁੱਜਣ ਉਤੇ ਨਿੱਘਾ ਸਵਾਗਤ

**ਨਵੀਂ ਦਿੱਲੀ:** ਪੈਰਿਸ ਓਲੰਪਿਕ ਵਿਚ ਮਹਿਲਾ 50 ਕਿਲੋ ਭਾਰ ਵਰਗ ਦੇ ਫਾਈਨਲ ਵਿਚ ਪਹੁੰਚਣ ਮਗਰੋਂ ਭਾਰ ਜ਼ਿਆਦਾ ਹੋਣ ਕਾਰਨ ਤਗ਼ਮਾ ਨਾ ਜਿੱਤ ਸਕਣ ਵਾਲੀ ਭਾਰਤ ਦੀ ਸਟਾਰ ਪਹਿਲਵਾਨ ਵਿਨੇਸ਼ ਫੋਗਾਟ ਦਾ ਇੱਥੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਸਵਾਗਤ ਕੀਤਾ ਗਿਆ। ਬਜਰੰਗ ਪੂਨੀਆ ਅਤੇ ਸਾਕਸ਼ੀ ਮਲਿਕ ਵਰਗੇ ਸਟਾਰ ਖਿਡਾਰੀਆਂ ਤੋਂ ਇਲਾਵਾ ਪੰਚਾਇਤ ਆਗੂ ਵੀ ਵਿਨੇਸ਼ ਦਾ ਸਵਾਗਤ ਕਰਨ ਲਈ ਪਹੁੰਚੇ ਹੋਏ ਸਨ।

ਹਵਾਈ ਅੱਡੇ 'ਤੇ ਸਵਾਗਤ ਤੋਂ ਬਾਅਦ ਵਿਨੇਸ਼ ਦੀਆਂ ਅੱਖਾਂ ਭਰ ਆਈਆਂ। ਉਸ ਨੇ ਕਿਹਾ ਕਿ ਉਹ ਦੇਸ਼ ਵਾਸੀਆਂ ਦਾ ਧੰਨਵਾਦ ਕਰਦੀ ਹੈ। ਇਸ ਤੋਂ ਬਾਅਦ ਇਹ ਕਾਫਲਾ ਵਿਨੇਸ਼ ਦੇ ਨਾਲ ਹਰਿਆਣਾ ਵਿਚਲੇ ਉਸ ਦੇ ਪਿੰਡ ਬਲਾਲੀ ਰਵਾਨਾ ਹੋਇਆ। ਰਾਹ ਵਿਚ ਲੋਕ ਉਸ ਦੇ ਸਵਾਗਤ ਲਈ ਖੜ੍ਹੇ ਸਨ। ਉਸ ਨੇ ਆਪਣੇ ਪਿੰਡ ਰਵਾਨਾ ਹੋਣ ਤੋਂ ਪਹਿਲਾਂ ਦਿੱਲੀ ਦੇ ਦੁਆਰਕਾ ਵਿਚਲੇ ਇਕ ਮੰਦਰ ਵਿਚ ਪੂਜਾ ਕੀਤੀ। ਵਿਨੇਸ਼ ਦੇ ਆਉਣ 'ਤੇ ਪੁਲਿਸ ਨੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹੋਏ ਸਨ। ਪੈਰਿਸ ਓਲੰਪਿਕ 'ਚ ਫਾਈਨਲ ਤੋਂ ਪਹਿਲਾਂ ਕੀਤੇ ਗਏ ਵਜ਼ਨ ਵਿਚ ਉਸ ਦਾ ਭਾਰ 100 ਗ੍ਰਾਮ ਜ਼ਿਆਦਾ ਨਿਕਲਿਆ, ਜਿਸ ਕਾਰਨ ਉਸ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ। ਵਿਨੇਸ਼ ਨੇ ਖੇਡਾਂ ਬਾਰੇ ਸਾਲਸੀ ਅਦਾਲਤ (ਸੀ.ਏ.ਐਸ) ਨੂੰ ਸਾਂਝੇ ਚਾਂਦੀ ਦੇ ਤਗ਼ਮੇ ਲਈ ਅਪੀਲ ਕੀਤੀ ਸੀ, ਜਿਸ ਕਰਕੇ ਉਹ ਪੈਰਿਸ 'ਚ ਹੀ ਰੁਕੀ ਹੋਈ ਸੀ। ਸਾਲਸੀ ਅਦਾਲਤ ਨੇ ਉਸ ਦੀ ਅਪੀਲ ਰੱਦ ਕਰ ਦਿੱਤੀ ਹੈ।

ਸਾਕਸ਼ੀ ਮਲਿਕ ਨੇ ਕਿਹਾ, "ਉਹ ਲੰਮੇ ਸਮੇਂ ਬਾਅਦ ਘਰ ਪਰਤੀ ਹੈ। ਉਹ ਕਾਫੀ ਭਾਵੁਕ ਹੈ। ਉਹ ਆਪਣੇ ਪਰਿਵਾਰ ਨਾਲ ਕੁਝ ਸਮਾਂ ਬਿਤਾਏਗੀ। ਵਿਨੇਸ਼ ਨੇ ਔਰਤਾਂ ਲਈ ਜੋ ਵੀ ਕੀਤਾ ਉਹ ਸ਼ਲਾਘਾਯੋਗ ਹੈ। ਉਹ ਭਾਵੇਂ ਕੋਈ ਤਗ਼ਮਾ ਹਾਸਲ ਨਹੀਂ ਕਰ ਸਕੀ ਪਰ ਸਾਡੇ ਲਈ ਉਹ ਚੈਂਪੀਅਨ ਹੈ।" ਇਸ ਦੌਰਾਨ ਵਿਨੇਸ਼ ਦਾ ਭਰਾ ਹਰਵਿੰਦਰ ਫੋਗਾਟ ਵੀ ਮੌਜੂਦ ਸੀ। ਲੰਡਨ ਓਲੰਪਿਕ ਵਿਚ ਕਾਂਸੇ ਦਾ ਤਗ਼ਮਾ ਜੇਤੂ ਨਿਸ਼ਾਨੇਬਾਜ਼ ਅਤੇ ਪੈਰਿਸ ਓਲੰਪਿਕ ਵਿੱਚ ਭਾਰਤੀ ਦਲ ਦੇ ਨੇਤਾ ਗਗਨ ਨਾਰੰਗ ਨੇ ਵਿਨੇਸ਼ ਨੂੰ ਚੈਂਪੀਅਨ ਕਰਾਰ ਦਿੱਤਾ। ਇਹ ਦੋਵੇਂ ਇੱਕ ਹੀ ਉਡਾਣ ਵਿੱਚ ਦਿੱਲੀ ਪਹੁੰਚੇ ਹਨ।

ਨਾਰੰਗ ਨੇ ਪੈਰਿਸ ਹਵਾਈ ਅੱਡੇ 'ਤੇ ਵਿਨੇਸ਼ ਨਾਲ ਖਿੱਚੀ ਤਸਵੀਰ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ। ਉਸ ਨੇ ਲਿਖਿਆ, "ਉਹ ਖੇਡ ਪਿੰਡ ਵਿਚ ਪਹਿਲੇ ਦਿਨ ਚੈਂਪੀਅਨ ਵਜੋਂ ਪਹੁੰਚੀ ਸੀ ਅਤੇ ਉਹ ਹਮੇਸ਼ਾ ਸਾਡੀ ਚੈਂਪੀਅਨ ਰਹੇਗੀ। ਕੁਝ ਮੌਕਿਆਂ 'ਤੇ ਕਰੋੜਾਂ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਓਲੰਪਿਕ ਤਗ਼ਮੇ ਦੀ ਲੋੜ ਨਹੀਂ ਹੁੰਦੀ। ਵਿਨੇਸ਼ ਫੋਗਾਟ ਤੁਸੀਂ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ। ਤੁਹਾਡੇ ਜਜ਼ਬੇ ਨੂੰ ਸਲਾਮ।"



## ਲੜਾਈ ਹਾਲੇ ਵੀ ਜਾਰੀ ਹੈ: ਵਿਨੇਸ਼ ਫੋਗਾਟ

**ਨਵੀਂ ਦਿੱਲੀ:** ਵਿਨੇਸ਼ ਫੋਗਾਟ ਨੇ ਕਿਹਾ ਕਿ ਲੜਾਈ ਹਾਲੇ ਖ਼ਤਮ ਨਹੀਂ ਹੋਈ। ਇਹ ਜਾਰੀ ਰਹੇਗੀ। ਭਾਵੁਕ ਹੋਈ ਵਿਨੇਸ਼ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਸਾਰੇ ਦੇਸ਼ ਵਾਸੀਆਂ ਦਾ ਧੰਨਵਾਦ ਕਰਦੀ ਹਾਂ। ਮੇਰੀ ਲੜਾਈ ਵਿਚ ਸਾਥ ਦੇਣ ਲਈ ਦੇਸ਼ ਵਾਸੀਆਂ ਦਾ ਸ਼ੁਕਰੀਆ। ਮੇਰੀ ਲੜਾਈ ਹਾਲੇ ਖ਼ਤਮ ਨਹੀਂ ਹੋਈ, ਇਹ ਜਾਰੀ ਰਹੇਗੀ।"

## ਮੰਕੀਪੌਕਸ ਨਾਲ ਨਜਿੱਠਣ ਲਈ ਤਿਆਰੀਆਂ ਦਾ ਜਾਇਜ਼ਾ ਕੀਤਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਪੀਕੇ ਮਿਸ਼ਰਾ ਵੱਲੋਂ 'ਮੰਕੀ ਪੌਕਸ' (ਐਮਪੌਕਸ) ਨਾਲ ਨਜਿੱਠਣ ਲਈ ਸ਼ੁਰੂ ਕੀਤੀਆਂ ਗਈਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਗਈ। ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਦੇਸ਼ ਵਿਚ ਅਜੇ ਤੱਕ ਐਮਪੌਕਸ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ ਅਤੇ ਮੌਜੂਦਾ ਸਮੇਂ ਵਿਚ ਮੁਲਾਂਕਣ ਅਨੁਸਾਰ ਇਸ ਬਿਮਾਰ ਦੇ ਵਿਆਪਕ ਪੱਧਰ 'ਤੇ ਫੈਲਣ ਦਾ ਜੋਖਮ ਘੱਟ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਹਾਲਾਤ 'ਤੇ ਨਜ਼ਰ ਰੱਖ ਰਹੇ ਹਨ।

# ਕੋਲਕਾਤਾ ਕਾਂਡ: ਪੰਜਾਬ ਤੇ ਹਰਿਆਣਾ ਦੇ ਡਾਕਟਰਾਂ ਵੱਲੋਂ ਰੋਸ ਮੁਜ਼ਾਹਰੇ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਦੇ ਡਾਕਟਰਾਂ ਨੇ ਕੋਲਕਾਤਾ ਦੀ ਟਰੇਨੀ ਮਹਿਲਾ ਡਾਕਟਰ ਦੀ ਕਥਿਤ ਜਬਰ-ਜਨਾਹ ਮਗਰੋਂ ਹੱਤਿਆ ਖ਼ਿਲਾਫ਼ ਕਈ ਥਾਈਂ ਰੋਸ ਪ੍ਰਦਰਸ਼ਨ ਕੀਤੇ ਅਤੇ ਕੰਮ ਵਾਲੀਆਂ ਥਾਵਾਂ 'ਤੇ ਸਿਹਤ ਅਮਲੇ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ।

ਡਾਕਟਰਾਂ ਨੇ ਦੱਸਿਆ ਕਿ ਹੜਤਾਲ ਕਾਰਨ ਪੰਜਾਬ ਤੇ ਹਰਿਆਣਾ ਸਮੇਤ ਚੰਡੀਗੜ੍ਹ ਦੇ ਹਸਪਤਾਲਾਂ ਵਿਚ ਓ.ਪੀ.ਡੀ. ਸੇਵਾਵਾਂ ਠੱਪ ਰਹੀਆਂ ਅਤੇ ਚੋਣਵੇਂ ਅਪਰੇਸ਼ਨ ਵੀ ਨਹੀਂ ਕੀਤੇ ਗਏ। ਇਸ ਦੌਰਾਨ ਐਮਰਜੈਂਸੀ ਸੇਵਾਵਾਂ ਬਹਾਲ ਰੱਖੀਆਂ ਗਈਆਂ ਸਨ। ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਦੀ ਦੇਸ਼-ਵਿਆਪੀ ਹੜਤਾਲ ਦੇ ਸੱਦੇ ਦਾ ਪੀ.ਜੀ.ਆਈ. ਚੰਡੀਗੜ੍ਹ ਦੀ ਫੈਕਲਟੀ ਐਸੋਸੀਏਸ਼ਨ ਨੇ ਵੀ ਸਮਰਥਨ ਕੀਤਾ। ਆਈ.ਐਮ.ਏ. ਦੇ ਪੰਜਾਬ ਇਕਾਈ ਦੇ ਸਲਾਹਕਾਰ ਨਵਜੋਤ ਦਹੀਆ ਨੇ ਕਿਹਾ ਕਿ ਡਾਕਟਰ ਕੋਲਕਾਤਾ ਜਬਰ-ਜਨਾਹ ਅਤੇ ਹੱਤਿਆ ਕਾਂਡ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਹਨ। ਪੰਜਾਬ ਦੇ ਪਟਿਆਲਾ, ਅੰਮ੍ਰਿਤਸਰ ਅਤੇ ਲੁਧਿਆਣਾ ਵਿਚ ਡਾਕਟਰ ਪੀੜਤਾ ਲਈ ਇਨਸਾਫ਼ ਅਤੇ ਡਾਕਟਰਾਂ ਦੀ ਸੁਰੱਖਿਆ ਦੀ ਮੰਗ ਲਈ ਧਰਨੇ 'ਤੇ ਬੈਠੇ।



ਅੰਮ੍ਰਿਤਸਰ ਦੇ ਇਕ ਪ੍ਰਦਰਸ਼ਨਕਾਰੀ ਡਾਕਟਰ ਨੇ ਸਵਾਲ ਕੀਤਾ ਕਿ ਜੇਕਰ ਹਸਪਤਾਲਾਂ ਵਿਚ ਡਾਕਟਰ ਸੁਰੱਖਿਅਤ ਨਹੀਂ ਹਨ ਤਾਂ ਫਿਰ ਉਹ ਕਿੱਥੇ ਸੁਰੱਖਿਅਤ ਹਨ। ਜੀ.ਐਮ.ਸੀ.ਐਚ-32 ਵਰਗੇ ਮੈਡੀਕਲ ਕਾਲਜਾਂ ਦੀ ਡਾਕਟਰ ਜਥੇਬੰਦੀ ਨੇ ਕਲਮ ਛੱਡੋ ਹੜਤਾਲ ਕਰਨ ਦਾ ਐਲਾਨ ਕੀਤਾ ਹੈ। ਪੀ.ਜੀ.ਆਈ. ਰੈਜ਼ੀਡੈਂਟਸ ਐਸੋਸੀਏਸ਼ਨ ਵੱਲੋਂ ਵੀ ਗੇਟ ਨੰਬਰ 1 ਤੋਂ ਲੈ ਕੇ ਸੈਕਟਰ-17 ਚੰਡੀਗੜ੍ਹ ਤੱਕ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿਚ ਉਨ੍ਹਾਂ ਨੇ ਦੇਸ਼ ਭਰ ਵਿੱਚ ਡਾਕਟਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ ਅਤੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਵਾਉਣ ਦੀ ਮੰਗ ਕੀਤੀ।

# ਤਹੱਵੁਰ ਰਾਣਾ ਨੂੰ ਭਾਰਤ ਹਵਾਲੇ ਕੀਤਾ ਜਾਵੇ: ਅਦਾਲਤ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਅਦਾਲਤ ਨੇ ਮੁੰਬਈ 'ਚ ਹੋਏ ਅਤਿਵਾਦੀ ਹਮਲਿਆਂ 'ਚ ਸ਼ਾਮਲ ਪਾਕਿਸਤਾਨੀ ਮੂਲ ਦੇ ਕੈਨੇਡਿਆਈ ਕਾਰੋਬਾਰੀ ਤਹੱਵੁਰ ਰਾਣਾ ਨੂੰ ਵੱਡਾ ਝਟਕਾ ਦਿੰਦਿਆਂ ਫ਼ੈਸਲਾ ਸੁਣਾਇਆ ਹੈ ਕਿ ਉਸ ਨੂੰ ਹਵਾਲਗੀ ਸੰਧੀ ਤਹਿਤ ਭਾਰਤ ਹਵਾਲੇ ਕੀਤਾ ਜਾ ਸਕਦਾ ਹੈ।

ਯੂ.ਐਸ. ਕੋਰਟ ਆਫ਼ ਅਪੀਲਸ ਫਾਰ ਨਾਈਥ ਸਰਕਿਟ ਦੇ ਪੈਨਲ ਨੇ ਸੁਣਾਏ ਫ਼ੈਸਲੇ 'ਚ ਕਿਹਾ,"ਭਾਰਤ-ਅਮਰੀਕਾ ਸੰਧੀ ਰਾਣਾ ਦੀ ਹਵਾਲਗੀ ਦੀ ਇਜਾਜ਼ਤ ਦਿੰਦੀ ਹੈ।" ਉਂਜ ਰਾਣਾ ਕੋਲ ਇਸ ਫ਼ੈਸਲੇ ਖ਼ਿਲਾਫ਼ ਅਪੀਲ ਕਰਨ ਦੇ ਅਜੇ ਹੋਰ ਵੀ ਕਈ ਕਾਨੂੰਨੀ ਮੌਕੇ ਹਨ। ਰਾਣਾ ਨੇ ਕੈਲੀਫੋਰਨੀਆ 'ਚ ਅਮਰੀਕੀ ਡਿਸਟ੍ਰਿਕਟ ਕੋਰਟ ਦੇ ਹੁਕਮਾਂ ਖ਼ਿਲਾਫ਼ ਅਪੀਲ ਦਾਖ਼ਲ ਕੀਤੀ ਸੀ।



ਹੈਬੀਅਸ ਕੋਰਪਸ ਪਟੀਸ਼ਨ 'ਚ ਮੁੰਬਈ 'ਚ ਅਤਿਵਾਦੀ ਹਮਲਿਆਂ 'ਚ ਰਾਣਾ ਦੀ ਕਥਿਤ ਸ਼ਮੂਲੀਅਤ ਲਈ ਉਸ ਨੂੰ ਭਾਰਤ ਹਵਾਲੇ ਕੀਤੇ ਜਾਣ ਦੇ ਮੈਜਿਸਟਰੇਟ ਜੱਜ ਦੇ ਹੁਕਮਾਂ ਨੂੰ ਚੁਣੌਤੀ ਦਿੱਤੀ ਗਈ ਸੀ। ਹਵਾਲਗੀ ਹੁਕਮਾਂ ਦੀ ਹੈਬੀਅਸ ਕੋਰਪਸ ਸਮੀਖਿਆ ਦੇ ਸੀਮਤ ਦਾਇਰੇ ਤਹਿਤ ਪੈਨਲ ਨੇ ਮੰਨਿਆ ਕਿ ਰਾਣਾ 'ਤੇ ਲੱਗੇ ਦੋਸ਼ ਅਮਰੀਕਾ ਅਤੇ ਭਾਰਤ ਵਿਚਕਾਰ ਹਵਾਲਗੀ ਸੰਧੀ ਦੀਆਂ ਸ਼ਰਤਾਂ ਤਹਿਤ ਆਉਂਦੇ ਹਨ। ਇਸ ਸੰਧੀ 'ਚ ਹਵਾਲਗੀ ਲਈ 'ਨਾਨ ਬਿਸ ਇਨ ਆਈਡੈਮ' (ਕਿਸੇ ਵਿਅਕਤੀ ਨੂੰ ਇਕ ਜੁਰਮ ਲਈ ਦੋ ਵਾਰ ਸਜ਼ਾ ਨਾ ਦਿੱਤੇ ਜਾਣ ਦਾ ਸਿਧਾਂਤ) ਅਪਵਾਦ ਸ਼ਾਮਲ ਹੈ। ਜਿਸ ਮੁਲਕ ਨੇ ਹਵਾਲਗੀ ਦੀ ਅਪੀਲ ਕੀਤੀ ਹੋਵੇ, ਜੇ ਲੋੜੀਂਦੇ ਵਿਅਕਤੀ ਨੂੰ ਉਸ ਮੁਲਕ 'ਚ ਉਨ੍ਹਾਂ ਜੁਰਮਾਂ ਲਈ ਦੋਸ਼ੀ ਠਹਿਰਾਇਆ ਗਿਆ ਹੋਵੇ ਜਾਂ ਦੋਸ਼ ਮੁਕਤ ਕਰ ਦਿੱਤਾ ਗਿਆ ਹੋਵੇ, ਜਿਨ੍ਹਾਂ ਲਈ ਹਵਾਲਗੀ ਦੀ ਅਪੀਲ ਕੀਤੀ ਗਈ ਹੈ ਤਾਂ ਅਜਿਹੀ ਹਾਲਤ 'ਚ ਇਹ ਅਪਵਾਦ ਲਾਗੂ ਹੁੰਦਾ ਹੈ।

# ਮੰਤਰੀ ਸ਼ੇਖ ਹਸੀਨਾ ਖਿਲਾਫ ਕਤਲ ਦਾ ਇਕ ਹੋਰ ਮਾਮਲਾ ਦਰਜ

**ਢਾਕਾ:** ਬੰਗਲਾਦੇਸ਼ ਵਿਚ ਵਿਵਾਦਤ ਰਾਖਵਾਂਕਰਨ ਪ੍ਰਣਾਲੀ ਖ਼ਿਲਾਫ਼ ਅੰਦੋਲਨ ਦੌਰਾਨ ਮੱਛੀ ਵਪਾਰੀ ਦੀ ਮੌਤ ਕਾਰਨ ਬੇਦਖ਼ਲ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਅਤੇ ਉਨ੍ਹਾਂ ਦੀ ਸਰਕਾਰ ਦੇ ਸਾਬਕਾ ਮੰਤਰੀਆਂ ਸਮੇਤ 62 ਵਿਅਕਤੀਆਂ ਖ਼ਿਲਾਫ਼ ਕਤਲ ਦਾ ਨਵਾਂ ਕੇਸ ਦਰਜ ਕੀਤਾ ਗਿਆ ਹੈ। ਮੀਡੀਆ 'ਚ ਪ੍ਰਕਾਸ਼ਿਤ ਖ਼ਬਰ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ। ਹਸੀਨਾ (76) ਖ਼ਿਲਾਫ਼ ਕਈ ਮਾਮਲੇ ਦਰਜ ਕੀਤੇ ਗਏ ਹਨ, ਜੋ ਸਰਕਾਰੀ ਨੌਕਰੀਆਂ ਵਿਚ ਰਿਜ਼ਰਵੇਸ਼ਨ ਪ੍ਰਣਾਲੀ ਖ਼ਿਲਾਫ਼ ਵਿਆਪਕ ਪ੍ਰਦਰਸ਼ਨਾਂ ਕਾਰਨ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ 5 ਅਗਸਤ ਨੂੰ ਭਾਰਤ ਲਈ ਰਵਾਨਾ ਹੋ ਗਈ ਸੀ।



'ਢਾਕਾ ਟ੍ਰਿਬਿਊਨ' ਅਖ਼ਬਾਰ ਦੀ ਖ਼ਬਰ ਮੁਤਾਬਕ ਇਹ ਮਾਮਲਾ ਮੁਹੰਮਦ ਮਿਲਨ ਦੀ ਪਤਨੀ ਸ਼ਹਿਨਾਜ਼ ਬੇਗਮ ਨੇ ਦਰਜ ਕਰਵਾਇਆ ਹੈ। ਮਿਲਨ ਨੂੰ 21 ਜੁਲਾਈ ਨੂੰ ਮੱਛੀ ਬਾਜ਼ਾਰ ਤੋਂ ਘਰ ਪਰਤਦੇ ਸਮੇਂ ਗੋਲੀ ਮਾਰ ਦਿੱਤੀ ਗਈ ਸੀ।

# ਜੰਮੂ ਕਸ਼ਮੀਰ ਵਿਚ ਚੋਣਾਂ ਤੋਂ ਪਹਿਲਾਂ ਕੋਈ ਗੱਠਜੋੜ ਨਹੀਂ ਕਰੇਗੀ ਭਾਜਪਾ

**ਜੰਮੂ:** ਭਾਜਪਾ ਜੰਮੂ-ਕਸ਼ਮੀਰ 'ਚ ਚੋਣਾਂ ਤੋਂ ਪਹਿਲਾਂ ਕੋਈ ਗੱਠਜੋੜ ਨਹੀਂ ਕਰੇਗੀ। ਭਾਜਪਾ ਦੇ ਸੂਬਾ ਪ੍ਰਧਾਨ ਰਵਿੰਦਰ ਰੈਨਾ ਨੇ ਇਹ ਖੁਲਾਸਾ ਕੀਤਾ। ਹਾਲਾਂਕਿ ਉਨ੍ਹਾਂ ਨੇ ਕਿਹਾ ਕਿ ਕਸ਼ਮੀਰ ਘਾਟੀ 'ਚ ਇਕੱਠੇ ਚੋਣਾਂ ਲਈ 8 ਤੋਂ 10 ਆਜ਼ਾਦ ਉਮੀਦਵਾਰਾਂ ਨਾਲ ਗੱਲਬਾਤ ਚੱਲ ਰਹੀ ਹੈ। ਉਨ੍ਹਾਂ ਮੁਤਾਬਕ ਭਾਜਪਾ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਲੜਨ ਲਈ ਤਿਆਰ ਹੈ ਅਤੇ ਜਲਦੀ ਹੀ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰੇਗੀ।

ਜੰਮੂ-ਕਸ਼ਮੀਰ 'ਚ ਵੋਟਾਂ ਤਿੰਨ ਪੜਾਵਾਂ 'ਚ 18 ਤੇ 25 ਸਤੰਬਰ ਅਤੇ 1 ਅਕਤੂਬਰ ਨੂੰ ਪੈਣੀਆਂ ਹਨ। ਰੈਣਾ ਨੇ ਕਿਹਾ, "ਭਾਜਪਾ ਜੰਮੂ-ਕਸ਼ਮੀਰ 'ਚ ਚੋਣਾਂ ਤੋਂ ਪਹਿਲਾਂ ਕਿਸੇ ਵੀ ਸਿਆਸੀ ਪਾਰਟੀ ਨਾਲ ਗੱਠਜੋੜ ਨਹੀਂ ਕਰੇਗੀ। ਅਸੀਂ ਕਸ਼ਮੀਰ ਘਾਟੀ 'ਚ 8 ਤੋਂ 10 ਆਜ਼ਾਦ ਉਮੀਦਵਾਰਾਂ ਨਾਲ ਗੱਲਬਾਤ ਕਰ ਰਹੇ ਹਾਂ। ਜੇਕਰ ਇਹ ਗੱਲਬਾਤ ਸਿਰੇ ਚੜ੍ਹਦੀ ਹੈ ਤਾਂ ਅਸੀਂ ਰਲ



ਕੇ ਚੋਣਾਂ ਲੜਨ ਬਾਰੇ ਰਣਨੀਤੀ ਘੜਾਂਗੇ।" ਉਨ੍ਹਾਂ ਆਖਿਆ ਕਿ ਭਾਜਪਾ ਕਸ਼ਮੀਰ ਘਾਟੀ 'ਚ ਉਮੀਦਵਾਰ ਖੜ੍ਹੇ ਕਰੇਗੀ ਅਤੇ ਬਹੁਮਤ ਨਾਲ ਚੋਣਾਂ ਜਿੱਤੇਗੀ।

# ਜੈਸ਼ੰਕਰ ਨੇ ਕੁਵੈਤ ਦੇ ਸ਼ਹਿਜ਼ਾਦੇ ਨਾਲ ਮੁਲਾਕਾਤ ਕੀਤੀ

**ਕੁਵੈਤ ਸ਼ਹਿਰ:** ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈਸ਼ੰਕਰ ਨੇ ਕੁਵੈਤ ਦੇ ਸ਼ਹਿਜ਼ਾਦੇ ਸ਼ੇਖ ਸਬਾ ਅਲ-ਖਾਲਿਦ ਅਲ-ਸਬਾ ਨਾਲ ਮੁਲਾਕਾਤ ਕੀਤੀ। ਦੋਵਾਂ ਆਗੂਆਂ ਨੇ ਦੁਵੱਲੇ ਰਿਸ਼ਤਿਆਂ ਨੂੰ ਨਵੀਆਂ ਸਿਖਰਾਂ 'ਤੇ ਲਿਜਾਣ ਦੇ ਆਪਣੇ ਦ੍ਰਿਸ਼ਟੀਕੋਣ ਬਾਰੇ ਚਰਚਾ ਕੀਤੀ।

ਜੈਸ਼ੰਕਰ ਇਕ ਰੋਜ਼ਾ ਫੇਰੀ ਲਈ ਕੁਵੈਤ ਪੁੱਜੇ ਸਨ। ਜੈਸ਼ੰਕਰ ਦੇ ਕੁਵੈਤੀ ਹਮਰੁਤਬਾ ਅਬਦੁੱਲਾ ਅਲੀ ਅਲ-ਯਾਹੀਆ ਨੇ ਦੇਸ਼ 'ਚ ਪੁੱਜਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ। ਜੈਸ਼ੰਕਰ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਕੁਵੈਤ ਦੇ ਸ਼ਹਿਜ਼ਾਦੇ ਸ਼ੇਖ ਸਬਾ ਅਲ-ਖਾਲਿਦ ਅਲ-ਸਬਾ ਅਲ-ਹਾਮਿਦ ਅਲ-ਮੁਬਾਰਕ ਅਲ-ਸਬਾ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੱਲੋਂ ਭੇਜੀਆਂ ਸ਼ੁਭ-ਕਾਮਨਾਵਾਂ ਦਿੱਤੀਆਂ। ਭਾਰਤ ਤੇ ਕੁਵੈਤ ਵਿਚਾਲੇ ਸਦੀਆਂ ਪੁਰਾਣੀ ਦੋਸਤੀ ਤੇ ਸਦਭਾਵਨਾ ਦੀ ਸਾਂਝ ਹੈ। ਸਾਡੀ ਸਮਕਾਲੀ ਭਾਈਵਾਲੀ ਤੇਜ਼ੀ ਨਾਲ ਫੈਲ ਰਹੀ ਹੈ। ਸਾਡੇ ਰਿਸ਼ਤਿਆਂ ਨੂੰ ਨਵੀਂ ਸਿਖਰ 'ਤੇ ਲਿਜਾਣ ਲਈ ਉਨ੍ਹਾਂ ਦੀ ਅਗਵਾਈ ਤੇ ਸੂਝ-ਬੂਝ ਦਾ ਧੰਨਵਾਦ।"

ਵਿਦੇਸ਼ ਮੰਤਰਾਲੇ ਨੇ ਕੁਵੈਤ ਫੇਰੀ ਤੋਂ ਪਹਿਲਾਂ ਜਾਰੀ ਬਿਆਨ ਵਿਚ ਕਿਹਾ ਕਿ ਜੈਸ਼ੰਕਰ ਦੀ ਫੇਰੀ ਦੌਰਾਨ ਦੋਵੇਂ ਧਿਰਾਂ ਸਿਆਸੀ, ਵਣਜ, ਨਿਵੇਸ਼, ਊਰਜਾ, ਸੁਰੱਖਿਆ, ਸਭਿਆਚਾਰ, ਕੌਂਸੁਲਰ ਤੇ ਲੋਕਾਂ ਦਾ ਇਕ ਦੂਜੇ ਨਾਲ ਰਾਬਤੇ ਸਣੇ ਭਾਰਤ-ਕੁਵੈਤ ਦੁਵੱਲੇ ਰਿਸ਼ਤਿਆਂ ਦੇ ਕਈ ਪਹਿਲੂਆਂ 'ਤੇ ਨਜ਼ਰਸਾਨੀ ਤੋਂ ਇਲਾਵਾ ਦੁਵੱਲੇ ਹਿੱਤਾਂ ਵਾਲੇ ਖੇਤਰੀ ਤੇ ਕੌਮਾਂਤਰੀ ਮੁੱਦਿਆਂ 'ਤੇ ਵਿਚਾਰ ਚਰਚਾ ਕਰਨਗੀਆਂ।

ਕਾਬਿਲੇਗੌਰ ਹੈ ਕਿ ਜੈਸ਼ੰਕਰ ਅਜਿਹੇ ਮੌਕੇ ਕੁਵੈਤ ਪੁੱਜੇ ਹਨ ਜਦੋਂ ਅਜੇ ਦੋ ਮਹੀਨੇ ਪਹਿਲਾਂ ਕੁਵੈਤ ਦੀ ਇਕ ਇਮਾਰਤ ਨੂੰ ਲੱਗੀ ਅੱਗ ਵਿਚ 45 ਭਾਰਤੀਆਂ ਦੀ ਜਾਨ ਜਾਂਦੀ ਰਹੀ ਸੀ। ਕੁਵੈਤ ਦੇ ਮੰਗਾਫ਼ ਵਿਚ ਜੂਨ ਮਹੀਨੇ ਸੱਤ ਮੰਜ਼ਿਲਾ ਇਮਾਰਤ ਨੂੰ ਲੱਗੀ ਅੱਗ ਵਿਚ 49 ਵਿਦੇਸ਼ੀਆਂ ਦੀ ਮੌਤ ਹੋ ਗਈ ਸੀ ਤੇ 50 ਹੋਰ ਜ਼ਖ਼ਮੀ ਹੋ ਗਏ ਸਨ।

## ਹਾਦਸੇ 'ਚ ਭਾਰਤੀ ਮੂਲ ਦੇ 3 ਜੀਆਂ ਦੀ ਮੌਤ

**ਹਿਊਸਟਨ:** ਅਮਰੀਕਾ ਦੇ ਟੈਕਸਸ ਸੂਬੇ ਵਿਚ ਇਕ ਸੜਕ ਹਾਦਸੇ ਦੌਰਾਨ ਭਾਰਤੀ ਮੂਲ ਦੇ ਪਰਿਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ। ਮੀਡੀਆ ਰਿਪੋਰਟਾਂ ਅਨੁਸਾਰ ਇਹ ਹਾਦਸਾ ਟੈਕਸਸ ਦੇ ਲੈਂਪਾਸਾਸ ਕਾਊਂਟੀ ਨੇੜੇ ਵਾਪਰਿਆ।


ਆਸਟਿਨ ਅਮੈਰੀਕਨ ਸਟੇਟਸਮੈਨ ਦੀ ਰਿਪੋਰਟ ਅਨੁਸਾਰ ਕਾਰ ਹਾਦਸੇ ਦੌਰਾਨ ਅਰਵਿੰਦ ਮਨੀ (45), ਉਸ ਦੀ ਪਤਨੀ ਪ੍ਰਦੀਪਾ ਅਰਵਿੰਦ (40) ਅਤੇ ਉਨ੍ਹਾਂ ਦੀ 17 ਸਾਲਾ ਧੀ ਐਂਡਰਿਲ ਅਰਵਿੰਦ ਵਾਸੀ ਲਿਏਂਡਰ ਦੀ ਮੌਤ ਹੋ ਗਈ। ਪਰਿਵਾਰ ਵਿਚ ਇਕਲੌਤਾ 14 ਸਾਲਾ ਪੁੱਤਰ ਆਦਿਰਿਅਨ ਬਚਿਆ ਹੈ, ਜੋ ਹਾਦਸੇ ਸਮੇਂ ਗੱਡੀ ਵਿਚ ਉਨ੍ਹਾਂ ਨਾਲ ਨਹੀਂ ਬੈਠਾ ਸੀ।

# ਅਫਗਾਨਿਸਤਾਨ ਦੇ 20 ਸਿੱਖਾਂ ਨੂੰ ਸੀ.ਏ.ਏ. ਤਹਿਤ ਭਾਰਤੀ ਨਾਗਰਿਕਤਾ ਮਿਲੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਗਰਿਕਤਾ ਸੋਧ ਐਕਟ (ਸੀ.ਏ.ਏ.) 2019 ਤਹਿਤ ਦਿੱਤੀਆਂ ਗਈਆਂ ਅਰਜ਼ੀਆਂ ਵਿਚੋਂ 20 ਨੂੰ ਮਨਜ਼ੂਰੀ ਮਿਲ ਗਈ ਹੈ। ਇਸ ਨਾਲ ਅਫ਼ਗਾਨਿਸਤਾਨ ਤੋਂ ਆਏ 20 ਸਿੱਖਾਂ ਨੂੰ ਭਾਰਤ ਦੀ ਨਾਗਰਿਕਤਾ ਮਿਲ ਗਈ ਹੈ। ਇਹ ਜਾਣਕਾਰੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦਿੱਤੀ।

ਸੀ.ਏ.ਏ. 2019 ਵਿਚ ਲਾਗੂ ਹੋਇਆ ਸੀ ਅਤੇ ਮਾਰਚ 2024 ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਸੀ ਕਿ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਤੋਂ ਭਾਰਤ ਆਉਣ ਵਾਲੇ ਹਿੰਦੂਆਂ, ਸਿੱਖਾਂ, ਪਾਰਸੀਆਂ, ਬੋਧੀਆਂ ਅਤੇ ਜੈਨੀਆਂ ਨੂੰ ਇਸ ਕਾਨੂੰਨ ਤਹਿਤ ਮੁਲਕ ਦੀ ਨਾਗਰਿਕਤਾ ਦਿੱਤੀ ਜਾਵੇਗੀ। ਕਾਲਕਾ ਅਤੇ ਕਾਹਲੋਂ ਨੇ ਕਿਹਾ ਕਿ ਗ੍ਰਹਿ ਮੰਤਰੀ ਨੇ ਦੱਸਿਆ ਸੀ ਕਿ ਨਾਗਰਿਕਤਾ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਲੋਕ ਆਨਲਾਈਨ ਪੋਰਟਲ ’ਤੇ ਰਜਿਸਟਰ ਕਰਵਾ ਸਕਦੇ ਹਨ, ਜਿਸ ਦੇ ਆਧਾਰ ’ਤੇ ਨਾਗਰਿਕਤਾ ਦਿੱਤੀ ਜਾਵੇਗੀ।

ਦਿੱਲੀ ਗੁਰਦੁਆਰਾ ਕਮੇਟੀ ਨੇ ਫੌਰੀ ਗਣੇਸ਼ ਨਗਰ ਵਿਚ ਇਕ ਸੈਂਟਰ ਖੋਲ੍ਹਿਆ, ਜਿਥੇ ਕਈ ਅਰਜ਼ੀਆਂ ਰਜਿਸਟਰ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਹੁਣ 20 ਸਿੱਖਾਂ ਨੂੰ ਨਾਗਰਿਕਤਾ ਮਿਲ ਗਈ ਹੈ। ਉਨ੍ਹਾਂ ਕਿਹਾ ਕਿ ਜਿਹੜੇ ਦਸਤਾਵੇਜ਼ ਬਾਕੀ ਰਹਿ ਗਏ ਸਨ, ਉਹ ਪੂਰੇ ਕਰਨ ਮਗਰੋਂ 20 ਅਫ਼ਗਾਨ ਸਿੱਖਾਂ ਨੂੰ ਨਾਗਰਿਕਤਾ ਦੇ ਸਰਟੀਫਿਕੇਟ ਮਿਲ ਗਏ ਹਨ। ਕਾਲਕਾ ਅਤੇ ਕਾਹਲੋਂ ਨੇ ਕਿਹਾ ਕਿ ਹੁਣ ਇਨ੍ਹਾਂ ਲੋਕਾਂ ਨੂੰ ਭਾਰਤ ਦੇ ਹੋਰ ਨਾਗਰਿਕਾਂ ਵਾਂਗ ਸਾਰੇ ਹੱਕ ਮਿਲਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ 20 ਸਿੱਖਾਂ ਦੇ ਪਰਿਵਾਰਾਂ ਦੇ ਆਧਾਰ ਕਾਰਡ, ਪਾਸਪੋਰਟ ਅਤੇ ਹੋਰ ਸਾਰੇ ਦਸਤਾਵੇਜ਼ ਵੀ ਬਣਨਗੇ। ਉਨ੍ਹਾਂ ਦੱਸਿਆ ਕਿ 400 ਤੋਂ ਵਧ ਅਰਜ਼ੀਆਂ ਅਪਲੋਡ ਕੀਤੀਆਂ ਗਈਆਂ ਹਨ ਜਿਨ੍ਹਾਂ ਲਈ ਸੀ.ਏ.ਏ. ਤਹਿਤ ਮੁਲਕ ਦੀ ਨਾਗਰਿਕਤਾ ਮੰਗੀ ਗਈ ਹੈ।



# ਬੰਦੀ ਸਿੰਘਾਂ ਦੀ ਰਿਹਾਈ: ਸ਼੍ਰੋਮਣੀ ਕਮੇਟੀ ਵਫਦ ਮੁਰਮੂ ਨੂੰ ਮਿਲੇਗਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਆਖ਼ਰੀ ਵਾਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਮਿਲ ਕੇ ਸਮੁੱਚੇ ਮਸਲੇ ਸਬੰਧੀ ਜਾਣੂ ਕਰਵਾਏਗੀ। ਇਹ ਫੈਸਲਾ ਇਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ।

ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਚਾਰ ਫੀਸਦ ਮਹਿੰਗਾਈ ਭੱਤਾ, ਹਾਕੀ ਦੇ ਸਾਬਤ ਸੂਰਤ ਸਿੱਖ ਖਿਡਾਰੀ ਜਰਮਨਪ੍ਰੀਤ ਸਿੰਘ ਨੂੰ 5 ਲੱਖ ਰੁਪਏ ਸਨਮਾਨ ਵਜੋਂ ਦੇਣ ਅਤੇ ਲੰਗਰ ਵਿਚ ਵਾਪਰੀਆਂ ਘਟਨਾਵਾਂ ਦੌਰਾਨ ਜਾਨਾਂ ਗਵਾਉਣ ਵਾਲੇ ਦੋ ਸੇਵਾਦਾਰਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦੀ ਵਿੱਤੀ ਸਹਾਇਤਾ ਤੇ ਨੌਕਰੀ ਦੇਣ ਦਾ ਫੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਜੋਆਣਾ ਸਮੇਤ ਹੋਰ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਸ਼੍ਰੋਮਣੀ ਕਮੇਟੀ ਦਾ ਵਫਦ ਜਲਦੀ ਹੀ ਰਾਸ਼ਟਰਪਤੀ ਨੂੰ ਮਿਲੇਗਾ ਤੇ ਇਸ ਬਾਰੇ ਫੈਸਲਾ ਲੈਣ ਲਈ ਆਖ਼ਰੀ ਵਾਰ ਅਪੀਲ ਕੀਤੀ ਜਾਵੇਗੀ। ਇਸ ਮਾਮਲੇ ਵਿਚ ਕੇਂਦਰ ਸਰਕਾਰ ਨਾਲ ਗੱਲਬਾਤ ਚਲਾਉਣ ਲਈ ਕਈ ਯਤਨ ਕੀਤੇ ਗਏ ਪਰ ਕੇਂਦਰ ਸਰਕਾਰ ਵੱਲੋਂ ਕੋਈ ਹੁੰਗਾਰਾ ਨਹੀਂ ਦਿੱਤਾ ਗਿਆ।

## ਸਿਵਲ ਕੋਡ ਲਾਗੂ ਕਰਨ ਦੇ ਫੈਸਲੇ ਦਾ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਵੱਲੋਂ ਸਿਵਲ ਕੋਡ ਲਾਗੂ ਕਰਨ ਦੇ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵੱਖ-ਵੱਖ ਧਰਮਾਂ ਅਤੇ ਵੱਖ-ਵੱਖ ਭਾਸ਼ਾਵਾਂ ਵਾਲਾ ਦੇਸ਼ ਹੈ ਜਿਥੇ ਅਜਿਹਾ ਸਿਵਲ ਕੋਡ ਘੱਟ ਗਿਣਤੀਆਂ ਨੂੰ ਦਬਾਉਣ ਵਾਲਾ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਨਾਇਕਾਮੈਨ ਵੈੱਬਸਾਈਟ ਨੂੰ ਕਾਨੂੰਨੀ ਨੋਟਿਸ ਭੇਜਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਵੱਲੋਂ ਕੰਪਨੀ ਦੀਆਂ ਬਣਾਈਆਂ ਟੋਪੀਆਂ ’ਤੇ ਸਿੱਖਾਂ ਦਾ ਧਾਰਮਿਕ ਚਿੰਨ੍ਹ ਛਾਪਿਆ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਸ਼ਬਦ ਅਜਿਹੀਆਂ ਥਾਵਾਂ ’ਤੇ ਲਿਖਣ ਦੀ ਮਨਾਹੀ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਰੇਲਵੇ ਦੇ ਸਿੱਖ ਟਿਕਟ ਚੈਕਰ ’ਤੇ ਹਮਲੇ ਦੀ ਨਿਖੇਧੀ

**ਅੰਮ੍ਰਿਤਸਰ:** ਮੁੰਬਈ ਵਿਚ ਰੇਲਵੇ ਦੇ ਸਿੱਖ ਟਿਕਟ ਚੈਕਰ ਜਸਬੀਰ ਸਿੰਘ ’ਤੇ ਤਿੰਨ ਯਾਤਰੀਆਂ ਵੱਲੋਂ ਹਮਲਾ ਕਰਨ ਦੀ ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਨਿਖੇਧੀ ਕੀਤੀ ਹੈ। ਉਨ੍ਹਾਂ ਮੁੰਬਈ ਦੀ ਰੇਲਵੇ ਪੁਲਿਸ ਨੂੰ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਮੁੰਬਈ ਦੀ ਸੰਗਤ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਰੇਲ ਵਿਚ ਕੁਝ ਯਾਤਰੀ ਬਿਨਾਂ ਟਿਕਟ ਦੇ ਸਫ਼ਰ ਕਰ ਰਹੇ ਸਨ। ਜਦੋਂ ਟਿਕਟ ਚੈਕਰ ਜਸਬੀਰ ਸਿੰਘ ਨੇ ਉਨ੍ਹਾਂ ਨੂੰ ਜੁਰਮਾਨਾ ਭਰਨ ਲਈ ਕਿਹਾ ਤਾਂ ਮੁਲਜ਼ਮਾਂ ਨੇ ਉਸ ਦੀ ਕੁੱਟਮਾਰ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਮੁਲਜ਼ਮਾਂ ਨੂੰ ਰੇਲਵੇ ਪੁਲਿਸ ਨੇ ਮੌਕੇ ’ਤੇ ਕਾਬੂ ਕਰ ਲਿਆ ਹੈ ਪਰ ਮਹਾਰਾਸ਼ਟਰ ਸਰਕਾਰ ਤੇ ਰੇਲ ਮੰਤਰਾਲਾ ਇਹ ਯਕੀਨੀ ਬਣਾਵੇ ਕਿ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

# ਸ਼੍ਰੋਮਣੀ ਕਮੇਟੀ ਚੋਣਾਂ: ਰਜਿਸਟਰੇਸ਼ਨ ਯਕੀਨੀ ਬਣਾਉਣ ਦੀ ਮੰਗ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਇਕ ਵਫ਼ਦ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਜਸਟਿਸ ਐਸ.ਐਸ. ਸਾਰੋਂ ਨੂੰ ਮਿਲਿਆ। ਇਸ ਮੌਕੇ ਵਫ਼ਦ ਨੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਬਣ ਰਹੀਆਂ ਵੋਟਾਂ ’ਚ ਯੋਗ ਸਿੱਖ ਵੋਟਰਾਂ ਦੀ ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ ਅਤੇ ਵੋਟਾਂ ਬਣਾਉਣ ਦੀ ਪ੍ਰਕਿਰਿਆ ਪਾਰਦਰਸ਼ੀ ਹੋਵੇ।

ਸ੍ਰੀ ਧਾਮੀ ਨੇ ਜਸਟਿਸ ਐਸ.ਐਸ. ਸਾਰੋਂ ਨੂੰ ਪੱਤਰ ਸੌਂਪ ਕੇ ਸਰਕਾਰੀ ਅਧਿਕਾਰੀਆਂ ਵੱਲੋਂ ਵੋਟਾਂ ਬਣਾਉਣ ਸਮੇਂ ਨਿਯਮਾਂ ਦੀ ਅਣਦੇਖੀ ਕਰਦਿਆਂ ਬਿਨਾਂ ਤਸਦੀਕ ਕੀਤੇ ਗਲਤ ਵੋਟਾਂ ਬਣਾਉਣ ਦੇ ਮਾਮਲੇ ’ਚ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਗੈਰ-ਸਿੱਖ ਅਤੇ ਪਤਿਤ ਸਿੱਖਾਂ ਦੀਆਂ ਵੋਟਾਂ ਬਣਨ ਤੋਂ ਰੋਕਣ ਦੀ ਵੀ ਅਪੀਲ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਵੱਖ-ਵੱਖ ਹਲਕਿਆਂ ਤੋਂ ਸੰਗਤ ਦੀਆਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਸਰਕਾਰੀ ਅਧਿਕਾਰੀ ਗੁਰਦੁਆਰਾ ਚੋਣਾਂ ਲਈ ਰਜਿਸਟਰੇਸ਼ਨ ਵਾਸਤੇ ਤੈਅ ਨਿਯਮਾਂ ਦੀ ਅਣਦੇਖੀ ਕਰ ਰਹੇ ਹਨ। ਸਰਕਾਰੀ ਅਧਿਕਾਰੀ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਵੋਟਰ ਸੂਚੀਆਂ ਵਿਚੋਂ ਨਾਂ ਚੁੱਕ ਕੇ ਵੋਟਾਂ ਬਣਾ ਰਹੇ ਹਨ, ਜਿਸ ਨਾਲ ਸਾਬਤ ਸੂਰਤ ਸਿੱਖ ਵਾਲੀ ਸ਼ਰਤ ਦੀ ਉਲੰਘਣਾ ਹੋਣ ਦਾ ਖ਼ਦਸ਼ਾ ਹੈ। ਕਮਿਸ਼ਨਰ ਨੂੰ ਸੌਂਪੇ ਪੱਤਰ ਰਾਹੀਂ ਇਹ ਵੀ ਮੰਗ ਕੀਤੀ ਗਈ ਹੈ ਕਿ ਸਿੱਖ ਤੇ ਸਾਬਤ ਸੂਰਤ ਵੋਟਰਾਂ ਤੱਕ ਪਹੁੰਚ ਨੂੰ ਯਕੀਨੀ ਕਰਨ ਲਈ ਆਦੇਸ਼ ਦਿੱਤੇ ਜਾਣ।



# ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਸਿੱਖ ਰਹਿਤ ਮਰਿਆਦਾ ਅਨੁਸਾਰ ਬਦਲੇ: ਜਥੇਦਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਪੰਥ ਪ੍ਰਵਾਨਿਤ ਸਿੱਖ ਰਹਿਤ ਮੁਤਾਬਕ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦੇ ਰੰਗ ਠੀਕ ਕਰਨ ਵਾਸਤੇ ਕਿਹਾ ਸੀ ਪਰ ਇਸ ਸਬੰਧੀ ਉਨ੍ਹਾਂ ਦੇ ਹਵਾਲੇ ਨਾਲ ਗੁਮਰਾਹਕੁਨ ਜਾਣਕਾਰੀ ਪ੍ਰਚਾਰੀ ਜਾ ਰਹੀ ਹੈ।

ਸ੍ਰੀ ਅਕਾਲ ਤਖ਼ਤ ਸਕੱਤਰੇਤ ਵੱਲੋਂ ਜਾਰੀ ਕੀਤੇ ਗਏ ਬਿਆਨ ਵਿਚ ਗਿਆਨੀ ਰਘਬੀਰ ਸਿੰਘ ਨੇ ਦੱਸਿਆ ਕਿ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਦਲਣ ਸਬੰਧੀ ਪੰਜ ਸਿੰਘ ਸਾਹਿਬਾਨ ਨੇ ਨਵਾਂ ਜਾਂ ਕੋਈ ਵੱਖਰਾ ਫ਼ੈਸਲਾ ਨਹੀਂ ਕੀਤਾ, ਬਲਕਿ ਇਹ 1936 ਦੀ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਵਿਚ ਦਰਜ ਹੈ, ਜਿਸ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ‘ਬਸੰਤੀ ਜਾਂ ਸੁਰਮਈ’ ਹੋਣਾ ਚਾਹੀਦਾ ਹੈ। ਇਸ ਕਰਕੇ ਸਿੱਖ ਰਹਿਤ ਮਰਿਆਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਸਹੀ ਕੀਤਾ ਗਿਆ ਹੈ।



# ਸਿੱਖਾਂ ਦੇ ਧਾਰਮਿਕ ਮਾਮਲਿਆਂ ’ਚ ਦਖ਼ਲ ਦੇ ਰਿਹਾ ਹੈ ਕੇਂਦਰ: ਸੁਖਬੀਰ

**ਪਾਇਲ:** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਗੋਆ ਦੇ ਮਹਾਨ ਸ਼ਹੀਦ ਕਰਨੈਲ ਸਿੰਘ ਈਸੜੂ ਅਤੇ ਸ਼ਹੀਦ ਭੁਪਿੰਦਰ ਸਿੰਘ ਈਸੜੂ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਬੱਚਿਆਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਜਾਗਰੂਕ ਕਰਦੀਆਂ ਹਨ, ਉਹ ਹਮੇਸ਼ਾ ਚੜ੍ਹਦੀਕਲਾ ਵਿਚ ਰਹਿੰਦੀਆਂ ਹਨ।



ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ 95 ਫੀਸਦੀ ਕੁਰਬਾਨੀਆਂ ਪੰਜਾਬੀਆਂ ਨੇ ਦਿੱਤੀਆਂ ਹਨ। ਦੇਸ਼ ਦੀ ਆਜ਼ਾਦੀ ਸਮੇਂ 121 ਦੇਸ਼ ਭਗਤਾਂ ਨੂੰ ਫਾਂਸੀ ਦਿੱਤੀ ਗਈ ਜਿਨ੍ਹਾਂ ਵਿਚੋਂ 93 ਸਿੱਖ ਸਨ ਅਤੇ 2646 ਦੇਸ਼ ਵਾਸੀਆਂ ਨੂੰ ਕਾਲੇ ਪਾਣੀ ਤੇ ਉਮਰ ਕੈਦ ਦੀ ਸਜ਼ਾ ਭੁਗਤਣੀ ਪਈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਦੀਆਂ ਸਰਕਾਰਾਂ ਨੇ ਪੰਜਾਬ ਨਾਲ ਹਮੇਸ਼ਾ ਹੀ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਪੰਜਾਬੀ ਬੋਲਦੇ ਇਲਾਕੇ ਤੇ ਪੰਜਾਬ ਦੇ ਪਾਣੀਆਂ ’ਤੇ ਡਾਕਾ ਮਾਰਿਆ ਜਾ ਰਿਹਾ ਹੈ। ਹਾਲੇ ਤੱਕ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ ਨਹੀਂ ਮਿਲਿਆ। ਸੁਖਬੀਰ ਬਾਦਲ ਨੇ ਕਿਹਾ ਕਿ ਕੇਂਦਰ ਵੱਲੋਂ ਸਿੱਖ ਮਾਮਲਿਆਂ ਵਿਚ ਦਖਲਅੰਦਾਜ਼ੀ ਕੀਤੀ ਜਾ ਰਹੀ ਹੈ।

# ਭਗਵਾਨਪੁਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**_ਲੱਥ:** ਪਿੰਡ ਭਗਵਾਨਪੁਰ ਵਿਚ ਇਕ ਵਿਅਕਤੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਵਾਸੀਆਂ ਨੇ ਬੇਅਦਬੀ ਕਰਨ ਵਾਲੇ ਦੀ ਕੁੱਟਮਾਰ ਕੀਤੀ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਇਕ ਸ਼ੱਕੀ ਵਿਅਕਤੀ ਗੁਰਦੁਆਰੇ ਵਿਚ ਦਾਖ਼ਲ ਹੋਇਆ ਜਿਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜਨ ਦੇ ਨਾਲ-ਨਾਲ ਗੁਟਕਾ ਸਾਹਿਬ ਦੀ ਬੇਅਦਬੀ ਕੀਤੀ ਗਈ ਜਿਸ ਦਾ ਲੋਕਾਂ ਨੂੰ ਪਤਾ ਲੱਗ ਗਿਆ ਤੇ ਉਨ੍ਹਾਂ ਬੇਅਦਬੀ ਕਰਨ ਵਾਲੇ ਦੀ ਕੁੱਟਮਾਰ ਕੀਤੀ।

ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਉਸ ਨੂੰ ਪੁਲਿਸ ਹਵਾਲੇ ਕਰ ਦਿੱਤਾ। ਮੁਲਜ਼ਮ ਦੀ ਪਛਾਣ ਹਰਪ੍ਰੀਤ ਸਿੰਘ (25) ਵਾਸੀ ਪਿੰਡ ਡੋਗਰਾਂਵਾਲ ਜ਼ਿਲ੍ਹਾ ਕਪੂਰਥਲਾ ਵਜੋਂ ਹੋਈ। ਇਸ ਤੋਂ ਬਾਅਦ ਲੋਕਾਂ ਵਲੋਂ ਭੁਲੱਥ ਦੇ ਸਿਵਲ ਹਸਪਤਾਲ ਵਿਚ ਦਾਖ਼ਲ ਹਰਪ੍ਰੀਤ ਸਿੰਘ ਖ਼ਿਲਾਫ਼ ਕਾਰਵਾਈ ਲਈ ਧਰਨਾ ਲਾਇਆ ਗਿਆ। ਧਰਨੇ ਤੋਂ ਬਾਅਦ ਭੁਲੱਥ ਪੁਲਿਸ ਵੱਲੋਂ ਉਸ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਿੰਡ ਭਗਵਾਨਪੁਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਵਾਪਰੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਵਿਚ ਬੇਅਦਬੀ ਦੀਆਂ ਘਟਨਾਵਾਂ ਦਾ ਲਗਾਤਾਰ ਵਾਪਰਨਾ ਚਿੰਤਾ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹੇ ਮਾਮਲਿਆਂ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ ਜਿਸ ਕਰਕੇ ਬੇਅਦਬੀ ਕਰਨ ਵਾਲਿਆਂ ਦੇ ਹੌਸਲੇ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਟੀਮ ਨੂੰ ਮੌਕੇ ’ਤੇ ਭੇਜਿਆ ਗਿਆ ਹੈ, ਜਿਨ੍ਹਾਂ ਪਾਸੋਂ ਘਟਨਾ ਦੀ ਜਾਂਚ ਰਿਪੋਰਟ ਮੰਗੀ ਗਈ ਹੈ।

## ਗੁਰੂ ਨਾਨਕ ਦੇਵ ‘ਵਰਸਿਟੀ ਦੇ ਉਪ ਕੁਲਪਤੀ ਦੇ ਕਾਰਜਕਾਲ ‘ਚ ਵਾਧਾ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ. ਜਸਪਾਲ ਸਿੰਘ ਸੰਧੂ ਦੇ ਕਾਰਜਕਾਲ ਵਿਚ ਪੰਜਾਬ ਸਰਕਾਰ ਵੱਲੋਂ ਤਿੰਨ ਮਹੀਨੇ ਦਾ ਵਾਧਾ ਕੀਤਾ ਗਿਆ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਉਨ੍ਹਾਂ ਦਾ ਕਾਰਜਕਾਲ ਸਮਾਪਤ ਹੋ ਗਿਆ ਸੀ ਅਤੇ ਸਰਕਾਰ ਵੱਲੋਂ ਕਾਰਜਕਾਲ ਵਿਚ ਤਿੰਨ ਮਹੀਨੇ ਦਾ ਵਾਧਾ ਕੀਤਾ ਗਿਆ ਹੈ। ਉਹ ਪਿਛਲੇ ਸੱਤ ਸਾਲ ਤੋਂ ਲਗਾਤਾਰ ਗੁਰੂ ਨਾਨਕ ਦੇਵ ‘ਵਰਸਿਟੀ ਦੇ ਉਪ ਕੁਲਪਤੀ ਹਨ। ਉਨ੍ਹਾਂ ਦੀਆਂ ਬਿਹਤਰ ਸੇਵਾਵਾਂ ਕਾਰਨ ਪੰਜਾਬ ਸਰਕਾਰ ਵੱਲੋਂ ਪਹਿਲਾਂ ਤਿੰਨ ਸਾਲ ਦਾ ਵਾਧਾ ਤੇ ਮਗਰੋਂ ਦੋ ਵਾਰ ਛੇ-ਛੇ ਮਹੀਨੇ ਦਾ ਵਾਧਾ ਕੀਤਾ ਗਿਆ ਸੀ। ਪ੍ਰੋ. ਜਸਪਾਲ ਸਿੰਘ ਸੰਧੂ ਦੀ ਉਪ ਕੁਲਪਤੀ ਵਜੋਂ ਨਿਯੁਕਤੀ ਅਗਸਤ, 2017 ਵਿਚ ਕੈਪਟਨ ਸਰਕਾਰ ਵੇਲੇ ਕੀਤੀ ਗਈ ਸੀ।

# ਦੇਸ਼ ਵੰਡ ਦੌਰਾਨ ਜਾਨਾਂ ਗੁਆਉਣ ਵਾਲਿਆਂ ਦੀ ਯਾਦ ਵਿਚ ਅਰਦਾਸ

**ਅੰਮ੍ਰਿਤਸਰ:** ਦੇਸ਼ ਦੀ ਵੰਡ ਦੌਰਾਨ 1947 ਵਿਚ ਜਾਨਾਂ ਗਵਾਉਣ ਵਾਲੇ ਲੱਖਾਂ ਪੰਜਾਬੀਆਂ ਦੀ ਯਾਦ ’ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼ਰਧਾਂਜਲੀ ਦਿੱਤੀ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 1947 ਦੀ ਵੰਡ ਸਮੇਂ ਪੰਜਾਬੀਆਂ ਨੇ ਵੱਡਾ ਸੰਤਾਪ ਹੰਢਾਇਆ ਸੀ। ਇਸ ਵੰਡ ਦੌਰਾਨ ਸਿੱਖਾਂ ਦੇ ਰਾਜ ਭਾਗ ਵਾਲੀ ਵਿਰਾਸਤ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਜਿਸ ਨਾਲ ਸਿੱਖਾਂ ਦੇ ਕਈ ਗੁਰਧਾਮ ਦੂਜੇ ਪਾਸੇ ਚਲੇ ਗਏ। ਪਾਕਿਸਤਾਨ ਅੰਦਰ ਵੱਡੀਆਂ ਜ਼ਮੀਨਾਂ ਤੇ ਕਾਰੋਬਾਰਾਂ ਦੇ ਮਾਲਕ ਸਿੱਖਾਂ ਨੂੰ ਆਪਣੀਆਂ ਜਾਇਦਾਦਾਂ ਛੱਡਣੀਆਂ ਪਈਆਂ ਅਤੇ ਇਸ ਹਿੰਸਕ ਪਰਵਾਸ ਦੌਰਾਨ ਲੱਖਾਂ ਪੰਜਾਬੀਆਂ ਨੇ ਆਪਣੀਆਂ ਜਾਨਾਂ ਗੁਆਈਆਂ। ਸਿੱਖਾਂ ਨਾਲ ਅਨਿਆਂ ਅੱਜ ਵੀ ਜਾਰੀ ਹੈ। ਕਈ ਸਿੱਖ ਸਜ਼ਾਵਾਂ ਕੱਟਣ ਤੋਂ ਬਾਅਦ ਵੀ 30-30 ਸਾਲਾਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ, ਜਿਨ੍ਹਾਂ ਨੂੰ ਸਰਕਾਰਾਂ ਰਿਹਾਅ ਨਹੀਂ ਕਰ ਰਹੀਆਂ।

# ਬਿਜਲੀ ਸਬਸਿਡੀ ਨੇ ਪੰਜਾਬ ਸਰਕਾਰ ਦੇ ਕੰਨਾਂ ਨੂੰ ਹੱਥ ਲਵਾਏ

## ਖੇਤੀ ਸੈਕਟਰ ਵਿਚ ਬਿਜਲੀ ਦੀ ਖਪਤ ਵਿਚ 37 ਫੀਸਦੀ ਵਾਧਾ

**ਚੰਡੀਗੜ੍ਹ:** ਪੰਜਾਬ 'ਚ ਜਿੰਨੀ ਤੇਜ਼ੀ ਨਾਲ ਖੇਤੀ ਸੈਕਟਰ 'ਚ ਬਿਜਲੀ ਦੀ ਖ਼ਪਤ ਵਧੀ ਹੈ, ਉਸੇ ਰਫ਼ਤਾਰ ਨਾਲ ਬਿਜਲੀ ਸਬਸਿਡੀ ਦਾ ਬਿੱਲ ਵੀ ਵਧਿਆ ਹੈ। ਇਸ ਬਿਜਲੀ ਸਬਸਿਡੀ ਦਾ ਵਾਧੂ ਭਾਰ ਵਿੱਤੀ ਤੰਗੀ ਝੱਲ ਰਹੇ ਖ਼ਜ਼ਾਨੇ ਦਾ ਹੋਰ ਤ੍ਰਾਹ ਕੱਢੇਗਾ।

ਪੰਜਾਬ ਵਿਚ ਇਸ ਵਾਰ ਝੋਨੇ ਹੇਠ ਰਕਬਾ 32 ਲੱਖ ਹੈਕਟੇਅਰ ਨੂੰ ਪਾਰ ਕਰ ਗਿਆ ਹੈ ਜਦੋਂ ਕਿ ਪਿਛਲੇ ਵਰ੍ਹੇ ਇਹੋ ਰਕਬਾ 31.93 ਲੱਖ ਹੈਕਟੇਅਰ ਸੀ। ਮੀਂਹ ਘੱਟ ਪੈਣ ਕਾਰਨ ਇਸ ਵਾਰ ਖੇਤੀ ਮੋਟਰਾਂ ਨੂੰ ਸਾਹ ਨਹੀਂ ਆਇਆ ਹੈ। ਪਹਿਲੀ ਵਾਰ ਹੈ ਕਿ ਖੇਤੀ ਸੈਕਟਰ ਵਿਚ ਅਪਰੈਲ ਤੋਂ ਜੁਲਾਈ ਤੱਕ ਬਿਜਲੀ ਦੀ ਖ਼ਪਤ ਵਿਚ 37 ਫ਼ੀਸਦੀ ਦਾ ਵਾਧਾ ਹੋਇਆ ਹੈ।

ਅਪਰੈਲ 2024 ਦੇ ਮਹੀਨੇ 'ਚ ਸਿਰਫ਼ ਪੰਜ ਫ਼ੀਸਦੀ ਬਿਜਲੀ ਦੀ ਖ਼ਪਤ ਵਧੀ ਅਤੇ ਮਈ ਮਹੀਨੇ ਵਿਚ 91 ਫ਼ੀਸਦੀ ਦਾ ਵਾਧਾ ਹੋਇਆ। ਜੂਨ ਮਹੀਨੇ ਦੌਰਾਨ ਬਿਜਲੀ ਦੀ ਖ਼ਪਤ ਵਿਚ 28 ਫ਼ੀਸਦੀ ਵਾਧਾ ਹੋਇਆ ਸੀ ਜਦੋਂ ਕਿ ਜੁਲਾਈ ਮਹੀਨੇ ਵਿਚ ਬਿਜਲੀ ਦੀ ਖ਼ਪਤ ਖੇਤੀ ਸੈਕਟਰ ਵਿਚ 34 ਫ਼ੀਸਦੀ ਵਧੀ ਹੈ।

ਇਨ੍ਹਾਂ ਚਾਰ ਮਹੀਨਿਆਂ ਵਿਚ ਪਿਛਲੇ ਸਾਲ ਦੇ ਮੁਕਾਬਲੇ 168.1 ਕਰੋੜ ਯੂਨਿਟਾਂ ਦੀ ਵੱਧ ਖ਼ਪਤ ਹੋਈ ਹੈ। ਖੇਤੀ ਸੈਕਟਰ ਦੀ ਬਿਜਲੀ 6.70 ਰੁਪਏ ਪ੍ਰਤੀ ਯੂਨਿਟ ਪੈਂਦੀ ਹੈ। ਇਸ ਲਿਹਾਜ਼ ਨਾਲ ਇਨ੍ਹਾਂ ਚਾਰੇ ਮਹੀਨਿਆਂ ਵਿਚ ਬਿਜਲੀ ਸਬਸਿਡੀ ਦਾ ਵਾਧੂ ਭਾਰ 1125 ਕਰੋੜ ਰੁਪਏ ਹੋ ਗਿਆ ਹੈ। ਪਾਵਰਕੌਮ ਵੱਲੋਂ ਸਾਲ 2024-25 ਦੀ ਬਿਜਲੀ ਸਬਸਿਡੀ ਕੁੱਲ 21,909 ਕਰੋੜ ਹੋਣ ਦਾ ਅਨੁਮਾਨ ਲਾਇਆ ਸੀ ਜਿਸ 'ਚ 10,175 ਕਰੋੜ ਖੇਤੀ ਸੈਕਟਰ ਦੀ ਬਿਜਲੀ ਸਬਸਿਡੀ ਸ਼ਾਮਲ ਹੈ। ਇਸੇ ਤਰ੍ਹਾਂ ਘਰੇਲੂ ਬਿਜਲੀ ਦੀ ਸਬਸਿਡੀ ਦਾ ਬਿੱਲ 7,384 ਕਰੋੜ ਹੋਣ ਦਾ ਅਨੁਮਾਨ ਹੈ। ਹੁਣ ਜਦੋਂ ਬਿਜਲੀ ਦੀ ਖ਼ਪਤ ਵਧ ਗਈ ਹੈ ਤਾਂ ਬਿਜਲੀ ਸਬਸਿਡੀ ਦਾ ਬਿੱਲ ਵੀ ਅਨੁਮਾਨ ਨਾਲੋਂ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਘਰੇਲੂ ਬਿਜਲੀ ਦੀ ਖ਼ਪਤ ਵੀ ਵਧੀ ਹੈ ਜਿਸ ਨਾਲ



ਅਪਰੈਲ ਤੋਂ ਜੁਲਾਈ ਮਹੀਨੇ ਤੱਕ ਦਾ 366 ਕਰੋੜ ਰੁਪਏ ਬਿਜਲੀ ਸਬਸਿਡੀ ਦਾ ਵਾਧੂ ਬਿੱਲ ਬਣੇਗਾ।

ਘਰੇਲੂ ਬਿਜਲੀ ਦੀ ਸਬਸਿਡੀ ਸਾਲ 2023 ਵਿਚ ਅਪਰੈਲ ਤੋਂ ਜੁਲਾਈ ਤੱਕ ਦੀ 2318 ਕਰੋੜ ਰੁਪਏ ਬਣੀ ਸੀ ਜੋ ਕਿ ਐਤਕੀਂ ਇਨ੍ਹਾਂ ਚਾਰ ਮਹੀਨਿਆਂ ਵਿਚ 2684 ਕਰੋੜ ਹੋ ਗਈ ਹੈ। ਪਹਿਲਾਂ ਚਾਰ ਮਹੀਨਿਆਂ ਵਿਚ ਹੀ ਪੰਜਾਬ ਸਰਕਾਰ ਨੂੰ ਬਿਜਲੀ ਸਬਸਿਡੀ ਦਾ ਕਰੀਬ 1500 ਕਰੋੜ ਦਾ ਵਾਧੂ ਭਾਰ ਚੁੱਕਣਾ ਪਵੇਗਾ ਜਦੋਂ ਕਿ ਪੰਜਾਬ ਦੀ ਵਿੱਤੀ ਸਿਹਤ ਪਹਿਲਾਂ ਹੀ ਕਾਫ਼ੀ ਮੰਦੇ ਹਾਲ ਵਿਚ ਹੈ। ਪਾਵਰਕੌਮ ਨੂੰ ਬਿਜਲੀ ਦੀ ਮੰਗ ਦੀ ਪੂਰਤੀ ਲਈ ਇਸ ਵਾਰ ਕਾਫ਼ੀ ਤਰੱਦਦ ਕਰਨਾ ਪਿਆ ਹੈ।

## ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਮੁਲਜ਼ਮਾਂ ਨੇ ਪੇਸ਼ੀ ਭੁਗਤੀ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮਾਨਸਾ ਦੀ ਅਦਾਲਤ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਸਮੇਤ 27 ਜਣਿਆਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ। ਇਸ ਦੌਰਾਨ ਇਕ ਗਵਾਹ ਨੇ ਅਦਾਲਤ ਵਿਚ ਪੇਸ਼ ਹੋ ਕੇ ਆਪਣੇ ਬਿਆਨ ਵੀ ਦਰਜ ਕਰਵਾਏ। ਬਾਕੀ ਬਿਆਨ ਅਦਾਲਤ 'ਚ 30 ਅਗਸਤ ਨੂੰ ਦਰਜ ਕੀਤੇ ਜਾਣਗੇ। ਇਸ ਕਤਲ ਮਾਮਲੇ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਅਦਾਲਤ ਵਿਚ ਪੰਜਵੀਂ ਸਪਲੀਮੈਂਟਰੀ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ ਜਿਸ ਵਿਚ ਗੈਂਗਸਟਰ ਲਾਰੈਂਸ ਬਿਸ਼ਨੋਈ ਵੱਲੋਂ ਇਕ ਚੈਨਲ ਨੂੰ ਦਿੱਤੀਆਂ ਗਈਆਂ ਦੋ ਇੰਟਰਵਿਊਆਂ ਦਾ ਜ਼ਿਕਰ ਕੀਤਾ ਗਿਆ ਹੈ।



## ਰਾਜਪਾਲ ਨੇ ਤਿੰਨ ਨਵੇਂ ਰਾਜ ਸੂਚਨਾ ਕਮਿਸ਼ਨਰਾਂ ਨੂੰ ਸਹੁੰ ਚੁਕਾਈ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਇੱਥੇ ਰਾਜ ਭਵਨ ਵਿਚ ਐਡਵੋਕੇਟ ਡਾ. ਭੁਪਿੰਦਰ ਸਿੰਘ ਬਾਠ, ਸੰਦੀਪ ਸਿੰਘ ਧਾਲੀਵਾਲ ਅਤੇ ਵਰਿੰਦਰਜੀਤ ਸਿੰਘ ਬਿਲਿੰਗ ਨੂੰ ਸੂਚਨਾ ਅਧਿਕਾਰ ਕਮਿਸ਼ਨ ਦੇ ਨਵੇਂ ਰਾਜ ਸੂਚਨਾ ਕਮਿਸ਼ਨਰਾਂ ਵਜੋਂ ਅਹੁਦੇ ਦੀ ਸਹੁੰ ਚੁਕਾਈ। ਸਹੁੰ ਚੁੱਕ ਸਮਾਗਮ ਦਾ ਸੰਚਾਲਨ ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਕੀਤਾ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਪੰਜਾਬ ਦੇ ਮੁੱਖ ਸੂਚਨਾ ਕਮਿਸ਼ਨਰ ਇੰਦਰਪਾਲ ਸਿੰਘ ਧੰਨਾ ਹਾਜ਼ਰ ਸਨ। ਜਾਣਕਾਰੀ ਅਨੁਸਾਰ ਸਹੁੰ ਚੁੱਕਣ ਤੋਂ ਬਾਅਦ ਸੂਚਨਾ ਕਮਿਸ਼ਨਰਾਂ ਨੇ ਆਪਣੇ ਅਹੁਦੇ ਸੰਭਾਲ ਲਏ ਹਨ।

# ਨਕਲੀ ਬੀਜਾਂ ਤੇ ਕੁਦਰਤੀ ਆਫਤਾਂ ਦੇ ਝੰਬੇ ਕਿਸਾਨਾਂ ਦਾ ਨਰਮੇ ਤੋਂ ਮੋਹ ਭੰਗ

**ਮੋਗਾ:** ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਨਰਮੇ ਹੇਠਲਾ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ.ਏ.ਯੂ) ਦੇ ਅੰਕੜੇ ਦੱਸਦੇ ਹਨ ਕਿ ਹੁਣ ਸੂਬੇ 'ਚ ਨਰਮੇ ਦੀ ਕਾਸ਼ਤ ਦੂਜੀਆਂ ਫ਼ਸਲਾਂ ਦੇ ਮੁਕਾਬਲੇ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ।

ਰਕਬੇ ਦੇ ਹਿਸਾਬ ਨਾਲ ਕਣਕ, ਝੋਨੇ ਤੋਂ ਬਾਅਦ ਨਰਮੇ ਦਾ ਤੀਜਾ ਸਥਾਨ ਹੈ। ਕਿਸਾਨ ਨਰਮੇ ਦੀ ਕਾਸ਼ਤ 'ਚ ਘਟੋਤ ਲਈ ਕੀਟਾਂ ਦੇ ਹਮਲੇ, ਨਕਲੀ ਬੀਜ ਅਤੇ ਭਾਰਤੀ ਕਪਾਹ ਨਿਗਮ (ਸੀ.ਸੀ.ਆਈ.) ਵੱਲੋਂ ਨਰਮਾ ਕਪਾਹ ਦੀ ਘੱਟ ਖ਼ਰੀਦ ਕਰਨ ਵਰਗੇ ਕਾਰਨਾਂ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਦੂਜਾ ਕਾਰਨ ਕਿਸਾਨਾਂ ਨੂੰ ਆਪਣੀ ਫ਼ਸਲ ਐਮ.ਐਸ.ਪੀ. ਤੋਂ ਹੇਠਾਂ ਵੇਚਣੀ ਪੈਂਦੀ ਹੈ। ਕਦੇ ਕਿਸਾਨਾਂ ਲਈ ਨਰਮੇ ਦੀ ਫ਼ਸਲ ਹਮੇਸ਼ਾ ਪਹਿਲ ਰਹੀ ਹੈ ਪਰ ਜਦੋਂ ਸਾਰੇ ਰਾਹ ਬੰਦ ਹੋ ਗਏ ਤਾਂ ਉਨ੍ਹਾਂ ਮਜਬੂਰੀ ਵੱਸ ਕਿਨਾਰਾ ਕਰ ਲਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅੰਕੜਿਆਂ ਮੁਤਾਬਕ ਸਾਲ 1970-71 'ਚ 397 ਹਜ਼ਾਰ ਹੈਕਟੇਅਰ ਰਕਬਾ ਕਪਾਹ ਹੇਠ ਸੀ, ਜੋ ਸਾਲ 1980-81 'ਚ ਵਧ ਕੇ 649 ਤੇ ਸਾਲ 1988-89 ਵਿਚ 758 ਹਜ਼ਾਰ ਹੈਕਟੇਅਰ ਹੋ ਗਿਆ।

ਇਸ ਤੋਂ ਬਾਅਦ ਹਰੀ ਕ੍ਰਾਂਤੀ ਨੇ ਚਿੱਟੇ ਸੋਨੇ ਨੂੰ ਅਜਿਹੀ ਢਾਹ ਲਾਈ ਕਿ ਸਾਲ 2024-25 'ਚ ਨਰਮੇ ਹੇਠਲਾ ਰਕਬਾ ਘਟ ਕੇ 96.6 ਹਜ਼ਾਰ ਹੈਕਟੇਅਰ ਰਹਿ ਗਿਆ ਹੈ, ਜੋ ਕਰੀਬ 40 ਫ਼ੀਸਦੀ ਬਣਦਾ ਹੈ। ਨਰਮੇ ਦੀ ਫ਼ਸਲ 'ਤੇ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦੇ ਹਮਲੇ ਸਮੇਤ ਕੁਦਰਤੀ ਆਫ਼ਤਾਂ ਨੇ ਕਿਸਾਨਾਂ ਨੂੰ ਆਰਥਿਕ ਪੱਖੋਂ ਝੰਬ ਕੇ ਰੱਖ ਦਿੱਤਾ ਹੈ। ਪਹਿਲਾਂ ਅਮਰੀਕਨ ਸੁੰਡੀ ਤੇ ਮਿਲੀ ਬੱਗ ਵੀ ਨਰਮੇ ਦੀ ਫ਼ਸਲ ਨੂੰ ਤਬਾਹ ਕਰਦੀਆਂ ਰਹੀਆਂ ਹਨ ਪਰ ਇਨ੍ਹਾਂ ਨੂੰ ਬੀਟੀ ਬੀਜਾਂ ਨੇ ਠੁੰਮਣਾ ਦਿੱਤਾ ਸੀ। ਜਾਣਕਾਰੀ ਅਨੁਸਾਰ



ਸੂਬੇ ਦੇ ਪੱਛਮੀ ਜ਼ਿਲ੍ਹਿਆਂ 'ਚ ਨਰਮੇ ਦੀ ਕਾਸ਼ਤ ਹੁੰਦੀ ਹੈ ਜਦੋਂਕਿ ਕਪਾਹ ਤਾਂ ਥੋੜ੍ਹੀ ਬਹੁਤੀ ਸਾਰੇ ਪੰਜਾਬ ਵਿਚ ਹੀ ਬੀਜੀ ਜਾਂਦੀ ਹੈ।

ਅਮਰੀਕਨ ਸੁੰਡੀ ਦੇ ਹਮਲੇ ਤੋਂ ਡਰਦੇ ਬਹੁਤੇ ਕਿਸਾਨ ਬੀਟੀ ਨਰਮੇ ਦੀਆਂ ਕਿਸਮਾਂ ਹੀ ਬੀਜਦੇ ਹਨ। ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਸਟੇਟ ਐਵਾਰਡੀ ਡਾ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਉਹ ਕਿਸਾਨਾਂ ਨੂੰ ਨਰਮੇ ਦੀ ਬਿਜਾਈ ਅਤੇ ਇਸ ਦੇ ਫ਼ਾਇਦਿਆਂ ਬਾਰੇ ਜਾਗਰੂਕ ਕਰਦੇ ਰਹੇ ਹਨ। ਖੇਤਾਂ ਵਿਚ ਜਾ ਕੇ ਫ਼ਸਲਾਂ ਦੇ ਨਿਰੀਖਣ ਵੀ ਕੀਤੇ ਹਨ ਪਰ ਫਿਰ ਵੀ ਰਕਬਾ ਘਟਦਾ ਜਾ ਰਿਹਾ ਹੈ।

# 'ਆਪ' ਸਰਕਾਰ ਖ਼ਿਲਾਫ ਡਟੇ ਮੁਲਾਜ਼ਮ ਤੇ ਪੈਨਸ਼ਨਰਜ਼

**ਬਰਨਾਲਾ:** ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਮੀਟਿੰਗਾਂ ਦਾ ਸਮਾਂ ਦੇ ਕੇ ਮੁੱਕਰਨ ਦੇ ਰੋਸ ਵਜੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਸਥਾਨਕ ਦਾਣਾ ਮੰਡੀ ਵਿਚ ਰੈਲੀ ਕਰਨ ਉਪਰੰਤ ਸ਼ਹਿਰ ਦੇ ਬਾਜ਼ਾਰਾਂ ਵਿਚ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਮਾਲਵੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚੋਂ ਪੁੱਜੇ ਵੱਡੀ ਗਿਣਤੀ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣ-ਭੱਤਾ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਭਜਨ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ ਉੱਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਤਨਖਾਹ ਕਮਿਸ਼ਨ ਤਹਿਤ ਪੈਨਸ਼ਨਰਾਂ ਉੱਤੇ 2.59 ਦਾ ਗੁਣਾਂਕ ਲਾਗੂ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ ਤੋਂ ਲਗਾਤਾਰ ਟਾਲ-ਮਟੋਲ ਕਰ ਰਹੀ ਹੈ।

ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਬਾਰੇ ਗੁਮਰਾਹ ਕੀਤਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੀਟਿੰਗ ਦਾ ਸਮਾਂ ਦੇ ਕੇ ਮੁੱਕਰਨ ਦਾ ਰਿਕਾਰਡ ਕਾਇਮ ਕਰ ਚੁੱਕੇ ਹਨ, ਇਸ ਲਈ ਹੁਣ ਸਰਕਾਰ ਵੱਲੋਂ ਦਿੱਤੀਆਂ ਮੀਟਿੰਗਾਂ 'ਤੇ ਭਰੋਸਾ ਨਾ ਕਰਕੇ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਭਾਜਪਾ ਦੇ ਵਿਰੋਧ ਬਾਰੇ ਕਿਸਾਨ ਮੋਰਚਾ ਮੀਟਿੰਗ ਕਰੇਗਾ: ਰੁਲਦੂ ਸਿੰਘ

**ਮਾਨਸਾ:** ਸੰਯੁਕਤ ਕਿਸਾਨ ਮੋਰਚੇ ਦੇ ਆਗੂ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਨੇ ਹਰਿਆਣਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਸਰਕਾਰ ਦੀਆਂ ਮਾਰੂ ਨੀਤੀਆਂ ਖ਼ਿਲਾਫ਼ ਇੱਕਜੁਟ ਹੋ ਕੇ ਇਸ ਨੂੰ ਹਰਾ ਦੇਣ।

ਉਨ੍ਹਾਂ ਕਿਹਾ ਕਿ ਭਾਜਪਾ ਦੀ ਹਰਿਆਣਾ ਸਰਕਾਰ ਨੇ ਖੇਤੀ ਅੰਦੋਲਨ ਦੌਰਾਨ ਅਤੇ ਹੁਣ ਕਿਸਾਨਾਂ ਦੀਆਂ ਮੋਦੀ ਸਰਕਾਰ ਵੱਲੋਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਵਿੱਢੀ ਲੜਾਈ ਵਿਚ ਬੇਲੋੜਾ ਦਖ਼ਲ ਦਿੱਤਾ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਭਾਜਪਾ ਉਮੀਦਵਾਰਾਂ ਦਾ ਪੰਜਾਬ ਵਾਂਗ ਵਿਰੋਧ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਬਹੁਤ ਛੇਤੀ ਦੇਸ਼ਿਵਆਪੀ ਮੀਟਿੰਗ ਬੁਲਾਈ ਜਾ ਰਹੀ ਹੈ ਜਿਸ ਵਿਚ ਰੈਲੀਆਂ ਦਾ ਖਾਕਾ ਉਲੀਕਿਆ ਜਾਵੇਗਾ।

# ਪੁਲਿਸ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਗਰੋਹ ਦੇ ਚਾਰ ਮੈਂਬਰ ਕਾਬੂ ਕੀਤੇ

**ਜਲੰਧਰ:** ਪੁਲਿਸ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਗਰੋਹ ਦੇ 4 ਮੈਂਬਰਾਂ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਐਸ.ਐਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਅਸਰਤ ਕੰਠ ਉਰਫ ਸਾਬੀ, ਕਮਲਪ੍ਰੀਤ ਸਿੰਘ ਉਰਫ ਕੋਮਲ ਬਾਜਵਾ, ਪਰਦੀਪ ਕੁਮਾਰ ਉਰਫ ਗੋਰਾ ਅਤੇ ਗੁਰਮੀਤ ਰਾਜ ਉਰਫ ਜੁਨੇਜਾ ਵਜੋਂ ਹੋਈ ਹੈ। ਇਨ੍ਹਾਂ ਕੋਲੋਂ ਚੀਨ ਦਾ ਬਣਿਆ 7.65 ਐਮ.ਐਮ ਗਲੌਕ, ਦੋ ਪਿਸਤੌਲ ਅਤੇ ਰਿਵਾਲਵਰ ਬਰਾਮਦ ਕਰਨ ਸਮੇਤ ਦੋ ਵਾਹਨ ਜ਼ਬਤ ਕੀਤੇ ਹਨ। ਅਸਰਤ ਕੰਠ ਨੇ ਮੰਨਿਆ ਕਿ ਬਰਾਮਦ ਕੀਤੇ ਗਏ ਹਥਿਆਰ ਜੱਗੂ ਭਗਵਾਨਪੁਰੀਆ ਗੈਂਗ ਦੇ ਜਰਮਨੀ ਵਿਚ ਰਹਿੰਦੇ ਮੈਂਬਰ ਅਮਨ ਨੇ ਬਟਾਲਾ ਵਾਸੀ ਸੰਜੂ ਉਰਫ ਸਾਹਿਲ ਕੁਮਾਰ ਰਾਹੀਂ ਸਪਲਾਈ ਕੀਤੇ ਸਨ। ਸੰਜੂ ਇਸ ਵੇਲੇ ਜੇਲ੍ਹ ਵਿਚ ਹੈ। ਮੁਲਜ਼ਮਾਂ ਨੂੰ ਹੁਣ ਸਥਾਨਕ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ਜਿੱਥੇ ਪੁਲਿਸ ਇਸ ਗਰੋਹ ਦੀਆਂ ਕਾਰਵਾਈਆਂ ਅਤੇ ਕੌਮਾਂਤਰੀ ਸਬੰਧਾਂ ਬਾਰੇ ਹੋਰ ਡੂੰਘਾਈ ਨਾਲ ਜਾਂਚ ਕਰਨ ਲਈ ਰਿਮਾਂਡ ਦੀ ਮੰਗ ਕਰੇਗੀ।

# ਪੰਜਾਬ 'ਚ ਬਾਸਮਤੀ ਦੀ ਲੁਆਈ ਹੇਠ ਰਕਬਾ 12.58 ਫੀਸਦੀ ਵਧਿਆ

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਲੋਕਾਂ ਨੂੰ ਫ਼ਸਲੀ ਵਿਭਿੰਨਤਾ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਦਕਾ ਪੰਜਾਬ ਵਿਚ ਸਾਉਣੀ ਸੀਜ਼ਨ ਦੌਰਾਨ ਬਾਸਮਤੀ ਦੀ ਲੁਆਈ ਹੇਠ ਰਕਬੇ ਵਿਚ 12.58 ਫ਼ੀਸਦ ਵਾਧਾ ਹੋਇਆ ਹੈ।

ਇਸ ਵਾਰ ਪੰਜਾਬ ਵਿਚ 6.71 ਲੱਖ ਹੈਕਟੇਅਰ ਰਕਬੇ ਵਿਚ ਬਾਸਮਤੀ ਲਾਈ ਗਈ ਹੈ ਜਦਕਿ ਪਿਛਲੇ ਸਾਲ 5.96 ਲੱਖ ਹੈਕਟੇਅਰ ਸੀ। ਸ੍ਰੀ ਖੁੱਡੀਆਂ ਨੇ ਕਿਹਾ ਕਿ ਸੂਬੇ ਵਿਚ ਬਾਸਮਤੀ ਦੀ ਲੁਆਈ ਵਿਚ ਅੰਮ੍ਰਿਤਸਰ ਸਭ ਤੋਂ ਮੋਹਰੀ ਰਿਹਾ ਹੈ ਜਿੱਥੇ 1.46 ਲੱਖ ਹੈਕਟੇਅਰ ਰਕਬੇ ਵਿਚ ਬਾਸਮਤੀ ਦੀ ਕਾਸ਼ਤ ਕੀਤੀ ਗਈ ਹੈ। ਇਸ ਤੋਂ ਬਾਅਦ ਮੁਕਤਸਰ ਜ਼ਿਲ੍ਹੇ ਵਿਚ 1.10 ਲੱਖ ਹੈਕਟੇਅਰ, ਫਾਜ਼ਿਲਕਾ ਵਿਚ 84.9 ਹਜ਼ਾਰ ਹੈਕਟੇਅਰ, ਤਰਨ ਤਾਰਨ ਵਿਚ 72.5 ਹਜ਼ਾਰ ਹੈਕਟੇਅਰ ਅਤੇ ਸੰਗਰੂਰ ਜ਼ਿਲ੍ਹੇ ਵਿਚ 49.8 ਹਜ਼ਾਰ ਹੈਕਟੇਅਰ ਨਾਲ ਸਭ ਤੋਂ ਵੱਧ ਰਕਬੇ ਵਿਚ ਬਾਸਮਤੀ ਲਾਈ ਗਈ ਹੈ।



ਖੇਤੀਬਾੜੀ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਝੋਨੇ ਦੀ ਸਿੱਧੀ ਬਿਜਾਈ ਹੇਠ ਰਕਬਾ ਵੀ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਵਾਰ ਝੋਨੇ ਦੀ ਸਿੱਧੀ ਬਿਜਾਈ ਪਿਛਲੇ ਸਾਲ ਦੇ ਮੁਕਾਬਲੇ 46.5 ਫ਼ੀਸਦ ਵੱਧ ਕੀਤੀ ਗਈ ਹੈ। ਪਾਣੀ ਦੀ ਬੱਚਤ ਲਈ ਇਸ ਸਾਲ ਸੂਬੇ ਭਰ ਵਿਚ 2.52 ਲੱਖ ਏਕੜ ਵਿਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਹੈ ਜੋ ਪਿਛਲੇ ਸਾਲ ਸਿਰਫ਼ 1.72 ਲੱਖ ਏਕੜ ਸੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਬਾਸਮਤੀ 'ਤੇ 10 ਕੀਟਨਾਸ਼ਕਾਂ ਦੀ ਵਰਤੋਂ 'ਤੇ ਪਾਬੰਦੀ ਲਗਾਈ ਹੈ ਤਾਂ ਕਿ ਪੰਜਾਬ ਦੀ ਬਾਸਮਤੀ ਦੀ ਗੁਣਵੱਤਾ ਨੂੰ ਵਿਸ਼ਵ ਪੱਧਰੀ ਬਣਾ ਇਸ ਦੇ ਨਿਰਯਾਤ ਨੂੰ ਵਧਾ ਕੇ ਕਿਸਾਨਾਂ ਦੀ ਆਮਦਨ ਹੋਰ ਵਧਾਈ ਜਾ ਸਕੇ।

## ਕੇਂਦਰ ਨੂੰ ਬਾਸਮਤੀ ਦੇ ਘੱਟੋ-ਘੱਟ ਬਰਾਮਦ ਭਾਅ 'ਚ ਕਟੌਤੀ ਕਰਨ ਦੀ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਬਾਸਮਤੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਦੇ ਨਾਲ-ਨਾਲ ਬਰਾਮਦਕਾਰਾਂ ਲਈ ਬਾਸਮਤੀ ਚੌਲਾਂ ਦੀ ਘੱਟੋ-ਘੱਟ ਬਰਾਮਦ ਕੀਮਤ (ਐਮ.ਈ.ਪੀ.) ਘਟਾਵੇ। ਉਨ੍ਹਾਂ ਕਿਹਾ ਕਿ ਐਮ.ਈ.ਪੀ. ਨੂੰ 950 ਡਾਲਰ ਪ੍ਰਤੀ ਟਨ ਤੋਂ ਘਟਾ ਕੇ 750 ਡਾਲਰ ਪ੍ਰਤੀ ਟਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕਿਸਾਨਾਂ ਨੂੰ ਵੀ ਵਾਜਬ ਭਾਅ ਮਿਲ ਸਕੇ ਅਤੇ ਕੌਮਾਂਤਰੀ ਮੰਡੀ ਵਿਚ ਮੁਕਾਬਲੇਬਾਜ਼ੀ ਵੀ ਹੋ ਸਕੇ।

# ਕੇਂਦਰ ਸਰਕਾਰ ਦੇ ਸੜਕ ਪ੍ਰੋਜੈਕਟਾਂ ਨੇ ਪੰਜਾਬ ਸਰਕਾਰ ਉਲਝਾਈ

**ਲੁਧਿਆਣਾ:** ਪੰਜਾਬ ਦੇ ਸੱਤ ਜ਼ਿਲ੍ਹਿਆਂ ਵਿਚੋਂ ਲੰਘਣ ਵਾਲੇ ਦਿੱਲੀ-ਕੱਟੜਾ ਐਕਸਪ੍ਰੈੱਸਵੇਅ ਦੇ ਮੁੱਦੇ ਉਤੇ ਹੁਣ ਪੰਜਾਬ ਦੀ 'ਆਪ' ਸਰਕਾਰ, ਕੇਂਦਰ ਤੇ ਕਿਸਾਨਾਂ ਵਿਚਾਲੇ ਘਿਰਦੀ ਨਜ਼ਰ ਆ ਰਹੀ ਹੈ। ਇਕ ਪਾਸੇ ਕੇਂਦਰ ਸਰਕਾਰ ਪੰਜਾਬ 'ਚ ਕਾਨੂੰਨ ਵਿਵਸਥਾ ਵਿਗੜਨ ਦਾ ਹਵਾਲਾ ਦੇ ਕੇ 8 ਕੌਮੀ ਸੜਕੀ ਪ੍ਰੋਜੈਕਟ ਰੱਦ ਕਰਨ ਦੀ ਚਿਤਾਵਨੀ ਦੇ ਰਹੀ ਹੈ, ਦੂਜੇ ਪਾਸੇ ਕਿਸਾਨ ਇਸ ਗੱਲ 'ਤੇ ਅੜੇ ਹੋਏ ਹਨ ਕਿ ਉਨ੍ਹਾਂ ਨੂੰ ਜ਼ਮੀਨ ਐਕੁਆਇਰ ਕਰਨ ਲਈ ਬਣਾਏ ਗਏ ਐਕਟ 2013 ਦੇ ਮੁਤਾਬਕ ਜ਼ਮੀਨਾਂ ਦੇ ਭਾਅ ਦਿੱਤੇ ਜਾਣ। ਹੁਣ ਪੰਜਾਬ ਸਰਕਾਰ ਦੋਵਾਂ ਦੇ ਵਿਚਾਲੇ ਫਸ ਗਈ ਹੈ।

ਇਕ ਪਾਸੇ ਪੰਜਾਬ ਸਰਕਾਰ ਕੇਂਦਰ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ ਅਤੇ ਦੂਜੇ ਪਾਸੇ ਕਿਸਾਨਾਂ ਦਾ ਵਿਰੋਧ ਵੀ ਨਹੀਂ ਸਹੇੜਨਾ ਚਾਹੁੰਦੀ, ਕਿਉਂਕਿ ਆਉਣ ਵਾਲੇ ਸਮੇਂ ਵਿਚ ਸੂਬੇ ਵਿਚ ਪੰਚਾਇਤੀ ਚੋਣਾਂ ਹੋਣੀਆਂ ਹਨ। ਇਸ ਕਰਕੇ ਸਰਕਾਰ 'ਤੇ ਇਸ ਗੱਲ ਦਾ ਵੱਡਾ ਦਬਾਅ ਹੈ ਕਿ



ਕਿਸਾਨਾਂ ਵਿੱਚ ਸਰਕਾਰ ਪ੍ਰਤੀ ਨਾਰਾਜ਼ਗੀ ਪੈਦਾ ਨਾ ਕੀਤੀ ਜਾਵੇ ਕਿਉਂਕਿ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ 'ਆਪ' ਦਾ ਪ੍ਰਦਰਸ਼ਨ ਕਾਫੀ ਖਰਾਬ ਰਿਹਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਕੇਂਦਰ ਦੀ ਗੱਲ ਵੀ ਮੰਨਣਾ ਚਾਹੁੰਦੀ ਹੈ ਪਰ ਹਾਲੇ ਤੱਕ ਕੋਈ ਰਾਹ ਨਿਕਲਦਾ ਨਜ਼ਰ ਨਹੀਂ ਆ ਰਿਹਾ। ਸੂਤਰ ਦੱਸਦੇ ਹਨ ਮੁੱਖ ਮੰਤਰੀ ਭਗਵੰਤ ਮਾਨ ਸਿੱਧੇ ਤੌਰ 'ਤੇ ਕਿਸਾਨਾਂ ਨਾਲ ਗੱਲਬਾਤ ਕਰ ਕੇ ਇਸ ਮਸਲੇ ਦਾ ਹੱਲ ਕੱਢਣਗੇ।

670 ਕਿਲੋਮੀਟਰ ਲੰਮਾ ਇਹ ਪ੍ਰੋਜੈਕਟ ਪੰਜਾਬ ਵਿਚ 339 ਕਿਲੋਮੀਟਰ ਲੰਘਣਾ ਹੈ, ਜਿਸ ਲਈ 7 ਜ਼ਿਲ੍ਹਿਆਂ ਵਿਚ ਜ਼ਮੀਨ ਐਕੁਆਇਰ ਤਾਂ ਕਰ ਲਈ ਗਈ ਹੈ ਪਰ ਕਈ ਜ਼ਿਲ੍ਹਿਆਂ ਵਿਚ ਕਿਸਾਨਾਂ ਨੇ ਹਾਲੇ ਤਕ ਪ੍ਰਸ਼ਾਸਨ ਨੂੰ ਕਬਜ਼ੇ ਨਹੀਂ ਦਿੱਤੇ।

### ਪੰਜਾਬ ਸਰਕਾਰ ਪ੍ਰੋਜੈਕਟ ਦੀਆਂ ਖਾਮੀਆਂ ਬਾਰੇ ਚੁੱਪ: ਡੱਲੇਵਾਲ

ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਕਹਿਣਾ ਹੈ ਕਿ ਦਿੱਲੀ ਕਟੜਾ ਐਕਸਪ੍ਰੈੱਸਵੇਅ ਸਿੱਧੇ ਤੌਰ 'ਤੇ ਪੰਜਾਬ ਨੂੰ ਬਰਬਾਦ ਕਰ ਰਿਹਾ ਹੈ ਕਿਉਂਕਿ ਇਸ ਪ੍ਰੋਜੈਕਟ ਵਿਚ ਕਾਫ਼ੀ ਖਾਮੀਆਂ ਹਨ। ਇਸ ਗੱਲ ਦਾ ਸੂਬਾ ਸਰਕਾਰ ਨੂੰ ਵੀ ਪਤਾ ਹੈ ਪਰ ਉਹ ਬੋਲ ਨਹੀਂ ਰਹੀ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡਾ ਮੁੱਦਾ ਹੈ, ਕਿਸਾਨਾਂ ਦੀ ਜ਼ਮੀਨ ਦਾ ਵਾਜਬ ਮੁੱਲ ਹੈ। ਉਨ੍ਹਾਂ ਕਿਹਾ ਕਿ ਸਾਲ 2013 ਵਿਚ ਜ਼ਮੀਨ ਐਕੁਆਇਰ ਕਰਨ ਲਈ ਐਕਟ ਬਣਾਇਆ ਸੀ, ਉਸ ਮੁਤਾਬਕ ਕਿਸਾਨਾਂ ਨੂੰ ਜ਼ਮੀਨ ਲਈ ਮਾਰਕੀਟ ਰੇਟ ਤੋਂ 4 ਗੁਣਾ ਵੱਧ ਮੁੱਲ ਦੇਣਾ ਪੈਂਦਾ ਹੈ ਜੋ ਦਿੱਤਾ ਨਹੀਂ ਜਾ ਰਿਹਾ।

### ਕੇਂਦਰ ਪ੍ਰੋਜੈਕਟ ਰੱਦ ਬਾਰੇ ਧਮਕੀ ਨਾ ਦੇਵੇ: ਰਾਜਾ ਵੜਿੰਗ

ਲੁਧਿਆਣਾ ਤੋਂ ਲੋਕ ਸਭਾ ਮੈਂਬਰ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਿਸੇ ਨੂੰ ਵੀ ਕਾਨੂੰਨ ਹੱਥ ਵਿਚ ਲੈਣ ਦਾ ਅਧਿਕਾਰ ਨਹੀਂ ਹੈ। ਪਰ ਉਹ ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਲਗਾਤਾਰ ਪ੍ਰੋਜੈਕਟ ਬੰਦ ਕਰਨ ਦੀਆਂ ਦਿੱਤੀਆਂ ਜਾ ਰਹੀਆਂ ਚਿਤਾਵਨੀ ਦੇ ਹੱਕ ਵਿਚ ਵੀ ਨਹੀਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਹੀ ਪੰਜਾਬ ਨਾਲ ਮਤਰੇਆ ਵਿਹਾਰ ਕਰ ਰਹੀ ਹੈ।

## ਸਰਕਾਰ ਨੇ ਮਾਲ ਅਫਸਰਾਂ ਦੀਆਂ ਮੰਗਾਂ ਮੰਨੀਆਂ

**ਮੋਗਾ:** ਪੰਜਾਬ ਰੈਵੇਨਿਊ ਆਫੀਸਰਜ਼ ਐਸੋਸੀਏਸ਼ਨ ਦੇ ਵਫ਼ਦ ਨੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੀਟਿੰਗ ਮਗਰੋਂ ਐਲਾਨੀ ਤਿੰਨ ਰੋਜ਼ਾ ਸਮੂਹਿਕ ਹੜਤਾਲ ਮੁਲਤਵੀ ਕਰ ਦਿੱਤੀ ਹੈ। ਇਸ ਮੀਟਿੰਗ ਵਿਚ ਸੂਬੇ ਦੇ ਵਿੱਤ ਕਮਿਸ਼ਨਰ (ਮਾਲ) ਕੇਏਪੀ ਸਿਨਹਾ ਵੀ ਮੌਜੂਦ ਸਨ। ਇਸ ਮੌਕੇ ਸਰਕਾਰ, ਮਾਲ ਅਫ਼ਸਰਾਂ ਦੀਆਂ ਮੰਗਾਂ ਪ੍ਰਤੀ ਨਰਮ ਨਜ਼ਰ ਆਈ ਤੇ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਮੌਕੇ 'ਤੇ ਹੀ ਮੰਨ ਲਈਆਂ ਗਈਆਂ ਜਦਕਿ ਕਈ ਮੰਗਾਂ ਮੰਨਣ ਦਾ ਭਰੋਸਾ ਦੇ ਕੇ ਮਾਲ ਅਫ਼ਸਰਾਂ ਨੂੰ ਸ਼ਾਂਤ ਕੀਤਾ। ਮਾਲ ਮੰਤਰੀ ਨੇ ਕਿਹਾ ਕਿ ਮਾਲ ਅਧਿਕਾਰੀਆਂ ਦੀਆਂ ਕਾਫੀ ਮੰਗਾਂ ਪਹਿਲਾਂ ਹੀ ਮੰਨੀਆਂ ਜਾ ਚੁੱਕੀਆਂ ਸਨ ਪਰ ਕੁਝ ਕਾਰਨਾਂ ਕਰਕੇ ਲਿਖਤੀ ਹੁਕਮ ਜਾਰੀ ਕਰਨ ਵਿਚ ਦੇਰੀ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਨਾਲ ਗੱਲਬਾਤ ਰਾਹੀਂ ਮਸਲਾ ਸੁਲਝਾ ਲਿਆ ਗਿਆ ਹੈ ਅਤੇ ਹੁਣ ਮਾਲ ਅਧਿਕਾਰੀ ਆਮ ਵਾਂਗ ਆਪਣਾ ਕੰਮ ਕਰਨਗੇ। ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸੁਖਚਰਨ ਸਿੰਘ ਚੰਨੀ ਅਤੇ ਜਨਰਲ ਸਕੱਤਰ ਮਨਿੰਦਰ ਸਿੰਘ ਨੇ ਦੱਸਿਆ ਕਿ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਸੁਖਾਵੇਂ ਮਾਹੌਲ ਵਿਚ ਹੋਈ ਮੀਟਿੰਗ 'ਚ ਉਨ੍ਹਾਂ ਦੀਆਂ ਜ਼ਿਆਦਾਤਰ ਮੰਗਾਂ ਮੌਕੇ 'ਤੇ ਹੀ ਮੰਨ ਲਈਆਂ ਗਈਆਂ।

## ਜ਼ਮੀਨ ਦਾ ਢੁਕਵਾਂ ਭਾਅ ਦੇਣ ਦੀ ਥਾਂ ਸਿਆਸਤ ਕਰ ਰਿਹੈ ਕੇਂਦਰ: ਉਗਰਾਹਾਂ

**ਮਾਨਸਾ:** ਕੇਂਦਰੀ ਮੰਤਰੀ ਨਿਤਿਨ ਗਡਕਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਰਾਜ ਦੇ ਅੱਠ ਸੜਕੀ ਪ੍ਰੋਜੈਕਟ ਰੱਦ ਕਰਨ ਦੀ ਦਿੱਤੀ ਚਿਤਾਵਨੀ ਮਗਰੋਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਕਿਹਾ ਕਿ ਕੇਂਦਰੀ ਹਕੂਮਤ ਵੱਲੋਂ ਪੰਜਾਬ ਅੰਦਰਲੇ ਸੜਕੀ ਪ੍ਰੋਜੈਕਟਾਂ ਦੇ ਮਸਲੇ ਬਾਰੇ ਕੀਤੀ ਜਾ ਰਹੀ ਕਾਰਵਾਈ ਗ਼ਲਤ ਹੈ।

ਜਥੇਬੰਦੀ ਨੇ ਕਿਹਾ ਕਿ ਸੜਕੀ ਪ੍ਰੋਜੈਕਟਾਂ ਲਈ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਦਾ ਮਾਰਕੀਟ ਦੇ ਹਿਸਾਬ ਨਾਲ ਢੁਕਵਾਂ ਭਾਅ ਨਾ ਦਿੱਤੇ ਜਾਣ ਕਾਰਨ ਕਿਸਾਨ ਜਬਰੀ ਜ਼ਮੀਨਾਂ ਗ੍ਰਹਿਣ ਕਰਨ ਦਾ ਵਿਰੋਧ ਕਰ ਰਹੇ ਹਨ ਅਤੇ ਹਮੇਸ਼ਾ ਵਾਂਗ ਸਰਕਾਰ ਆਪਣੀ ਮਨਚਾਹੀ ਵਿਉਂਤ ਜਬਰੀ ਠੋਸਣ ਵਾਸਤੇ ਇਸ ਨੂੰ ਵਿਕਾਸ ਵਿਚ ਅੜਿੱਕਾ ਬਣਾ ਕੇ ਪੇਸ਼ ਕਰ ਰਹੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਕਿਸਾਨਾਂ ਨੂੰ ਬਣਦੀ ਕੀਮਤ ਦੇ ਕੇ ਮਸਲਾ ਹੱਲ ਕਰਨ ਦੀ ਥਾਂ ਮੋਦੀ ਸਰਕਾਰ ਇਸ ਨੂੰ ਪੰਜਾਬ ਸਰਕਾਰ



ਨਾਲ ਆਪਣੀ ਸ਼ਰੀਕੇਬਾਜ਼ੀ ਵਾਲੀ ਸਿਆਸੀ ਖੇਡ ਲਈ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਸੜਕਾਂ ਕਦੇ ਵੀ ਪੰਜਾਬ ਦੇ ਲੋਕਾਂ ਦੀ ਮੰਗ ਨਹੀਂ ਸੀ। ਇਹ ਸੜਕਾਂ ਪੰਜਾਬ ਦੇ ਲੋਕਾਂ 'ਤੇ ਠੋਸੀਆਂ ਜਾ ਰਹੀਆਂ ਹਨ, ਜਦੋਂ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਕੀਤੀ ਜਾ ਰਹੀ ਐਮ.ਐਸ.ਪੀ. 'ਤੇ ਗਾਰੰਟੀ ਕਾਨੂੰਨ ਦੀ ਮੰਗ ਨੂੰ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਅਤੇ ਉਸ ਲਈ ਬਜਟ ਨਾ ਹੋਣ ਦੇ ਬਹਾਨੇ ਘੜੇ ਜਾ ਰਹੇ ਹਨ।

## ਨਸ਼ਾ ਤਸਕਰ ਨੂੰ ਡਿਬਰੂਗੜ੍ਹ ਜੇਲ੍ਹ ਭੇਜਣ 'ਤੇ ਚੁੱਕੇ ਸਵਾਲ

**ਲੁਧਿਆਣਾ:** ਡਿਬਰੂਗੜ੍ਹ ਜੇਲ੍ਹ ਵਿਚ ਬੰਦ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਉਨ੍ਹਾਂ ਦੇ ਸਮਰਥਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦੀ ਤਿਆਰੀ ਕਰ ਰਹੇ ਹਨ। ਸਾਲ 2011 ਤੋਂ ਬਾਅਦ ਐਸ.ਜੀ.ਪੀ.ਸੀ. ਚੋਣਾਂ ਨਹੀਂ ਹੋਈਆਂ।

ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਥੇ ਜਲੰਧਰ ਬਾਈਪਾਸ 'ਤੇ ਸਥਿਤ ਇਕ ਪੈਲੇਸ 'ਚ ਸਿੱਖ ਜਥੇਬੰਦੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਕ ਯੋਜਨਾ ਤਹਿਤ ਇਕ ਨਸ਼ਾ ਤਸਕਰ ਨੂੰ ਡਿਬਰੂਗੜ੍ਹ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਹੈ। ਜੇ ਉਥੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨਾਲ ਜੇਲ੍ਹ ਵਿਚ ਕੋਈ



ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਲੜਨਗੇ ਅਤੇ ਉਨ੍ਹਾਂ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਆਪਣੀ ਵੋਟ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਸਿੱਖ ਆਪਣੀ ਵੋਟ ਪਾਉਣ। ਤਰਸੇਮ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਇਕ ਦੇਸ਼ ਵਿਚ ਦੋ ਕਾਨੂੰਨ ਚਲਾ ਰਹੀ ਹੈ। ਡੇਰਾ ਮੁਖੀ ਨੂੰ ਕੁਝ ਸਮੇਂ ਬਾਅਦ 21 ਦਿਨਾਂ ਦੀ ਪੈਰੋਲ ਦਿੱਤੀ ਜਾ ਰਹੀ ਹੈ ਪਰ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਸਭ ਤੋਂ ਵੱਧ ਵੋਟਾਂ ਨਾਲ ਲੋਕ ਸਭਾ ਚੋਣ ਜਿੱਤੇ ਹਨ ਪਰ ਸਰਕਾਰ ਅੰਮ੍ਰਿਤਪਾਲ ਦੀ ਰਿਹਾਈ ਲਈ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਪੁੱਤਰ ਨੂੰ ਜਲਦੀ ਰਿਹਾਅ ਕੀਤਾ ਜਾਵੇ।

## ਜ਼ਿਮਨੀ ਚੋਣਾਂ ਟਲਣ ਮਗਰੋਂ 'ਆਪ' ਨੂੰ ਸੁੱਖ ਦਾ ਸਾਹ ਆਇਆ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਕਰਾਏ ਜਾਣ ਨੂੰ ਫ਼ਿਲਹਾਲ ਟਾਲ ਦਿੱਤਾ ਹੈ ਜਿਸ ਕਾਰਨ 'ਆਪ' ਸਰਕਾਰ ਨੇ ਸੁੱਖ ਦਾ ਸਾਹ ਲਿਆ ਹੈ। ਯਾਦ ਰਹੇ ਕਿ ਸਰਕਾਰ ਨੇ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਦੇ ਐਲਾਨ ਦੇ ਡਰੋਂ ਹੱਥੋ ਹੱਥ ਅਧਿਕਾਰੀਆਂ ਦੇ ਤਬਾਦਲੇ ਕਰ ਦਿੱਤੇ ਸਨ। ਉਮੀਦ ਕੀਤੀ ਜਾ ਰਹੀ ਸੀ ਕਿ ਭਾਰਤੀ ਚੋਣ ਕਮਿਸ਼ਨ ਹਰਿਆਣਾ ਚੋਣਾਂ ਦੇ ਨਾਲ ਹੀ ਪੰਜਾਬ ਦੀਆਂ ਚਾਰੇ ਸੀਟਾਂ 'ਤੇ ਜ਼ਿਮਨੀ ਚੋਣ ਵੀ ਕਰਾਏਗਾ।

ਚੋਣ ਕਮਿਸ਼ਨ ਨੇ ਕਿਹਾ ਹੈ ਕਿ ਹਰਿਆਣਾ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਦੀਆਂ ਚੋਣਾਂ ਮਗਰੋਂ ਦੇਸ਼ ਭਰ ਵਿਚ 47 ਸੀਟਾਂ 'ਤੇ ਉਪ ਚੋਣ ਕਰਾਈ ਜਾਵੇਗੀ। ਪੰਜਾਬ 'ਚ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਦਾ ਐਲਾਨ ਟਲਣ ਨਾਲ ਹੁਣ ਸੂਬਾ ਸਰਕਾਰ ਦੇ ਹੱਥ ਇਕ ਮੌਕਾ ਲੱਗ ਗਿਆ ਹੈ। ਪੰਜਾਬ ਵਿਚ ਜ਼ਿਮਨੀ ਚੋਣਾਂ 'ਚ ਜਾਣ ਤੋਂ ਪਹਿਲਾਂ ਸੂਬਾ ਸਰਕਾਰ ਹਲਕਾ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਵਿਚ ਵਿਕਾਸ ਕੰਮ ਕਰਾਉਣਾ ਚਾਹੁੰਦੀ ਹੈ। ਦੱਸਣਯੋਗ ਹੈ ਕਿ ਸੰਸਦ ਮੈਂਬਰ ਚੁਣੇ ਜਾਣ ਮਗਰੋਂ ਉਪਰੋਕਤ ਚਾਰ ਸੀਟਾਂ ਖ਼ਾਲੀ ਹੋਈਆਂ ਹਨ। ਹੁਣ ਇਨ੍ਹਾਂ ਸੀਟਾਂ ਤੋਂ ਟਿਕਟ ਲੈਣ ਵਾਸਤੇ ਵੀ ਚਾਹਵਾਨਾਂ ਨੇ ਜੋੜ ਤੋੜ ਲਾਉਣੇ ਸ਼ੁਰੂ ਕਰ ਦਿੱਤੇ ਹਨ।

## ਚਾਹ ਵਾਲੇ ਤੋਂ ਕਰੋੜਪਤੀ ਬਣਿਆ ਨਸ਼ਾ ਤਸਕਰ ਹੱਥੇ ਚੜ੍ਹਿਆ

**ਚੰਡੀਗੜ੍ਹ:** ਤਿੰਨ ਸਾਲਾਂ 'ਚ ਚਾਹ ਵੇਚਣ ਵਾਲੇ ਤੋਂ 100 ਕਰੋੜ ਦੀ ਜਾਇਦਾਦ ਦੇ ਮਾਲਕ ਬਣੇ ਲੁਧਿਆਣਾ ਦੇ ਨਸ਼ਾ ਤਸਕਰ ਅਕਸ਼ੈ ਛਾਬੜਾ ਦੀਆਂ ਤਸਕਰੀ ਸਬੰਧੀ ਸਰਗਰਮੀਆਂ ਰੋਕਣ ਲਈ ਉਸ ਨੂੰ ਇਕ ਸਹਿਯੋਗੀ ਸਣੇ ਇਕ ਸਾਲ ਲਈ ਅਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਭੇਜਿਆ ਗਿਆ ਹੈ। ਕਲਮ ਦੇ ਇਕ ਝਟਕੇ ਨੇ ਹੀ ਅਕਸ਼ੈ ਵੱਲੋਂ ਇੰਨੇ ਘੱਟ ਸਮੇਂ 'ਚ ਬਣਾਈ ਵੱਡੀ ਜਾਇਦਾਦ, ਗਲਤ ਤਰੀਕੇ ਨਾਲ ਕਮਾਏ ਪੈਸੇ, ਲੁਧਿਆਣਾ ਦੇ ਰਸੂਖਦਾਰ ਵਿਅਕਤੀਆਂ ਨਾਲ ਮੇਲਜੋਲ ਤੋਂ ਇਲਾਵਾ ਉਸ ਦਾ ਸਮਾਜਿਕ ਰੁਤਬਾ ਵੀ ਖੋਹ ਲਿਆ ਹੈ, ਜੋ ਕਿ ਨਸ਼ਾ ਤਸਕਰਾਂ ਲਈ ਇਕ ਵੱਡਾ ਸਬਕ ਹੈ। ਉਸ ਦੀ ਸਾਰੀ ਜਾਇਦਾਦ ਅਤੇ ਕਈ ਵਾਹਨਾਂ ਨੂੰ ਨਿਲਾਮ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ।

ਐਨ.ਸੀ.ਬੀ. ਨੇ ਇਨ੍ਹਾਂ ਦੋਵਾਂ ਨੂੰ ਪੀ.ਆਈ.ਟੀ-ਐਨ.ਡੀ.ਪੀ.ਐਸ. ਤਹਿਤ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾਕ੍ਰਮ ਐਨ.ਸੀ.ਬੀ. ਵੱਲੋਂ ਤਸਕਰ ਬਲਵਿੰਦਰ ਸਿੰਘ ਉਰਫ਼ ਬਿੱਲਾ ਹਵੇਲੀਆਂ ਨੂੰ ਹਿਰਾਸਤ 'ਚ ਲੈਣ ਦੇ ਚਾਰ ਦਿਨ ਬਾਅਦ ਸਾਹਮਣੇ ਆਇਆ ਹੈ। ਅਕਸ਼ੈ ਛਾਬੜਾ ਉੱਤੇ ਕੌਮਾਂਤਰੀ ਨਸ਼ਾ ਤਸਕਰੀ ਸਿੰਡੀਕੇਟ ਚਲਾਉਣ ਅਤੇ ਪੰਜਾਬ ਦੇ ਅਟਾਰੀ ਸਥਿਤ ਆਈ.ਸੀ.ਪੀ, ਗੁਜਰਾਤ ਦੀ ਮੁੰਦਰਾ ਬੰਦਰਗਾਹ ਅਤੇ ਜੰਮੂ-ਕਸ਼ਮੀਰ ਤੋਂ ਲਗਪਗ 1,400 ਕਿੱਲੋ ਹੈਰੋਇਨ ਦੀ ਤਸਕਰੀ ਕਰਨ ਦਾ ਦੋਸ਼ ਹੈ। ਇਹ ਗਰੋਹ ਅਫ਼ਗਾਨਿਸਤਾਨ ਤੋਂ ਦਰਾਮਦ ਟਮਾਟਰਾਂ ਦੀ ਚਟਣੀ ਵਾਲੇ ਕੈਨਾਂ ਅਤੇ ਅਨਾਰ ਦੇ ਜੂਸ ਵਾਲੀਆਂ ਬੋਤਲਾਂ ਰਾਹੀਂ ਹੈਰੋਇਨ ਮੰਗਵਾਉਂਦੇ ਸਨ, ਜਿਨ੍ਹਾਂ ਦੀ ਦਰਾਮਦ ਭਾਰਤੀ ਵਪਾਰੀਆਂ ਵੱਲੋਂ ਇਰਾਨ ਰਸਤੇ ਕੀਤੀ ਜਾਂਦੀ ਸੀ। ਦੱਸਣਯੋਗ ਹੈ ਕਿ ਛਾਬੜਾ ਪਹਿਲਾਂ ਅਨਾਜ ਮੰਡੀ 'ਚ ਖੋਖਾ ਚਲਾਉਂਦਾ ਸੀ ਜਿੱਥੇ ਉਹ ਆਪਣੇ ਮਾਪਿਆਂ ਨਾਲ ਚਾਹ ਤੇ ਸਨੈਕਸ ਵੇਚਦਾ ਸੀ। ਇਸ ਦੌਰਾਨ ਉਹ ਕੁਝ ਨਸ਼ਾ ਤਸਕਰਾਂ ਦੇ ਸੰਪਰਕ 'ਚ ਆਇਆ ਤੇ ਉਸ ਦੀ ਕਮਾਈ ਅਚਾਨਕ ਵਧ ਗਈ। ਛਾਬੜਾ ਦੇ ਸਹਿਯੋਗੀ ਜਸਪਾਲ ਸਿੰਘ ਉਰਫ਼ ਗੋਲਡੀ ਜੋ ਕਿ ਤਰਖਾਣ ਹੈ, ਨੂੰ ਵੀ ਉਸ ਨਾਲ ਹਿਰਾਸਤ ਭੇਜਿਆ ਗਿਆ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਜਸਪਾਲ ਛਾਬੜਾ ਘਰਾਂ ਤੇ ਵਪਾਰਕ ਟਿਕਾਣਿਆਂ 'ਤੇ ਲੁਕਵੀਆਂ ਥਾਵਾਂ, ਅਲਮਾਰੀਆਂ ਤੇ ਹੋਰ ਟਿਕਾਣੇ ਤਿਆਰ ਕਰਦਾ ਸੀ, ਜਿਨ੍ਹਾਂ ਨੂੰ ਦੇਖ ਕੇ ਜਾਂਚ ਅਧਿਕਾਰੀ ਵੀ ਹੈਰਾਨ ਰਹਿ ਗਏ ਸਨ।

## ਪੰਜਾਬ ਦੇ ਮੁੱਖ ਮੰਤਰੀ 19 ਓਲੰਪਿਕ ਖਿਡਾਰੀਆਂ ਦਾ ਸਨਮਾਨ ਕੀਤਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੈਰਿਸ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਵਾਲੇ ਪੰਜਾਬ ਦੇ 19 ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਮੁੱਖ ਮੰਤਰੀ ਵੱਲੋਂ ਓਲੰਪਿਕ ਖੇਡਾਂ ਵਿਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੇ ਪੰਜਾਬ ਨਾਲ ਸਬੰਧਤ 8 ਖਿਡਾਰੀਆਂ ਨੂੰ ਇਕ-ਇਕ ਕਰੋੜ ਰੁਪਏ ਜਦੋਂ ਕਿ ਹਾਕੀ ਦੇ ਦੋ ਰਾਖਵੇਂ ਖਿਡਾਰੀਆਂ ਸਣੇ ਸ਼ੂਟਿੰਗ, ਅਥਲੈਟਿਕਸ ਤੇ ਗੋਲਫ਼ ਦੇ 11 ਹੋਰਨਾਂ ਖਿਡਾਰੀਆਂ ਨੂੰ 15-15



ਲੱਖ ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ 'ਚੋਂ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਖੇਡ ਸੱਭਿਆਚਾਰ ਨੂੰ ਵਿਕਸਿਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਓਲੰਪਿਕ ਜੇਤੂ ਖਿਡਾਰੀਆਂ ਨੂੰ ਨਸ਼ਿਆਂ ਵਿਰੁੱਧ ਜੰਗ ਵਿਚ ਬ੍ਰਾਂਡ ਅੰਬੈਸਡਰ ਬਣਾਇਆ ਜਾਵੇਗਾ, ਜਿਸ ਨਾਲ ਨੌਜਵਾਨਾਂ ਨੂੰ ਨਸ਼ੇ ਛੱਡ ਕੇ ਖੇਡਾਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਤਰ੍ਹਾਂ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪੰਜਾਬ ਤੇ ਦੇਸ਼ ਦਾ ਨਾਮ ਕੁੱਲ ਆਲਮ ਵਿਚ ਰੌਸ਼ਨ ਕਰਨਗੇ।

ਮੁੱਖ ਮੰਤਰੀ ਨੇ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਮਨਦੀਪ ਸਿੰਘ, ਸ਼ਮਸ਼ੇਰ ਸਿੰਘ, ਜਰਮਨਪ੍ਰੀਤ ਸਿੰਘ ਤੇ ਸੁਖਜੀਤ ਸਿੰਘ ਨੂੰ ਇਕ-ਇਕ ਕਰੋੜ ਰੁਪਏ ਦੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸੇ ਤਰ੍ਹਾਂ ਹਾਕੀ ਦੇ ਰਿਜ਼ਰਵ ਖਿਡਾਰੀ ਜੁਗਰਾਜ ਸਿੰਘ ਤੇ ਕ੍ਰਿਸ਼ਨ ਬਹਾਦੁਰ ਪਾਠਕ, ਸ਼ੂਟਿੰਗ ਦੀ ਅੰਜੁਮ ਮੌਦਗਿਲ, ਸਿਫ਼ਤ ਕੌਰ ਸਮਰਾ, ਰਾਜੇਸ਼ਵਰੀ ਕੁਮਾਰੀ, ਅਰਜੁਨ ਬਬੂਟਾ, ਅਰਜੁਨ ਸਿੰਘ ਚੀਮਾ ਤੇ ਵਿਜੈ ਸਿੰਘ ਸਿੱਧੂ ਨੂੰ 15-15 ਲੱਖ ਰੁਪਏ ਦਿੱਤੇ। ਮੁੱਖ ਮੰਤਰੀ ਨੇ ਅਥਲੀਟ ਤਜਿੰਦਰ ਪਾਲ ਸਿੰਘ ਤੂਰ ਤੇ ਅਕਾਸ਼ਦੀਪ ਸਿੰਘ ਅਤੇ ਗੋਲਫ਼ਰ ਗਗਨਦੀਪ ਸਿੰਘ ਭੁੱਲਰ ਨੂੰ 15-15 ਲੱਖ ਰੁਪਏ ਨਾਲ ਸਨਮਾਨਿਤ ਕੀਤਾ।

ਪੰਜਾਬ ਟਾਈਮਜ਼

ਸ਼ਨਿਚਰਵਾਰ, 24 ਅਗਸਤ, 2024

# ਕੁੜੀਆਂ ਦੀ ਪਰਵਾਜ਼

ਕੋਲਕਾਤਾ ਵਾਲੀ ਜਬਰ-ਜਨਾਹ ਅਤੇ ਕਤਲ ਦੀ ਖਬਰ ਨੇ ਪੂਰੇ ਭਾਰਤ ਅੰਦਰ ਰੋਹ ਭਰ ਦਿੱਤਾ ਹੈ। ਕੁੜੀਆਂ ਅਤੇ ਔਰਤਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਖ਼ਿਲਾਫ ਪੂਰੇ ਮੁਲਕ ਵਿਚ ਰੋਸ ਵਿਖਾਵੇ ਹੋ ਰਹੇ ਹਨ। ਉਂਝ, ਇਸ ਪ੍ਰਸੰਗ ਵਿਚ ਗੌਰ ਕਰਨ ਵਾਲਾ ਮਸਲਾ ਇਹ ਹੈ ਕਿ ਅਜਿਹੀਆਂ ਘਟਨਾਵਾਂ ਤੋਂ ਬਾਅਦ ਸਰਕਾਰਾਂ ਵੀ ਬਥੇਰੇ ਐਲਾਨ ਕਰਦੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਅਜਿਹਾ ਕੁਝ ਨਹੀਂ ਕੀਤਾ ਜਾ ਰਿਹਾ ਜਿਸ ਦੀ ਭਾਰਤ ਵਰਗੇ ਮੁਲਕ ਨੂੰ ਜ਼ਰੂਰਤ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਨਿਰਭਯਾ ਜਬਰ-ਜਨਾਹ ਕੇਸ ਦੀ ਹੈ। ਇਹ ਘਟਨਾ ਦਿੱਲੀ ਵਿਚ 2012 ਵਿਚ ਹੋਈ ਸੀ। ਉਸ ਵਕਤ ਕੇਂਦਰ ਵਿਚ ਮਨਮੋਹਨ ਸਿੰਘ ਸਰਕਾਰ ਸੀ। 2013 ਵਿਚ ਤਤਕਾਲੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ 1000 ਕਰੋੜ ਰੁਪਏ ਦਾ ਨਿਰਭਯਾ ਫੰਡ ਕਾਇਮ ਕੀਤਾ ਸੀ। ਇਸ ਫੰਡ ਦਾ ਮਕਸਦ ਮੁਲਕ ਭਰ ਵਿਚ ਅਜਿਹੇ ਕੇਂਦਰ ਬਣਾਉਣੇ ਸਨ ਜਿਨ੍ਹਾਂ ਨੇ ਅਜਿਹੀ ਘਟਨਾਵਾਂ ਰੋਕਣ ਲਈ ਬੁਨਿਆਦਾਂ ਤਿਆਰ ਕਰਨੀਆਂ ਸਨ ਪਰ ਇਹ ਫੰਡ ਵਰਤਿਆ ਹੀ ਨਹੀਂ ਗਿਆ। 2014 ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਕੁੜੀਆਂ ਅਤੇ ਔਰਤਾਂ ਦੀ ਸੁਰੱਖਿਆ ਨੂੰ ਚੋਣ ਮੁੱਦਾ ਬਣਾਇਆ ਸੀ। ਹਰਿਆਣਾ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਤੋਂ ਬਾਅਦ ਬੱਚੀਆਂ ਲਈ ਵਿਸ਼ੇਸ਼ ਮੁਹਿੰਮ 'ਬੇਟੀ ਬਚਾਓ, ਬੇਟੀ ਪੜ੍ਹਾਓ' ਸ਼ੁਰੂ ਕੀਤੀ। ਇਸ ਮੁਹਿੰਮ ਦਾ ਆਧਾਰ ਤਾਂ ਭਾਵੇਂ ਹਰਿਆਣਾ ਵਿਚ ਘਟ ਰਹੀ ਕੁੜੀਆਂ ਦੀ ਸੰਖਿਆ ਸੀ ਪਰ ਇਸ ਨੂੰ ਔਰਤਾਂ ਦੀ ਸੁਰੱਖਿਆ ਵਜੋਂ ਵੀ ਪ੍ਰਚਾਰਿਆ ਗਿਆ। ਇਹ ਗੱਲ ਵੱਖਰੀ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਜਿੰਨੀ ਬੇਹੁਰਮਤੀ ਬੱਚੀਆਂ ਦੀ ਕੀਤੀ, ਉਹ ਕਿਸੇ ਨੇ ਨਹੀਂ ਕੀਤਾ। ਉਤਰ ਪ੍ਰਦੇਸ਼ ਜਿੱਥੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ, ਵਿਚ ਅਜਿਹੇ ਕੇਸ ਵਾਰ-ਵਾਰ ਸਾਹਮਣੇ ਆਏ ਜਿਸ ਵਿਚ ਸੱਤਾਧਾਰੀਆਂ ਨੇ ਬੱਚੀਆਂ ਨਾਲ ਵਧੀਕੀਆਂ ਕਰਨ ਵਾਲੇ ਰਸੂਖਵਾਨ ਸਿਆਸੀ ਲੀਡਰਾਂ ਦਾ ਸਦਾ ਬਚਾਓ ਕੀਤਾ। ਪਹਿਲਵਾਨ ਕੁੜੀਆਂ ਨਾਲ ਭਾਰਤੀ ਜਨਤਾ ਪਾਰਟੀ ਨੇ ਜੋ ਕੁਝ ਕੀਤਾ, ਉਹ ਭੁਲਾਇਆਂ ਵੀ ਨਹੀਂ ਭੁਲਾਇਆ ਜਾ ਸਕੇਗਾ।

ਭਲਵਾਨ ਕੁੜੀਆਂ ਨੇ ਭਾਰਤੀ ਜਨਤਾ ਪਾਰਟੀ ਦੇ ਤਤਕਾਲੀ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਣ ਸਰਨ ਸਿੰਘ ਉਤੇ ਪਹਿਲਵਾਨ ਕੁੜੀਆਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਪਰ ਨਾ ਮੋਦੀ ਸਰਕਾਰ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਨੇ ਉਸ ਖ਼ਿਲਾਫ ਕੁਝ ਕੀਤਾ ਸਗੋਂ ਉਸ ਦਾ ਬਚਾਅ ਹੀ ਕੀਤਾ; ਇਹੀ ਨਹੀਂ, ਇਸ ਸ਼ਖਸ ਖ਼ਿਲਾਫ ਕਾਰਵਾਈ ਲਈ ਜੂਝ ਰਹੀਆਂ ਕੁੜੀਆਂ ਨੂੰ ਸੜਕਾਂ ਉਤੇ ਘੜੀਸਿਆ ਗਿਆ। ਜੂਝਣ ਵਾਲੀਆਂ ਇਨ੍ਹਾਂ ਪਹਿਲਵਾਨਾਂ ਵਿਚ ਸ਼ਾਖਸੀ ਮਲਿਕ ਅਤੇ ਵਿਨੇਸ਼ ਫੋਗਾਟ ਸ਼ਾਮਿਲ ਹਨ ਪਰ ਮੋਦੀ ਸਰਕਾਰ ਨੇ ਇਨ੍ਹਾਂ ਦੀ ਇਕ ਨਾ ਸੁਣੀ। ਵਿਨੇਸ਼ ਨੂੰ ਓਲੰਪਿਕ ਲਈ ਉਸ ਦੇ 53 ਕਿਲੋ ਵਰਗ ਵਿਚ ਜਾਣ-ਬੁਝ ਕੇ ਖਿਡਾਇਆ ਨਹੀਂ ਸਗੋਂ ਉਸ ਨੂੰ 50 ਕਿਲੋ ਵਰਗ ਵਿਚ ਵਿਚ ਖੇਡਣ ਲਈ ਮਜਬੂਰ ਕੀਤਾ। ਮਗਰੋਂ ਜੋ ਕੁਝ ਵੀ ਹੋਇਆ, ਉਹ ਹੁਣ ਇਤਿਹਾਸ ਦਾ ਹਿੱਸਾ ਹੈ ਅਤੇ ਸਰਕਾਰ ਦੀ ਵਧੀਕੀ ਅਤੇ ਢਿੱਲ ਕਾਰਨ ਵਿਨੇਸ਼ ਫੋਗਾਟ ਵਧੀਆ ਖੇਡ ਦੇ ਬਾਵਜੂਦ ਬਿਨਾਂ ਤਗਮਾ ਜਿੱਤੇ ਵਾਪਸ ਆ ਗਈ। ਉਂਝ, ਮੁਲਕ ਵਾਪਸੀ 'ਤੇ ਉਸ ਦਾ ਜਿਸ ਢੰਗ ਨਾਲ ਸਵਾਗਤ ਹੋਇਆ, ਉਸ ਤੋਂ ਜਾਪ ਰਿਹਾ ਸੀ ਕਿ ਇਹ ਖਿਡਾਰੀ ਦਾ ਮਾਣ ਘੱਟ ਸਗੋਂ ਉਸ ਅੰਦਰਲੀ ਜੁਝਾਰੂ ਔਰਤ ਦਾ ਮਾਣ-ਸਨਮਾਨ ਵਧੇਰੇ ਹੈ। ਵਿਨੇਸ਼ ਨੇ ਉਸ ਵਕਤ ਵੀ ਪਿਛਾਂਹ ਹਟਣ ਤੋਂ ਇਨਕਾਰ ਕਰ ਦਿੱਤਾ ਸੀ ਜਦੋਂ ਸਭ ਨੂੰ ਲੱਗ ਰਿਹਾ ਸੀ ਕਿ ਇਸ ਨਾਲ ਉਸ ਦਾ ਕੁਸ਼ਤੀ ਕਰੀਅਰ ਦਾਅ 'ਤੇ ਲੱਗ ਜਾਵੇਗਾ। ਵੱਡੇ ਤੋਂ ਵੱਡੇ ਟੂਰਨਾਮੈਂਟਾਂ ਵਿਚ ਜਿੱਤ-ਹਾਰ ਦਾ ਸਿਲਸਿਲਾ ਤਾਂ ਚੱਲਦਾ ਰਹਿੰਦਾ ਹੈ ਪਰ ਉਹ ਪਹਿਲਵਾਨ ਕੁੜੀਆਂ ਦੀ ਲੜਾਈ ਨੂੰ ਜਿਸ ਹੱਦ ਤੱਕ ਲੈ ਗਈ, ਉਸ ਨੇ ਪੂਰੇ ਮੁਲਕ ਵਿਚ ਉਸ ਦੇ ਪ੍ਰਸ਼ੰਸਕ ਪੈਦਾ ਕਰ ਦਿੱਤੇ ਅਤੇ ਜਦ ਉਸ ਨੇ ਓਲੰਪਿਕ ਵਿਚ ਮੈਚ-ਦਰ-ਮੈਚ ਜਿੱਤਦੀ ਨੇ ਇਤਿਹਾਸ ਬਣਾਇਆ ਤਾਂ ਚਾਰੇ ਪਾਸੇ ਉਸ ਦੇ ਹੱਕ ਵਿਚ ਮੁਹਿੰਮਾਂ ਚੱਲ ਪਈਆਂ ਅਤੇ ਜਦੋਂ ਭਾਰ ਵਾਲੇ ਮਾਮਲੇ ਵਿਚ ਉਸ ਨੂੰ ਟੂਰਨਾਮੈਂਟ ਵਿਚੋਂ ਬਾਹਰ ਕੀਤਾ ਗਿਆ ਤਾਂ ਲੋਕਾਂ ਦੀਆਂ ਹਮਦਰਦੀਆਂ ਹੜ੍ਹ ਵਾਂਗ ਚੜ੍ਹ ਆਈਆਂ।

ਜ਼ਾਹਿਰ ਹੈ ਕਿ ਵਿਨੇਸ਼ ਫੋਗਾਟ ਦੀ ਵੁਕਅਤ ਸਿਰਫ ਖਿਡਾਰੀ ਹੋਣ ਕਰ ਕੇ ਨਹੀਂ, ਉਹ ਅਸਲ ਵਿਚ ਕੁੜੀਆਂ ਨਾਲ ਹੋ ਰਹੀਆਂ ਜ਼ਿਆਦਤੀਆਂ ਖ਼ਿਲਾਫ ਜਿਸ ਤਰ੍ਹਾਂ ਕੇਂਦਰ ਸਰਕਾਰ ਖ਼ਿਲਾਫ ਡਟ ਗਈ, ਉਸ ਨੇ ਉਸ ਨੂੰ ਕਰੋੜਾਂ ਭਾਰਤੀਆਂ ਦੀ ਅੱਖ ਦਾ ਤਾਰਾ ਬਣਾ ਦਿੱਤਾ। ਉਂਝ ਵੀ ਜੇਕਰ ਹਾਲੀਆ ਘਟਨਾਵਾਂ ਦੀਆਂ ਤਹਿਆਂ ਫਰੋਲੀਆਂ ਜਾਣ ਤਾਂ ਸਾਬਤ ਹੁੰਦਾ ਹੈ ਕਿ ਅਜਿਹੇ ਸੰਘਰਸ਼ ਇਤਿਹਾਸ ਦਾ ਮੁਹਾਣ ਮੋੜਨ ਵਿਚ ਅਹਿਮ ਯੋਗਦਾਨ ਪਾਉਂਦੇ ਹਨ। ਇਸ ਦੀ ਸਭ ਤੋਂ ਵੱਡੀ ਮਿਸਾਲ ਤਾਂ ਪਿੱਛੇ ਜਿਹੇ ਚੱਲੇ ਮਿਸਾਲੀ ਕਿਸਾਨ ਅੰਦੋਲਨ ਦੀ ਹੈ। ਇਸ ਅੰਦੋਲਨ ਨੇ ਬਾਕਾਇਦਾ ਸਾਬਿਤ ਕਰ ਦਿੱਤਾ ਕਿ ਜ਼ਾਲਮ ਤਾਨਾਸ਼ਾਹਾਂ ਦੀਆਂ ਗੋਡਣੀਆਂ ਲੁਆਈਆਂ ਜਾ ਸਕਦੀਆਂ ਹਨ। ਹੁਣ ਸਵਾਲ ਹੈ: ਕੀ ਹਰ ਇਕ ਮੁੱਦੇ 'ਤੇ ਵਾਰ-ਵਾਰ ਲੜਾਈਆਂ ਲੜਨੀਆਂ ਪੈਣਗੀਆਂ? ਇਸ ਦਾ ਜਵਾਬ 'ਹਾਂ' ਵਿਚ ਹੀ ਹੈ ਕਿਉਂਕਿ ਭਾਰਤ ਦੀ ਸਿਆਸੀ ਜਮਾਤ ਇੰਨੀ ਭ੍ਰਿਸ਼ਟ ਅਤੇ ਲੋਕ ਵਿਰੋਧੀ ਹੋ ਗਈ ਹੈ ਕਿ ਇਸ ਨੂੰ ਪੈਰ-ਪੈਰ 'ਤੇ ਅਜਿਹੀਆਂ ਲੜਾਈਆਂ ਦੇਣੀਆਂ ਪੈਣਗੀਆਂ, ਨਹੀਂ ਤਾਂ ਇਹ ਸਿਆਸੀ ਜਮਾਤ ਹਰ ਮਸਲੇ ਨੂੰ ਆਪਣੇ ਹੱਕ ਵਿਚ ਭੁਗਤਾਉਂਦੀ ਰਹੇਗੀ ਅਤੇ ਇਉਂ ਪਰਨਾਲਾ ਉਥੇ ਦਾ ਉਥੇ ਰਹੇਗਾ। ਕੋਲਕਾਤਾ ਵਾਲੀ ਘਟਨਾ ਤੋਂ ਬਾਅਦ ਹਰ ਰੰਗ ਦੀ ਸਿਆਸੀ ਜਮਾਤ ਇਸ ਘਟਨਾ ਤੋਂ ਲਾਹਾ ਲੈਣ ਲਈ ਇਕਦਮ ਸਰਗਰਮ ਹੋ ਗਈ ਹੈ। ਇਸ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਸਭ ਤੋਂ ਅਗਾਂਹ ਹੈ ਜਿਸ ਨੇ ਵਿਨੇਸ਼ ਫੋਗਾਟ ਨੂੰ ਲੀਹੋਂ ਲਾਹੁਣ ਅਤੇ ਜਿਨਸੀ ਸ਼ੋਸ਼ਣ ਵਾਲੇ ਕਈ ਮਾਮਲਿਆਂ ਵਿਚ ਰੱਜ ਕੇ ਆਪਣੀ ਤਾਕਤ ਦੀ ਦੁਰਵਰਤੋਂ ਕੀਤੀ। ਇਸ ਲਈ ਹੁਣ ਲੋਕਾਂ ਨੂੰ ਖੁਦ ਸੋਚਣਾ ਪਵੇਗਾ ਕਿ ਉਨ੍ਹਾਂ ਅਗਾਂਹ ਕੀ ਰੁਖ ਅਖਤਿਆਰ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਸੁੱਖੀ ਕਰ ਗਿਆ ਦੁਖੀ

ਛਾ.ਲਾਂ ਮਾਰੀਆਂ 'ਬਾਗੀਆਂ' ਦਾਗੀਆਂ 'ਚੋਂ ਕੁੱਕੜ ਦਿਨ ਚੜ੍ਹੇ ਦਿੰਦਾ ਜਿਉਂ ਬਾਂਗ ਯਾਰੋ।
ਗੁੱਝੇ ਭੇਤ ਕਈ ਕਰ ਦਿੱਤੇ ਆ ਜੱਗ ਜ਼ਾਹਰ ਵਾਅਦਾ-ਮੁਆਫ ਗਵਾਹਾਂ ਦੇ ਵਾਂਗ ਯਾਰੋ।
ਨਾ.ਲ 'ਬਾਬੇ' ਦੇ ਯਾਰੀਆਂ ਉਘੜ ਆਈਆਂ ਜਿਸਨੇ ਰਚਿਆ ਸੀ ਗੁਰੂ ਦਾ ਸਵਾਂਗ ਯਾਰੋ।
ਥਾਂਹ ਨਰਮੀਂ ਦੇ ਚਾਹੁੰਦਾ ਹੁਣ ਪੰਥ ਸਾਰਾ ਗੁਨਾਹਗਾਰਾਂ ਦੇ ਫਿਰ ਜਾਵੇ 'ਡਾਂਗ' ਯਾਰੋ।
ਐਮ.ਐਲ.ਏ ਇਕ ਉੱਠਿਆ ਹੋਰ 'ਕਾਲੀ ਝੰਡਾ ਸਿੱਧਾ ਜਾ 'ਆਪ' ਵਿਚ ਗੱਡਿਆ ਈ।
ਬੈਠੇ ਸੱਥਾਂ ਵਿਚ ਲੋਕ ਇਉਂ ਹੱਸਦੇ ਐ ਦੇਖੋ 'ਸੁੱਖੇ' ਨੂੰ 'ਸੁੱਖੀ' ਨੇ ਛੱਡਿਆ ਈ !

# ਭਾਰਤੀ ਸਮਾਜ ਵਿਚ ਔਰਤਾਂ ਖਿਲਾਫ ਹਿੰਸਾ ਦੀ ਇੰਤਹਾ

**ਭਾਰਤ ਵਿਚ ਔਰਤਾਂ ਖਿਲਾਫ ਹਿੰਸਾ ਰੁਕ ਨਹੀਂ ਰਹੀ। ਇਸ ਦਾ ਵੱਡਾ ਕਾਰਨ ਹੈ ਕਿ ਸਿਆਸੀ ਜਮਾਤਾਂ ਅਜਿਹੇ ਮਾਮਲਿਆਂ ਨੂੰ ਰਫਾ-ਦਫਾ ਕਰਨ ਨੂੰਤ ਰਜੀਹ ਦਿੰਦੀਆਂ ਹਨ ਜਾਂ ਚੁੱਪ ਵੱਟ ਲੈਂਦੀਆਂ ਹਨ। ਇਸ ਬਾਰੇ ਚਰਚਾ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਲੇਖ ਵਿਚ ਕੀਤੀ ਹੈ।**

ਮੱਧ ਅਗਸਤ ਵਿਚ ਇਕ ਪਾਸੇ ਪੂਰਾ ਦੇਸ਼ ਆਜ਼ਾਦੀ ਦਿਵਸ ਦੇ ਜਸ਼ਨ ਮਨਾ ਰਿਹਾ ਹੈ, ਦੂਜੇ ਪਾਸੇ ਦੇਸ਼ ਭਰ ਦੇ ਡਾਕਟਰ ਤੇ ਮੈਡੀਕਲ ਸਟਾਫ ਕੋਲਕਾਤਾ ਬਲਾਤਕਾਰ/ਕਤਲ ਮਾਮਲੇ ਵਿਚ ਇਨਸਾਫ ਅਤੇ ਔਰਤ ਮੈਡੀਕਲ ਸਟਾਫ ਦੀ ਸੁਰੱਖਿਆ ਖਾਤਰ ਸੜਕਾਂ ਉਪਰ ਰੋਸ ਪ੍ਰਦਰਸ਼ਨ ਕਰ ਰਹੇ ਹਨ। 15 ਅਗਸਤ ਵਾਲੇ ਦਿਨ 78ਵੇਂ ਆਜ਼ਾਦੀ ਦਿਵਸ ਮੌਕੇ ਲਾਲ ਕਿਲੇ ਦੀ ਫਸੀਲ ਤੋਂ 97 ਮਿੰਟ ਲੰਮਾ ਭਾਸ਼ਣ ਦਿੰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਾਹਰਾਂ ਮਾਰਦਿਆਂ ਵੱਡੇ-ਵੱਡੇ ਦਾਅਵੇ ਕੀਤੇ ਪਰ ਅਗਲੇ ਹੀ ਦਿਨ ਦੇਸ਼ ਭਰ ਦੇ ਡਾਕਟਰਾਂ ਅਤੇ ਮੈਡੀਕਲ ਸਟਾਫ ਦੀ ਹੜਤਾਲ ਸਰਕਾਰ ਅੱਗੇ ਸਵਾਲ ਖੜ੍ਹੇ ਕਰ ਰਹੀ ਸੀ ਕਿ ਆਜ਼ਾਦੀ ਦੇ 78 ਸਾਲ ਬਾਅਦ ਵੀ ਇਸ ਦੇਸ਼ ਵਿਚ ਔਰਤਾਂ ਸੁਰੱਖਿਅਤ ਕਿਉਂ ਨਹੀਂ ਹਨ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

8 ਅਗਸਤ ਨੂੰ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ (ਕਲਕੱਤਾ) ਵਿਚਲੇ ਆਰ.ਜੀ. ਕਾਰ ਮੈਡੀਕਲ ਕਾਲਜ ਵਿਚ ਡਿਊਟੀ ਦੌਰਾਨ ਐਮ.ਡੀ. ਦੇ ਦੂਜੇ ਸਾਲ ਦੀ 31 ਸਾਲਾ ਡਾਕਟਰ ਨਾਲ ਬਲਾਤਕਾਰ ਕਰਨ ਬਾਅਦ ਕਤਲ ਕਰ ਦਿੱਤਾ ਗਿਆ। ਬਾਕੀ ਜੂਨੀਅਰ ਡਾਕਟਰਾਂ ਵਾਂਗ ਉਕਤ ਡਾਕਟਰ ਵੀ ਲੰਮੀ ਡਿਊਟੀ ਤੋਂ ਥੱਕੀ ਹੋਈ ਸੈਮੀਨਾਰ ਹਾਲ ਵਿਚ ਆਰਾਮ ਕਰਨ ਲਈ ਗਈ ਸੀ ਕਿ ਉਥੇ ਸਵੇਰੇ ਖੂਨ ਨਾਲ ਲੱਥਪੱਥ ਅੱਧ-ਨੰਗੀ ਲਾਸ਼ ਮਿਲੀ। ਸ਼ੁਰੂਆਤ ਵਿਚ ਹਸਪਤਾਲ ਪ੍ਰਸ਼ਾਸਨ ਨੇ ਮਾਮਲਾ ਦਬਾਉਣ ਦੀ ਕੋਸ਼ਿਸ਼ ਕੀਤੀ ਜਿਸ ਦੇ ਵਿਰੋਧ ਵਿਚ ਹਸਪਤਾਲ ਦੇ ਡਾਕਟਰ, ਸਿਖਿਆਰਥੀ ਸੜਕਾਂ ਉਪਰ ਆ ਗਏ। ਦੇਖਦਿਆਂ ਹੀ ਇਹ ਰੋਹ ਲੋਕ ਲਹਿਰ ਦਾ ਰੂਪ ਧਾਰ ਗਿਆ। ਜਨਤਕ ਦਬਾਅ ਹੇਠ ਲਾਸ਼ ਦਾ ਪੋਸਟਮਾਰਟਮ ਕਰ ਕੇ ਇਕ ਮੁਲਜ਼ਮ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ, ਪ੍ਰਿੰਸੀਪਲ ਸਮੇਤ ਕੁਝ ਅਮਲਾ ਮੁਅੱਤਲ ਕਰ ਦਿੱਤਾ। ਇਨ੍ਹਾਂ ਹੀ ਦਿਨਾਂ ਵਿਚ ਉਤਰਾਖੰਡ ਦੇ ਇਕ ਨਿੱਜੀ ਹਸਪਤਾਲ ਦੀ ਸਟਾਫ ਨਰਸ ਨਾਲ ਬਲਾਤਕਾਰ ਕਰਨ ਤੋਂ ਬਾਅਦ ਉਸ ਦੇ ਮੂੰਹ 'ਤੇ ਪੱਥਰ ਮਾਰ ਕੇ ਉਸ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਨ੍ਹਾਂ ਘਿਨਾਉਣੀਆਂ ਵਾਰਦਾਤਾਂ ਖਿਲਾਫ ਪੂਰੇ ਦੇਸ਼ ਵਿਚ ਲੋਕ ਰੋਹ ਫੈਲ ਚੁੱਕਾ ਹੈ ਤੇ 24 ਘੰਟੇ ਲੋਕਾਂ ਲਈ ਸੇਵਾਵਾਂ ਦੇਣ ਵਾਲੇ ਮੈਡੀਕਲ ਸਟਾਫ ਦੀ ਸੁਰੱਖਿਆ ਯਕੀਨੀ ਬਨਾਉਣ ਦੀ ਮੰਗ ਜ਼ੋਰ ਫੜ ਰਹੀ ਹੈ।

ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਅਗਵਾਈ ਹੇਠ ਮੈਡੀਕਲ ਸਟਾਫ ਹੜਤਾਲ ਕਰ ਕੇ ਰੋਸ ਪ੍ਰਦਰਸ਼ਨ ਕਰ ਰਿਹਾ ਹੈ। ਦੁਨੀਆ ਦੀ ਸਭ ਤੋਂ ਵੱਧ ਆਬਾਦੀ ਵਾਲਾ ਸਾਡਾ ਮੁਲਕ ਤਾਂ ਪਹਿਲਾਂ ਹੀ ਡਾਕਟਰਾਂ ਸਮੇਤ ਸਿਹਤ ਕਰਮਚਾਰੀਆਂ ਦੀ ਘਾਟ ਨਾਲ ਜੂਝ ਰਿਹਾ ਹੈ। ਹੜਤਾਲ ਕਾਰਨ ਪਿਛਲੇ ਦਿਨਾਂ ਤੋਂ ਓ.ਪੀ.ਡੀ. ਸੇਵਾਵਾਂ ਬੰਦ ਰਹਿਣ ਦੌਰਾਨ ਮਰੀਜ਼ਾਂ ਖਾਸਕਰ ਗਰੀਬ ਮਰੀਜ਼ਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪਿਆ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਮਰੀਜ਼ਾਂ ਦੀ ਖੱਜਲ-ਖੁਆਰੀ ਲਈ ਸਰਕਾਰ ਜ਼ਿੰਮੇਵਾਰ ਹੈ ਕਿਉਂਕਿ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਡਾਕਟਰਾਂ ਦੀਆਂ ਮੰਗਾਂ ਮੰਨਣ ਦਾ ਐਲਾਨ ਕਰ ਕੇ ਉਸਾਰੂ ਮਾਹੌਲ ਬਣਾਉਣ ਲਈ ਪਹਿਲਕਦਮੀ ਕਰਦੀ।

ਹੈਰਾਨੀਜਨਕ ਹੈ ਕਿ ਮੈਡੀਕਲ ਸਟਾਫ ਦੇ ਇਸ ਸੰਘਰਸ਼ ਦੀ ਹਮਾਇਤ ਵਿਚ ਭਾਜਪਾ, ਕਾਂਗਰਸ, ਤ੍ਰਿਣਮੂਲ ਕਾਂਗਰਸ ਸਮੇਤ ਸਾਰੀਆਂ ਹਾਕਮ ਜਮਾਤ ਧਿਰਾਂ ਕੁੱਦ ਚੁੱਕੀਆਂ ਹਨ ਜਦਕਿ ਤੱਥ ਇਹ ਹੈ ਕਿ ਭਾਜਪਾ, ਕਾਂਗਰਸ ਵਰਗੀਆਂ ਸਿਆਸੀ ਪਾਰਟੀਆਂ ਬਲਾਤਕਾਰੀਆਂ ਦੀ ਪੁਸ਼ਤਪੁਨਾਹੀ ਕਰਦੀਆਂ ਰਹੀਆਂ ਹਨ। ਭਾਰਤ ਵਿਚ ਘੱਟ ਗਿਣਤੀ ਭਾਈਚਾਰਿਆਂ ਖਿਲਾਫ ਬਲਾਤਕਾਰ ਨੂੰ ਘਟੀਆ ਹਥਿਆਰ ਵਜੋਂ ਵਰਤਿਆ ਜਾਂਦਾ ਰਿਹਾ ਹੈ; 1984 ਦੀ ਸਿੱਖ ਨਸਲਕੁਸ਼ੀ, 2002 ਵਿਚ ਗੁਜਰਾਤ ਅੰਦਰ ਮੁਸਲਮਾਨਾਂ ਦਾ ਕਤਲੇਆਮ ਅਤੇ ਕਸ਼ਮੀਰ, ਉਤਰ ਪੂਰਬੀ ਸੂਬੇ ਇਸ ਦੀਆਂ ਪ੍ਰਤੱਖ ਉਦਾਹਰਨਾਂ ਹਨ। ਦੇਸ਼ ਦੀ ਇਕ ਖਾਸ ਧਾਰਾ ਵੱਲੋਂ ਕਠੂਆ, ਉਨਾਓ ਵਿਚ ਵਾਪਰੀਆਂ ਦਰਿੰਦਗੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਿਸੇ ਤੋਂ ਭੁੱਲੀਆਂ ਨਹੀਂ। ਮਨੀਪੁਰ ਵਿਚ ਪਿਛਲੇ ਮਹੀਨਿਆਂ ਦੌਰਾਨ ਔਰਤਾਂ ਖਿਲਾਫ ਹੋਈਆਂ ਹਿੰਸਕ ਘਟਨਾਵਾਂ ਅਤੇ 'ਭੀੜ' ਵੱਲੋਂ ਔਰਤਾਂ ਦੀ ਨਗਨ ਪਰੇਡ ਕਿਸੇ ਤੋਂ ਭੁੱਲੀ ਨਹੀਂ ਹੈ।




ਸਾਡੇ ਲਈ ਉਹ ਕਾਰਨ ਚਿੰਨ੍ਹਤ ਕਰਨੇ ਜ਼ਰੂਰੀ ਹਨ ਜਿਨ੍ਹਾਂ ਕਰ ਕੇ ਔਰਤ ਡਾਕਟਰਾਂ ਉਪਰ ਲਗਾਤਾਰ ਹਮਲੇ ਹੋ ਰਹੇ ਹਨ। ਸਮਾਜ ਵਿਚ ਸਭ ਤੋਂ ਵੱਧ ਇੱਜ਼ਤ ਡਾਕਟਰਾਂ ਦੀ ਕੀਤੀ ਜਾਂਦੀ ਹੈ, ਸਮਾਜ ਦਾ ਇਕ ਹਿੱਸਾ ਡਾਕਟਰ ਨੂੰ 'ਰੱਬ ਦਾ ਰੂਪ' ਮੰਨਦਾ ਹੈ ਪਰ ਅਜਿਹੇ ਕਾਰਨ ਚਿੰਨ੍ਹਤ ਕਰਨੇ ਜ਼ਰੂਰੀ ਹਨ ਜਿਨ੍ਹਾਂ ਕਰ ਕੇ ਲੋਕਾਂ ਦੀਆਂ ਜਾਨਾਂ ਬਚਾਉਣ ਵਾਲੇ ਮੈਡੀਕਲ ਸਟਾਫ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਸਲ ਵਿਚ ਭਾਰਤ ਦਾ ਅਰਧ ਜਗੀਰੂ ਸਾਮਰਾਜੀ ਸਭਿਆਚਾਰ ਔਰਤ ਨੂੰ ਭੋਗ-ਵਿਲਾਸ ਦੀ ਵਸਤੂ ਵਜੋਂ ਚਿਤਵਦਾ ਹੈ। ਦੇਸ਼ ਦੀ 'ਸੱਤਾ' ਉਪਰ ਕਾਬਜ਼ ਰਹੀਆਂ ਧਿਰਾਂ ਨੇ ਕਦੇ ਵੀ ਅਜਿਹਾ ਸਭਿਆਚਾਰ ਸਿਰਜਣ ਦਾ ਯਤਨ ਨਹੀਂ ਕੀਤਾ ਜੋ ਔਰਤਾਂ ਨੂੰ ਬਰਾਬਰੀ ਦੇਣ ਵਾਲਾ ਹੋਵੇ ਬਲਕਿ ਹੁਕਮਰਾਨ ਪਾਰਟੀਆਂ ਦੀਆਂ ਨੀਤੀਆਂ ਨੇ ਔਰਤਾਂ ਖਿ.ਲਾਫ ਹਿੰਸਾ ਵਿਚ ਵਾਧਾ ਕੀਤਾ ਹੈ। ਇੱਥੇ ਫੈਲੀ ਅਤਿ ਦੀ ਬੇਰੁਜ਼ਗਾਰੀ, ਨਸ਼ੇ, ਨੌਜਵਾਨਾਂ ਦਾ ਅਨਿਸ਼ਚਤ ਭਵਿੱਖ ਅਤੇ ਰਾਜਨੀਤਕ ਪਾਰਟੀਆਂ ਵੱਲੋਂ ਨਿੱਜੀ ਹਿੱਤਾਂ ਦੀ ਪੂਰਤੀ ਲਈ ਗੁੰਡਿਆਂ ਦੀ ਪੁਸ਼ਤਪਨਾਹੀ ਸਮਾਜ ਵਿਚ ਜੁਰਮ ਨੂੰ ਵਧਾਉਂਦੇ ਹਨ। ਦੁਨੀਆ ਭਰ ਦਾ ਇਤਿਹਾਸ ਗਵਾਹ ਹੈ ਜਦੋਂ ਫਿਰਕੂ ਤਾਕਤਾਂ ਨੇ ਵਿਰੋਧੀਆਂ ਨੂੰ ਦਬਾਉਣ ਲਈ ਬਲਾਤਕਾਰ ਨੂੰ ਹਥਿਆਰ ਵਜੋਂ ਇਸਤੇਮਾਲ ਕੀਤਾ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਭਾਰਤ ਵਿਚ ਔਰਤਾਂ ਖਿਲਾਫ ਹਿੰਸਾ ਦੇ ਮਾਮਲੇ ਲਗਾਤਾਰ ਵਧ ਰਹੇ ਹਨ। 2012 ਦੇ ਆਸ-ਪਾਸ ਭਾਰਤ ਵਿਚ ਪੁਲਿਸ ਨੇ ਇੱਕ ਸਾਲ ਵਿਚ ਬਲਾਤਕਾਰ ਦੇ 25000 ਕੇਸ ਦਰਜ ਕੀਤੇ। 2016 ਵਿਚ ਇਹ ਗਿਣਤੀ 39000 ਤੱਕ ਪਹੁੰਚ ਗਈ। 2021 ਵਿਚ ਬਲਾਤਕਾਰ ਦੇ 31677 ਕੇਸ ਦਰਜ ਕੀਤੇ ਗਏ ਸਨ ਜੋ ਰੋਜ਼ਾਨਾ ਦੇ 86 ਮਾਮਲੇ ਬਣਦੇ ਹਨ। ਇੱਕ ਰਿਪੋਰਟ ਅਨੁਸਾਰ 2018 ਵਿਚ ਦੇਸ਼ ਭਰ ਵਿਚ ਹਰ 15 ਮਿੰਟ ਵਿਚ ਬਲਾਤਕਾਰ ਦੀ ਰਿਪੋਰਟ ਦਰਜ ਕੀਤੀ ਗਈ।

ਜਿਸ ਤਰ੍ਹਾਂ ਦਾ ਮਾਮਲਾ ਹੁਣ ਕੋਲਕਾਤਾ ਵਿਚ ਸਾਹਮਣੇ ਆਇਆ ਹੈ, ਇਸੇ ਤਰ੍ਹਾਂ ਦੀ ਘਟਨਾ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਵਾਪਰੀ ਸੀ ਜਿਸ ਨੇ ਸਮੁੱਚੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ।

ਕੋਵਿਡ-19 ਮਹਾਮਾਰੀ ਦੌਰਾਨ ਅਣਗਿਣਤ ਡਾਕਟਰਾਂ ਅਤੇ ਮੈਡੀਕਲ ਕਰਮੀਆਂ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਮਰੀਜ਼ਾਂ ਦੀਆਂ ਜਾਨਾਂ ਬਚਾਈਆਂ ਸਨ, ਕਰੀਬ 1600 ਮੈਡੀਕਲ ਕਰਮੀਆਂ ਨੂੰ ਆਪਣੀ ਜਾਨ ਗੁਆਉਣੀ ਪਈ ਸੀ। ਇਹ ਸਭ ਦੇ ਬਾਵਜੂਦ ਸਰਕਾਰਾਂ ਵੱਲੋਂ ਮੈਡੀਕਲ ਸਟਾਫ ਨੂੰ ਬਣਦਾ ਆਦਰ-ਸਤਿਕਾਰ ਦੇਣਾ ਤਾਂ ਦੂਰ ਬਲਕਿ ਕੱਚੇ ਸਿਹਤ ਮੁਲਾਜ਼ਮਾਂ ਨੂੰ ਪੱਕਾ ਤੱਕ ਨਹੀਂ ਕੀਤਾ ਗਿਆ ਹੈ। ਮੈਡੀਕਲ ਸਟਾਫ ਦੀ ਸੁਰੱਖਿਆ ਕਦੇ ਵੀ ਸਰਕਾਰ ਦੇ ਏਜੰਡੇ ਉਪਰ ਨਹੀਂ ਰਹੀ ਹੈ ਜਿਸ ਕਾਰਨ ਮੈਡੀਕਲ ਸਟਾਫ ਅਸੁਰੱਖਿਆ ਦੀ ਭਾਵਨਾ ਹੈ। ਮਈ 2023 ਵਿਚ ਕੋਟਾਰਕਾਰਾ (ਕੇਰਲ) ਵਿਚ ਇਕ ਹਸਪਤਾਲ ਵਿਚ ਇਕ ਨਸ਼ੇੜੀ ਨੇ 22 ਸਾਲਾ ਔਰਤ ਡਾਕਟਰ ਵੰਦਨਾ ਦਾਸ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਨਸ਼ੇੜੀ ਨੂੰ ਪੁਲਿਸ ਮੁਲਾਜ਼ਮ ਹੀ ਇਲਾਜ ਲਈ ਹਸਪਤਾਲ ਲੈ ਕੇ ਆਏ ਸਨ। ਉਸ ਘਟਨਾ ਤੋਂ ਬਾਅਦ ਵੀ ਸਰਕਾਰਾਂ ਦੀ ਨੀਂਦ ਨਹੀਂ ਖੁੱਲ੍ਹੀ।

ਕੋਲਕਾਤਾ ਦੀ ਘਟਨਾ ਨੇ 1973 ਵਿਚ ਮੁੰਬਈ ਦੇ ਇੱਕ ਹਸਪਤਾਲ 'ਚ ਸਟਾਫ ਨਰਸ ਅਰੁਣਾ ਸ਼ਾਨਬਾਗ ਦਾ ਮਾਮਲਾ ਮੁੜ ਚਰਚਾ ਵਿਚ ਲੈ ਆਂਦਾ ਹੈ। 1973 ਵਿਚ ਮੁੰਬਈ ਦੇ ਕਿੰਗ ਐਡਵਰਡ ਮੈਮੋਰੀਅਲ ਹਸਪਤਾਲ ਦੀ ਨਰਸ ਅਰੁਣਾ ਸ਼ਾਨਬਾਗ ਨਾਲ ਹਸਪਤਾਲ ਦੀ ਬੇਸਮੈਂਟ ਵਿਚ ਬਲਾਤਕਾਰ ਕਰਨ ਤੋਂ ਬਾਅਦ ਅੱਧਮਰੀ ਹਾਲਤ ਵਿਚ ਮਰੀ ਹੋਈ ਸਮਝ ਕੇ ਛੱਡ ਦਿੱਤਾ ਗਿਆ ਸੀ ਪਰ ਖੂਨ ਨਾਲ ਲੱਥਪਥ ਉਹ ਨਰਸ 11 ਘੰਟੇ ਉਸੇ ਸਥਿਤੀ ਵਿਚ ਪਈ ਰਹੀ। ਬਹੁਤ ਜ਼ਿਆਦਾ ਖੂਨ ਨਿਕਲਣ ਅਤੇ ਦਿਮਾਗ ਨੂੰ ਲੋੜੀਂਦੀ ਆਕਸੀਜਨ ਨਾ ਪਹੁੰਚਣ ਕਾਰਨ ਉਹ ਕੋਮਾ ਵਿਚ ਚਲੀ ਗਈ ਸੀ। 42 ਸਾਲ ਹਸਪਤਾਲ ਵਿਚ ਕੋਮਾ ਦੀ ਹਾਲਤ ਵਿਚ ਪਈ, ਉਸ ਨਰਸ ਦੀ 18 ਮਈ 2015 ਨੂੰ ਮੌਤ ਹੋ ਗਈ ਸੀ।

ਅਸੀਂ ਅਜਿਹੀਆਂ ਸਰਕਾਰਾਂ ਤੋਂ ਔਰਤਾਂ ਦੀ ਭਲਾਈ ਦੀ ਆਸ ਕਿਵੇਂ ਕਰ ਸਕਦੇ ਹਾਂ ਜੋ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਸਮੇਂ ਤੋਂ ਪਹਿਲਾਂ ਜੇਲ੍ਹ ਵਿਚੋਂ ਰਿਹਾਅ ਕਰਨ ਦਾ ਹੁਕਮ ਦੇ ਸਕਦੀਆਂ ਹਨ। ਬਲਾਤਕਾਰ ਦੇ ਦੋਸ਼ਾਂ ਹੇਠ ਉਮਰ ਕੈਦ ਦੀ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਦਿੱਤੀ ਜਾ ਰਹੀ ਫਰਲੋ ਔਰਤਾਂ ਨੂੰ ਕੀ ਸੰਕੇਤ ਦੇ ਰਹੀ ਹੈ? ਦੇਸ਼ ਦੀਆਂ ਚੋਟੀ ਔਰਤ ਪਹਿਲਵਾਨਾਂ ਵੱਲੋਂ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਖਿਲਾਫ ਗੰਭੀਰ ਕਿਸਮ ਦੇ ਦੋਸ਼ ਲਗਾਏ ਗਏ ਤਾਂ ਪੂਰੀ 'ਸੱਤਾ' ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਪੱਖ ਵਿਚ ਖੜ੍ਹੀ ਦਿਖਾਈ ਦਿੱਤੀ ਸੀ ਤਾਂ ਅਸੀਂ ਅਜਿਹੀਆਂ ਸਰਕਾਰਾਂ ਤੋਂ ਔਰਤਾਂ ਦੀ ਸੁਰੱਖਿਆ ਖਾਤਰ ਕਾਨੂੰਨ ਬਣਾਉਣ ਦੀ ਉਮੀਦ ਕਿਵੇਂ ਰੱਖ ਸਕਦੇ ਹਾਂ।

ਕੋਲਕਾਤਾ ਵਿਚ ਡਾਕਟਰ ਦੇ ਬਲਾਤਕਾਰ/ਕਤਲ ਮਾਮਲੇ ਨੂੰ ਦੇਸ਼ ਭਰ ਵਿਚ ਔਰਤਾਂ ਖਿ.ਲਾਫ ਹੋ ਰਹੇ ਅਪਰਾਧਾਂ ਦੇ ਮਾਮਲੇ ਨਾਲ ਜੋੜ ਕੇ ਸਮਝਣ ਤੇ ਔਰਤਾਂ ਦੀ ਮੁਕਤੀ ਦੇ ਵਡੇਰੇ ਸਵਾਲ ਨਾਲ ਜੋੜ ਕੇ ਦੇਖਣ ਦੀ ਲੋੜ ਹੈ। ਸਾਡੇ ਦੇਸ਼ ਦਾ ਢਾਂਚਾ 'ਮਰਦ ਪ੍ਰਧਾਨ' ਸਮਾਜ ਦੀ ਪੁਸ਼ਤਪੁਨਾਹੀ ਕਰਦਾ ਹੈ ਤੇ ਇਹ ਢਾਂਚਾ ਔਰਤ ਵਿਰੋਧੀ ਹੈ। ਇਸ ਢਾਂਚੇ ਵਿਚ ਔਰਤ ਦੀ ਸਥਿਤੀ ਦੋਇਮ ਦਰਜੇ ਦੀ ਹੈ ਤੇ ਇਹ ਔਰਤ ਨੂੰ ਸਿਰਫ ਭੋਗ-ਵਿਲਾਸ ਦੀ ਵਸਤੂ ਵਜੋਂ ਹੀ ਚਿਤਵਦਾ ਹੈ। ਮੈਡੀਕਲ ਸਟਾਫ ਖਿਲਾਫ ਹੋ ਰਹੀਆਂ ਹਿੰਸਕ ਘਟਨਾਵਾਂ ਦਾ ਹੱਲ ਦੋਸ਼ੀਆਂ ਸਖਤ ਕਾਰਵਾਈ ਦੇ ਨਾਲ-ਨਾਲ ਲੋਕ ਪੱਖੀ ਸਮਾਜ ਦੀ ਸਿਰਜਣਾ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸ ਲਈ ਇਕ ਲੋਕ ਪੱਖੀ ਸੱਭਿਆਚਾਰ ਦੀ ਉਸਾਰੀ ਤੇ ਬਰਾਬਰੀ ਦੇ ਸਮਾਜ ਦੀ ਸਿਰਜਣਾ ਹੀ ਔਰਤਾਂ ਦੇ ਮਸਲਿਆਂ ਦਾ ਹੱਲ ਹੈ।

# ਆਦਿਵਾਸੀ ਇਲਾਕਿਆਂ ਅੰਦਰ ਹਕੂਮਤੀ ਖੌਫ

## ਤੱਥ ਖੋਜ ਰਿਪੋਰਟ ਦੇ ਅਹਿਮ ਖੁਲਾਸੇ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਮਨੁੱਖੀ ਹੱਕਾਂ ਦੀ ਰਾਖੀ ਲਈ ਸਰਗਰਮ ਉਘੇ ਕਾਰਕੁਨਾਂ ਅਤੇ ਲੋਕ ਪੱਖੀ ਬੁੱਧੀਜੀਵੀਆਂ ਨੇ ਹਾਲ ਹੀ ਵਿਚ ਅਹਿਮ ਤੱਥ ਖੋਜ ਰਿਪੋਰਟ ਜਾਰੀ ਕੀਤੀ ਹੈ। ਟੀਮ ਵਿਚ ਉਘੀ ਕਾਰਕੁਨ ਬੇਲਾ ਭਾਟੀਆ, ਸੀਨੀਅਰ ਪੱਤਰਕਾਰ ਮਾਲਿਨੀ ਸੁਬਰਾਮਨੀਅਮ, ਪ੍ਰਸਿੱਧ ਸਮਾਜ ਵਿਗਿਆਨੀ ਨੰਦਿਨੀ ਸੁੰਦਰ, ਆਦਿਵਾਸੀ ਪੱਤਰਕਾਰ ਲਿੰਗਾਰਾਮ ਆਜ਼ਾਦ ਦੇ ਨਾਲ ਹੋਰ ਵੀ ਕਈ ਸ਼ਖਸੀਅਤਾਂ ਸਨ। ਰਿਪੋਰਟ ਵਿਚ ਬਸਤਰ ਦੇ ਆਦਿਵਾਸੀ ਇਲਾਕਿਆਂ ਵਿਚ ਰਾਜਕੀ ਦਹਿਸ਼ਤਵਾਦ ਦਾ ਘਿਨਾਉਣਾ ਚਿਹਰਾ ਤੱਥਾਂ ਸਹਿਤ ਨੰਗਾ ਕੀਤਾ ਗਿਆ ਹੈ। ਇਹ ਰਿਪੋਰਟ ਇਨ੍ਹਾਂ ਇਲਾਕਿਆਂ ਦੇ ਹੌਲਹਾਕ ਹਾਲਾਤ ਬਾਰੇ ਛਾਈ ਚੁੱਪ ਤੋੜਨ ਦੀ ਦਿਸ਼ਾ 'ਚ ਸਾਰਥਕ ਉਪਰਾਲਾ ਹੈ। ਇਹ ਅਜਿਹਾ ਮੁੱਦਾ ਹੈ ਜਿਸ ਉਪਰ ਹੋਰ ਗਹਿਰਾਈ ਨਾਲ ਕੰਮ ਕਰਨ ਦੀ ਜ਼ਰੂਰਤ ਹੈ।

ਸਲਵਾ ਜੁਡਮ ਦੇ ਨਾਂ ਹੇਠ ਕਈ ਸਾਲ ਕਤਲੇਆਮ, ਉਜਾੜੇ ਅਤੇ ਔਰਤਾਂ ਵਿਰੁੱਧ ਜਿਨਸੀ ਹਿੰਸਾ ਨਾਲ ਵੀ ਜਦੋਂ ਕਾਰਪੋਰੇਟ ਵਿਕਾਸ ਮਾਡਲ ਦੇ ਪੈਰੋਕਾਰ ਹਾਕਮਾਂ ਦੀ ਤਸੱਲੀ ਨਾ ਹੋਈ ਤਾਂ ਇਸ ਰਾਜਕੀ ਦਹਿਸ਼ਤਵਾਦ ਨੂੰ ਜ਼ਰਬਾਂ ਦੇਣ ਲਈ ਮਨਮੋਹਨ-ਚਿਦੰਬਰਮ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਨੇ ਸਤੰਬਰ 2009 'ਚ ਨਕਸਲਵਾਦ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਐਲਾਨ ਕੇ 'ਅਪਰੇਸ਼ਨ ਗ੍ਰੀਨ ਹੰਟ' ਵਿੱਢ ਦਿੱਤਾ। ਹਾਸ਼ੀਏ 'ਤੇ ਧੱਕੇ ਆਦਿਵਾਸੀਆਂ ਵਿਰੁੱਧ ਭਾਰਤੀ ਸਟੇਟ ਦੀ ਛੇੜੀ ਇਸ ਜੰਗ ਦਾ ਦੇਸ਼ ਵਿਦੇਸ਼ ਵਿਚ ਇੰਨਾ ਤਿੱਖਾ ਵਿਰੋਧ ਹੋਇਆ ਕਿ ਸਮੇਂ ਦੀ ਹਕੂਮਤ ਨੂੰ ਅਜਿਹੇ ਕਿਸੇ ਅਪਰੇਸ਼ਨ ਤੋਂ ਸ਼ਰੇਆਮ ਮੁੱਕਰਨ ਦਾ ਰਾਹ ਅਖ਼ਤਿਆਰ ਕਰਨਾ ਪਿਆ, ਬੇਸ਼ੱਕ ਅਣਐਲਾਨੇ ਰੂਪ 'ਚ ਜੰਗੀ ਪੈਮਾਨੇ 'ਤੇ ਆਦਿਵਾਸੀਆਂ ਅਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਦੀ ਮੁਹਿੰਮ ਬੇਰੋਕ-ਟੋਕ ਜਾਰੀ ਰੱਖੀ ਗਈ। ਉਦੋਂ ਤੋਂ ਲੋਕਾਂ ਵਿਰੁੱਧ ਸਟੇਟ ਦੀ ਇਹ ਜੰਗ ਹੋਰ ਵੀ ਲਹੂ ਦੀ ਤਿਹਾਈ ਅਤੇ ਬੇਕਿਰਕ ਹੁੰਦੀ ਗਈ।

ਮਈ 2014 'ਚ ਕੇਂਦਰ ਵਿਚ ਸਰਕਾਰ ਬਣਾ ਕੇ ਆਰ.ਐੱਸ.ਐੱਸ.-ਭਾਜਪਾ ਨੇ ਜੋ ਵੱਡੇ ਟੀਚੇ ਮਿੱਥੇ, ਉਨ੍ਹਾਂ ਵਿਚੋਂ ਇਕ ਸੀ ਜੰਗਲਾਂ-ਪਹਾੜਾਂ ਹੇਠਲੇ ਬੇਹੱਦ ਕੀਮਤੀ ਕੁਦਰਤੀ ਵਸੀਲਿਆਂ ਉਪਰ ਕਾਰਪੋਰੇਟ ਕਬਜ਼ਾ ਯਕੀਨੀ ਬਣਾਉਣ ਲਈ ਆਦਿਵਾਸੀਆਂ ਨੂੰ ਹੋਰ ਬੇਕਿਰਕੀ ਨਾਲ ਕੁਚਲਣਾ ਕਿਉਂਕਿ ਮਾਓਵਾਦੀ ਅਗਵਾਈ ਹੇਠ ਆਦਿਵਾਸੀਆਂ ਦਾ ਜੁਝਾਰੂ ਟਾਕਰਾ ਇਸ ਕਥਿਤ ਵਿਕਾਸ ਮਾਡਲ ਦੇ ਰਾਹ 'ਚ ਵੱਡਾ ਅੜਿੱਕਾ ਹੈ। ਆਰ.ਐੱਸ.ਐੱਸ. ਅਤੇ ਭਾਜਪਾ ਵਰਗੇ ਫਰੰਟਾਂ ਦਾ ਇਸ ਲਹਿਰ ਨੂੰ ਕੁਚਲਣ ਪਿੱਛੇ ਵਿਚਾਰਧਾਰਕ ਨਿਸ਼ਾਨਾ ਵੀ ਹੈ ਕਿਉਂਕਿ ਇਸ ਨੇ ਆਪਣੇ ਮੁੱਖ ਦੁਸ਼ਮਣਾਂ ਦੀ ਸੂਚੀ ਵਿਚ ਮੁਸਲਮਾਨਾਂ ਅਤੇ ਇਸਾਈਆਂ ਨਾਲ ਕਮਿਊਨਿਸਟਾਂ ਨੂੰ ਵੀ ਸ਼ਾਮਲ ਕੀਤਾ ਹੋਇਆ ਹੈ। ਇਨ੍ਹਾਂ ਟੀਚਿਆਂ ਦੀ ਪੂਰਤੀ ਲਈ ਹੋਰ ਵੀ ਵੱਡੀ ਤਾਦਾਦ 'ਚ ਨੀਮ ਫ਼ੌਜੀ ਤਾਕਤਾਂ ਝੋਕੀਆਂ ਗਈਆਂ ਹਨ। ਸਟੇਟ ਦੇ ਇਕਤਰਫ਼ਾ ਹਮਲੇ ਨੂੰ ਭਰਾ-ਮਾਰ ਖ਼ਾਨਾਜੰਗੀ ਬਣਾਉਣ ਦੀ ਮਨਸ਼ਾ ਨਾਲ ਆਦਿਵਾਸੀ ਸਮਾਜ ਵਿਚੋਂ ਵੱਡੇ ਪੈਮਾਨੇ 'ਤੇ ਡਿਸਟ੍ਰਿਕਟ ਰਿਜ਼ਰਵ ਗਾਰਡਾਂ, ਬਸਤਰੀਆ ਬਟਾਲੀਅਨ, ਖ਼ੁਫੀਆ ਮੁਖ਼ਬਰਾਂ ਦੇ ਰੂਪ 'ਚ ਤਰ੍ਹਾਂ-ਤਰ੍ਹਾਂ ਦੀ ਭਰਤੀ ਕੀਤੀ ਗਈ ਹੈ। ਦਹਿਸ਼ਤ ਅਤੇ ਲਾਲਚ ਸਮੇਤ ਹਰ ਹਰਬਾ ਵਰਤ ਕੇ ਸਾਬਕਾ 'ਨਕਸਲੀਆਂ' ਨੂੰ ਆਦਿਵਾਸੀ ਸਮਾਜ ਦਾ ਘਾਣ ਕਰਨ ਲਈ ਵਿਸ਼ੇਸ਼ ਤਾਕਤ ਦੇ ਰੂਪ 'ਚ ਲਾਮਬੰਦ ਕੀਤਾ ਗਿਆ ਹੈ। ਇਹ ਸਲਵਾ ਜੁਡਮ ਨੂੰ ਗ਼ੈਰ-ਕਾਨੂੰਨੀ ਕਰਾਰ ਦੇ ਕੇ ਤੁਰੰਤ ਖ਼ਤਮ ਕਰਨ ਦੇ ਸੁਪਰੀਮ ਕੋਰਟ ਦੇ ਫ਼ੈਸਲੇ ਦੀਆਂ ਧੱਜੀਆਂ ਉਡਾ ਕੇ ਕੀਤਾ ਜਾ ਰਿਹਾ ਹੈ। ਦਹਿ-ਹਜ਼ਾਰਾਂ ਕਰੋੜ ਰੁਪਏ ਦੀਆਂ 'ਵਿਕਾਸ' ਯੋਜਨਾਵਾਂ ਉਲੀਕੀਆਂ ਗਈਆਂ ਹਨ ਜਿਨ੍ਹਾਂ ਦੇ ਕੇਂਦਰ ਵਿਚ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਤਬਾਹੀ ਹੈ। 'ਮੁੱਖਧਾਰਾ ਮੀਡੀਆ' ਲਈ ਇਸ ਨਸਲਕੁਸ਼ੀ ਅਤੇ ਤਬਾਹੀ ਦੀਆਂ ਰਿਪੋਰਟਾਂ ਕੋਈ ਮੁੱਦਾ ਨਹੀਂ ਹੈ ਕਿਉਂਕਿ ਕਾਰਪੋਰੇਟ ਮਾਲਕੀ ਦੇ ਇਨ੍ਹਾਂ 'ਵਿਕਾਸ' ਪ੍ਰੋਜੈਕਟਾਂ 'ਚ ਆਪਣੇ ਕਾਰੋਬਾਰੀ ਹਿਤ ਹਨ।

ਪਿਛਲੇ ਕੁਝ ਸਾਲਾਂ 'ਚ ਸਾਧਾਰਨ ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ 'ਚ ਡੱਕਣ ਅਤੇ ਝੂਠੇ ਮੁਕਾਬਲਿਆਂ 'ਚ ਮਾਰਨ ਦੇ ਨਾਲ-ਨਾਲ ਪਿੰਡਾਂ ਤੇ ਜੰਗਲਾਂ-ਖੇਤਾਂ 'ਚ ਰੋਜ਼ਮੱਰਾ ਕੰਮਕਾਰ ਕਰਦੇ ਆਦਿਵਾਸੀਆਂ ਉਪਰ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਆਉਣੀਆਂ ਸ਼ੁਰੂ ਹੋਈਆਂ ਤਾਂ ਇਸ ਵਿਰੁੱਧ 'ਮੁੱਖਧਾਰਾ' ਭਾਰਤ ਵਿਚੋਂ ਕੋਈ ਖ਼ਾਸ ਆਵਾਜ਼ ਨਹੀਂ ਉਠੀ। ਬਸਤਰ ਦੇ ਉਚ ਪੁਲਿਸ/ਸੁਰੱਖਿਆ ਬਲਾਂ ਦੇ ਅਧਿਕਾਰੀ ਇਨ੍ਹਾਂ ਰਿਪੋਰਟਾਂ ਨੂੰ 'ਮਾਓਵਾਦੀ ਪ੍ਰਾਪੇਗੰਡਾ' ਕਹਿ ਕੇ ਰੱਦ ਕਰ ਦਿੰਦੇ ਹਨ। ਉਹ ਸ਼ਹਿਰੀ ਆਜ਼ਾਦੀਆਂ/ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਨੂੰ ਇਨ੍ਹਾਂ ਇਲਾਕਿਆਂ ਵਿਚ ਜਾ ਕੇ ਆਜ਼ਾਦਾਨਾ ਜਾਂਚ ਕਰਨ ਦੀ ਇਜਾਜ਼ਤ ਵੀ ਨਹੀਂ ਦਿੰਦੇ। 'ਮੁੱਖਧਾਰਾ'/ਗੋਦੀ ਮੀਡੀਆ ਦਾ ਤਾਂ ਪੂਰਾ ਦਾਰੋਮਦਾਰ ਹੀ ਸਰਕਾਰੀ ਪ੍ਰੈੱਸ ਨੋਟਾਂ ਅਤੇ ਸੱਤਾ ਦੇ ਬਿਰਤਾਂਤ ਉਪਰ ਹੈ। ਬਾਕੀ ਮੀਡੀਆ ਹਿੱਸਿਆਂ ਨੇ ਸਵੈ-ਸੈਂਸਰਸ਼ਿਪ ਦਾ ਰਾਹ ਅਖ਼ਤਿਆਰ ਕੀਤਾ ਹੋਇਆ ਹੈ। ਇਸ ਵਿਚ ਭਗਵਾ ਹਕੂਮਤ ਦੀ 'ਸ਼ਹਿਰੀ ਨਕਸਲੀ' ਵਾਲੀ ਨੀਤੀ ਨਾਲ ਬਣੇ ਖ਼ੌਫ਼ ਦੇ ਮਾਹੌਲ ਦੀ ਵੀ ਕੁਝ ਨਾ ਕੁਝ ਭੂਮਿਕਾ ਹੈ। ਸਿਤਮਜ਼ਰੀਫ਼ੀ ਇਹ ਕਿ ਕਹਿੰਦੇ-ਕਹਾਉਂਦੇ ਪੱਤਰਕਾਰਾਂ ਦਾ ਇਕ ਹਿੱਸਾ ਵੀ ਬਿਨਾਂ ਕੋਈ ਜਾਂਚ-ਪੜਤਾਲ ਕੀਤੇ ਡਰੋਨ ਹਮਲਿਆਂ ਦੀਆਂ ਰਿਪੋਰਟਾਂ ਨੂੰ 'ਮਾਓਵਾਦੀ ਪ੍ਰਾਪੇਗੰਡਾ' ਕਹਿ ਕੇ ਰੱਦ ਕਰ ਰਿਹਾ ਹੈ। ਇਸ ਕਰ ਕੇ ਕੁਝ ਬੁੱਧੀਜੀਵੀਆਂ ਤੇ ਸੁਤੰਤਰ ਪੱਤਰਕਾਰਾਂ ਦੀਆਂ ਵਾਰ-ਵਾਰ ਕੋਸ਼ਿਸ਼ਾਂ ਕਰ ਕੇ ਜ਼ਮੀਨੀ ਹਕੀਕਤ ਦੇ ਤੱਥ ਸਾਹਮਣੇ ਲਿਆਉਣਾ ਫਰਜ਼ ਨਿਭਾਉਣਾ ਤਾਂ ਹੈ ਹੀ, ਉਪਰੋਕਤ ਭਿਆਨਕ ਖ਼ੌਫ਼ ਦੇ ਮਾਹੌਲ ਵਿਚ ਇਹ ਬਹੁਤ ਦਲੇਰਾਨਾ ਕੰਮ ਵੀ ਹੈ। ਇਸ ਪ੍ਰਸੰਗ 'ਚ ਹੀ ਰਿਪੋਰਟ ਦੇ ਮਹੱਤਵ ਨੂੰ ਸਹੀ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ।



ਰਿਪੋਰਟ ਨੇ ਬਹੁਤ ਸਾਰੇ ਅਕੱਟ ਤੱਥ ਪੂਰਨ ਖ਼ੁਲਾਸੇ ਕੀਤੇ ਹਨ; ਜਿਵੇਂ:

* ਆਦਿਵਾਸੀ ਇਲਾਕਿਆਂ ਵਿਚ 'ਵਿਕਾਸ' ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰਨ ਦਾ ਮੁੱਖ ਤਰੀਕਾ ਸੁਰੱਖਿਆ ਕੈਂਪਾਂ ਦਾ ਤੇਜ਼ੀ ਨਾਲ ਪਸਾਰਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਨੁਸਾਰ, 2019 ਤੋਂ ਬਸਤਰ ਵਿਚ 250 ਕੈਂਪ ਹੋਰ ਬਣਾਏ ਹਨ। ਫਰਵਰੀ 2024 'ਚ ਬਸਤਰ ਦੇ ਆਈ.ਜੀ. ਨੇ 50 ਹੋਰ ਕੈਂਪ ਬਣਾਏ ਜਾਣ ਅਤੇ ਸਰਕਾਰ ਵੱਲੋਂ 3000 ਹੋਰ ਸੁਰੱਖਿਆ ਬਲ ਤਾਇਨਾਤ ਕਰਨ ਦਾ ਐਲਾਨ ਕੀਤਾ ਗਿਆ।

* ਬਸਤਰ ਮੁਲਕ ਦੇ ਸਭ ਤੋਂ ਵੱਧ ਫ਼ੌਜੀ ਤਾਇਨਾਤੀ ਵਾਲੇ ਖੇਤਰਾਂ ਵਿਚੋਂ ਇਕ ਹੈ ਜਿੱਥੇ ਹਰ ਨੌਂ ਆਮ ਨਾਗਰਿਕਾਂ ਪਿੱਛੇ ਇਕ ਸੁਰੱਖਿਆ ਸੈਨਿਕ ਹੈ। ਜੰਗਲਾਂ 'ਚ ਆਦਿਵਾਸੀ ਵਸੋਂ ਅਸਾਧਾਰਨ ਤੌਰ 'ਤੇ ਵਿਰਲੀ ਹੋਣ ਕਾਰਨ ਪ੍ਰਤੀ ਪਿੰਡ ਔਸਤ 500 ਵਸੋਂ ਹੈ; ਮੋਟੇ ਅੰਦਾਜ਼ੇ ਅਨੁਸਾਰ, ਇਸ ਪੱਟੀ ਵਿਚ ਕੁਲ 51500 ਵਸੋਂ ਬਣਦੀ ਹੈ। ਹਰ ਦੋ-ਚਾਰ ਕਿਲੋਮੀਟਰ ਉਪਰ ਕੈਂਪ ਹੋਣ ਕਾਰਨ ਪੂਰਾ ਬਸਤਰ ਵਿਆਪਕ ਛਾਉਣੀ ਬਣ ਚੁੱਕਾ ਹੈ। ਹਰ ਸੁਰੱਖਿਆ ਕੈਂਪ ਵਿਚ ਔਸਤਨ 400 ਸੁਰੱਖਿਆ ਬਲ ਹਨ। ਬੇਦਰੇ ਕੈਂਪ ਫਰਵਰੀ 2023 'ਚ ਬਣਾਇਆ, ਉਥੇ 80 ਡੀ.ਆਰ.ਜੀ. ਸਮੇਤ 600-700 ਦੀ ਗਿਣਤੀ 'ਚ ਪੂਰੀ ਬਟਾਲੀਅਨ ਤਾਇਨਾਤ ਹੈ ਜਿਸ ਵਿਚ ਐੱਸ.ਟੀ.ਐੱਫ. ਅਤੇ ਸੀ.ਆਰ.ਪੀ.ਐੱਫ. ਦੇ ਜਵਾਨ ਹਨ। ਅਜਿਹੇ ਕੈਂਪ ਨੇ ਆਮ ਤੌਰ 'ਤੇ 5-6 ਏਕੜ ਜਗ੍ਹਾ ਘੇਰੀ ਹੁੰਦੀ ਹੈ। ਦੋਰਨਾਪਾਲ ਅਤੇ ਜਗਰਗੁੰਡਾ ਦਰਮਿਆਨ 56 ਕਿਲੋਮੀਟਰ ਪੱਟੀ ਵਿਚ ਪੰਜ ਥਾਣੇ ਅਤੇ 15 ਸੀ.ਆਰ.ਪੀ.ਐੱਫ. ਕੈਂਪ ਹਨ, ਇਨ੍ਹਾਂ ਕੈਂਪਾਂ 'ਚ ਸੁਰੱਖਿਆ ਬਲਾਂ ਦੀ ਨਫ਼ਰੀ 6000 ਹੈ।

* ਸਰਕਾਰ ਅਤੇ ਪੁਲਿਸ-ਨੀਮ ਫ਼ੌਜੀ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਮਾਓਵਾਦੀ ਲਹਿਰ ਦਾ ਆਧਾਰ ਸੁੰਗੜ ਰਿਹਾ ਹੈ। ਜੇ ਆਧਾਰ ਸੁੰਗੜ ਰਿਹਾ ਹੈ ਤਾਂ ਪੁਲਿਸ-ਨੀਮ ਫ਼ੌਜੀ ਨਫ਼ਰੀ ਅਤੇ ਕੈਂਪਾਂ ਦੀ ਗਿਣਤੀ ਘਟਣੀ ਚਾਹੀਦੀ ਹੈ ਪਰ ਤਾਇਨਾਤੀ ਤਾਂ ਉਲਟਾ ਬਹੁਤ ਤੇਜ਼ੀ ਨਾਲ ਵਧਾਈ ਜਾ ਰਹੀ ਹੈ। ਬਸਤਰ ਰੇਂਜ ਦਾ ਆਈ.ਜੀ. ਸੁੰਦਰਰਾਜ ਇਸ ਨੂੰ ਵਾਜਬ ਠਹਿਰਾਉਣ ਲਈ ਦਲੀਲ ਦਿੰਦਾ ਹੈ: "ਉਨ੍ਹਾਂ ਕੋਲ ਅਜੇ ਵੀ ਨੁਕਸਾਨ ਪਹੁੰਚਾਉਣ ਦੀ ਫ਼ੌਜੀ ਸਮਰੱਥਾ ਹੈ। 2023 'ਚ ਮੀਡੀਆ ਰਿਪੋਰਟਾਂ ਤੋਂ ਬਾਅਦ ਕਿ ਉਨ੍ਹਾਂ ਦੀ ਗਿਣਤੀ ਘਟ ਰਹੀ ਹੈ, ਉਨ੍ਹਾਂ ਨੇ ਭਾਜਪਾ ਆਗੂਆਂ ਉਪਰ ਹਮਲੇ ਕੀਤੇ। 2022 'ਚ 234 ਘਟਨਾਵਾਂ ਹੋਈਆਂ। 2007-2008 ਤੋਂ ਬਾਅਦ 65% ਗਿਰਾਵਟ ਆਈ ਹੈ ਪਰ ਗਿਣਤੀ ਅਨੁਸਾਰ ਨਹੀਂ ਚੱਲਿਆ ਜਾ ਸਕਦਾ।"

ਸੁੰਦਰਰਾਜ ਨੇ ਅੰਦਾਜ਼ਾ ਪੇਸ਼ ਕੀਤਾ ਹੈ ਕਿ ਮਾਓਵਾਦੀ ਹਥਿਆਰਬੰਦ ਕਾਡਰਾਂ ਦੀ ਗਿਣਤੀ 1200 ਦੇ ਕਰੀਬ ਹੈ। ਹਮਾਇਤੀ ਕਾਡਰ (ਚੇਤਨਾ ਨਾਟਯਾ ਮੰਚ, ਦੰਡਕਾਰਣੀਆ ਆਦਿਵਾਸੀ ਕਿਸਾਨ ਮਜ਼ਦੂਰ ਸੰਗਠਨ) ਦੀ ਗਿਣਤੀ 15000 ਦੇ ਕਰੀਬ ਹੈ। ਉਸ ਦਾ ਵਿਚਾਰ ਹੈ ਕਿ ਸਿਰਫ਼ ਚੇਤਨਾ ਨਾਟਯਾ ਮੰਚ ਨੂੰ ਹੀ ਲਹਿਰ ਵਿਚ ਆਪਣੀ ਭੂਮਿਕਾ ਬਾਰੇ ਸਪਸ਼ਟਤਾ ਹੈ, ਦੰਡਕਾਰਣੀਆ ਆਦਿਵਾਸੀ ਕਿਸਾਨ ਮਜ਼ਦੂਰ ਸੰਗਠਨ ਦੇ ਕਾਡਰਾਂ ਨੂੰ ਆਪਣੀ ਭੂਮਿਕਾ ਬਾਰੇ ਸਪਸ਼ਟਤਾ ਨਹੀਂ ਕਿਉਂਕਿ ਮਾਓਵਾਦੀ ਉਨ੍ਹਾਂ ਦੀਆਂ ਬਾਕਾਇਦਾ ਮੀਟਿੰਗਾਂ ਕਰਵਾਉਣ 'ਚ ਕਾਮਯਾਬ ਨਹੀਂ ਹੋ ਰਹੇ। ਸਟੇਟ ਦੇ ਅੰਕੜਿਆਂ (ਆਈ.ਜੀ. ਆਫਿਸ ਤੋਂ ਲਏ) ਅਤੇ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ 2011 ਤੋਂ 2022 ਤੱਕ ਬਸਤਰ ਵਿਚ 6804 ਗ੍ਰਿਫ਼ਤਾਰੀਆਂ ਹੋਈਆਂ। ਪਿਛਲੇ ਸਾਲ ਦੰਡਕਾਰਣੀਆ ਆਦਿਵਾਸੀ ਕਿਸਾਨ ਮਜ਼ਦੂਰ ਸੰਗਠਨ ਨਾਲ ਜੁੜੇ 250 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜੇ ਇਹ ਵਿਸ਼ਵਾਸ ਕੀਤਾ ਜਾਵੇ ਕਿ ਇਹ ਸਾਰੇ ਮਾਓਵਾਦੀ ਪਾਰਟੀ ਦੇ ਮੈਂਬਰ ਸਨ ਤਾਂ ਅੱਧਾ ਹਮਾਇਤੀ ਆਧਾਰ ਤਾਂ ਪਹਿਲਾਂ ਹੀ ਸੀਖ਼ਾਂ ਪਿੱਛੇ ਡੱਕਿਆ ਹੋਇਆ ਹੈ; ਫਿਰ ਵੀ ਆਈ.ਜੀ. ਦਾ ਦਾਅਵਾ ਹੈ ਕਿ ਪੁਲਿਸ ਹੁਣ ਪਹਿਲਾਂ ਵਾਂਗ 'ਅੰਧਾਧੁੰਦ' ਗ੍ਰਿਫ਼ਤਾਰ ਨਹੀਂ ਕਰਦੀ ਪਰ ਤੱਥ ਖੋਜ ਟੀਮ ਦੀ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਦੌਰਾਨ ਸਾਹਮਣੇ ਆਇਆ ਕਿ ਵੱਡੀ ਗਿਣਤੀ 'ਚ ਉਨ੍ਹਾਂ ਆਮ ਲੋਕਾਂ ਨੂੰ ਦੋ ਤੋਂ ਲੈ ਕੇ ਤਿੰਨ ਸਾਲ ਜੇਲ੍ਹ 'ਚ ਗੁਜ਼ਾਰਨੇ ਪਏ ਜਿਨ੍ਹਾਂ ਉਪਰ ਨਕਸਲੀ ਸਰਗਰਮੀਆਂ 'ਚ ਸ਼ਾਮਲ ਹੋਣ ਦੇ ਝੂਠੇ ਦੋਸ਼ ਸਨ।

* ਰਿਪੋਰਟ ਵਿਚ ਪੰਜ ਡਰੋਨ ਹਮਲਿਆਂ ਦਾ ਜ਼ਿਕਰ ਹੈ: ਅਪਰੈਲ 2021, 14/15 ਅਪਰੈਲ 2022, 11 ਜਨਵਰੀ 2023, 7 ਅਪਰੈਲ 2023 ਅਤੇ 7 ਅਪਰੈਲ 2024। ਇਨ੍ਹਾਂ ਨਾਲ 20 ਪਿੰਡਾਂ ਨੂੰ ਨਿਸ਼ਾਨਾ ਬਣਾਇਆ। ਸਬੰਧਿਤ ਪਿੰਡਾਂ ਦੇ ਆਦਿਵਾਸੀ ਇਨ੍ਹਾਂ ਹਮਲਿਆਂ ਦੇ ਸਬੂਤ ਵੀ ਮੀਡੀਆ ਅੱਗੇ ਪੇਸ਼ ਕਰ ਚੁੱਕੇ ਹਨ। ਪੁਲਿਸ ਦੇ ਅਜਿਹੇ ਤਰੀਕਿਆਂ ਦੇ ਮੁਕਾਬਲੇ ਲਈ ਮਾਓਵਾਦੀ ਵੀ ਯੁੱਧਨੀਤੀ ਘੜਨ 'ਚ ਜੁੱਟੇ ਹੋਏ ਹਨ। ਪੁਲਿਸ/ਨੀਮ ਫ਼ੌਜੀ ਅਧਿਕਾਰੀਆਂ ਕੋਲ ਆਦਿਵਾਸੀਆਂ ਦਾ ਪੱਖ ਰੱਦ ਕਰਨ ਲਈ ਘੜੀ-ਘੜਾਈ ਦਲੀਲ ਹੈ: ਇਹ 'ਝੂਠ', 'ਮਾਓਵਾਦੀ ਪ੍ਰਾਪੇਗੰਡਾ', ਹੈ, 'ਇਹੋ ਜਿਹਾ ਕੁਝ ਨਹੀਂ ਹੋਇਆ' ਪਰ ਆਦਿਵਾਸੀਆਂ ਦੇ ਸਬੂਤਾਂ ਦਾ ਉਹ ਕੋਈ ਸਪਸ਼ਟੀਕਰਨ ਨਹੀਂ ਦੇ ਰਹੇ। ਆਈ.ਜੀ. ਸੁੰਦਰਰਾਜ ਦਾ ਇਹ ਦਾਅਵਾ ਕਿਸੇ ਨੂੰ ਕਾਇਲ ਨਹੀਂ ਕਰ ਸਕਦਾ ਕਿ "ਬਾਕੀ ਮੁਲਕ ਵਾਂਗ ਬਸਤਰ ਵਿਚ ਵੀ ਸੁਰੱਖਿਆ ਤਾਕਤਾਂ ਜਾਨ-ਮਾਲ ਦੀ ਰਾਖੀ ਕਰ ਰਹੀਆਂ ਹਨ। ਮਾਓਵਾਦੀਆਂ ਦਾ ਆਧਾਰ ਖੁਸ ਰਿਹਾ ਹੋਣ ਕਰ ਕੇ ਉਹ ਮਾਯੂਸੀ 'ਚੋਂ ਸਾਡਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਆਗੂ, ਸਾਰੇ ਬਾਹਰਲੇ, ਆਦਿਵਾਸੀ ਲੋਕਾਂ ਦੀ ਦੁਰਵਰਤੋਂ ਕਰ ਰਹੇ ਹਨ। ਇਹ ਸਮਾਂ ਹੈ ਕਿ ਲੋਕ ਉਨ੍ਹਾਂ ਦੇ ਅਸਲੀ, ਹਿੰਸਕ ਚਿਹਰਿਆਂ ਨੂੰ ਦੇਖਣ।"

ਕੀ ਭਾਰਤੀ ਹੁਕਮਰਾਨ, ਸੁਰੱਖਿਆ ਦਸਤੇ ਅਤੇ ਕਾਰਪੋਰੇਟ ਬਾਹਰਲੇ ਅਤੇ ਹਿੰਸਕ ਨਹੀਂ?

ਇਨ੍ਹਾਂ ਸਰਕਾਰੀ ਦਾਅਵਿਆਂ ਦਾ ਮੂੰਹ ਚਿੜਾਉਣ ਵਾਲੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਰਿਪੋਰਟ ਦੱਸਦੀ ਹੈ ਕਿ ਵਧ ਰਹੀ ਫ਼ੌਜੀ ਤਾਇਨਾਤੀ, ਬੇਲਗਾਮ ਜਾਸੂਸ ਤੰਤਰ ਅਤੇ ਅਨਾੜੀ ਡੀ.ਆਰ.ਜੀ. ਤਾਕਤਾਂ ਸਮੇਤ ਸੁਰੱਖਿਆ ਬਲਾਂ ਦੇ ਹਮਲਿਆਂ ਦਾ ਆਮ ਨਾਗਰਿਕਾਂ, ਖ਼ਾਸ ਕਰ ਕੇ ਬੱਚਿਆਂ ਨੂੰ ਵੱਡਾ ਮੁੱਲ ਚੁਕਾਉਣਾ ਪੈ ਰਿਹਾ ਹੈ। 13 ਮਈ ਨੂੰ ਬੀਜਾਪੁਰ ਜ਼ਿਲ੍ਹੇ ਦੇ ਪਿੰਡ ਬੋਦਗਾ ਵਿਚ ਸੁਰੱਖਿਆ ਦਸਤਿਆਂ ਦੇ ਬੇਪ੍ਰਵਾਹੀ ਨਾਲ ਛੱਡੇ ਅਣਚੱਲੇ ਗਰਨੇਡ ਛੂਹਣ ਨਾਲ ਦੋ ਬੱਚੇ ਮਾਰੇ ਗਏ। ਪੁਲਿਸ ਨੇ ਪ੍ਰੈੱਸ ਬਿਆਨ ਜਾਰੀ ਕਰ ਕੇ ਇਸ ਕਾਰੇ ਨੂੰ ਮਾਓਵਾਦੀਆਂ ਦਾ ਆਈ.ਈ.ਡੀ. ਹਮਲਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ।

ਰਿਪੋਰਟ ਇਸ ਸਰਕਾਰੀ ਬਿਰਤਾਂਤ ਨੂੰ ਝੂਠ ਸਾਬਤ ਕਰਦੀ ਹੈ ਕਿ ਕੈਂਪ ਲੋਕਾਂ ਨੂੰ ਸੁਰੱਖਿਆ ਦੇਣ ਲਈ ਹਨ। ਸਥਾਨਕ ਭਾਈਚਾਰਿਆਂ ਅਨੁਸਾਰ, ਸੁਰੱਖਿਆ ਲਾਮ-ਲਸ਼ਕਰ ਅਤੇ ਕੈਂਪ ਉਨ੍ਹਾਂ ਦੀ ਹੋਂਦ ਲਈ ਖ਼ਤਰਾ ਹਨ; ਇਨ੍ਹਾਂ ਦੀ ਨਫ਼ਰੀ ਵਧਣ ਨਾਲ ਉਨ੍ਹਾਂ ਦੀ ਜ਼ਿੰਦਗੀ ਅਸੁਰੱਖਿਅਤ ਹੋ ਰਹੀ ਹੈ। ਸਰਕਾਰ ਚਾਹੇ ਕਾਂਗਰਸ ਦੀ ਹੋਵੇ ਜਾਂ ਭਾਜਪਾ ਦੀ, ਦਾਅਵਾ ਕਰਦੀ ਹੈ ਕਿ 'ਇਲਾਕੇ ਉਪਰ ਗਲਬਾ ਅਤੇ ਮਾਓਵਾਦੀ ਲਹਿਰ ਦੇ ਫੈਲਾਅ ਨੂੰ ਰੋਕਣਾ' ਯਕੀਨੀ ਬਣਾਉਣ ਲਈ ਕੈਂਪ ਜ਼ਰੂਰੀ ਹਨ। ਸਰਕਾਰ ਕਹਿੰਦੀ ਹੈ ਕਿ "ਇਹ ਕੈਂਪ ਬਣਾਉਣ ਨਾਲ ਪਿੰਡਾਂ ਦੇ ਲੋਕਾਂ ਨੂੰ ਪੰਜ ਤੱਤਾਂ- ਵਿਸ਼ਵਾਸ, ਵਿਕਾਸ, ਸੁਰੱਖਿਆ, ਨਿਆਂ ਅਤੇ ਸਰਕਾਰੀ ਸੇਵਾਵਾਂ ਨਾਲ ਨਕਸਲੀ ਦਹਿਸ਼ਤ ਤੋਂ ਮੁਕਤ ਕਰਵਾ ਦਿੱਤਾ ਜਾਵੇਗਾ"; ਕਿ 'ਸਰਕਾਰੀ ਸੇਵਾਵਾਂ ਦੇਣ ਲਈ ਲੋੜੀਂਦੀਆਂ ਸੜਕਾਂ ਵਿਛਾਉਣ, ਸਕੂਲ, ਸਿਹਤ ਕੇਂਦਰ ਅਤੇ ਵੋਟਿੰਗ ਬੂਥ ਬਣਾਉਣ' ਲਈ ਕੈਂਪ ਜ਼ਰੂਰੀ ਹਨ।

* ਕੱਚੇ ਲੋਹੇ ਸਮੇਤ ਵਡਮੁੱਲੇ ਖਣਿਜਾਂ ਦੇ ਭੰਡਾਰ (ਰਾਜ ਨੂੰ ਖਣਿਜਾਂ ਤੋਂ ਆਉਂਦੇ ਮਾਲੀਏ ਵਿਚ 50% ਯੋਗਦਾਨ ਇਕੱਲੇ ਦੰਤੇਵਾੜਾ ਜ਼ਿਲ੍ਹੇ ਦਾ ਹੈ) ਉਪਰ ਕਾਰਪੋਰੇਟਾਂ ਦਾ ਮੁਕੰਮਲ ਕਬਜ਼ਾ ਕਰਾਉਣ ਅਤੇ ਆਦਿਵਾਸੀਆਂ ਨੂੰ ਉਜਾੜ ਕੇ ਖਾਣਾਂ ਸ਼ੁਰੂ ਕਰਾਉਣ ਲਈ ਹਕੂਮਤ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ। 2022 ਤੱਕ 51 ਖਾਣਾਂ ਲੀਜ਼ 'ਤੇ ਦਿੱਤੀਆਂ ਹਨ ਜਿਨ੍ਹਾਂ ਵਿਚੋਂ ਸਿਰਫ਼ 14 ਪਬਲਿਕ ਸੈਕਟਰ ਨੂੰ ਦਿੱਤੀਆਂ।

* ਰਿਪੋਰਟ ਸੜਕਾਂ, ਕੈਂਪਾਂ ਅਤੇ ਖਣਨ ਦੇ ਆਪਸ ਵਿਚ ਗੂੜ੍ਹੇ ਰਿਸ਼ਤੇ 'ਤੇ ਉਂਗਲ ਰੱਖਦੀ ਹੈ। ਸੜਕਾਂ ਦਾ ਖ਼ਾਕਾ ਅਤੇ ਚੌੜਾਈ ਦੱਸਦੀ ਹੈ ਕਿ ਇਨ੍ਹਾਂ ਦਾ ਮਨੋਰਥ ਖਣਨ ਦੇ ਕੰਮਕਾਰ ਨੂੰ ਸਹੂਲਤਾਂ ਦੇਣਾ ਹੈ। ਪਿੰਡਾਂ ਦੇ ਲੋਕਾਂ ਲਈ ਟਰਾਂਸਪੋਰਟ ਸੇਵਾਵਾਂ ਦੀ ਕੋਈ ਯੋਜਨਾ ਨਾ ਹੋਣ ਕਾਰਨ ਸਰਕਾਰੀ ਬਦਨੀਅਤ ਸਪਸ਼ਟ ਹੋ ਜਾਂਦੀ ਹੈ।

* ਕੈਂਪਾਂ ਦੇ ਪਸਾਰੇ ਨਾਲ ਬਹੁਤ ਸਾਰੇ 'ਚੁਣੇ ਹੋਏ' ਨੁਮਾਇੰਦਿਆਂ ਸਮੇਤ ਜਨਤਕ ਪੈਮਾਨੇ 'ਤੇ ਗ੍ਰਿਫ਼ਤਾਰੀਆਂ 'ਚ ਵਾਧਾ ਹੋਇਆ ਹੈ ਜਿਸ ਦੇ ਗਵਾਹ ਸਰਕਾਰੀ ਅੰਕੜੇ ਹਨ। ਮਾਓਵਾਦੀ ਠੱਪਾ ਰਾਜ ਮਸ਼ੀਨਰੀ ਦੇ ਹੱਥ 'ਚ ਵਾਜਬ ਸੰਵਿਧਾਨਕ ਮੰਗਾਂ ਨੂੰ ਵੀ ਖ਼ਾਮੋਸ਼ ਕਰ ਦੇਣ ਦਾ ਸੌਖਾ ਤਰੀਕਾ ਹੈ।

* ਕੈਂਪਾਂ ਅਤੇ ਡੀ.ਆਰ.ਜੀ. ਵਰਗੀਆਂ ਤਾਕਤਾਂ ਦੀ ਮੌਜੂਦਗੀ ਨਾਲ ਝੂਠੇ ਮੁਕਾਬਲਿਆਂ 'ਚ ਵਾਧਾ ਹੋਇਆ ਹੈ। 2023-24 'ਚ ਅਦਾਲਤੀ ਅਮਲ ਤੋਂ ਬਿਨਾਂ ਹੱਤਿਆਵਾਂ (ਐਕਸਟ੍ਰਾ-ਜੁਡੀਸ਼ਲ ਕਿਲਿੰਗਜ਼) ਤੇਜ਼ੀ ਨਾਲ ਵਧੀਆਂ ਹਨ। ਪਿੰਡਾਂ ਦੇ ਲੋਕਾਂ ਅਨੁਸਾਰ ਇਹ ਜ਼ਿਆਦਾਤਰ ਝੂਠੇ ਮੁਕਾਬਲਿਆਂ 'ਚ ਮਾਰੇ ਸਾਧਾਰਨ ਲੋਕ ਹਨ।

* ਜ਼ਿਆਦਾਤਰ ਕੈਂਪ ਬਣਦੀ ਪ੍ਰਕਿਰਿਆ ਤੋਂ ਬਿਨਾਂ ਹੀ ਸਥਾਨਕ ਲੋਕਾਂ ਨੂੰ ਦੱਸੇ ਬਗ਼ੈਰ ਅੱਧੀ ਰਾਤ ਨੂੰ ਥੋਪ ਦਿੱਤੇ ਗਏ। ਕੈਂਪਾਂ ਨੇ ਨਾ ਸਿਰਫ਼ ਵਾਹੀ ਹੇਠਲੀ ਜ਼ਮੀਨ ਬਿਨਾਂ ਮੁਆਵਜ਼ਾ ਹੜੱਪ ਲਈ ਸਗੋਂ ਇਨ੍ਹਾਂ ਨੇ ਪਿੰਡ ਦੀਆਂ ਸਾਂਝੀਆਂ ਥਾਵਾਂ, ਕਬਰਸਤਾਨ ਅਤੇ ਝਿੜੀਆਂ ਵੀ ਮਿਟਾ ਦਿੱਤੀਆਂ। ਵਿਰੋਧ ਕਰਨ 'ਤੇ ਆਦਿਵਾਸੀਆਂ ਨੂੰ ਬੇਕਿਰਕ ਜਬਰ ਝੱਲਣਾ ਪਿਆ ਹੈ।

* ਸਿਹਤ ਸੇਵਾਵਾਂ ਮੁਹੱਈਆ ਕਰਨ ਦੀ ਬਜਾਇ ਸਰਕਾਰ ਕੈਂਪਾਂ ਅੰਦਰ ਸੇਵਾਵਾਂ ਦੇ ਕੇ ਅਵਾਮ ਨੂੰ ਸੁਰੱਖਿਆ ਬਲਾਂ ਨਾਲ ਆਦਾਨ-ਪ੍ਰਦਾਨ ਲਈ ਮਜਬੂਰ ਕਰ ਰਹੀ ਹੈ ਜੋ ਆਦਿਵਾਸੀ ਨਹੀਂ ਚਾਹੁੰਦੇ। ਆਦਿਵਾਸੀ ਜ਼ਿੰਦਗੀ ਦੀ ਜੀਵਨ ਰੇਖਾ ਹਫ਼ਤਾਵਾਰ ਮੰਡੀਆਂ ਉਪਰ ਪੁਲਿਸ ਦਾ ਕੰਟਰੋਲ ਬਣਾ ਕੇ ਖ਼ਰੀਦੋ-ਫ਼ਰੋਖ਼ਤ ਨੂੰ ਇਸ ਮਨਸ਼ਾ ਨਾਲ ਕੰਟਰੋਲ ਕੀਤਾ ਜਾ ਰਿਹਾ ਹੈ ਕਿ ਚੀਜ਼ਾਂ ਦੀ ਸਪਲਾਈ ਮਾਓਵਾਦੀਆਂ ਤੱਕ ਨਾ ਪਹੁੰਚੇ। ਕੈਂਪਾਂ ਦੇ ਨਾਕਿਆਂ ਉਪਰ ਪੁੱਛਗਿੱਛ ਤੇ ਨਿਗਰਾਨੀ ਵਧਣ ਨਾਲ ਆਦਿਵਾਸੀਆਂ ਦੀ ਰੋਜ਼ਮੱਰਾ ਜ਼ਿੰਦਗੀ ਬਹੁਤ ਮੁਸ਼ਕਿਲ ਹੋ ਗਈ ਹੈ ਅਤੇ ਨਾਗਰਿਕ ਜੀਵਨ ਵਿਚ ਪੁਲਿਸ-ਸੁਰੱਖਿਆ ਦਸਤਿਆਂ ਦਾ ਦਖ਼ਲ ਬੇਤਹਾਸ਼ਾ ਵਧ ਗਿਆ ਹੈ।

* ਆਦਿਵਾਸੀ ਜ਼ਮੀਨਾਂ ਉਪਰ ਕੈਂਪ, ਸੜਕਾਂ ਅਤੇ ਖਣਨ ਪ੍ਰੋਜੈਕਟ ਲਗਾਉਣ ਸਮੇਂ ਪੇਸਾ (ਪੰਚਾਇਤਾਂ ਦਾ ਸੂਚੀ ਦਰਜ ਇਲਾਕਿਆਂ ਤੱਕ ਵਿਸਤਾਰ) ਅਤੇ ਆਦਿਵਾਸੀਆਂ ਤੇ ਜੰਗਲਾਂ ਦੀ ਸੁਰੱਖਿਆ ਲਈ ਹੋਰ ਵਿਸ਼ੇਸ਼ ਕਾਨੂੰਨਾਂ ਦੀ ਪਾਲਣਾ ਕਰਨ ਦੀ ਆਦਿਵਾਸੀਆਂ ਦੀ ਜਾਇਜ਼ ਮੰਗ ਬਾਰੇ ਸਰਕਾਰ ਚੁੱਪ ਹੈ ਤੇ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਹੀ ਉਨ੍ਹਾਂ ਦੀਆਂ ਜ਼ਮੀਨਾਂ ਖੋਹੀਆਂ ਜਾ ਰਹੀਆਂ ਹਨ।

* ਵਿਆਪਕ ਪੈਮਾਨੇ 'ਤੇ ਜੰਗਲ ਕੱਟਣ ਦੀ ਕੋਈ ਜਵਾਬਦੇਹੀ ਨਹੀਂ ਅਤੇ ਜੰਗਲਾਂ ਉਪਰ ਆਦਿਵਾਸੀਆਂ ਦੇ ਮੁੱਢ-ਕਦੀਮੀ ਹੱਕਾਂ ਨੂੰ ਮਾਨਤਾ ਦੇਣ ਤੋਂ ਨਾ ਸਿਰਫ਼ ਹਕੂਮਤ ਇਨਕਾਰੀ ਹੈ ਸਗੋਂ ਉਨ੍ਹਾਂ ਦੀ ਵਿਰੋਧ ਦੀ ਆਵਾਜ਼ ਪੁਲਿਸ-ਫ਼ੌਜ ਦੀ ਬੇਤਹਾਸ਼ਾ ਤਾਕਤ ਨਾਲ ਕੁਚਲ ਰਹੀ ਹੈ।

ਹਾਲਾਤ ਦਾ ਦੂਜਾ ਪਾਸਾ ਇਹ ਹੈ ਕਿ ਜਿੱਥੇ-ਜਿੱਥੇ ਵੀ ਆਦਿਵਾਸੀ ਜ਼ਮੀਨਾਂ ਉਪਰ ਧੋਖੇ ਅਤੇ ਧੱਕੇ ਨਾਲ ਕੈਂਪ ਬਣਾਏ ਜਾਂਦੇ ਹਨ, ਆਦਿਵਾਸੀ ਕੈਂਪਾਂ ਵਿਰੁੱਧ ਪੱਕੇ ਮੋਰਚੇ ਲਾ ਕੇ ਵਿਰੋਧ ਕਰਦੇ ਹਨ। ਪੰਖਾਜੁਰ (ਕੰਕੇਰ ਜ਼ਿਲ੍ਹੇ) ਵਿਖੇ ਬੀ.ਐੱਸ.ਐੱਫ. ਦੇ ਦੋ ਕੈਂਪ ਬਣਾਏ ਜਾਣ ਵਿਰੁੱਧ ਵਿਆਪਕ ਵਿਰੋਧ ਪ੍ਰਦਰਸ਼ਨ ਨਾਲ ਪੰਜਾਹ ਪੰਚਾਂ-ਸਰਪੰਚਾਂ ਨੇ ਅਸਤੀਫ਼ੇ ਵੀ ਦਿੱਤੇ। ਹੋਰ ਵੀ ਬਹੁਤ ਸਾਰੇ ਥਾਵਾਂ ਉਪਰ ਕੈਂਪਾਂ ਵਿਰੁੱਧ ਲਗਾਤਾਰ ਜਨਤਕ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਪਿੰਡਾਂ ਦੇ ਲੋਕ ਵਾਰੀਆਂ ਬੰਨ੍ਹ ਕੇ ਇਨ੍ਹਾਂ ਪ੍ਰਦਰਸ਼ਨਾਂ ਵਿਚ ਲਗਾਤਾਰ ਹਾਜ਼ਰੀ ਭਰਦੇ ਹਨ। ਮਈ 2021 'ਚ ਸਿਲਗੇਰ ਲਗਾਇਆ ਪੱਕਾ ਆਦਿਵਾਸੀ ਮੋਰਚਾ ਹੁਣ ਵੀ ਜਾਰੀ ਹੈ। ਇਸ ਵਿਚ ਦਹਿ-ਹਜ਼ਾਰਾਂ ਲੋਕ ਸ਼ਾਮਲ ਹੁੰਦੇ ਹਨ ਜੋ ਵਿਆਪਕ ਲਾਮਬੰਦੀ ਦਾ ਕੇਂਦਰ ਬਣਨ ਦੇ ਨਾਲ-ਨਾਲ ਪੂਰੇ ਬਸਤਰ ਦੇ ਆਦਿਵਾਸੀਆਂ ਦੇ ਵਿਰੋਧ ਦਾ ਚਿੰਨ੍ਹ ਵੀ ਬਣ ਗਿਆ ਹੈ।

ਦੱਖਣੀ ਬਸਤਰ ਵਿਚ ਜਬਰੀ ਕੈਂਪਾਂ ਵਿਰੁੱਧ ਸਥਾਨਕ ਸੰਘਰਸ਼ਾਂ ਵਿਚੋਂ ਮੂਲਵਾਸੀ ਬਚਾਓ ਮੰਚ ਨਾਂ ਦਾ ਸਾਂਝਾ ਕੇਂਦਰ ਉਭਰ ਆਇਆ ਜਿਸ ਨੇ ਦਹਾਕਿਆਂ ਤੋਂ ਜਾਰੀ ਹਕੂਮਤੀ ਸਾੜਸਤੀ ਅਤੇ ਦਹਿਸ਼ਤਵਾਦ ਦੇ ਪੀੜਤ ਆਦਿਵਾਸੀਆਂ ਨੂੰ ਇਕਜੁੱਟ ਕਰ ਦਿੱਤਾ ਹੈ। ਇਨ੍ਹਾਂ ਨੇ ਹੁਣ ਬੇਕਿਰਕ ਹਮਲਿਆਂ ਤੋਂ ਖ਼ੌਫ਼ਜ਼ਦਾ ਹੋ ਕੇ ਪਲਾਇਨ ਕਰਨ ਦੀ ਬਜਾਇ ਲੜਨ ਦੀ ਠਾਣ ਲਈ ਹੈ। ਉਤਰੀ ਬਸਤਰ ਵਿਚ 'ਆਦਿਵਾਸੀ ਅਧਿਕਾਰ ਬਚਾਓ ਮੰਚ' ਜਾਂ ਸਰਵ ਆਦਿਵਾਸੀ ਸਮਾਜ ਅਤੇ ਅਬੂਝਮਾੜ ਵਿਚ ਮਾੜ ਬਚਾਓ ਮੰਚ ਦੇ ਝੰਡੇ ਹੇਠ ਸੰਘਰਸ਼ ਲੜੇ ਜਾ ਰਹੇ ਹਨ। ਇਹ ਮੰਚ ਕਤਲੇਆਮ/ਝੂਠੇ ਮੁਕਾਬਲਿਆਂ ਵਿਚ ਮਾਰੇ ਲੋਕਾਂ ਲਈ ਨਿਆਂ ਦੇ ਮੁੱਦੇ ਵੀ ਉਠਾ ਰਹੇ ਹਨ। ਪੱਕੇ ਮੋਰਚੇ ਕੁਚਲਣ ਲਈ ਹਮਲਿਆਂ ਦੇ ਬਾਵਜੂਦ ਦੋ ਦਰਜਨ ਤੋਂ ਵਧੇਰੇ ਥਾਵਾਂ ਉਪਰ ਅੰਦੋਲਨ ਜਾਰੀ ਹੈ। ਜੇ ਸੁਰੱਖਿਆ ਲਸ਼ਕਰ ਬੰਦੂਕਾਂ ਦੀ ਤਾਕਤ ਨਾਲ ਕਿਸੇ ਮੋਰਚੇ ਨੂੰ ਖਦੇੜ ਦਿੰਦੇ ਹਨ ਤਾਂ ਉਹ ਕਿਸੇ ਨੇੜਲੇ ਮੋਰਚੇ ਵਿਚ ਜਾ ਸ਼ਾਮਲ ਹੁੰਦੇ ਹਨ। ਇਹ ਸਵੀਕਾਰ ਕਰਨ ਦੇ ਬਾਵਜੂਦ ਕਿ ਇਹ ਸਾਰੇ ਅੰਦੋਲਨ ਅਤੇ ਵਿਰੋਧ ਸ਼ਾਂਤਮਈ ਹਨ, ਹਕੂਮਤ ਆਗੂ ਹਿੱਸਿਆਂ ਦੇ ਹੌਸਲੇ ਤੋੜਨ ਲਈ ਝੂਠੇ ਕੇਸਾਂ ਤਹਿਤ ਗ੍ਰਿਫ਼ਤਾਰੀਆਂ ਅਤੇ ਹਕੂਮਤੀ ਦਹਿਸ਼ਤਵਾਦੀ ਧਮਕੀਆਂ ਸਮੇਤ ਹਰ ਹਰਬਾ ਵਰਤ ਰਹੀ ਹੈ। ਜੂਨ 2024 'ਚ ਮੂਲਵਾਸੀ ਬਚਾਓ ਮੰਚ ਦੀ ਬਾਨੀ ਅਤੇ ਮਨੁੱਖੀ ਹੱਕਾਂ ਦੀ ਸਿਰਕੱਢ ਕਾਰਕੁਨ ਸੁਨੀਤਾ ਪੋਟਮ ਦੀ ਗ੍ਰਿਫ਼ਤਾਰੀ ਇਸ ਦੀ ਮਿਸਾਲ ਹੈ। ਬਸਤਰ ਜ਼ਿਲ੍ਹੇ ਦੇ ਇਕ ਹੋਰ ਮੁੱਖ ਆਗੂ ਰਘੂ ਮਿਡਿਆਮੀ ਨੂੰ ਪੁਲਿਸ ਸ਼ਰੇਆਮ ਧਮਕੀਆਂ ਦੇ ਰਹੀ ਹੈ ਕਿ ਉਸ ਨੂੰ 12-13 ਲੱਖ ਦੇ ਇਨਾਮੀ ਭਗੌੜੇ ਵਜੋਂ ਗੋਲੀ ਮਾਰ ਦਿੱਤੀ ਜਾਵੇਗੀ।

ਕੀ ਇੰਨੇ ਗੰਭੀਰ ਖ਼ੁਲਾਸਿਆਂ ਤੋਂ ਬਾਅਦ ਵੀ 'ਮੁੱਖਧਾਰਾ' ਮਨੁੱਖੀ ਹੱਕਾਂ ਦੇ ਘਾਣ ਅਤੇ ਆਦਿਵਾਸੀਆਂ ਦੀ ਨਸਲਕੁਸ਼ੀ ਬਾਰੇ ਚੁੱਪ ਰਹਿਣਾ ਚਾਹੇਗੀ?

# ਬੰਗਲਾਦੇਸ਼ ਵਿਚ ਜਮਹੂਰੀਅਤ ਦਾ ਪਤਨ

**ਗੁਰਬਚਨ ਜਗਤ**



'ਵੀਸੀਜ਼ ਫਾਰ ਕਮਲਾ' ਨਾਂ ਦੇ ਗਰੁੱਪ ਜਿਸ ਵਿਚ ਲਿੰਕੇਡਿਨ ਦੇ ਬਾਨੀ ਰੀਡ ਹੌਫਮੈਨ, ਐਪਲ ਦੇ ਸਹਿ-ਬਾਨੀ ਸਟੀਵ ਵੋਜ਼ਨਿਆਕ ਅਤੇ ਸੰਨ ਮਾਈਕਰੋਸਿਸਟਮਜ਼ ਦੇ ਸਹਿ-ਬਾਨੀ ਵਿਨੋਦ ਖੋਸਲਾ ਜਿਹੇ ਟੈੱਕ ਸਨਅਤ ਦੇ ਕੁਝ ਮੋਹਰੀ ਸ਼ਾਮਿਲ ਹਨ, ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਉਹ ਇਸ ਮਹੱਤਵਪੂਰਨ ਮੌਕੇ 'ਤੇ ਕਮਲਾ ਹੈਰਿਸ ਦੇ ਹੱਕ ਵਿਚ ਇਕਜੁੱਟ ਹੋ ਕੇ ਖੜ੍ਹੇ ਹਨ। ਇਸ ਬਿਆਨ 'ਤੇ ਟੈੱਕ ਸਨਅਤ ਦੇ 700 ਤੋਂ ਜ਼ਿਆਦਾ ਮੋਹਰੀਆਂ ਦੇ ਦਸਤਖ਼ਤ ਹਨ ਜਿਸ ਵਿਚ ਕਿਹਾ ਗਿਆ ਹੈ, "ਅਸੀਂ ਕਾਰੋਬਾਰ ਪੱਖੀ, ਅਮਰੀਕੀ ਸੁਫਨੇ ਪੱਖੀ, ਉਦਮੀ ਪੱਖੀ ਅਤੇ ਤਕਨੀਕੀ ਪ੍ਰਗਤੀ ਪੱਖੀ ਹਾਂ। ਅਸੀਂ ਇਸ ਗੱਲ ਵਿਚ ਵਿਸ਼ਵਾਸ ਕਰਦੇ ਹਾਂ ਕਿ ਲੋਕਤੰਤਰ ਸਾਡੇ ਰਾਸ਼ਟਰ ਦੀ ਰੀੜ ਦੀ ਹੱਡੀ ਹੈ। ਸਾਡਾ ਇਹ ਵਿਸ਼ਵਾਸ ਹੈ ਕਿ ਮਜ਼ਬੂਤ ਅਤੇ ਭਰੋਸੇਮੰਦ ਸੰਸਥਾਵਾਂ ਕੋਈ ਛੂਤ ਦਾ ਰੋਗ ਨਹੀਂ ਸਗੋਂ ਸਾਡੀ ਵਿਸ਼ੇਸ਼ਤਾ ਹੈ ਅਤੇ ਇਹ ਕਿ ਇਨ੍ਹਾਂ ਤੋਂ ਬਗ਼ੈਰ ਸਾਡੀ ਸਨਅਤ ਅਤੇ ਦੂਜੀ ਹਰੇਕ ਸਨਅਤ ਢਹਿ-ਢੇਰੀ ਹੋ ਜਾਵੇਗੀ।"

ਬਿਆਨ ਵਿਚ ਲੋਕਤੰਤਰ ਅਤੇ ਸੰਸਥਾਵਾਂ ਦੇ ਰੂਪ ਵਿਚ ਦੋ ਮੂਲ ਅਸੂਲਾਂ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਦੇ ਆਸਰੇ ਵਿਕਸਤ ਦੇਸ਼ਾਂ ਨੇ ਤਰੱਕੀ ਕੀਤੀ ਹੈ। ਇਨ੍ਹਾਂ ਦੋ ਅਸੂਲਾਂ ਨੂੰ ਨਿਰੰਕੁਸ਼ਤਾ, ਅਰਾਜਕਤਾ, ਫਾਸ਼ੀਵਾਦ ਅਤੇ ਹਿੰਸਾ ਦੀਆਂ ਤਾਕਤਾਂ ਨਾਲ ਲੋਹਾ ਲੈਣ ਵਾਲੇ ਦਲੇਰ ਮਰਦਾਂ ਅਤੇ ਔਰਤਾਂ ਵੱਲੋਂ ਸਖ਼ਤੀ ਨਾਲ ਅਮਲ ਵਿਚ ਲਿਆਂਦਾ ਜਾਂਦਾ ਹੈ। ਇਹ ਲੜਾਈ ਅਜੇ ਵੀ ਚੱਲ ਰਹੀ ਹੈ ਅਤੇ ਨਿਰੰਕੁਸ਼ਤਾ ਅਤੇ ਅਰਾਜਕਤਾ ਦੀਆਂ ਤਾਕਤਾਂ ਲੋਕਤੰਤਰ ਅਤੇ ਕਾਨੂੰਨ ਦੇ ਰਾਜ ਖ਼ਿਲਾਫ਼ ਡਟੀਆਂ ਹੋਈਆਂ ਹਨ। ਯੂਰੋਪ ਅਤੇ ਉੱਤਰੀ ਅਮਰੀਕਾ ਦੇ ਜ਼ਿਆਦਾਤਰ ਮੁਲਕਾਂ ਵਿਚ ਬਹੁਤੀਆਂ ਸੰਸਥਾਵਾਂ ਸੰਵਿਧਾਨ ਅਤੇ ਪਾਰਲੀਮੈਂਟ ਦੇ ਫ਼ਤਵੇ ਮੁਤਾਬਿਕ ਤਨਦੇਹੀ ਨਾਲ ਆਪਣੇ ਫਰਜ਼ ਨਿਭਾ ਰਹੀਆਂ ਹਨ ਹਾਲਾਂਕਿ ਦ੍ਰਿੜ ਤਾਕਤਾਂ ਉਨ੍ਹਾਂ ਦਾ ਤਿੱਖਾ ਵਿਰੋਧ ਕਰ ਰਹੀਆਂ ਹਨ।

'ਮੈਗਨਾ ਕਾਰਟਾ ਲਿਬਰਟੇਟਮ' (ਆਜ਼ਾਦੀ ਦਾ ਮਹਾਨ ਲਾਤੀਨੀ ਚਾਰਟਰ) ਵਿਚ ਐਲਾਨ ਕੀਤਾ ਗਿਆ ਹੈ ਕਿ ਪ੍ਰਭੂਸੱਤਾ ਪੂਰਨ (ਰਾਜ) ਕਾਨੂੰਨ ਦੇ ਰਾਜ ਅਧੀਨ ਚੱਲੇਗਾ ਅਤੇ ਆਜ਼ਾਦ ਬੰਦਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਆਜ਼ਾਦੀਆਂ ਨੂੰ ਸੂਚੀ ਦਰਜ ਕੀਤਾ ਗਿਆ ਹੈ ਜਿਸ ਸਦਕਾ ਐਂਗਲੋ-ਅਮਰੀਕੀ ਨਿਆਂ ਸ਼ਾਸਤਰ ਵਿਚ ਵਿਅਕਤੀਗਤ ਅਧਿਕਾਰਾਂ ਦੀ ਨੀਂਹ ਰੱਖੀ ਗਈ ਸੀ। ਇਸ ਤੋਂ ਬਾਅਦ ਰਾਜਿਆਂ ਦੇ ਦੈਵੀ ਅਧਿਕਾਰ ਹੌਲੀ-ਹੌਲੀ ਖ਼ਤਮ ਕਰ ਦਿੱਤੇ ਗਏ ਸਨ ਜਿਸ ਨਾਲ ਲੋਕਤੰਤਰ ਦੀ ਸਥਾਪਨਾ ਦਾ ਰਾਹ ਪੱਧਰਾ ਹੋਇਆ। ਸਮਾਜ ਵਿਚ ਹੋਈ ਇਸ ਤਬਦੀਲੀ ਸਦਕਾ ਕਾਨੂੰਨ ਦਾ ਰਾਜ ਅਤੇ ਆਮ ਨਾਗਰਿਕਾਂ ਦਾ ਸ਼ਕਤੀਕਰਨ ਸਥਾਪਿਤ ਹੋਇਆ ਸੀ ਜਿਸ ਨਾਲ ਮਹਾਨ ਲੋਕਰਾਜਾਂ ਦੀ ਸਥਾਪਨਾ ਸੰਭਵ ਹੋ ਸਕੀ ਸੀ।

ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਮਾਰਗ੍ਰੈਟ ਥੈਚਰ ਨੇ ਕਿਹਾ ਸੀ, "ਕੋਈ ਮੁਲਕ ਉਸ ਦੇ ਕੁਦਰਤੀ ਸਰੋਤਾਂ ਕਰ ਕੇ ਅਮੀਰ ਨਹੀਂ ਹੁੰਦਾ। ਜੇ ਇਵੇਂ ਹੁੰਦਾ ਤਾਂ ਤੁਹਾਡਾ ਮੁਲਕ (ਰੂਸ) ਕਦੋਂ ਦਾ ਦੁਨੀਆ ਦਾ ਸਭ ਤੋਂ ਅਮੀਰ ਮੁਲਕਾਂ 'ਚੋਂ ਇੱਕ ਹੋਣਾ ਸੀ ਪਰ ਦੇਸ਼ ਉੱਥੋਂ ਤੱਕ ਹੀ ਖੁਸ਼ਹਾਲ ਹੁੰਦੇ ਹਨ ਜਿੱਥੋਂ ਤੱਕ ਸ਼ਾਸਨ ਪ੍ਰਣਾਲੀ ਲੋਕਾਂ ਦੇ ਉਦਮ ਨੂੰ ਹੱਲਾਸ਼ੇਰੀ ਦਿੰਦੀ ਹੈ। ਇਸ ਲਈ ਇਹ ਉਦਮ ਹੈ ਜੋ ਦੌਲਤ ਪੈਦਾ ਕਰਦਾ ਹੈ। ਮੈਂ ਜਿਸ ਪੂੰਜੀਵਾਦ ਦੀ ਹਮਾਇਤ ਕਰਦੀ ਹਾਂ, ਉਹ ਹਰ ਕਿਸੇ ਨੂੰ ਅਜਿਹੀ ਖੁੱਲ੍ਹ ਨਹੀਂ ਦਿੰਦਾ ਕਿ ਸ਼ਕਤੀਸ਼ਾਲੀ ਲੋਕ ਵਾਜਬੀਅਤ, ਸੁਚੱਜਤਾ ਅਤੇ ਜਨਤਕ ਚੰਗਿਆਈ ਦੀ ਕੀਮਤ 'ਤੇ ਆਪਣੀ ਹੈਸੀਅਤ ਦੀ ਵਰਤੋਂ ਕਰ ਕੇ ਕਾਮਯਾਬ ਹੋ ਜਾਣ। ਪੂੰਜੀਵਾਦ ਤਦ ਹੀ ਕੰਮ ਕਰ ਸਕਦਾ ਹੈ ਜਦੋਂ ਮਜ਼ਬੂਤ ਅਤੇ ਨਿਆਂਪੂਰਨ ਕਾਨੂੰਨ ਦਾ ਰਾਜ ਕਾਇਮ ਹੁੰਦਾ ਹੈ ਜਿਸ ਪ੍ਰਤੀ ਸਰਕਾਰ ਸਮੇਤ ਹਰ ਕੋਈ ਜਵਾਬਦੇਹ ਹੁੰਦਾ ਹੈ।"

ਇਸ ਤਰਕ ਨੂੰ ਅਗਾਂਹ ਵਧਾਉਂਦਿਆਂ ਦੇਖਿਆ ਜਾ ਸਕਦਾ ਹੈ ਕਿ ਬਹੁਤ ਸਾਰੇ ਵਿਕਸਤ ਦੇਸ਼ਾਂ ਨੇ ਸਮਾਂ ਪਾ ਕੇ ਆਪਣੇ ਸੰਵਿਧਾਨ ਅਤੇ ਪਾਰਲੀਮੈਂਟ ਦੀ ਲੋਅ ਵਿਚ ਮਜ਼ਬੂਤ ਸੰਸਥਾਵਾਂ ਵਿਕਸਤ ਕੀਤੀਆਂ ਹਨ। ਉਨ੍ਹਾਂ ਨੇ ਦੋ ਆਲਮੀ ਜੰਗਾਂ ਦੇ ਹਮਲੇ ਦਾ ਟਾਕਰਾ ਕੀਤਾ ਅਤੇ ਉਹ ਔਖੀਆਂ ਘੜੀਆਂ ਵਿਚ ਨਾ ਡੋਲੀਆਂ ਸਗੋਂ ਹੋਰ ਜ਼ਿਆਦਾ ਮਜ਼ਬੂਤ ਅਤੇ ਜੇਤੂ ਬਣ ਕੇ ਉੱਭਰੀਆਂ। ਦੂਜੇ ਪਾਸੇ ਘੱਟ ਵਿਕਸਤ ਅਤੇ ਕੁਝ ਸਮਾਂ ਪਹਿਲਾਂ ਆਜ਼ਾਦ ਹੋਏ ਦੇਸ਼ਾਂ ਨੇ ਆਪਣੀਆਂ ਸ਼ੁਭ ਇੱਛਾਵਾਂ ਅਤੇ ਸੰਸਥਾਵਾਂ ਨਾਲ ਸ਼ੁਰੂਆਤ ਕੀਤੀ ਸੀ ਪਰ ਛੇਤੀ ਹੀ ਸੱਤਾ ਅਤੇ ਧਨ ਦੀ ਹਵਸ ਭਾਰੂ ਹੋਣ ਲੱਗ ਪਈ; ਇਸ ਤੋਂ ਇਲਾਵਾ ਕੱਟੜਤਾ ਅਤੇ ਸੌਦੇਬਾਜ਼ੀ ਕਰ ਕੇ ਉਨ੍ਹਾਂ ਦੀਆਂ ਸੰਸਥਾਵਾਂ ਬਰਬਾਦ ਹੋ ਗਈਆਂ। ਲੋਕਤੰਤਰ ਦੀ ਥਾਂ ਨਿਰੰਕੁਸ਼ਤਾ ਅਤੇ ਇੱਕ ਪਾਰਟੀ ਜਾਂ ਜੁੰਡਲੀ ਜਾਂ ਇੱਕ ਸ਼ਖ਼ਸ ਦੀ ਤਾਨਾਸ਼ਾਹੀ ਕਾਇਮ ਹੋ ਗਈ। ਹਾਲਾਤ ਇਸ ਕਦਰ ਨਿੱਘਰ ਗਏ ਕਿ ਆਸ ਅਤੇ ਨਿਆਂ ਲਈ ਲੋਕਾਂ ਦੀ ਟੇਕ ਹਥਿਆਰਬੰਦ ਦਸਤਿਆਂ 'ਤੇ ਟਿਕ ਗਈ। ਕਾਨੂੰਨ ਦੇ ਰਾਜ ਅਤੇ ਗ਼ਰੀਬਾਂ ਤੇ ਮਹਿਰੂਮਾਂ ਦੇ ਵਿਕਾਸ ਤੇ ਲੋਕਰਾਜ ਵਿਰੋਧੀ ਅਤੇ ਸੱਤਾਧਾਰੀ ਪਾਰਟੀ, ਜੁੰਡਲੀ ਜਾਂ ਖ਼ਾਸ ਸ਼ਖ਼ਸਾ ਦੇ ਹਿੱਤਾਂ ਦੀ ਪੈਰਵੀ ਕਰਨ ਵਾਲੀਆਂ ਤਾਕਤਾਂ ਦੇ ਹਮਲੇ ਦੇ ਸਾਹਵੇਂ ਨਿਆਂਪਾਲਿਕਾ, ਚੁਣੀਆਂ ਹੋਈਆਂ ਸੰਸਥਾਵਾਂ, ਸਿਆਸੀ ਪਾਰਟੀਆਂ ਆਦਿ ਸਭ ਨੇ ਗੋਡੇ ਟੇਕ ਦਿੱਤੇ।

ਹੁਣ ਉਸ ਮੁਲਕ 'ਤੇ ਆਉਂਦੇ ਹਾਂ ਜਿਸ ਦੇ ਪ੍ਰਸੰਗ 'ਚ ਉੱਪਰਲਾ ਹਿੱਸਾ ਲਿਖਿਆ ਗਿਆ ਹੈ, ਬੰਗਲਾਦੇਸ਼ ਜਾਂ ਪੂਰਬੀ ਪਾਕਿਸਤਾਨ (ਜਿਸ ਨਾਂ ਤੋਂ ਇਸ ਨੂੰ ਉਦੋਂ ਜਾਣਿਆ ਜਾਂਦਾ ਸੀ) ਕੋਲ ਖ਼ੁਦਮੁਖ਼ਤਾਰ ਮੁਲਕ ਬਣਨ ਦਾ ਸਾਰਾ ਸਾਜ਼ੋ-ਸਾਮਾਨ ਸੀ। ਰਾਜਨੀਤਕ, ਸੱਭਿਆਚਾਰਕ ਤੇ ਇਤਿਹਾਸਕ ਪੱਖ ਤੋਂ ਇਸ ਦਾ ਪਾਕਿਸਤਾਨ ਨਾਲ ਕੁਝ ਵੀ ਸਾਂਝਾ ਨਹੀਂ ਸੀ, ਧਰਮ ਤੋਂ ਸਿਵਾਇ (ਉਹ ਵੀ ਪੂਰੀ ਤਰ੍ਹਾਂ ਨਹੀਂ)। ਫਿਰ ਵੀ, ਇਹ ਲਗਾਤਾਰ ਪਾਕਿਸਤਾਨੀ ਫ਼ੌਜ ਦੇ ਪੈਰਾਂ ਹੇਠ ਕੁਚਲਿਆ ਜਾਂਦਾ ਰਿਹਾ ਜਿਸ ਨੇ ਅਤਿਵਾਦ ਤੇ ਕਤਲੇਆਮਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੋਈ ਸੀ। ਫ਼ੌਜ ਹੀ 'ਪਹਿਲਾ ਤੇ ਆਖ਼ਰੀ ਕਾਨੂੰਨੀ ਉਪਾਅ' ਸੀ; ਬਾਕੀ ਸਾਰੀਆਂ ਸੰਸਥਾਵਾਂ ਪ੍ਰਭਾਵਹੀਣ ਹੋ ਗਈਆਂ ਸਨ। ਲੋਕ ਖੜ੍ਹੇ ਹੋਏ, ਮੁਕਤੀ ਬਾਹਿਨੀ ਬਣਾਈ ਅਤੇ ਸ਼ੇਖ ਮੁਜੀਬੁਰ ਰਹਿਮਾਨ ਦੇ ਰੂਪ ਵਿਚ ਭਰੋਸੇਯੋਗ ਨੇਤਾ ਉੱਭਰਿਆ। ਇੰਦਰਾ ਗਾਂਧੀ ਦੀ ਦਲੇਰ ਤੇ ਦਾਨਿਸ਼ਮੰਦ ਲੀਡਰਸ਼ਿਪ ਦੀ ਹਮਾਇਤ ਨਾਲ ਬੰਗਲਾਦੇਸ਼ ਦਾ ਜਨਮ ਹੋਇਆ।

ਸ਼ੁਰੂਆਤ ਵਿਚ ਹੀ ਤ੍ਰਾਸਦੀ ਵਾਪਰ ਗਈ ਜਦ ਸ਼ੇਖ ਤੇ ਉਸ ਦੇ ਜ਼ਿਆਦਾਤਰ ਪਰਿਵਾਰਕ ਮੈਂਬਰਾਂ ਦਾ 1975 ਵਿਚ ਕਤਲ ਕਰ ਦਿੱਤਾ ਗਿਆ। ਸੈਨਾ ਤੇ ਤਾਨਾਸ਼ਾਹ ਤਾਕਤਾਂ ਨੇ ਮੁੜ ਤੋਂ ਹੁਕਮ ਚਲਾਉਣਾ ਸ਼ੁਰੂ ਕਰ ਦਿੱਤਾ। ਬੰਗਲਾਦੇਸ਼ ਮੁੜ ਉੱਥੇ ਹੀ ਪਹੁੰਚ ਗਿਆ ਹਾਲਾਂਕਿ ਸ਼ੇਖ ਹਸੀਨਾ, ਆਪਣੇ ਲੋਕਾਂ ਦੇ ਸਮਰਥਨ ਨਾਲ ਬੰਗਲਾਦੇਸ਼ ਦੀ ਹਰਮਨਪਿਆਰੀ ਨੇਤਾ ਬਣ ਗਈ। ਚੋਣਾਂ ਹੋਈਆਂ, ਸੰਸਦ ਹੋਂਦ ਵਿਚ ਆਈ, ਚੁਣੀ ਹੋਈ ਸਰਕਾਰ ਬਣੀ ਤੇ ਇਸ ਦੇ ਨਾਲ ਅਤੇ ਲੋਕਤੰਤਰੀ ਸੰਸਥਾਵਾਂ ਦੀ ਸਥਾਪਨਾ ਦੇ ਨਾਲ, ਉੱਦਮੀ ਤੇ ਅਭਿਲਾਸ਼ੀ ਜਿੰਨ ਚਿਰਾਗ 'ਚੋਂ ਬਾਹਰ ਨਿਕਲਿਆ। ਬੰਗਲਾਦੇਸ਼ ਵਿੱਤੀ ਪੱਖ ਤੋਂ ਤਰੱਕੀ ਕਰਨ ਲੱਗਾ ਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਣ ਲੱਗਾ। ਮੁਲਕ ਵਿਕਾਸ ਦੇ ਬਹੁਤੇ ਮਾਨਵੀ ਤੇ ਵਿੱਤੀ ਮਾਪਦੰਡਾਂ ਵਿਚ ਬਿਹਤਰੀ ਦਰਜ ਕਰਨ ਲੱਗਾ। ਇਸੇ ਸਮੇਂ ਅਸਥਿਰਤਾ ਪੈਦਾ ਕਰਨ ਵਾਲੀਆਂ ਬਾਹਰੀ ਤੇ ਅੰਦੂਰਨੀ ਤਾਕਤਾਂ ਪਾਕਿਸਤਾਨੀ ਖ਼ੁਫੀਆ ਏਜੰਸੀਆਂ ਅਤੇ ਕੱਟੜਵਾਦੀ ਇਸਲਾਮਿਕ ਸੰਗਠਨਾਂ ਦੀ ਸੇਧ 'ਚ ਆਪਣੇ ਕੰਮ 'ਤੇ ਲੱਗੀਆਂ ਹੋਈਆਂ ਸਨ। ਇਨ੍ਹਾਂ ਤਾਕਤਾਂ ਦੀ ਚੜ੍ਹਾਈ ਦਾ ਟਾਕਰਾ ਕਰਨ ਲਈ ਸੱਤਾਧਾਰੀ ਪਾਰਟੀ ਦੇ ਕਾਡਰ ਤੇ ਪ੍ਰਸ਼ਾਸਨ ਨੇ ਵੀ ਗ਼ੈਰ-ਕਾਨੂੰਨੀ ਤੌਰ-ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ। ਹੌਲੀ-ਹੌਲੀ ਰਾਜਨੀਤਕ ਅਸਹਿਣਸ਼ੀਲਤਾ, ਭ੍ਰਿਸ਼ਟਾਚਾਰ, ਵਿਰੋਧੀਆਂ ਖ਼ਿਲਾਫ਼ ਹਿੰਸਾ ਦਾ ਰੋਗ ਫੈਲਣਾ ਸ਼ੁਰੂ ਹੋ ਗਿਆ। ਵੱਧ ਤੋਂ ਵੱਧ ਵਿਰੋਧੀ ਨੇਤਾਵਾਂ ਤੇ ਕਾਰਕੁਨਾਂ ਨੂੰ ਜੇਲ੍ਹਾਂ 'ਚ ਸੁੱਟਿਆ ਗਿਆ। ਸੱਤਾਧਾਰੀ ਪਾਰਟੀ 'ਤੇ ਚੋਣਾਂ ਵਿਚ ਹੇਰ-ਫੇਰ ਦੇ ਦੋਸ਼ ਲੱਗੇ ਅਤੇ ਵਿਰੋਧੀ ਪਾਰਟੀਆਂ ਨੂੰ ਆਜ਼ਾਦੀ ਨਾਲ ਕੰਮ ਕਰਨ ਤੋਂ ਰੋਕਿਆ ਗਿਆ। ਜਮਹੂਰੀ ਸੰਸਥਾਵਾਂ ਨੂੰ ਸ਼ਕਤੀਹੀਣ ਕਰ ਦਿੱਤਾ ਗਿਆ ਤੇ ਉਹ ਆਪਣੇ ਫ਼ਰਜ਼ ਅਦਾ ਕਰਨ ਦੇ ਯੋਗ ਨਹੀਂ ਰਹੀਆਂ। ਸੜਕਾਂ 'ਤੇ ਸੱਤਾਧਾਰੀ ਪਾਰਟੀ ਦੇ ਕਾਡਰ ਦਾ ਦਬਦਬਾ ਹੋ ਗਿਆ ਸੀ।

ਜਦ ਸੰਕਟ ਆਇਆ, ਉਦੋਂ ਬੰਗਲਾਦੇਸ਼ ਖ਼ੁਦਮੁਖ਼ਤਾਰ ਤੇ ਮਜ਼ਬੂਤ ਸੰਸਥਾਵਾਂ ਤੋਂ ਮਹਿਰੂਮ ਤਾਨਾਸ਼ਾਹੀ ਬਣ ਚੁੱਕਾ ਸੀ। ਵਿਦਿਆਰਥੀ ਸੰਘਰਸ਼ ਵਜੋਂ ਸ਼ੁਰੂ ਹੋਈ ਹਲਚਲ ਨਾਲ ਰਾਜਨੀਤਕ ਤੇ ਪ੍ਰਸ਼ਾਸਕੀ ਪੱਖ ਤੋਂ ਸਹੀ ਢੰਗ ਨਾਲ ਨਹੀਂ ਨਜਿੱਠਿਆ ਗਿਆ। ਅਖ਼ੀਰ ਵਿਚ ਸ਼ੇਖ਼ ਹਸੀਨਾ ਨੇ ਪੁਲੀਸ ਤੇ ਸੈਨਾ ਨੂੰ ਆਪਣੇ ਹੀ ਨਾਗਰਿਕਾਂ 'ਤੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ; ਸੈਂਕੜੇ ਲੋਕ ਮਾਰੇ ਗਏ ਤੇ ਖ਼ੂਨ ਦੇ ਦਾਗ਼ ਉਸ ਦੇ ਹੱਥਾਂ 'ਤੇ ਹਮੇਸ਼ਾ ਰਹਿਣਗੇ। ਉਸ ਨੂੰ ਉਹੀ ਦੇਸ਼ ਛੱਡ ਕੇ ਭੱਜਣਾ ਪਿਆ ਜਿਹੜਾ ਉਸ ਦੇ ਪਿਤਾ ਨੂੰ ਆਜ਼ਾਦ ਬੰਗਲਾਦੇਸ਼ 'ਚ ਵਾਪਸ ਲਿਆਇਆ ਸੀ ਤੇ ਹੁਣ ਉਹ ਦਿੱਲੀ ਦੇ ਕਿਸੇ ਗੁਮਨਾਮ ਕੋਨੇ 'ਚ ਇਕੱਲੀ ਬੈਠੀ ਕਿਤੇ ਸ਼ਰਨ ਮਿਲਣ ਦੀ ਉਡੀਕ ਕਰ ਰਹੀ ਹੈ। ਸ਼ੁਰੂਆਤੀ ਕਥਨ 'ਤੇ ਮੁੜ ਆਉਂਦੇ ਹਾਂ, "ਅਸੀਂ ਆਪਣੇ ਦੇਸ਼ ਦੀ ਰੀੜ੍ਹ ਦੀ ਹੱਡੀ ਵਜੋਂ ਲੋਕਤੰਤਰ ਵਿਚ ਯਕੀਨ ਰੱਖਦੇ ਹਾਂ। ਅਸੀਂ ਮੰਨਦੇ ਹਾਂ ਕਿ ਮਜ਼ਬੂਤ, ਭਰੋਸੇਯੋਗ ਸੰਸਥਾਵਾਂ ਵਿਸ਼ੇਸ਼ਤਾ ਹਨ, ਨਾ ਕਿ ਕੋਈ ਅੜਿੱਕਾ ਤੇ ਇਹ ਕਿ ਸਾਡੀ ਸਨਅਤ ਇਨ੍ਹਾਂ ਬਿਨਾਂ ਢਹਿ-ਢੇਰੀ ਹੋ ਜਾਣਗੀਆਂ।" ਇਹ ਵੀ ਕਿਹਾ ਜਾ ਸਕਦਾ ਕਿ ਸਿਰਫ਼ ਉਦਯੋਗ ਹੀ ਨਹੀਂ ਬਲਕਿ ਪੂਰਾ ਦੇਸ਼ ਢਹਿ-ਢੇਰੀ ਹੋ ਜਾਵੇਗਾ।

# ਸ਼ੇਖ ਹਸੀਨਾ ਨੇ ਖਤਾ ਕਿਵੇਂ ਖਾਧੀ...

**ਆਨੰਦ ਕੁਮਾਰ**

ਜਨਵਰੀ 2009 ਵਿਚ ਜਦੋਂ ਸ਼ੇਖ਼ ਹਸੀਨਾ ਨੇ ਬੰਗਲਾਦੇਸ਼ ਦੀ ਸੱਤਾ ਦੀ ਵਾਗਡੋਰ ਸੰਭਾਲੀ ਸੀ ਤਾਂ ਦੱਖਣੀ ਏਸ਼ੀਆ ਵਿਚ ਖੇਤਰੀ ਸਥਿਰਤਾ ਵਿਚ ਸੁਧਾਰ ਦੇਖਣ ਨੂੰ ਮਿਲਿਆ ਸੀ। ਭਾਰਤ ਦੇ ਉੱਤਰ ਪੂਰਬੀ ਖਿੱਤੇ ਅੰਦਰ ਬਾਗ਼ੀ ਤੇ ਅਤਿਵਾਦੀ ਖ਼ਤਰਿਆਂ ਨਾਲ ਨਜਿੱਠਣ ਲਈ ਉਸ ਨੇ ਨਵੀਂ ਦਿੱਲੀ ਸਹਿਯੋਗ ਦਿੱਤਾ ਅਤੇ ਬੰਗਲਾਦੇਸ਼ ਵਿਚ ਕੱਟੜਪੰਥੀਆਂ ਖ਼ਿਲਾਫ਼ ਫ਼ੈਸਲਾਕੁਨ ਕਾਰਵਾਈ ਸਦਕਾ ਖਿੱਤੇ ਅੰਦਰ ਸੁਰੱਖਿਆ ਦੀ ਹਾਲਤੀ ਵਿਚ ਭਰਵਾਂ ਸੁਧਾਰ ਆਇਆ। ਹਸੀਨਾ ਦੇ 15 ਸਾਲਾ ਕਾਰਜਕਾਲ ਵਿਚ ਆਮ ਤੌਰ 'ਤੇ ਸ਼ਾਂਤੀ ਅਤੇ ਸਥਿਰਤਾ ਰਹੀ ਜਿਸ ਸਦਕਾ ਬੰਗਲਾਦੇਸ਼ ਅੰਦਰ ਆਰਥਿਕ ਵਿਕਾਸ ਵਿਚ ਇਜ਼ਾਫ਼ਾ ਹੋਇਆ ਅਤੇ ਖੇਤਰੀ ਸਹਿਯੋਗ ਨੂੰ ਹੁਲਾਰਾ ਮਿਲਿਆ ਸੀ।

ਹਸੀਨਾ ਦੇ ਕਾਰਜਕਾਲ ਦੌਰਾਨ ਭਾਰਤ ਅਤੇ ਬੰਗਲਾਦੇਸ਼ ਵਿਚਕਾਰ ਲੰਮੇ ਅਰਸੇ ਤੋਂ ਲਟਕ ਰਹੇ ਮੁੱਦੇ ਸੁਚਾਰੂ ਢੰਗ ਨਾਲ ਸੁਲਝਾ ਲਏ ਗਏ ਜਿਸ ਕਰ ਕੇ ਖੇਤਰੀ ਸਹਿਯੋਗ ਵਿਚ ਵਾਧਾ ਹੋਇਆ; ਭਾਵੇਂ ਇਸ ਦੌਰਾਨ ਖ਼ਾਸਕਰ ਸਾਰਕ (ਦੱਖਣ ਏਸ਼ਿਆਈ ਖੇਤਰੀ ਸਹਿਯੋਗ ਸੰਘ) ਆਮ ਤੌਰ 'ਤੇ ਨਕਾਰਾ ਹੀ ਬਣਿਆ ਰਿਹਾ। ਉਂਝ, 4 ਅਗਸਤ ਨੂੰ ਅਮਨ ਕਾਨੂੰਨ ਦੀ ਹਾਲਤ ਬੇਕਾਬੂ ਹੋ ਜਾਣ ਕਰ ਕੇ ਸ਼ੇਖ਼ ਹਸੀਨਾ ਨੂੰ ਅਹੁਦਾ ਛੱਡਣਾ ਪਿਆ ਜਿਸ ਨਾਲ ਇਨ੍ਹਾਂ ਪ੍ਰਾਪਤੀਆਂ ਨੂੰ ਸੱਟ ਵੱਜ ਸਕਦੀ ਹੈ ਅਤੇ ਕੌਮੀ ਤੇ ਖੇਤਰੀ ਪ੍ਰਸੰਗ ਵਿਚ ਹੋਈ ਪ੍ਰਗਤੀ ਦਾ ਨੁਕਸਾਨ ਹੋ ਸਕਦਾ ਹੈ।

ਸੁਰੱਖਿਆ ਹਾਲਤ ਵਿਚ ਨਿਘਾਰ ਉਦੋਂ ਸ਼ੁਰੂ ਹੋਇਆ ਜਦੋਂ ਵਿਦਿਆਰਥੀ ਪ੍ਰਦਰਸ਼ਨ ਹੋਣ ਲੱਗ ਪਏ; ਸਿੱਟੇ ਵਜੋਂ 100 ਦੇ ਕਰੀਬ ਮੌਤਾਂ ਹੋ ਗਈਆਂ ਅਤੇ ਸੈਂਕੜੇ ਹੋਰ ਜ਼ਖ਼ਮੀ ਹੋ ਗਏ। ਹਸੀਨਾ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ 'ਤੇ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾਈਆਂ। ਸਰਕਾਰ ਨੇ ਰੋਸ ਮੁਜ਼ਾਹਰੇ ਦਬਾਉਣ ਲਈ ਦੇਸ਼ ਭਰ ਵਿਚ ਕਰਫਿਊ ਲਗਾ ਦਿੱਤਾ ਅਤੇ ਇੰਟਰਨੈੱਟ 'ਤੇ ਪਾਬੰਦੀ ਲਾਗੂ ਕਰ ਦਿੱਤੀ। ਇਹ ਰੋਸ ਪ੍ਰਦਰਸ਼ਨ ਜੂਨ ਮਹੀਨੇ ਸ਼ੁਰੂ ਹੋਏ ਸਨ ਜਿਸ ਤਹਿਤ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀ 1971 ਦੀ ਮੁਕਤੀ ਜੰਗ ਵਿਚ ਭਾਗ ਲੈਣ ਵਾਲੇ ਲੋਕਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀਆਂ ਵਿਚ 30 ਫ਼ੀਸਦੀ ਰਾਖਵਾਂਕਰਨ ਦੇਣ ਦੇ ਵਿਵਾਦ ਵਾਲੇ ਫ਼ੈਸਲੇ ਖ਼ਿਲਾਫ਼ ਰੋਸ ਮੁਜ਼ਾਹਰੇ ਕਰ ਰਹੇ ਸਨ। ਮੁਜ਼ਾਹਰਾਕਾਰੀਆਂ ਦਾ ਤਰਕ ਸੀ ਕਿ ਇਹ ਰਾਖਵਾਂਕਰਨ ਪ੍ਰਣਾਲੀ ਵਿਤਕਰੇ ਭਰੀ ਹੈ ਅਤੇ ਹਸੀਨਾ ਦੀ ਅਵਾਮੀ ਲੀਗ ਪਾਰਟੀ ਦੇ ਹਿੱਤਾਂ ਦੀ ਪੂਰਤੀ ਕਰਦੀ ਹੈ; ਉਨ੍ਹਾਂ ਮੰਗ ਕੀਤੀ ਕਿ ਇਸ ਦੀ ਬਜਾਇ ਮੈਰਿਟ ਆਧਾਰਿਤ ਪ੍ਰਣਾਲੀ ਅਪਣਾਈ ਜਾਵੇ। ਇਹ ਕੋਟਾ ਪ੍ਰਣਾਲੀ 1972 ਵਿਚ ਸ਼ੁਰੂ ਕੀਤੀ ਗਈ ਸੀ ਜੋ 2018 ਵਿਚ ਬੰਦ ਕਰ ਦਿੱਤੀ ਗਈ ਸੀ ਪਰ ਫਿਰ ਇਸ ਨੂੰ ਬਹਾਲ ਕਰ ਦਿੱਤਾ ਗਿਆ। ਜੁਲਾਈ ਮਹੀਨੇ ਜਦੋਂ ਸੁਰੱਖਿਆ ਦਸਤਿਆਂ ਨੇ 200 ਤੋਂ ਵੱਧ ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਸੀ ਤਾਂ ਇਸ ਪ੍ਰਣਾਲੀ ਨੂੰ ਇੱਕ ਵਾਰ ਫਿਰ ਬੰਦ ਕਰ ਦਿੱਤਾ। ਸੁਪਰੀਮ ਕੋਰਟ ਵਲੋਂ ਕੋਟਾ ਪ੍ਰਣਾਲੀ ਰੱਦ ਕਰ ਦੇਣ ਤੋਂ ਬਾਅਦ ਕੁਝ ਦੇਰ ਲਈ ਵਿਦਿਆਰਥੀ ਮੁਜ਼ਾਹਰੇ ਰੁਕ ਗਏ ਸਨ ਪਰ ਇਸ ਸੰਘਰਸ਼ ਦੌਰਾਨ ਮਾਰੇ ਗਏ ਲੋਕਾਂ ਲਈ ਇਨਸਾਫ਼ ਹਾਸਿਲ ਕਰਨ ਲਈ ਇਹ ਦੁਬਾਰਾ ਸ਼ੁਰੂ ਹੋ ਗਏ।

ਇਹ ਅੰਦੋਲਨ ਕੋਟੇ ਦੇ ਮੁੱਦੇ ਤੋਂ ਸ਼ੁਰੂ ਹੋ ਕੇ ਹੌਲੀ-ਹੌਲੀ ਸਰਕਾਰ ਵਿਰੋਧੀ ਮੁਹਿੰਮ ਦਾ ਰੂਪ ਧਾਰਨ ਕਰ ਗਿਆ ਜਿਸ ਵਿਚ ਸਮਾਜ ਦੇ ਵੱਖ-ਵੱਖ ਤਬਕਿਆਂ ਦੇ ਲੋਕ ਹਿੱਸਾ ਲੈ ਰਹੇ ਸਨ ਜਿਨ੍ਹਾਂ ਵਿਚ ਨਾਮਵਰ ਹਸਤੀਆਂ ਅਤੇ ਵਸਤਰ ਨਿਰਮਾਣਕਾਰ ਵੀ ਸ਼ਾਮਿਲ ਸਨ। ਫ਼ੌਜ ਦੇ ਸਾਬਕਾ ਮੁਖੀ ਜਨਰਲ ਇਕਬਾਲ ਕਰੀਮ ਭੂਈਆਂ ਜਿਨ੍ਹਾਂ ਇਕਜੁੱਟਤਾ ਦੇ ਪ੍ਰਤੀਕ ਵਜੋਂ ਆਪਣੇ ਫੇਸਬੁਕ ਪ੍ਰੋਫਾਈਲ ਦੀ ਫੋਟੋ ਲਾਲ ਕੀਤੀ ਸੀ, ਸਣੇ ਕਈ ਸੇਵਾ ਮੁਕਤ ਫ਼ੌਜੀ ਜਰਨੈਲ ਅੰਦੋਲਨ ਦੀ ਹਮਾਇਤ ਕਰ ਰਹੇ ਸਨ। ਇਹ ਕਾਫ਼ੀ ਅਹਿਮ ਘਟਨਾ ਸੀ ਕਿਉਂਕਿ ਬੰਗਲਾਦੇਸ਼ ਵਿਚ ਬਹੁਤ ਸਾਰੇ ਸਾਬਕਾ ਫ਼ੌਜੀ ਅਫਸਰਾਂ ਦਾ ਪਿਛੋਕੜ ਪਾਕਿਸਤਾਨੀ ਫ਼ੌਜ ਨਾਲ ਜੁੜਿਆ ਹੋਇਆ ਹੈ। ਇਹ ਦੋਸ਼ ਵੀ ਲਾਏ ਜਾ ਰਹੇ ਹਨ ਕਿ ਪ੍ਰਦਰਸ਼ਨਕਾਰੀਆਂ ਨੂੰ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ (ਬੀ.ਐੱਨ.ਪੀ.) ਅਤੇ ਜਮਾਤ-ਏ-ਇਸਲਾਮੀ ਦੇ ਆਪਣੇ ਸਿਆਸੀ ਮੰਤਵਾਂ ਲਈ ਵਰਤਿਆ ਜਾ ਰਿਹਾ ਹੈ। ਇਸੇ ਦੌਰਾਨ ਫ਼ੌਜ ਨੇ ਅਮਨ ਕਾਨੂੰਨ ਵਿਵਸਥਾ ਬਹਾਲ ਕਰਾਉਣ ਲਈ ਦਖ਼ਲ ਦਿੱਤਾ। ਫ਼ੌਜ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਪਹਿਲਾਂ ਅਫਸਰਾਂ ਨੂੰ ਅਮਨ ਬਹਾਲ ਕਰਾਉਣ ਦੇ ਨਿਰਦੇਸ਼ ਦਿੱਤੇ ਪਰ ਜਦੋਂ ਹਾਲਾਤ ਬੇਕਾਬੂ ਹੁੰਦੇ ਦਿਖਾਈ ਦਿੱਤੇ ਤਾਂ ਫ਼ੌਜ ਵੀ ਦੁਚਿੱਤੀ ਵਿਚ ਪੈ ਗਈ।

3 ਅਗਸਤ ਨੂੰ ਫ਼ੌਜ ਦੇ ਮੁਖੀ ਜਨਰਲ ਵਕਾਰ-ਉਜ਼-ਜ਼ਮਾਂ ਨੇ ਢਾਕਾ ਵਿਚ ਫ਼ੌਜੀ ਸਦਰ ਮੁਕਾਮ ਵਿਚ ਅਫਸਰਾਂ ਨੂੰ ਮੁਖ਼ਾਤਿਬ ਹੁੰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬੰਗਲਾਦੇਸ਼ ਦੀ ਫ਼ੌਜ ਲੋਕਾਂ ਦੇ ਭਰੋਸੇ ਦੀ ਪ੍ਰਤੀਕ ਹੈ, ਉਨ੍ਹਾਂ ਭਰੋਸਾ ਦਿਵਾਇਆ ਕਿ ਲੋੜ ਪੈਣ 'ਤੇ ਫ਼ੌਜ ਲੋਕਾਂ ਅਤੇ ਸਟੇਟ/ਰਿਆਸਤ ਨਾਲ ਖੜ੍ਹੇਗੀ ਪਰ ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਕੀ ਫ਼ੌਜ ਪ੍ਰਦਰਸ਼ਨਕਾਰੀਆਂ ਦੀ ਹਮਾਇਤ ਕਰਦੀ ਹੈ।

ਸ਼ੇਖ਼ ਹਸੀਨਾ ਦੇ ਸ਼ਾਸਨਕਾਲ ਦੌਰਾਨ ਭਾਵੇਂ ਅਮਨ ਚੈਨ ਬਣਿਆ ਰਹਿਣ ਕਰ ਕੇ ਬੰਗਲਾਦੇਸ਼ ਵਿਚ ਖੁਸ਼ਹਾਲੀ ਆਈ ਸੀ ਪਰ ਉਨ੍ਹਾਂ 'ਤੇ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਨ੍ਹਾਂ ਰਾਜਕੀ ਸੰਸਥਾਵਾਂ ਦੀ ਵਰਤੋਂ ਕਰ ਕੇ ਅਤੇ ਅਸਹਿਮਤੀ ਦੀਆਂ ਆਵਾਜ਼ਾਂ ਚੁੱਪ ਕਰਵਾ ਕੇ ਆਪਣੀ ਸੱਤਾ ਕਾਇਮ ਕੀਤੀ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਅਵਾਮੀ ਲੀਗ ਦਾ ਲੋਕਾਂ ਨਾਲੋਂ ਰਾਬਤਾ ਟੁੱਟ ਚੁੱਕਿਆ ਹੈ। ਬੰਗਲਾਦੇਸ਼ ਵਿਚ ਜੋ ਖ਼ੂਨੀ ਝੜਪਾਂ ਦੇਖਣ ਨੂੰ ਮਿਲੀਆਂ ਹਨ, ਉਹ ਦੇਸ਼ ਦੇ ਖ਼ਾਨਾਜੰਗੀ ਦੇ ਇਤਿਹਾਸ ਦੀਆਂ ਬਦਤਰੀਨ ਘਟਨਾਵਾਂ ਵਜੋਂ ਦਰਜ ਕੀਤੀਆਂ ਗਈਆਂ ਹਨ। ਅਵਾਮੀ ਲੀਗ ਨੇ ਪ੍ਰਦਰਸ਼ਨਕਾਰੀਆਂ ਨੂੰ ਦਬਾਉਣ ਲਈ ਆਪਣੇ ਵਿਦਿਆਰਥੀ ਵਿੰਗ ਬੰਗਲਾਦੇਸ਼ ਛਾਤਰ ਲੀਗ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ ਅਤੇ ਇਹ ਭੁੱਲ ਗਈ ਕਿ ਵਿਦਿਆਰਥੀ ਵਿੰਗ ਹੋਰ ਵਿਦਿਆਰਥੀਆਂ 'ਤੇ ਹਮਲੇ ਕਰਨ ਲਈ ਨਹੀਂ ਹੁੰਦਾ। ਸ਼ੁਰੂ ਵਿਚ ਸੱਤਾਧਾਰੀ ਅਵਾਮੀ ਲੀਗ ਨਾਲ ਜੁੜੀਆਂ ਤਾਕਤਾਂ ਨੇ ਬਦਅਮਨੀ ਭੜਕਾਉਣ ਲਈ ਰੋਸ ਮੁਜ਼ਾਹਰੇ ਕੀਤੇ ਸਨ।

ਇਸ ਸੰਕਟ ਨੇ ਨਾਗਰਿਕਾਂ ਨੂੰ ਦਰਪੇਸ਼ ਚੌਤਰਫ਼ਾ ਸਮੱਸਿਆਵਾਂ ਉਜਾਗਰ ਕਰ ਦਿੱਤੀਆਂ ਹਨ: ਰੋਜ਼ਮੱਰਾ ਚੀਜ਼ਾਂ ਦੀਆਂ ਵਧ ਰਹੀਆਂ ਕੀਮਤਾਂ, ਅਪਰਾਧੀ ਗਰੋਹਾਂ ਦੀ ਜਕੜ ਅਤੇ ਸਰਕਾਰ ਦੇ ਹਰ ਅੰਗ ਵਿਚ ਫੈਲਿਆ ਭ੍ਰਿਸ਼ਟਾਚਾਰ। ਸਰਕਾਰ ਜਿਵੇਂ ਆਪਣੇ ਸਿਆਸੀ ਵਿਰੋਧੀਆਂ ਨੂੰ ਨੱਪਣ ਲਈ ਲੱਕ ਬੰਨ੍ਹ ਕੇ ਜੁਟੀ ਹੋਈ ਸੀ, ਉਸ ਤੋਂ ਵੀ ਆਮ ਲੋਕ ਦੁਖੀ ਸਨ। ਬੰਗਲਾਦੇਸ਼ੀ ਅਰਥਚਾਰੇ ਨੂੰ ਕੁਝ ਸਮੇਂ ਤੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖ਼ਾਸਕਰ ਵਿਦੇਸ਼ੀ ਕਰੰਸੀ ਦਾ ਸੰਕਟ ਹੈ। ਜਦੋਂ ਅਰਥਚਾਰੇ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਹੈ ਤਾਂ ਨਾਗਰਿਕ ਉਨ੍ਹਾਂ ਨੂੰ ਮਿਲੀ ਰਹੀ ਜਮਹੂਰੀ ਥਾਂ ਵੱਲ ਬਹੁਤਾ ਧਿਆਨ ਨਹੀਂ ਦਿੰਦੇ ਪਰ ਜਦੋਂ ਅਰਥਚਾਰੇ ਦੀ ਹਾਲਤ ਵਿਗੜਨ ਲਗਦੀ ਹੈ ਤਾਂ ਨੌਕਰੀਆਂ, ਰੁਜ਼ਗਾਰ ਅਤੇ ਸਿਆਸੀ ਆਜ਼ਾਦੀ ਜਿਹੇ ਸਰੋਕਾਰ ਬਹੁਤ ਅਹਿਮ ਬਣ ਜਾਂਦੇ ਹਨ। ਸਰਕਾਰ ਨੇ ਵਿਦਿਆਰਥੀ ਅੰਦੋਲਨ ਨਾਲ ਗ਼ਲਤ ਢੰਗ ਨਾਲ ਨਜਿੱਠ ਕੇ ਅਤੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਸਿਆਸੀ ਵਿਰੋਧੀ ਕਰਾਰ ਦੇ ਕੇ ਸੰਕਟ ਹੋਰ ਮਘਾ ਦਿੱਤਾ। ਫ਼ੌਜ ਦੇ ਮੁਖੀ ਨੇ ਅੰਤਰਿਮ ਸਰਕਾਰ ਕਾਇਮ ਕਰਨ ਦਾ ਐਲਾਨ ਕਰ ਦਿੱਤਾ।

ਬੰਗਲਾਦੇਸ਼ ਦੀ ਫ਼ੌਜ ਸੱਤਾ ਦੀ ਕਮਾਨ ਬਹੁਤੀ ਦੇਰ ਆਪਣੇ ਹੱਥਾਂ ਵਿਚ ਸੰਭਾਲ ਕੇ ਨਹੀਂ ਰੱਖ ਸਕਦੀ ਕਿਉਂਕਿ ਇਹ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਦੀ ਵੱਡੀ ਲਾਭਪਾਤਰ ਹੈ ਅਤੇ ਸੰਯੁਕਤ ਰਾਸ਼ਟਰ ਅਜਿਹੀ ਵਿਵਸਥਾ ਨੂੰ ਬਹੁਤਾ ਪਸੰਦ ਨਹੀਂ ਕਰਦਾ। ਜਿਵੇਂ 2007 ਵਿਚ ਕਾਇਮ ਮੁਕਾਮ ਸਰਕਾਰ ਦੇ ਕਾਰਜਕਾਲ ਵੇਲੇ ਦੇਖਿਆ ਗਿਆ ਸੀ, ਫ਼ੌਜ ਪਿਛਲੀ ਸੀਟ 'ਤੇ ਬੈਠ ਕੇ ਸੱਤਾ ਚਲਾਉਣਾ ਪਸੰਦ ਕਰਦੀ ਹੈ। ਬਹਰਹਾਲ, ਜਿੱਥੋਂ ਤੱਕ ਭਾਰਤ ਦਾ ਤਾਅਲੁਕ ਹੈ, ਦੁਵੱਲੇ ਰਿਸ਼ਤੇ ਨਵੀਂ ਸਰਕਾਰ ਬਣਨ 'ਤੇ ਹੀ ਨਿਰਭਰ ਕਰਨਗੇ ਅਤੇ ਰੋਸ ਪ੍ਰਦਰਸ਼ਨ ਤੇ ਅਰਾਜਕਤਾ ਬੰਦ ਹੋਣ 'ਤੇ ਹੀ ਨਵੀਂ ਸਰਕਾਰ ਬਣਨ ਦਾ ਰਾਹ ਸਾਫ਼ ਹੋਵੇਗਾ।


ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)
SHER-E-PUNJAB SPORTS CLUB
CHICAGO MIDWEST
ਸ਼ਿਕਾਗੋ ਕਬੱਡੀ ਕੱਪ-2024
ਅਤੇ ਵਾਲੀਬਾਲ ਮੁਕਾਬਲੇ ਲੇਬਰ ਡੇਅ ਵੀਕ ਐਂਡ
1 ਸਤੰਬਰ, 2024 ਐਤਵਾਰ
ਸਮਾਂ: ਸਵੇਰੇ 10 ਤੋਂ 6:30 ਵਜੇ ਤਕ
ਮੁਫਤ ਦਾਖਲਾ, ਖਾਣਾ, ਕਾਰ ਪਾਰਕਿੰਗ ਤੇ ਮਨੋਰੰਜਨ
ਹਰਜੀਤ ਹਰਮਨ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ
ਮੁੱਖ ਮਹਿਮਾਨ
Director of Event
ਚੇਅਰਮੈਨ
ਅਮਰਜੀਤ ਢੀਂਡਸਾ
ਲਖਬੀਰ ਢੀਂਡਸਾ
ਗੁਰਿੰਦਰਜੀਤ ਸਿੰਘ ਗਰੇਵਾਲ
ਬਲਦੇਵ ਸਿੰਘ ਸੱਲ੍ਹਾਂ
ਵਿਸ਼ੇਸ਼ ਮਹਿਮਾਨ
ਜੇ ਪੀ ਖਹਿਰਾ
ਅਮਰਬੀਰ ਘੁਮਾਣ
ਹੈਰੀ ਘੁਮਾਣ
ਵਿਸ਼ੇਸ਼ ਮਹਿਮਾਨ
ਕੁਲਵੰਤ ਸਿੰਘ ਢਿੱਲੋਂ
ਬਿੱਲਾ ਢਿੱਲੋਂ
ਗੈਸਟ ਆਫ ਆਨਰ
ਐਮ ਆਰ ਦੂਬੇ ਐਡਵੋਕੇਟ
ਜਥੇਦਾਰ ਤਾਰਾ ਸਿੰਘ ਸੱਲ੍ਹਾਂ
ਭੋਲਾ ਸਿੰਘ ਧੰਮ
ਨਰਿੰਦਰ ਸਿੰਘ ਮੁੰਦਰ
ਜੱਸੀ ਸਹੋਤਾ
ਬੱਬੂ ਖੱਟੜਾ
ਹਰਦੀਪ ਸਿੰਘ ਭੱਟੀ
ਲਵ ਮਿਨਹਾਸ
ਸੰਨੀ ਸ਼ੇਰਗਿੱਲ
ਲਖਵਿੰਦਰ ਸਿੰਘ ਸੇਖੋਂ
ਕੰਵਰਵੀਰ ਸਿੰਘ ਰਵੀ
ਸੁਖਦੇਵ ਸਿੰਘ ਸਮਰਾ
ਅਮਰਜੀਤ ਚੀਮਾ
ਦੀਦਾਰ ਸਿੰਘ ਧਨੋਆ
ਬੋਰਡ ਮੈਂਬਰ
ਲਖਵਿੰਦਰ ਸਿੰਘ (ਪ੍ਰਧਾਨ)
ਜਸਰੂਪ ਸਿੰਘ (ਮੀਤ ਪ੍ਰਧਾਨ)
ਪਰਮਿੰਦਰ ਸਿੰਘ ਵਾਲੀਆ
ਅਮਰਦੇਵ ਸਿੰਘ ਬੰਦੇਸ਼ਾ
ਦੀਪਾ ਬੰਦੇਸ਼ਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਗੁਰਦੇਵ ਸਿੰਘ ਗਿੱਲ
ਦਰਸ਼ਨ ਸਿੰਘ ਪੰਮਾ
ਅੰਮ੍ਰਿਤਪਾਲ ਮਾਂਗਟ
ਮਨਜਿੰਦਰ ਸਿੰਘ
ਅਮਰਜੀਤ ਬੰਦੇਸ਼ਾ
For Further Info.: Ph: 920-460-1001, 847-561-7101, 630-523-3412, 815-546-0525, 847-544-1788, 708-612-7963, 847-338-3866, 847-477-1613, 630-947-3686, 847-271-7451, 847-778-7519, 608-566-6655

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)

## ਪਹਿਲਾ ਇਨਾਮ




## ਦੂਜਾ ਇਨਾਮ




## ਤੀਜਾ ਇਨਾਮ



ਸੁਖਵਿੰਦਰ ਘੱਗਰ | ਸਤਪਾਲ ਸੱਤਾ | ਹਰਜਿੰਦਰ ਜਿੰਦੀ | ਭੁਪਿੰਦਰ ਟਿੰਕਾ



ਕੁਲਜੀਤ ਸਿੰਘ | ਜਰਨੈਲ ਸਿੰਘ ਮਿਆਣੀ | ਰਣਦੀਪ ਰਿੰਕੂ

## ਚੌਥਾ ਇਨਾਮ



ਹਰਜੀਤ ਹਰਮਨ ਆਪਣੇ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਨਗੇ




## ਕਬੱਡੀ ਇੰਚਾਰਜ



ਵਿੱਕੀ ਸ਼ੰਮੀਪੁਰੀਆ | ਅਵਤਾਰ ਸਿੰਘ ਡੱਬ

## ਵਾਲੀਬਾਲ ਇੰਚਾਰਜ



ਟੋਨੀ ਸੰਘੇੜਾ | ਹਰਜੀਤ ਬਿਲਿੰਗ



ਵਾਲੀਬਾਲ ਦੇ ਇਨਾਮ ਢੀਂਡਸਾ ਪਰਿਵਾਰ ਵਲੋਂ ਸਵਰਗੀ ਮਿਹਰ ਸਿੰਘ ਢੀਂਡਸਾ ਦੀ ਯਾਦ 'ਚ

## ਕਾਲਾ ਰਸ਼ੀਨ ਤੇ ਮੱਖਣ ਅਲੀ ਕਬੱਡੀ ਦੀ ਕੁਮੈਂਟਰੀ ਕਰਨਗੇ



ਕਾਲਾ ਰਸ਼ੀਨ | ਮੱਖਣ ਅਲੀ

## ਪਲਾਟੀਨਮ ਸਪਾਂਸਰ



ਹਰਵਿੰਦਰ ਵਾਲੀਆ | ਦਰਸ਼ਨ ਸਿੰਘ ਦਰੜ | ਪ੍ਰਿਥਪਾਲ ਘੋਤੜਾ | ਹਰਵਿੰਦਰ ਕੰਗ | ਪਾਲ ਸਿੰਘ ਖ਼ਲੀਲ | ਗੁਰਮੀਤ ਸਿੰਘ ਸੱਲ੍ਹਾਂ | ਸਰਬਜੀਤ ਸਿੰਘ ਸੱਲ੍ਹਾਂ | ਲਖਵੀਰ ਸਿੰਘ ਸਹੋਤਾ | ਬਲਦੇਵ ਵਿਰਕ | ਗੁਰਚਰਨ ਸਿੰਘ ਝੱਜ | ਜੈਦੇਵ ਸਿੰਘ ਭੱਠਲ | ਸੁਖਰਾਜ ਸਿੰਘ ਤੱਖਰ

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼



ਡਾ. ਵਿਕਰਮ ਗਿੱਲ | ਗੁਰਪ੍ਰੀਤ ਸਿੱਧੂ | ਅਮਰੀਕ ਸਿੰਘ ਸ਼ਿਕਾਗੋ | ਮੁਖਤਿਆਰ ਸਿੰਘ ਨੰਦੜਾ | ਚਰਨਜੀਤ ਸਮਰਾ | ਪਰਮਜੀਤ ਸਿੰਘ ਮਹਿਰਾਜ | ਦਪਿੰਦਰ ਸਿੰਘ ਧਾਲੀਵਾਲ | ਜਸਵੰਤ ਸਿੰਘ | ਬਲਜੀਤ ਸਿੰਘ | ਹਰਇੰਦਰਜੀਤ ਧਾਲੀਵਾਲ | ਗੁਰਮੀਤ ਸਿੰਘ ਬਾਠ | ਧਰਮਿੰਦਰ ਸਿੰਘ ਬਾਠ



ਕੁਲਦੀਪ ਢੱਟ | ਸਤਵਿੰਦਰ ਸਿੰਘ ਧਨੇਸਰ | ਕੁਲਦੀਪ ਸਿੰਘ ਲੰਗ | ਜੱਸੀ ਧਾਲੀਵਾਲ | ਰਿੰਪੀ ਖੱਟੜਾ | ਧਰਮਿੰਦਰ ਖੱਟੜਾ | ਰਾਣਾ ਵਿਰਕ | ਮਨਦੀਪ ਸਿੰਘ ਭੂਰਾ | ਬਲਦੇਵ ਰਾਜੂ | ਲੰਬੜਦਾਰ ਅਮਰਜੀਤ ਸਿੰਘ ਚਾਹਲ | ਜਗਜੀਤ ਢੀਂਡਸਾ



ਸੁਖਜੀਤ ਸਿੰਘ ਢਿੱਲੋਂ | ਸੁਰਜੀਤ ਸਿੰਘ ਤੂਰ | ਗੁਰਦੇਵ ਸਿੰਘ ਜੌੜਾ | ਜਗਦੀਸ਼ਰ ਸਿੰਘ ਕਲੇਰ | ਬਲਬੀਰ ਸਿੰਘ ਸੈਣੀ | ਹਰਜੀਤ ਸਿੰਘ ਸੰਧਰ | ਹਰਵਿੰਦਰ ਲਾਲੀ ਸਿੱਧੂ | ਪਾਖਰ ਸਿੰਘ ਸਿੱਧੂ | ਹਰਭਜਨ ਸੰਧਾਵਾਲੀਆ | ਬਹਾਦਰ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰਜੀਤ ਸਿੰਘ ਸੰਧਰ



HARMINDER KAUR
Realtor
C:2248482686
harminder.kaur@cbrealty.com
www.harminderkaur.sites.cbmoxi.com
1212 S Naper Blvd Ste 122
Naperville, IL 60540
COLDWELL BANKER | REALTY

PRADEEP SINGH
REALTOR
847-322-5832
847-241-4824
ishowhomes@yahoo.com
homeshowings365@gmail.com
www.pradeepsinghrealtor.com
20 S Roselle Rd Schaumburg IL 60193
Agent ID 242347
COLDWELL BANKER | REALTY



SERVING CHICAGOLAND & NORTHWEST SBURBS

RE/MAX



E-Mail: J.SINGH@REMAX.COM,
WEBSITE: JSINGH.REMAX.COM
REMAX SHOWCASE, LONG GROVE, IL 60060

JESSE SINGH
Ph: 847-606-3664

# Sher-E-Punjab Soprts Club-Chicago (Midwest)

## ਗੋਲਡ ਸਪਾਂਸਰ



ਜਸਵਿੰਦਰ ਸਿੰਘ ਗਿੱਲ | ਨਾਜਰ ਸਿੰਘ ਗਿੱਲ | ਚਰਨਜੀਤ ਕਾਹਲੋਂ | ਹੈਪੀ ਸਿੰਘ ਹੀਰ | ਜਸਕਰਨ ਸਿੰਘ ਧਾਲੀਵਾਲ | ਪਰਮਿੰਦਰ ਮਾਂਗਟ | ਹਰਦੀਪ ਗਿੱਲ | ਜਰਨੈਲ ਸਿੰਘ ਮੱਲ੍ਹੀ | ਜਤਿੰਦਰ ਸਿੰਘ | ਜਸਜੀਤ ਸਿੰਘ ਸਿੱਧੂ | ਡਾ. ਪਾਲ ਬੰਦੇਸ਼ਾ | ਅਜੈਬ ਸਿੰਘ ਲੱਖਣ

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼



ਹਰਮਨ ਧਾਮੀ | ਨਵੀ ਧਾਮੀ | ਭੁਪਿੰਦਰ ਸੋਢੀ | ਲਖਬੀਰ ਸਿੰਘ ਚੀਮਾ | ਜਸਵੀਰ ਪੰਨੂ | ਬਿਕਰਮਜੀਤ ਸਿੰਘ ਸੇਖੋਂ | ਹਰਕਿਸ਼ਨ ਸਿੰਘ ਭੱਟੀ | ਗੁਰਿੰਦਰ ਸਿੰਘ ਖਾਲਸਾ | ਇੰਦਰ ਵਿਰਕ | ਜਸਬੀਰ ਰੰਧਾਵਾ | ਭੁਪਿੰਦਰ ਧਾਲੀਵਾਲ | ਸੰਤੋਖ ਸਿੰਘ ਡੀ ਸੀ



ਅਭੀ ਜੈਲਦਾਰ | ਸਨੀ ਗਿੱਲ | ਰਿਪਨ ਜ਼ੈਲਦਾਰ | ਤੇਜਿੰਦਰ ਸਿੰਘ | ਪੀਟਾ ਸਹੋਤਾ | ਗੁਰਨੇਕ ਸਿੰਘ ਬਸੰਤੀ | ਅਮਰਦੀਪ ਛੀਨਾ | ਗੁਰਮੀਤ ਅਰੋੜਾ | ਮੱਖਣ ਸਿੰਘ ਗਿੱਲ | ਕੁਲਵਿੰਦਰ ਸਿੰਘ | ਜੋਧ ਸਿੰਘ ਸਿੱਧੂ | ਡਾ. ਹਰਜਿੰਦਰ ਸਿੰਘ ਖਹਿਰਾ



ਨਿਰਪਿੰਦਰ ਸਿੰਘ | ਗੁਰਮੀਤ ਗਡਾਣੀ | ਅਮਰਜੀਤ ਗਡਾਣੀ | ਅਵਤਾਰ ਸਿੰਘ ਸੱਲ੍ਹਾਂ | ਮਲਕੀਤ ਸਿੰਘ ਸੱਲ੍ਹਾਂ | ਤਰਲੋਚਨ ਸਿੰਘ ਸੰਘਾ | ਜਗਮੋਹਨ ਸਿੰਘ ਬੇਗੋਵਾਲ | ਸੁਖਜਿੰਦਰ ਸਿੰਘ ਸੋਨੂੰ | ਹਰਕੇਵਲ ਲਾਲੀ | ਕਸ਼ਮੀਰਾ ਸਿੰਘ | ਮਨਜੀਤ ਸਿੰਘ ਢਿੱਲੋਂ | ਇੰਦਰਜੀਤ ਸਿੰਘ ਮੁੱਕਰ | ਨਰਿੰਦਰ ਸਰਾਂ

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼



ਹੈਰੀ ਟੁੱਟ | ਜਗਜੀਤ ਬਾਜਵਾ | ਮਨਮਿੰਦਰ ਸਿੰਘ ਹੀਰ | ਲਾਲੀ ਪੰਧੇਰ

## Sher-E-Punjab Sports & Cultural Society cincannati (Ohio)




## Punjab Sports & Cultural Club, Chicago




ਅੰਮ੍ਰਿਤਪਾਲ ਸਿੰਘ ਸੰਘਾ (ਪ੍ਰਧਾਨ) | ਯਾਦਵਿੰਦਰ ਸਿੰਘ ਗਰੇਵਾਲ (ਉਪ ਪ੍ਰਧਾਨ) | ਲਵਦੀਪ ਸਿੰਘ ਦੁੱਲਤ (ਜਨਰਲ ਸਕੱਤਰ) | ਗੁਰਮੀਤ ਸਿੰਘ ਭੋਲਾ (ਮੀਡੀਆ ਸਕੱਤਰ)

**ਰੰਗਲਾ ਪੰਜਾਬ ਐਪਲਟਨ ਵਲੋਂ**

**ਬੈਸਟ ਜਾਫੀ ਤੇ ਰੇਡਰ ਨੂੰ ਇਨਾਮ ਦੇ ਕੇ ਨਿਵਾਜਿਆ ਜਾਵੇਗਾ।**

## ਬਰੇਕਫਾਸਟ ਸਪਾਂਸਰ (ਮੈਡੀਸਿਨ ਗਰੁੱਪ)



ਇੰਦਰਬੈਂਸ ਸਿੰਘ ਬਰਾੜ | ਜਪਤੇਜ ਸਿੰਘ ਔਲਖ | ਨਵਤੇਜ ਸਿੰਘ ਗਿੱਲ



ਸੁਰਿੰਦਰ ਸਿੰਘ ਪੰਗਲੀ | ਨਿਰਭੈ ਸਿੰਘ ਪੰਗਲੀ | ਰੇਸ਼ਮ ਸਿੰਘ

## ਖਾਣੇ ਦੀ ਸੇਵਾ ਕੇ ਕੇ ਪੰਮਾ ਵਲੋਂ ਕੀਤੀ ਜਾਵੇਗੀ



ਕੇ ਕੇ ਪੰਮਾ


Mortgage Loans
Residential & Commercial
(Licensed Mortgage Originator)
» Call: Amrik P. Singh
Serving Community from Last 14 Years
312-608-0006
asingh@gosfmc.com www.gosfmc.com
2700 Patriot Blvd., Suite 110 Glenview IL 60026
Solutions Financial
NMLS #232904



Deepak & Nikita Chandani | Ashok Chandani | Pritam & Priya Chandani
NP
N.P. Jewelers, Inc.
EXQUISITE 22KT GOLD, DIAMOND, POLKI & STUDDED JEWELRY
(773) 508-GOLD(4653)
(312)-522-8685

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)

## ਗੋਲਡ ਸਪਾਂਸਰ



ਲਖਬੀਰ ਸਿੰਘ ਸੰਧੂ | ਪਾਲ ਸਿੰਘ ਜੱਜ | ਬਲਵਿੰਦਰ ਸਿੰਘ ਢਿੱਲੋਂ | ਗੁਰਸਾਹਿਬ ਸਿੰਘ ਤੂਰ | ਸਤੀਸ਼ ਭਾਰਦਵਾਜ | ਪਰਮਜੀਤ ਸਿੰਘ ਪੰਮਾ | ਕਮਲ ਸੰਘਾ | ਤੇਜਵੀਰ ਸੰਧੂ | ਹਰਜੀਤ ਸਿੰਘ ਗਿੱਲ



ਸੁਰਜੀਤ ਗਰੇਵਾਲ | ਇੰਦਰਜੀਤ ਗਰੇਵਾਲ | ਡਾ ਰਸ਼ਪਾਲ ਬਾਜਵਾ | ਰਘਵਿੰਦਰ ਮਾਹਲ | ਸਨੀ ਜੈਨ | ਗੁਰਦੇਵ ਸਿੰਘ ਮਾਣਕ | ਜਗਜੀਤ ਝੱਜ | ਪਰਵਿੰਦਰ ਔਜਲਾ | ਪ੍ਰੀਤਮ ਸਿੰਘ ਸਿੱਧੂ



ਰਣਜੀਤ ਗਿੱਲ | ਮਨਜੀਤ ਸਿੰਘ | ਵਰਿੰਦਰ ਨਾਗਰਾ | ਪਰਮਿੰਦਰ ਸਿੱਧੂ | ਜੋਰਾਵਰ ਸਿੰਘ | ਰਵਿੰਦਰ ਰਵੀ | ਸਿਕੰਦਰ ਬਿੱਟੂ | ਸਤਵਿੰਦਰ ਸੱਤਾ | ਨਿਧਾਨ ਸਿੰਘ



ਸਨੀ ਕੁਲਾਰ | ਸੁਖਵਿੰਦਰ ਨਾਗਰਾ | ਮਨਜੀਤ ਸਿੰਘ | ਬੇਅੰਤ ਬੋਪਾਰਾਏ | ਵਿਕਰਮ ਸੋਹੀ | ਪੰਮੀ ਗਰੇਵਾਲ | ਪਰਦੀਪ ਸਲਵਾਨ | ਬਰੈਟੀ ਗਿੱਲ | ਰਾਕੇਸ਼ ਰਿਹਾਨ



ਹੌਬੀ ਗਰੇਵਾਲ | ਸਾਬੀ ਨਿਮਾਜੀਪੁਰ | ਪਰਮਿੰਦਰ ਮੁਲਤਾਨੀ | ਬਲਿਹਾਰ ਦੁਲਈ | ਗੁਰਸ਼ਰਨ ਸਹੋਤਾ | ਮੱਖਣ ਸਿੰਘ ਕਲੇਰ | ਰੰਮੀ ਗਰੇਵਾਲ | ਲੱਖੀ ਔਜਲਾ | ਕੁਲਵੰਤ ਸਿੰਘ ਨਾਗਰਾ

SWERA WOMEN SUPPORT GROUP SIKH WOMEN ERA

Fresh INDIAN GRILL Bring Flavor to Your Life
Jaswant Singh Owner
317.853.6550
info@freshindiangrill.com
freshindiangrill.com
1420 W Main St. Suite D Carmel, IN 46032

ਪੰਜਾਬ ਟਾਈਮਜ਼

BHANGRA RHYMES

ASHKE BHANGRA CLUB ਅਸ਼ਕੇ ਭੰਗੜਾ ਕਲੱਬ CHICAGO

ASHYANA BANQUETS
Small or Big Gatherings & Special Occasions
Call : 630-964-7090

ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼ ਪੰਜਾਬ ਟਾਈਮਜ਼

**ਮੇਲਾ ਮਿਡਵੈਸਟ ਦੀਆਂ ਸਮੂਹ ਸੰਸਥਾਵਾਂ, ਗੁਰਦੁਆਰੇ ਅਤੇ ਸਮਰਥਕਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ**

Lakhvir S Johal for Catering at your home or business or private location

## ਮੇਲੇ ਦੇ HIGHLIGHTS

* ਇੰਡੀਅਨਐਪੋਲਿਸ ਦੀਆਂ ਰੱਸਾਕਸ਼ੀ ਦੀਆਂ ਦੋ ਟੀਮਾਂ ਦੇ ਮੁਕਾਬਲੇ ਸ਼ਿਕਾਗੋ ਤੇ ਮਿਲਵਾਕੀ ਦੀਆਂ ਟੀਮਾਂ ਨਾਲ ਹੋਣਗੇ।
* ਬੱਚਿਆਂ ਤੇ ਬੱਚੀਆਂ ਦੇ ਦੌੜ ਮੁਕਾਬਲੇ।
* ਬੀਬੀਆਂ ਲਈ ਮਿਊਜ਼ੀਕਲ ਚੇਅਰ ਮੁਕਾਬਲੇ ਹੋਣਗੇ ਅਤੇ ਕੱਪੜਿਆਂ ਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ।

# ਵਾਹ ਨਦੀਮ! ਵਾਹ ਨੀਰਜ! ਧੰਨ ਨੇ ਤੁਹਾਡੀਆਂ ਮਾਵਾਂ!

ਪੈਰਿਸ ਦੀਆਂ ਓਲੰਪਿਕ ਖੇਡਾਂ ‘ਚੋਂ ਜਿਥੇ ਬੀਬੀ ਵਿਨੇਸ਼ ਫੋਗਟ ਹੱਥੋਂ ਕਿਸੇ ਸਾਜ਼ਿਸ਼ੀ ਛੜਯੰਤਰ ਕਰਕੇ ਗੋਲਡ ਮੈਡਲ ਖੁੱਸ ਜਾਣ ਦੀਆਂ ਦਰਦ ਭਰੀਆਂ ਖ਼ਬਰਾਂ ਆਈਆਂ ਉਥੇ ਨਦੀਮ, ਨੀਰਜ ਤੇ ਉਨ੍ਹਾਂ ਦੀਆਂ ਮਾਵਾਂ ਨੇ ਆਪਸੀ ਮੋਹ ਪਿਆਰ ਦੀਆਂ ਬਾਤਾਂ ਪਾਈਆਂ। ਹਿੰਦ-ਪਾਕਿ ਦੀ ਦੋਸਤੀ ਵਧਾਉਣ ਵਾਲੇ ਤੇ ਇਕ ਦੂਜੇ ਦੇ ਗਲੇ ਮਿਲਣ ਵਾਲੇ ਪਿਆਰੇ ਬੋਲ ਬੋਲੇ। ਜੈਵਲਿਨ ਸੁੱਟਣ ‘ਚ ਅੱਵਲ ਆਉਣ ਵਾਲੇ ਪਾਕਿ ਪੰਜਾਬ ਦੇ ਲੰਮੇ ਝੰਮੇ ਜੁਆਨ ਅਰਸ਼ਦ ਨਦੀਮ ਤੇ ਦੋਮ ਆਉਣ ਵਾਲੇ ਸੋਹਣੇ ਸੁਨੱਖੇ ਹਰਿਆਣਵੀ ਗਭਰੂ ਨੀਰਜ ਕੁਮਾਰ ਨੇ ਇਕ ਦੂਜੇ ਨੂੰ ਦਿਲੋਂ ਮੁਬਾਰਕਾਂ ਦਿੱਤੀਆਂ। ਦੋਸਤਾਨਾ ਜੱਫੀਆਂ ਪਾਈਆਂ ਤੇ ਇੱਕ ਦੂਜੇ ਨੂੰ ਹੋਰ ਅੱਗੇ ਵਧਣ ਦੀਆਂ ਸ਼ੁਭ ਇਛਾਵਾਂ ਸਾਂਝੀਆਂ ਕੀਤੀਆਂ। ਅੱਗੋਂ ਉਨ੍ਹਾਂ ਦੀਆਂ ਮਾਵਾਂ ਨੇ ਤਾਂ ਮੋਹ ਪਿਆਰ ਦੇ ਬੋਲਾਂ ਦੀ ਹੱਦ ਹੀ ਮੁਕਾ ਦਿੱਤੀ!



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਪਾਣੀਪਤ ਲਾਗਿਓਂ ਨੀਰਜ ਦੀ ਮਾਂ ਬੀਬੀ ਸਰੋਜ ਦੇਵੀ ਨੇ ਕਿਹਾ, ਕੀ ਹੋਇਆ ਜੇ ਐਤਕੀਂ ਮੇਰਾ ਪੁੱਤਰ ਨੀਰਜ ਗੋਲਡ ਮੈਡਲ ਦੀ ਥਾਂ ਚਾਂਦੀ ਦਾ ਮੈਡਲ ਹੀ ਜਿੱਤ ਸਕਿਆ ਤੇ ਉਹਦਾ ਪਾਕਿਸਤਾਨੀ ਦੋਸਤ ਨਦੀਮ ਗੋਲਡ ਮੈਡਲ ਜਿੱਤ ਗਿਆ। ਨਦੀਮ ਵੀ ਤਾਂ ਮੇਰਾ ਪੁੱਤਰ ਈ ਐ! ਉਹਨੇ ਕਿਹੜਾ ਘੱਟ ਮਿਹਨਤ ਕੀਤੀ ਸੀ। ਭਗਵਾਨ ਦੋਹਾਂ ਨੂੰ ਭਾਗ ਲਾਵੇ! ਜਦੋਂ ਕਦੇ ਮੇਲ ਹੋਇਆ ਤਾਂ ਮੈਂ ਦੋਹਾਂ ਪੁੱਤਰਾਂ ਨੂੰ ਆਪਣੇ ਹੱਥੀਂ ਚੂਰਮਾ ਖੁਆਵਾਂਗੀ।

ਸਰਹੱਦ ਦੇ ਦੂਜੇ ਬੰਨੇ ਲਹਿੰਦੇ ਪੰਜਾਬ ਦੇ ਕਸਬੇ ਮੀਆਂ ਚੰਨੂੰ ਰਹਿੰਦੀ ਨਦੀਮ ਦੀ ਮਾਂ ਬੀਬੀ ਰਜ਼ੀਆ ਪਰਵੀਨ ਨੇ ਕਿਹਾ, ਮੇਰੇ ਨਦੀਮ ਵਾਂਗ ਉਹਦਾ ਦੋਸਤ ਨੀਰਜ ਵੀ ਮੇਰਾ ਪੁੱਤਰ ਈ ਏ। ਦੋਵੇਂ ਵੱਡੀਆਂ ਉਮਰਾਂ ਵਾਲੇ ਹੋਣ। ਦੋਹਾਂ ਨੂੰ ਭਾਗ ਲੱਗੇ ਰਹਿਣ। ਅੱਲਾ ਦੋਹਾਂ ਪੁੱਤਰਾਂ ‘ਤੇ ਮਿਹਰ ਦਾ ਹੱਥ ਰੱਖੇ। ਇਹ ਹੈ ਓਲੰਪਿਕ ਖੇਡਾਂ ਦੀ ਅਸਲੀ ਭਾਵਨਾ।

ਜਦੋਂ ਯੂਨਾਨ ਵਿਚ ਪੁਰਾਤਨ ਓਲੰਪਿਕ ਖੇਡਾਂ ਹੁੰਦੀਆਂ ਸਨ ਤਾਂ ਖੇਡਾਂ ਦੇ ਦਿਨੀਂ ਲੜਾਈਆਂ ਬੰਦ ਹੋ ਜਾਂਦੀਆਂ ਸਨ। ਪਰ ਅਜੋਕੇ ਦੌਰ ਵਿਚ ਅਸੀਂ ਵੇਖਦੇ ਹਾਂ ਕਿ ਨਫਰਤਾਂ ਦੇ ਬੀਜ ਬੀਜਣ ਵਾਲੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਖੇਡਾਂ ਦਾ ਪਿੜ ਵੀ ਨਹੀਂ ਬਖ਼ਸ਼ਿਆ। ਜਦ ਕਦੇ ਕਿਸੇ ਖੇਡ ਦਾ ਹਿੰਦ-ਪਾਕਿ ਮੁਕਾਬਲਾ ਹੁੰਦਾ ਹੈ ਤਾਂ ਉਥੇ ਵੀ ਉਹ ਅਜਿਹਾ ਮਾਹੌਲ ਸਿਰਜ ਦਿੰਦੇ ਹਨ ਕਿ ਦੋਹਾਂ ਦੇਸ਼ਾਂ ਦੇ ਲੋਕ ਇਕ ਦੂਜੇ ਨੂੰ ਦੁਸ਼ਮਣ ਸਮਝਣ। ਉਹ ਆਮ ਲੋਕਾਂ ਨੂੰ ਆਪਣੇ ਗੁਆਂਢੀ ਮੁਲਕ ਵਿਰੁਧ ਭੜਕਾ ਕੇ ਆਪਣਾ ਉੱਲੂ ਸਿੱਧਾ ਕਰਦੇ ਰਹੇ ਹਨ। ਉਸ ਵਤੀਰੇ ਨਾਲ ਦੋਹਾਂ ਦੇਸ਼ਾਂ ਦਾ ਨੁਕਸਾਨ ਤਾਂ ਹੁੰਦਾ ਹੀ ਰਿਹੈ ਜਦ ਕਿ ਦੋਹਾਂ ਦੇਸ਼ਾਂ ਦੇ ਪੰਜਾਬਾਂ ਦਾ ਤਾਂ ਕੱਖ ਵੀ ਨਹੀਂ ਰਿਹਾ। ਸਰਹੱਦਾਂ ਏਨੀਆਂ ਪੱਕੀਆਂ ਕਰ ਦਿੱਤੀਆਂ ਹਨ ਕਿ ਆਪਸੀ ਮੇਲ ਗੇਲ ਦੀ ਥਾਂ ਵਣਜ ਵਪਾਰ ਦੇ ਰਾਹ ਵੀ ਬੰਦ ਕਰ ਦਿੱਤੇ ਹਨ। ਦੋਹਾਂ ਦੇਸ਼ਾਂ ਦੀਆਂ ਮੌਕਾਪ੍ਰਸਤ ਹਕੂਮਤਾਂ ਨੂੰ ਨਦੀਮ, ਨੀਰਜ ਤੇ ਉਨ੍ਹਾਂ ਦੀਆਂ ਮਾਵਾਂ ਦੇ ਦਿਲੋਂ ਨਿਕਲੇ ਬੋਲ ਗੌਰ ਨਾਲ ਵਿਚਾਰਨੇ ਚਾਹੀਦੇ ਹਨ। ਹਿੰਦ-ਪਾਕਿ ਦੇ ਆਮ ਲੋਕ ਆਪਸ ਵਿਚ ਨਫਰਤ ਦੀ ਥਾਂ ਪ੍ਰੇਮ ਪਿਆਰ ਲੋਚਦੇ ਹਨ। ਪੰਜਾਬੀ ਹੁਣ ਪੰਜ ਦਰਿਆਵਾਂ ਦੀ ਧਰਤੀ ਤਕ ਹੀ ਸੀਮਤ ਨਹੀਂ ਰਹੇ। ਐਸੇ ਸੌ ਤੋਂ ਵੱਧ ਮੁਲਕ ਹਨ ਜਿਨ੍ਹਾਂ ਵਿਚ ਥੋੜ੍ਹੇ ਬਹੁਤੇ ਪੰਜਾਬੀ ਵੀ ਵਸਦੇ ਹਨ। ਪੰਜਾਬੀਆਂ ਦਾ ਹੁਣ ਗਲੋਬਲ ਵਾਸਾ ਹੋ ਗਿਆ ਹੈ ਤੇ ਪੰਜਾਬੀ ਗਲੋਬਲ ਭਾਸ਼ਾ ਬਣ ਗਈ ਹੈ। ਪੰਜਾਬੀ ਜਿਥੇ ਗਏ ਹਨ ਉਥੇ ਆਪਣਾ ਸਭਿਆਚਾਰ ਵੀ ਲੈ ਗਏ ਹਨ। ਐਸੇ ਅਨੇਕਾਂ ਮੁਲਕ ਹਨ ਜਿਨ੍ਹਾਂ ਵਿਚ ਪੰਜਾਬੀ ਖੇਡ ਮੇਲੇ ਲੱਗਣ ਲੱਗੇ ਹਨ।

ਸਮੇਂ ਦੀ ਲੋੜ ਹੈ ਕਿ ਹਰ ਚਾਰ ਸਾਲਾਂ ਬਾਅਦ ਓਲੰਪਿਕ ਖੇਡਾਂ ਦੀ ਤਰਜ਼ ‘ਤੇ ‘ਵਿਸ਼ਵ ਪੰਜਾਬੀ ਖੇਡਾਂ’ ਹੋਣ। ਇਨ੍ਹਾਂ ਖੇਡਾਂ ‘ਚ ਕੁਲ ਦੁਨੀਆ ਵਿਚ ਵਸਦੇ ਪੰਜਾਬੀ ਮੂਲ ਦੇ ਖਿਡਾਰੀ ਭਾਗ ਲੈਣ। ਮਜ਼ਬਾਂ ਤੇ ਮੁਲਕਾਂ ਦਾ ਕੋਈ ਵਿਤਕਰਾ ਨਾ ਹੋਵੇ। ਉਹ ਖੇਡਾਂ ਪੰਜਾਬੀ ਸਭਿਆਚਾਰ ਨਾਲ ਓਤ ਪੋਤ ਹੋਣ ਤੇ ਉਨ੍ਹਾਂ ਵਿਚ ਪੰਜਾਬ ਦੀਆਂ ਦੇਸੀ ਖੇਡਾਂ ਵੀ ਸ਼ਾਮਲ ਕੀਤੀਆਂ ਜਾਣ ਜਿਵੇਂ ਕਬੱਡੀ, ਕੁਸ਼ਤੀ, ਰੱਸਾਕਸ਼ੀ, ਗਤਕਾ ਤੇ ਨੇਜ਼ਾਬਾਜੀ ਆਦਿ। ਓਲੰਪਿਕ ਖੇਡਾਂ ਵਾਲੀਆਂ ਆਧੁਨਿਕ ਖੇਡਾਂ ਵੀ ਸ਼ਾਮਲ ਹੋਣ। ਵੱਖ ਵੱਖ ਮੁਲਕਾਂ ਵਿਚ ਵੱਸਦੇ ਪੰਜਾਬੀ ਆਪੋ ਆਪਣੇ ਮੁਲਕਾਂ ਵੱਲੋਂ ਜਾਂ ਆਜ਼ਾਦ ਤੌਰ ‘ਤੇ ਖੇਡਾਂ ਵਿਚ ਭਾਗ ਲੈ ਸਕਣ। ਇਉਂ ਪੰਜਾਬੀਅਤ ਦਾ ਜਜ਼ਬਾ ਪ੍ਰਫੁੱਲਤ ਹੋਣ ਨਾਲ ਸੌੜੀਆਂ ਫਿਰਕੂ ਸੋਚਾਂ ਨੂੰ ਢਾਹ ਲੱਗੇਗੀ।

ਚੜ੍ਹਦੇ ਤੇ ਲਹਿੰਦੇ ਪੰਜਾਬਾਂ ਦੀ ਬਦਕਿਸਮਤੀ ਹੈ ਕਿ ਇੰਡੋ-ਪਾਕਿ ਖੇਡ ਮੇਲੇ ਲਗਾਤਾਰ ਨਹੀਂ ਲੱਗ ਸਕੇ। ਕਸ਼ਮੀਰ ਦੇ ਰੇੜਕੇ ਨੇ ਗੁਆਂਢੀ ਮੁਲਕਾਂ ਦੇ ਗੁਆਂਢਪੁਣੇ ਨੂੰ ਦੁਸ਼ਮਣੀ ਵਿਚ ਬਦਲੀ ਰੱਖਿਆ ਹੈ। ਪਹਿਲਾਂ ਪੰਜਾਬ ਤੇ ਬੰਗਾਲ ਨੂੰ ਨਰਕ ਬਣਾਇਆ ਤੇ ਫਿਰ ਕਸ਼ਮੀਰ ਨੂੰ ਜਹੰਨਮ ਬਣਾ ਦਿੱਤਾ। ਦੋਹਾਂ ਪੰਜਾਬਾਂ ਦੀ ਤਰੱਕੀ ਦੇ ਰਾਹ ‘ਚ ਵੱਡੀ ਰੁਕਾਵਟ ਇਹੋ ਹੈ ਕਿ ਦੋਹੇਂ ਭਾਰਤ-ਪਾਕਿ ਬਾਰਡਰ ਉਤੇ ਹਨ ਜਿਥੇ ਲੜਾਈ ਛੇੜ ਦੇਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਲੜਾਈ ਦੀ ਬਹੁਤੀ ਮਾਰ ਬਾਰਡਰ ਵਾਲਿਆਂ ਨੂੰ ਹੀ ਪੈਂਦੀ ਹੈ। ਕਸ਼ਮੀਰ ਦੇ ਨਾਂ ਉਤੇ ਜਿਹੜੀ ਵੀ ਲੜਾਈ ਲੱਗਦੀ ਹੈ ਉਹਦਾ ਬਹੁਤਾ ਸੇਕ ਦੋਹਾਂ ਪਾਸਿਆਂ ਦੇ ਪੰਜਾਬੀਆਂ ਨੂੰ ਲੱਗਦਾ ਹੈ। ਪੰਜਾਬ ਵਿਚ ਵੱਡੀ ਇੰਡਸਟਰੀ ਇਸੇ ਬਹਾਨੇ ਨਹੀਂ ਲਾਈ ਜਾਂਦੀ ਕਿ ਪੰਜਾਬ ਤੋਪਾਂ ਤੇ ਡਰੋਨਾਂ ਦੀ ਮਾਰ ਹੇਠ ਹੈ। ਹੋਰ ਤਾਂ ਹੋਰ ਪੰਜਾਬ ਦੇ ਹਵਾਈ ਮੁਸਾਫ਼ਰਾਂ ਲਈ ਅੰਮ੍ਰਿਤਸਰ ਦਾ ਹਵਾਈ ਅੱਡਾ ਵੀ ਓਡਾ ਵੱਡਾ ਕੌਮਾਂਤਰੀ ਅੱਡਾ ਨਹੀਂ ਬਣਾਇਆ ਗਿਆ ਜਿੱਡੇ ਦੀ ਲੋੜ ਸੀ। ਇਸੇ ਕਰਕੇ ਲੱਖਾਂ ਪੰਜਾਬੀ ਮੁਸਾਫ਼ਿਰ ਦਿੱਲੀ ਦੇ ਧੱਕੇ ਖਾਣ ਲਈ ਮਜਬੂਰ ਹਨ।

ਅਮਨ ਅਮਾਨ ਰਹੇ ਤਾਂ ਸਮੁੰਦਰੀ ਬੰਦਰਗਾਹਾਂ ਦੀ ਥਾਂ ਖੁਸ਼ਕ ਸਰਹੱਦਾਂ ਦੇ ਸ਼ਹਿਰ ਸਗੋਂ ਵਧੇਰੇ ਵਿਕਾਸ ਕਰਨ। ਇੰਜ ਆਪਸੀ ਵਪਾਰ ਵਧ ਫੁੱਲ ਸਕਦੈ। ਅੰਮ੍ਰਿਤਸਰ ਤੇ ਲਾਹੌਰ, ਫਿਰੋਜ਼ਪੁਰ ਤੇ ਕਸੂਰ, ਫਾਜ਼ਿਲਕਾ ਤੇ ਮੁਲਤਾਨ ਸੜਕੀ ਢੋਆ ਢੁਆਈ ਨਾਲ ਵਪਾਰ ਦੇ ਵੱਡੇ ਕੇਂਦਰ ਬਣ ਸਕਦੇ ਹਨ। ਪੰਜਾਬ ਦੀ ਵੰਡ ਨਾ ਹੁੰਦੀ ਤਾਂ ਏਸ਼ੀਆ ਦੀ ਸਭ ਤੋਂ ਵੱਡੀ ਉੱਨ ਮੰਡੀ ਫਾਜ਼ਿਲਕਾ ਤੋਂ ਹੈੱਡ ਸੁਲੇਮਾਨਕੀ ਨਾਲ ਜਾ ਲੱਗਣੀ ਸੀ ਤੇ ਕਰਤਾਰਪੁਰ ਸਾਹਿਬ ਡੇਰਾ ਬਾਬਾ ਨਾਨਕ ਨਾਲ ਆ ਲੱਗਣਾ ਸੀ। ਹੁਣ ਵੀ ਬੀਤ ਗਏ ‘ਤੇ ਝੂਰਨ ਦੀ ਥਾਂ ਉਹਤੋਂ ਸਬਕ ਸਿੱਖਣ ਦੀ ਲੋੜ ਹੈ।

ਪਿਛਲੇ ਵਰ੍ਹਿਆਂ ਵਿਚ ਕੌਮਾਂਤਰੀ ਪੱਧਰ ‘ਤੇ ਐਸੀਆਂ ਘਟਨਾਵਾਂ ਘਟੀਆਂ ਨੇ ਜਿਨ੍ਹਾਂ ਕਰਕੇ ਚਿਰੀਂ ਵਿਛੜੇ ਵਤਨੀਆਂ ਦੇ ਮੇਲ ਹੋਏ ਹਨ। ਜਰਮਨਾਂ ਨੇ ਜਰਮਨ ਭਾਈਚਾਰੇ ਨੂੰ ਵੰਡਦੀ ਬਰਲਿਨ ਦੀ ਦੀਵਾਰ ਢਾਹ ਘੱਤੀ ਹੈ। ਵੀਅਤਨਾਮੀਏ ਵਿਛੜ ਕੇ ਇਕ ਹੋਏ ਸਨ। ਦੱਖਣੀ ਤੇ ਉੱਤਰੀ ਕੋਰੀਆ ਦੇ ਲੋਕ ਬਾਹਾਂ ਅੱਡ ਕੇ ਇਕ ਦੂਜੇ ਵੱਲ ਵਧੇ ਹਨ। ਪੰਜਾਬੀਆਂ ਦੇ ਕਾਫ਼ਲੇ ਵੀ ਧਾਅ ਕੇ ਇਕ ਦੂਜੇ ਨੂੰ ਮਿਲਣ ਲਈ ਉਮਡ ਪੈਣ ਤਾਂ ਕੋਈ ਵਜ੍ਹਾ ਨਹੀਂ ਕਿ ਚਤਰ ਚਲਾਕ ਸਿਆਸਤਦਾਨ ਹਮੇਸ਼ਾਂ ਲਈ ਉਨ੍ਹਾਂ ਦੇ ਰਾਹ ਰੋਕੀ ਰੱਖਣ। ਲੜਾਈਆਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ। ਖੇਡਾਂ ਨੂੰ ਐਵੇਂ ਨਹੀਂ ਲੜਾਈਆਂ ਦਾ ਬਦਲ ਕਿਹਾ ਜਾਂਦਾ। ਓਲੰਪਿਕ ਖੇਡਾਂ ਦੇ ਬਾਨੀ ਬੈਰਨ ਦਿ ਕੂਬਰਤਿਨ ਨੇ ਕਿਹਾ ਸੀ ਕਿ ਖਿਡਾਰੀਆਂ ਨੂੰ ਇਕ ਦੂਜੇ ਦੇ ਦੇਸ਼ ਭੇਜਣਾ ਸਭ ਤੋਂ ਸੱਚਾ ਤੇ ਸੁੱਚਾ ਵਪਾਰ ਹੈ। ਭਾਰਤ ਤੇ ਪਾਕਿਸਤਾਨ ਦੇ ਕੁਝ ਹੁੱਜਤੀ ਹਾਕਮਾਂ ਨੇ ਦੋਹਾਂ ਮੁਲਕਾਂ ਨੂੰ ਲੜਾ ਕੇ, ਨਫਰਤ ਫੈਲਾਅ ਕੇ ਬਥੇਰਾ ਨੁਕਸਾਨ ਕਰਵਾ ਲਿਆ ਹੈ। ਹੁਣ ਅਮਨ ਅਮਾਨ ਨਾਲ ਵਸ ਕੇ ਵੇਖਣ ਕਿ ਹਿੰਦ-ਮਹਾਂਦੀਪ ਮੁੜ ਸੋਨੇ ਦੀ ਚਿੜੀ ਕਿਵੇਂ ਬਣਦਾ ਹੈ?






# ਭਾਰਤ ਦੀ ਵੰਡ ਅਤੇ ਰੈਡਕਲਿਫ

“ਕੁੱਝ ਗਲਤੀਆਂ ਕਦੇ ਵੀ ਠੀਕ ਨਹੀਂ ਕੀਤੀਆਂ ਜਾ ਸਕਦੀਆਂ” ਇਹ ਸ਼ਬਦ ਸਨ ਉਸ ਸਾਬਕਾ ਬਰਤਾਨਵੀ ਵਕੀਲ ਦੇ ਜਿਸ ਨੂੰ 1947 ਵਿਚ ਬ੍ਰਿਟਿਸ਼ ਸਰਕਾਰ ਦੇ ਕਹਿਣ ‘ਤੇ ਭਾਰਤ ਦੇ ਦੋ ਟੁਕੜੇ ਕਰਨ ਦੀ ਜ਼ਿਮੇਵਾਰੀ ਸੌਂਪੀ ਗਈ ਸੀ। ਸਾਈਰਲ ਜੌਹਨ ਰੈਡਕਲਿਫ ਨੇ ਵੰਡ ਲਈ ਮੈਪ ਤਾਂ ਤਿਆਰ ਕਰ ਦਿੱਤਾ ਪਰ ਇਸ ਵੰਡ ਉਪਰੰਤ ਮਨੁੱਖੀ ਜਾਨਾਂ ਦੇ ਹੋ ਰਹੇ ਘਾਣ ਬਾਅਦ, ਦੁਖੀ ਹੋ ਕੇ ਉਸ ਨੇ ਵੰਡ ਵਾਲਾ ਨਕਸ਼ਾ ਤਿਆਰ ਕਰਨ ਲਈ ਵਰਤੇ ਸਾਰੇ ਪੇਪਰ ਅੱਗ ਲਾ ਕੇ ਸਾੜ ਦਿੱਤੇ ਸਨ ਅਤੇ ਉਸ ਨੇ ਵੰਡ ਲਈ ਲਾਈਨਾਂ ਖਿੱਚਣ ਦੇ ਮਿਲਣ ਵਾਲੇ 3000 ਪੌਂਡ (40,000 ਰੁਪਏ) ਦੇ ਮਿਹਨਤਾਨੇ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੂੰ ਗਿ਼ਲਾ ਸੀ ਕਿ ਉਸ ਨੂੰ ਦੋ ਦੇਸ਼ਾਂ ਦੀ ਭੂਗੋਲਿਕ ਵੰਡ ਕਰਨ ਲਈ ਸਮਾਂ ਬਹੁਤ ਘੱਟ ਦਿੱਤਾ ਗਿਆ, ਜੇ ਉਸ ਨੂੰ ਦੋ-ਢਾਈ ਸਾਲ ਦਾ ਸਮਾਂ ਦਿੱਤਾ ਜਾਂਦਾ ਤਾਂ ਉਹ ਵਧੀਆ ਢੰਗ ਨਾਲ ਵੰਡ ਕਰ ਸਕਦਾ ਸੀ। ਰੈਡਕਲਿਫ ਨੂੰ ਭਾਰਤ ਦੀ ਵੰਡ ਲਈ ਮੈਪ ਤਿਆਰ ਕਰਨ ਲਈ ਸਿਰਫ ਪੰਜ ਹਫਤਿਆਂ ਦਾ ਸਮਾਂ ਦਿੱਤਾ ਗਿਆ। ਉਸ ਨੂੰ ਕਿਹਾ ਗਿਆ ਕਿ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵੱਧ ਤੋਂ ਵੱਧ ਮੁਸਲਮਾਨ ਪਾਕਿਸਤਾਨ ਵਿਚ ਅਤੇ ਹਿੰਦੂ-ਸਿੱਖ ਭਾਰਤ ਵਿਚ ਰਹਿ ਜਾਣ। ਉਹ ਜੁਲਾਈ 1947 ਵਿਚ ਪਹਿਲੀ ਵਾਰ ਭਾਰਤ ਆਇਆ। ਉਸ ਅਨੁਸਾਰ ਉਸ ਨੂੰ ਭਾਰਤ ਚੰਗਾ ਨਹੀਂ ਸੀ ਲੱਗਿਆ। ਜਿਸ ਧਰਤੀ ਦੀ ਉਸ ਨੇ ਚੀਰ ਫਾੜ ਕਰਨੀ ਸੀ, ਉਸ ਨੇ ਪਹਿਲਾਂ ਉਸ ਦੇ ਕਦੇ ਦਰਸ਼ਨ ਨਹੀਂ ਸਨ ਕੀਤੇ। ਉਸ ਨੂੰ ਤਾਂ ਸਿਰਫ ਭਾਰਤ ਨੂੰ ਅਜ਼ਾਦ ਕਰਨ ਵਾਲਾ ਬਰਤਾਨਵੀ ਸਰਕਾਰ ਦਾ ਨੋਟੀਫਿਕੇਸ਼ਨ, ਜਨਗਣਨਾ ਰਿਪੋਰਟਾਂ ਅਤੇ ਕੁੱਝ ਨਕਸ਼ੇ ਹੀ ਸੌਂਪੇ ਗਏ ਸਨ। ਉਹ ਇਹ ਸਾਰਾ ਮੈਟੀਰੀਅਲ ਲੈ ਕੇ, ਜੂਨ-ਜੁਲਾਈ ਦੀ ਗਰਮੀਂ ਤੋਂ ਬਚ ਕੇ, ਸ਼ਿਮਲਾ ਬੈਠ ਗਿਆ ਜਿੱਥੇ ਉਸ ਸਮੇਂ 20-21 ਡਿਗਰੀ ਸੈਲਸੀਅਸ ਤਾਪਮਾਨ ਸੀ। ਡਕੋਟਾ ਜਹਾਜ਼ ‘ਤੇ ਇੱਕ ਦਿਨ ਉਸ ਨੇ ਉਸ ਖੇਤਰ ਦੀ ਉਡਾਣ ਭਰੀ ਸੀ, ਜਿਸ ਨੂੰ ਉਹ ਪੱਕੇ ਤੌਰ ‘ਤੇ ਚੀਰਨ ਜਾ ਰਿਹਾ ਸੀ। ਉਸ ਨੇ ਪੰਜ ਹਫਤਿਆਂ ਵਿਚ ਕਾਗਜ਼ ‘ਤੇ ਲਕੀਰਾਂ ਖਿੱਚ ਕੇ ਸਦੀਆਂ ਤੋਂ ਇਕੱਠੇ ਰਹਿ ਰਹੇ ਪੰਜਾਬੀਆਂ ਅਤੇ ਬੰਗਾਲੀਆਂ ਦੇ ਦਿਲ ਚੀਰ ਕੇ, 9 ਅਗਸਤ 1947 ਨੂੰ ਵੰਡੀਆਂ ਪਾਉਣ ਵਾਲੇ ਨਕਸ਼ੇ ਬ੍ਰਿਟਿਸ਼ ਇੰਡੀਆ ਸਰਕਾਰ ਨੂੰ ਸੌਂਪ ਦਿੱਤੇ। ਬਰਤਾਨਵੀ ਸਰਕਾਰ ਦਾ ਆਖਰੀ ਵਾਇਸਰਾਏ ਲਾਰਡ ਮਾਉਂਟਬੈਟਨ 14 ਅਗਸਤ ਦੀ ਰਾਤ ਨੂੰ ਆਪਣੀ ਪਤਨੀ ਲੇਡੀ ਮਾਉਂਟਬੈਟਨ ਨਾਲ ਆਪਣੀ ਮਨਪਸੰਦ, ਬੌਬ ਹੋਪ ਦੀ ਫਿਲਮ “My favourite Brunette” ਵੇਖ ਰਿਹਾ ਸੀ। ਜਨਾਹ ਅਤੇ ਨਹਿਰੂ ਕ੍ਰਮਵਾਰ 14 ਅਤੇ 15 ਅਗਸਤ ਨੂੰ ਅਜ਼ਾਦੀ ਦਿਵਸ ‘ਤੇ ਬੋਲਣ ਵਾਲਾ ਭਾਸ਼ਣ ਤਿਆਰ ਕਰ ਰਹੇ ਸਨ, ਪਰ ਉਸ ਸਮੇਂ ਤੱਕ ਪਾਕਿਸਤਾਨ ਅਤੇ ਭਾਰਤ ਨੂੰ ਮਿਲਣ ਵਾਲੀ ਧਰਤੀ, ਜਿਸ ਦੇ ਨਕਸ਼ੇ ਰੈਡਕਲਿਫ ਨੇ ਤਿਆਰ ਕੀਤੇ ਸਨ, ਉਹ ਹਾਲੇ ਜਨਤਕ ਨਹੀਂ ਸਨ ਕੀਤੇ ਗਏ। ਭਾਰਤ ਦੀ ਅਜ਼ਾਦੀ ਤੋਂ ਦੋ ਦਿਨ ਅਤੇ ਪਾਕਿਸਤਾਨ ਦੀ ਅਜ਼ਾਦੀ ਤੋਂ ਤਿੰਨ ਦਿਨ ਬਾਅਦ 17 ਅਗਸਤ ਨੂੰ ਇਹ ਨਕਸ਼ੇ ਜਾਰੀ ਕੀਤੇ ਗਏ। ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਅੱਗਾਂ ਬਲ ਰਹੀਆਂ ਸਨ। ਕੁੱਝ ਦਿਨਾਂ ਵਿਚ ਹੀ ਦਸ ਲੱਖ ਦੇ ਕਰੀਬ ਲੋਕ ਮਾਰੇ ਗਏ। ਡੇਢ ਕਰੋੜ ਦੇ ਕਰੀਬ ਲੋਕ ਆਪਣੇ ਪੁਰਖਿਆਂ ਦੇ ਘਰ-ਬਾਰ ਅਤੇ ਜਾਇਦਾਦਾਂ ਛੱਡ ਕੇ, ਆਪਣੇ ਨਵੇਂ ਪਰ ਅਜਨਬੀ ਧਰਤੀ ਵਾਲੇ ਦੇਸ਼ਾਂ ਵੱਲ ਤੁਰ ਪਏ। ਕੁੱਝ ਸਮੇਂ ਬਾਅਦ ਰੈਡਕਲਿਫ ਵੰਡ ਦੀ ਗਲਤੀ ਦੇ ਦੁਖਾਂਤ ਨੂੰ ਭੁੱਲ ਗਿਆ ਸੀ। 1948 ਵਿਚ, ਉਹ ਵੰਡ ਦਾ ਵੱਡਾ ਕਾਰਜ ਕਰਨ ਬਦਲੇ ਬਰਤਾਨਵੀ ਸਰਕਾਰ ਦਾ ਵੱਡਾ ਇਨਾਮ “Knight Grand Cross of the Order of the British Emipre” ਹਾਸਲ ਕਰ ਰਿਹਾ ਸੀ।

*-ਡਾ. ਪ੍ਰਿਥੀ ਪਾਲ ਸਿੰਘ ਸੋਹੀ*

# ਮੈਂ ਪੰਜਾਬ ਹਾਂ !

ਪੰਜਾਬ ਚੜ੍ਹਦਾ ਹੋਵੇ ਜਾਂ ਲਹਿੰਦਾ ਇਹਦੇ ਲਹੂ ਦੀ ਤਸੀਰ ਵੱਖਰੀ ਏ! ਇਹਦੇ ਅਵਚੇਤਨ ਵਿਚਲੇ ਤੱਤਾਂ ਨੂੰ ਅੰਬਰਸਰ ਤੇ ਲਾਹੌਰ ਵਿਚ ਵੱਜੀ ਲਕੀਰ ਵੀ ਵੰਡ ਨੀ ਸਕੀ! ਇਹਦੇ ਸੁਭਾਅ ਵਿਚਲਾ ਅਲਬੇਲਾਪਣ ਕੁਲ ਲੋਕਾਈ ਤੋਂ ਵੱਖਰਾ ਏ! ਇਹ ਜਿੱਤ ਦੇ ਹੰਕਾਰ ’ਚ ਖੀਵਾ ਨੀਂ ਹੁੰਦਾ ਤੇ ਹਾਰੇ ਦੀ ਮਾਂ ਕਹਿ ਛੱਡਦੀ ਏ, ਓਝਣ ਓਹ

ਬਿੱਟੂ ਅਰਪਿੰਦਰ ਸਿੰਘ ਸੇਖੋਂ
ਫਰੈਂਕਫ਼ੋਰਟ ਜਰਮਨ

ਵੀ ਤੇ ਆਪਣਾ ਈ ਆ” ਵਧਾਈਆਂ! ਤੇ ਜਿੱਤੇ ਦੀ ਮਾਂ ਆਖ ਛੱਡਦੀ ਅੱਲਾ ਮੇਰੇ ਚਾਂਦੀ ਆਲੇ ਪੁੱਤ ਨੂੰ ਸੋਨੇ ਨਾਲ ਨਿਵਾਜ਼ੇ! ਹੈ ਨਾ ਕਮਾਲ ਪੰਜਾਬ ਸਿਹੁ ਦੀ!

ਹਰਿਆਣਾ ਕਿਹੜਾ ਓਪਰਾ ਵਾ, ਆਪਣਾ ਈ, ਆ ਜੇ ਕੋਈ ਸਮਝੇ ਤੇ ....! ਨਾਲੇ ਭਲਾ ਸਰਬੱਤ ਦਾ ਭਲਾ ਮੰਗਣ ਵਾਲਿਆਂ ਨਾਲੋਂ ਵੱਧ ਕੌਣ ਜਾਣਦਾ! ਆਹ ਇੱਕ ਭੈਣ ਵਿਨੇਸ਼ ਫ਼ੋਗਟ ਨੇ ਦੋ ਤੋਲੇ ਸੋਨਾ ਕੀ ਜਿੱਤ ਲਿਆ ਸਾਰੇ ਰਾਸ਼ਟਰਵਾਦੀ ਪਿੱਟ ਉੱਠੇ! ਕਾਲੇ ਇ਼ਲਮ ਤੋਂ ਲੈ ਕੇ ਹਵਨ ਕਰਾਉਣ ਤੱਕ ਗਏ! ਹਾਂ ਜਾਂ ਕੁੜੀ ਹਿੱਕ ਦੇ ਜ਼ੋਰ ਨਾਲ ਜਿੱਤ ਕਿਓਂ ਗਈ! ਓਦੋਂ ਤੱਕ ਪਿੱਟਦੇ ਰਹੇ ਜਦੋਂ ਤਾਂਈ ਉਹਦਾ ਦੋ ਛਟਾਂਕਾਂ ਭਾਰ ਵਧਾ ਕੇ ਮੈਡਲ ਗਲੋਂ ਲਾਹ ਨੀ ਲਿਆ! ਲਾਹਨਤ ਨਹੀਂ ਲੱਖ ਲਾਹਨਤ ਕਵ੍ਹਾਂਗੇ ਜਿਨ੍ਹਾਂ ਧੀ ਧਿਆਣੀ ‘ਤੇ ਏਨੇ ਗੰਦੇ ਕੁਮੈਂਟ ਕੀਤੇ! ਕੁੜੀ ਨੂੰ ਰੋਣਹਾਕੀ ਕਰ ਮਾਰਿਆ! ਵਜ਼ਾ ਇਹ ਸੀ ਕਿ ਕੁੜੀ ਨੇ ਕਿਸਾਨਾਂ ਦੇ ਮੋਰਚੇ ਦੌਰਾਨ ਸਾਥ ਦਿੱਤਾ, ਤੇ ਸਰੀਰਕ ਸ਼ੋਸ਼ਣ ਕਰ ਰਹੇ ਜਨ ਸੰਘੀ ਰਾਸ਼ਟਰਵਾਦੀ ਲੀਡਰਾਂ ਵਿਰੁੱਧ ਸੰਘਰਸ਼ ਲੜਿਆ! ਪਰ ਜੋ ਕੁਝ ਇਸ ਭੈਣ ਦੇ ਵਿਰੋਧ ਵਿਚ ਰਾਸ਼ਟਰਵਾਦ ਦੇ ਆਈ ਟੀ ਸੈੱਲ ਨੇ ਮੀਡੀਏ ਵਿਚ



ਸਿਰਜਿਆ ਅਤਿ ਸ਼ਰਮਨਾਕ ਸੀ! ਪਰ ਸਦਕੇ ਭਲੇ ਲੋਕਾਂ ਦੇ ਜਿਨ੍ਹਾਂ ਕੁੜੀ ਨੂੰ ਹੌਸਲਾ ਦਿੱਤਾ!

ਪਰ ਗੱਲ ਪੰਜਾਬ ਦੀ ਕਰਦੇ ਆਂ ਜਿਨ੍ਹਾਂ ਦੇ ਪੁਰਵਜ਼ਾਂ ਪਰਾਈਆਂ ਵੀ ਧੀਆਂ ਭੈਣਾਂ ਕਰਕੇ ਜਾਣੀਆਂ! ਗਜ਼ਨੀ ਦੇ ਬਜ਼ਾਰਾਂ ਵੱਲ ਜਾਂਦੀਆਂ ਦੇ ਸਿਰ ਕੱਜੇ! ਕੱਲ੍ਹ ਦੀਆਂ ਗੱਲਾਂ ਸਾਢੇ ਫੌਜੀਆਂ ਨੇ ਬੰਗਲਾ ਦੇਸ਼ ਦੀ ਲੜਾਈ ਵੇਲੇ ਦਸਤਾਰਾਂ ਪਾੜ ਪਾੜ ਕੇ ਬੀਬੀਆਂ ਦੀ ਪੱਤ ਢੱਕੀ! ਗੱਲ ਫੇਰ ਲਹੂ ਦੀ ਤਸੀਰ ਦੀ ਸਭ ਤੋਂ ਵੱਧ ਪੰਜਾਬ ਵਿਨੇਸ਼ ਦੇ ਹੱਕ ’ਚ, ਖਲੋਤਾ! ਬਾਪੂ ਸਰਵਣ ਸਿੰਘ ਪ੍ਰਿੰਸੀਪਲ ਹੋਣਾ ਤੇ ਧੀ ਧਿਆਣੀ ਦੇ ਗ਼ਲ ਆਪਣਾ ਮੈਡਲ ਈ ਪਾ ਘੱਤਿਆ! ਤੇ ਆਖਿਆ ਕੌਣ ਕਹਿੰਦਾ ਕੁੜੀਏ ਤੂੰ ਹਾਰੀ ਏ? ਤੂੰ ਤੇ ਦਿਲ ਜਿੱਤ ਲਏ ਨੇ! ਪ੍ਰਿੰਸੀਪਲ ਸਰਵਣ ਸਿੰਘ ਹੋਣਾ ਨੂੰ ਕੌਣ ਨੀ ਜਾਣਦਾ ਜਿਹੜੇ ਆਪ ਵੀ ਭਲਿਆਂ ਸਮਿਆਂ ’ਚ, ਖੇਡਦੇ ਰਹੇ ਆ! ਤੇ ਹਰ ਜੇਤੂ ਪੰਜਾਬ ਦੇ ਜਾਏ ‘ਤੇ ਉਨ੍ਹਾਂ ਮਾਂ ਬੋਲੀ ’ਚ, ਲੇਖ ਤੇ ਕਿਤਾਬਾਂ ਲਿਖੀਆਂ! ਖੇਡਾਂ ਨਾਲ ਮੋਹ ਕਰਨ ਵਾਲੇ ਪੰਜਾਬੀ ਬਾਬੇ ਦੀ ਘਾਲਣਾ ਤੇ ਫ਼ਰਾਖਦਿਲੀ ਨੂੰ ਸਿਜਦਾ!

...ਤੇ ਆਪਣਾ ਲਹਿੰਦੇ ਪੰਜਾਬ ਆਲਾ




ਅਰਸ਼ਦ ਨਦੀਮ ਜਿਨ੍ਹੇ ਫਰਾਂਸ ਦੀ ਧਰਤੀ ‘ਤੇ ਏਡਾ ਵਗਾਹ ਕੇ ਨੇਜ਼ਾ ਮਾਰਿਆ ਬਈ ਰਿਕਾਰਡ ਈ ਤੋੜ ਕੇ ਰੱਖਤਾ! ਦੱਸਤਾ ਬਈ ਪੰਜਾਬੀ ਸ਼ੇਰ ਬੂਰੀਆਂ ਚੁੰਘਣ ਆਲੇ ਹੈਗੇ ਅਜੇ, ਕਿਤੇ ਨੀ ਗਏ! ਫੇਰ ਵੇਖੋ ਸਾਡਾ ਮਾਣਮੱਤਾ ਕਲਚਰ, ਸਹੁਰਾ ਸਾਹਬ ਨੇ ਵੀ ਖਰੀ ਮੈਂਹ ਦਾ ਸੰਗਲ ਫੜਾਤਾ ਬਈ ਪੁੱਤਰਾ ਪੀ ਦੁੱਧ ਤੇ ਅਗਲੀ ਵਾਰ ਚਾਰ ਕਰਮਾਂ ਹੋਰ ਪਰਾਂ ਸੁੱਟੀਂ ਨੇਜਾ! ਇਹ ਆ ਸਾਡਾ ਪੰਜਾਬ ਜਿੱਥੇ ਪੁੱਤ ਭਾਈ ਤੇ ਧੀ ਜਵਾਈ ਸਭ ਦਾ ਫ਼ਿਕਰ ਕਰਨ ਵਾਲੇ ਬਾਬੇ ਦੋਹੀਂ ਪਾਸੀਂ ਹੈਗੇ ਆ! ਤੇ ਅਸੀਸਾਂ ਦੇਣ ਆਲੀਆਂ ਅੰਮੀਆਂ ਬੀਬੀਆਂ ਵੀ!

ਹੱਸੇ ਪੰਜਾਬ, ਵੱਸੇ ਪੰਜਾਬ

# ਵਿਨੇਸ਼ ਦੇ ਸੂਰਮਗਤੀ, ਅਰਸ਼ਦ ਤੇ ਨੀਰਜ ਦੀਆਂ ਪੈਗੰਬਰੀ ਮਾਵਾਂ ਦੇ 'ਪ੍ਰੇਮ ਖੇਲਣ' ਦੇ ਸੁਨੇਹੇ ਨੇ ਬਰਲਿਨ ਓਲੰਪਿਕ ਖੇਡਾਂ ਦੀ ਯਾਦ ਦਿਵਾਈ

## ਬਰਲਿਨ ਖੇਡਾਂ 'ਚ ਹਟਲਰ ਦੇ ਨਫਰਤੀ ਉਬਾਰ ਦੇ ਬਾਵਜੂਦ ਲੰਬੀ ਛਾਲ ਦੇ ਧੁਨੰਤਰ ਕਾਲੇ ਜੈਸੀ ਓਵੇਨਜ ਤੇ ਜਰਮਨੀ ਦੇ ਗੋਰੇ ਲੁਜ਼ ਵਿੰਗ ਲੌਂਗ 'ਚ ਦੋਸਤੀ ਦਾ ਪੁਲ ਬੰਨ੍ਹਿਆ ਸੀ

ਸਾਲਸੀ ਅਦਾਲਤ ਨੇ ਵਿਨੇਸ਼ ਨਾਲ ਇਨਸਾਫ ਨਹੀਂ ਕੀਤਾ। ਉਸਦੇ ਪੱਲੇ ਨਿਰਾਸ਼ਾ ਪਾਈ। ਉਹ ਕਈ ਦਿਨ ਪੈਰਿਸ ਵਿਚ ਫੈਸਲੇ ਦੀ ਉਡੀਕ ਕਰਦੀ ਰਹੀ। ਜੱਜ ਟਾਲ-ਮਟੋਲ ਕਰਦਾ ਰਿਹਾ। ਇਹ ਪਹਿਲੀ ਵਾਰ ਪਤਾ ਲੱਗਿਆ ਕਿ ਸਿਸਟਮ ਇਕੱਲੇ ਸਾਡੇ ਦੇਸ਼ 'ਚ ਹੀ ਨਹੀਂ ਨਿਘਰਿਆ ਬਲਕਿ ਹੋਰ ਥਾਵਾਂ 'ਤੇ ਖਾਸ ਕਰਕੇ ਓਲੰਪਿਕ ਵਰਗੀਆਂ ਸਨਮਾਨਤ ਸੰਸਥਾਵਾਂ ਦਾ ਹਾਲ ਵੀ ਤੀਜੇ ਪੌੜੇ ਦੇ ਦੇਸ਼ਾਂ ਵਰਗਾ ਹੀ ਹੈ। ਸੁਰਜੀਤ ਪਾਤਰ ਯਾਦ ਆਉਂਦਾ ਹੈ। "ਇਹ ਅਦਾਲਤਾਂ 'ਚ ਬੰਦੇ ਬਿਰਖ ਹੋ ਗਏ, ਫੈਸਲੇ

ਸਰਬਜੀਤ ਧਾਲੀਵਾਲ

ਸੁਣਦਿਆਂ ਸੁਣਦਿਆਂ ਸੁੱਕ ਗਏ...ਕੀ ਇਹ ਇਨਸਾਫ ਹਉਮੈ ਦੇ ਪੁੱਤ ਕਰਨਗੇ, ਕੀ ਹੈ ਖਾਮੋਸ਼ ਪੱਥਰ ਦੇ ਬੁੱਤ ਕਰਨਗੇ।

ਕੁਸ਼ਤੀ ਅਖਾੜਿਆਂ ਅਤੇ ਸਮਾਜਿਕ ਸੂਰਮਗਤੀ ਦੀ ਮਹਾਂਬਲੀ ਵਿਨੇਸ਼ ਫੋਗਾਟ ਨੂੰ ਘਰ ਪਰਤਣ 'ਤੇ ਜੋ ਮਾਨ-ਸਨਮਾਨ ਮਿਲਿਆ ਹੈ, ਉਹ ਇਤਹਾਸਕ ਹੋ ਨਿੱਬੜਿਆ ਹੈ। ਜਿਸ ਦਲੇਰੀ ਤੇ ਸਰੀਰਕ ਬਲ ਨਾਲ ਵਿਨੇਸ਼ ਫੋਗਾਟ ਨੇ ਓਲੰਪਿਕ ਖੇਡਾਂ 'ਚ ਇਕੋ ਦਿਨ ਤਿੰਨ ਕੁਸ਼ਤੀ ਮੁਕਾਬਲੇ ਜਿੱਤੇ, ਉਹ ਕੋਈ ਮਹਾਂਬਲੀ ਹੀ ਕਰ ਸਕਦਾ ਸੀ। ਜਦੋਂ ਵਿਨੇਸ਼ ਨੂੰ ਇਕੋ ਦਿਨ ਤਿੰਨ ਮੁਕਬਾਲੇ ਲੜਨ ਲਈ ਕਿਹਾ ਗਿਆ ਤਾਂ ਉਸ ਸਮੇਂ ਸਾਡੇ ਦੇਸ਼ ਦੇ ਓਲੰਪਿਕ ਸੰਘ ਦੇ ਅਧਿਕਾਰੀ ਕਿਥੇ ਸਨ। ਇਹ ਸਵਾਲ ਪੁੱਛਣਾ ਬਣਦਾ ਹੈ। ਉਨ੍ਹਾਂ ਇਤਰਾਜ਼ ਕਿਉਂ ਨਾ ਕੀਤਾ ਕਿ ਇਹ ਪਹਿਲਵਾਨ ਨਾਲ ਸ਼ਰ੍ਹੇਆਮ ਜ਼ਿਆਦਤੀ ਹੈ। ਇਸ ਤਰ੍ਹਾਂ ਤਾਂ ਕਿਸੇ ਪੇਂਡੂ ਟੂਰਨਾਮੈਂਟ ਵਿਚ ਵੀ ਨਹੀਂ ਹੁੰਦਾ ਕਿ ਕਿਸੇ ਨੂੰ ਕਹਿ ਦਿਤਾ ਜਾਵੇ ਕਿ ਤੂੰ ਤਿੰਨੇ ਮੁਕਾਬਲੇ ਇਕੋ ਦਿਨ ਲੜਨੇ ਹਨ ਤੇ ਉਹ ਵੀ ਟੂਰਨਾਮੈਂਟ 'ਚ ਭਾਗ ਲੈਣ ਵਾਲੇ ਸਭ ਤੋਂ ਤਕੜੇ ਭਲਵਾਨਾਂ ਨਾਲ। ਪੇਂਡੂ ਟੂਰਨਾਮੈਂਟਾਂ ਵਿਚ ਵੀ ਬੜੀ ਸੂਝ ਨਾਲ ਮੁਕਾਬਲਿਆਂ ਦੀ ਤਰਤੀਬ ਬਣਾਈ ਜਾਂਦੀ ਹੈ। ਓਲੰਪਿਕ ਖੇਡਾਂ ਦਾ ਜੇ ਇਹ ਹਾਲ ਹੈ ਤਾਂ ਰੱਬ ਰਾਖਾ। ਸੰਸਾਰ ਦੀਆਂ ਝੰਡਾਬਰਦਾਰ ਹਨ ਖੇਡਾਂ। ਓਲੰਪਿਕ ਖੇਡਾਂ ਦਾ ਇਹ ਹਾਲ ਸ਼ਰਮਸ਼ਾਰ ਕਰਦਾ ਹੈ। ਇਸ 'ਤੇ ਖੇਡ ਪੱਤਰਕਾਰ ਵੀ ਕੋਈ ਸਵਾਲ ਨਹੀਂ ਚੁੱਕ ਰਹੇ, ਇਹ ਗੱਲ ਚੁਭਦੀ ਹੈ।

ਕੁਸ਼ਤੀ ਅਖਾੜੇ 'ਚ ਹੀ ਨਹੀਂ, ਵਿਨੇਸ਼ ਇਸ ਤੋਂ ਬਾਹਰ ਵੀ ਦੇਸ਼ ਦੇ ਕੁਸ਼ਤੀ ਸੰਘ ਵਿਚ ਘੁਸਪੈਠ ਕਰੀ ਬੈਠੇ ਰਾਜਨੀਤਕ ਤੌਰ 'ਤੇ ਸ਼ਕਤੀਸ਼ਾਲੀ ਕਾਮੀ ਭੇਡੂਆਂ ਖ਼ਿਲਾਫ ਵੀ ਇਕ ਯੋਧੇ ਦੀ ਤਰ੍ਹਾਂ ਲੜੀ ਹੈ। ਉਸ ਵਲੋਂ ਸ਼ੁਰੂ ਕੀਤੀ ਲੜਾਈ ਨੇ ਅਜਿਹੇ ਭੇਡੂਆਂ ਦੇ ਪੈਰ ਉਖੇੜ ਦਿਤੇ। ਹੁਣ ਉਨ੍ਹਾਂ ਦੇ ਚਾਪਲੂਸਾਂ ਨੇ ਸੋਸ਼ਲ ਮੀਡੀਆ ਰਾਹੀਂ ਵਿਨੇਸ਼ ਦੀ ਬਦਖੋਈ ਕਰਨ ਦੀ ਮੁਹਿੰਮ ਵਿੱਢ ਦਿਤੀ ਹੈ। ਨਫਰਤੀ ਰਾਖਸ਼ ਸੋਸ਼ਲ ਮੀਡੀਆ ਜ਼ਰੀਏ ਵਿਨੇਸ਼ ਦੀਆਂ ਹੁਣ ਤੱਕ ਦੀਆਂ ਓਲੰਪਿਕ, ਕਾਮਨਵੈਲਥ ਤੇ ਏਸ਼ਿਆਈ ਖੇਡਾਂ ਦੀਆਂ ਪ੍ਰਾਪਤੀਆਂ ਨੂੰ ਮਿੱਟੀ 'ਚ ਮਿਲਾਉਣ ਲਗੇ ਹੋਏ ਨੇ।

ਵਿਨੇਸ਼ ਦੀ ਓਲੰਪਿਕ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਜਨ ਸਮੂਹ ਉਸ ਦੇ ਨਾਲ ਆ ਖੜ੍ਹਾ ਹੋਇਆ ਹੈ। ਇਨਸਾਫਪਸੰਦ ਲੋਕ ਉਸਦੀ ਡਟ ਕੇ ਮਦਦ ਕਰ ਰਹੇ ਹਨ। ਖਾਸ ਕਰਕੇ ਉੱਤਰੀ ਭਾਰਤ ਦੇ ਲੋਕ ਜਿਨ੍ਹਾਂ ਦਾ ਬੇਇਨਸਾਫ਼ੀ ਤੇ ਧੱਕੇ ਖ਼ਿਲਾਫ ਆਵਾਜ਼ ਬੁਲੰਦ ਕਰਨਾ ਧਰਮ-ਕਰਮ ਹੈ। ਵਿਨੇਸ਼ ਦੇ ਦੇਸ਼ ਪਰਤਣ ਤੋਂ ਬਾਅਦ ਜੋ ਪਹਿਲਾ ਬਿਆਨ ਦਿੱਤਾ ਹੈ ਉਹ ਲੜਾਈ ਜਾਰੀ ਰੱਖਣ ਬਾਰੇ ਹੈ। ਉਸਨੇ ਕਿਹਾ ਹੈ ਕਿ ਲੜਾਈ ਅਜੇ ਖਤਮ ਨਹੀਂ ਹੋਈ, ਇਹ ਜਾਰੀ ਰਹੇਗੀ। ਵਿਨੇਸ਼ ਹੁਣ ਸਿਰਫ ਇਕ ਪਹਿਲਵਾਨ ਹੀ ਨਹੀਂ ਹੈ। ਉਹ ਬੇਇਨਸਾਫ਼ੀ ਖ਼ਿਲਾਫ ਉੱਭਰੀ ਲੋਕ ਚੇਤਨਾ ਅਤੇ ਖੇਡ ਸੰਸਾਰ ਵਿਚ ਛੁਪੇ ਬੈਠੇ ਰਾਖਸ਼ਾਂ ਦੇ ਖ਼ਿਲਾਫ ਛਿੜੇ ਯੁੱਧ ਦੀ ਸੂਤਰਧਾਰ ਵੀ ਬਣ ਗਈ ਹੈ। ਹਮੇਸ਼ਾਂ ਗੰਭੀਰ ਮੁਦਰਾ 'ਚ ਰਹਿਣ ਵਾਲੇ ਤੇ ਬੌਧਿਕ ਤੌਰ 'ਤੇ ਗੰਭੀਰ ਟਿੱਪਣੀਆਂ ਕਰਨ ਵਾਲੇ ਓਲੰਪੀਅਨ ਅਭਿਨਵ ਬਿੰਦਰਾ ਨੇ ਠੀਕ ਕਿਹਾ ਹੈ, "ਕੁਝ ਜਿੱਤਾਂ ਸਿਰਫ ਅਲਮਾਰੀ ਜਾਂ ਕਹੋ ਕਪਬੋਰਡ ਦਾ ਸ਼ਿੰਗਾਰ ਬਣ ਕੇ ਹੀ ਰਹਿ ਜਾਂਦੀਆਂ ਹਨ। ਕੁਝ ਜਿੱਤਾਂ ਅਜਿਹੀਆਂ ਹੁੰਦੀਆਂ ਹਨ ਕਿ ਲੋਕ ਉਨ੍ਹਾਂ ਦੀ ਕਹਾਣੀ ਪੀੜ੍ਹੀ ਦਰ ਪੀੜ੍ਹੀ ਆਪਣੇ ਬੱਚਿਆਂ ਨੂੰ ਸੁਣਾਉਂਦੇ ਹਨ। ਵਿਨੇਸ਼ ਤੇਰੀ ਕਹਾਣੀ ਵੀ ਇਸ ਤਰ੍ਹਾਂ ਸੁਣਾਈ ਜਾਂਦੀ ਰਹੇਗੀ। ਸਾਨੂੰ ਪਤਾ ਹੈ ਕਿ ਤੂੰ ਕਿੰਨੀ ਦਮਦਾਰ ਖਿਡਾਰਨ ਹੈਂ।"

ਜੇਕਰ ਇਕ ਪਾਸੇ ਨਫਰਤ ਦੇ ਵਪਾਰੀ ਵਿਨੇਸ਼ ਫੋਗਾਟ ਦੀ ਫੱਟੀ ਪੋਚਣ ਲੱਗੇ ਹੋਏ ਨੇ, ਦੂਜੇ ਪਾਸੇ ਨੀਰਜ ਚੋਪੜਾ ਅਤੇ ਅਰਸ਼ਦ ਨਦੀਮ ਅਤੇ ਉਨ੍ਹਾਂ ਦੀਆਂ ਪੈਗੰਬਰੀ ਮਾਵਾਂ ਨੇ 'ਪ੍ਰੇਮ ਖੇਲਣ' ਦਾ ਸੁਨੇਹਾ ਖ਼ਲਕਤ ਦੀ ਝੋਲੀ ਪਾਇਆ ਹੈ। ਇਹ ਸ਼ਾਇਦ ਓਲੰਪਿਕ ਖੇਡਾਂ 'ਚ ਦੂਸਰੀ ਵਾਰ ਹੋਇਆ ਹੈ ਕਿ ਦੋ ਦੁਸ਼ਮਣ ਸਮਝੇ ਜਾਂਦੇ ਦੇਸ਼ਾਂ ਦੇ ਚੈਂਪੀਅਨ ਖਿਡਾਰੀਆਂ ਤੇ ਉਨ੍ਹਾਂ ਦੀਆਂ ਮਾਵਾਂ ਨੇ ਦੋਨਾਂ ਖਿਡਾਰੀਆਂ ਦੀ ਸੁਖ ਮੰਗੀ ਹੈ ਤੇ ਦੋਨਾਂ ਨੂੰ ਦੋਸਤੀ ਤੇ ਭਰਾ ਦਾ ਰਿਸ਼ਤਾ ਬਖ਼ਸ਼ਿਆ ਹੈ। ਅਰਸ਼ਦ ਨੇ ਗੋਲਡ ਮੈਡਲ ਜਿਤਿਆ ਤੇ ਨਵਾਂ ਓਲੰਪਿਕ



ਰਿਕਾਰਡ ਕਾਇਮ ਕੀਤਾ। ਉਸਨੇ ਆਪਣੇ ਦੇਸ਼ ਦਾ ਖੇਡਾਂ ਵਿਚ ਨਵਾਂ ਇਤਿਹਾਸ ਸਿਰਜਿਆ ਹੈ। ਪਰ ਉਸਦਾ ਰਿਕਾਰਡ ਰੱਖਣ ਤੋਂ ਬਾਅਦ ਵੀ ਵਰਤਾਰਾ ਏਨਾ ਸਹਿਜ ਤੇ ਸੂਖਮ ਸੀ ਕਿ ਨਾ ਤਾਂ ਉਸਨੇ ਖੁਸ਼ੀ 'ਚ ਛਾਲਾਂ ਮਾਰੀਆਂ, ਨਾ ਹੀ ਉਸਨੇ ਸਟੇਡੀਅਮ ਦਾ ਭੱਜ ਕੇ ਚੱਕਰ ਲਾਇਆ, ਤੇ ਨਾ ਹੀ ਲਲਕਾਰੇ ਮਾਰੇ। ਹਲਕੇ ਜਿਹੇ ਉਸਨੇ ਬਾਹਾਂ ਉਲਾਰੀਆਂ ਤੇ ਥੋੜ੍ਹਾ ਜਿਹਾ ਮੁਸਕਾਰ ਕੇ ਆਪਣੇ ਆਪ ਨੂੰ ਥਾਪੀ ਦਿਤੀ। ਨੀਰਜ ਜੋ ਹਮੇਸ਼ਾ ਹੋਰ ਮੁਕਬਲਿਆਂ 'ਚ ਨਦੀਮ ਨੂੰ ਪਛਾੜਦਾ ਰਿਹਾ ਸੀ, ਪੈਰਿਸ ਓਲੰਪਿਕ ਵਿਚ ਉਸ ਤੋਂ ਪਛੜ ਗਿਆ ਸੀ, ਪਰ ਨੀਰਜ ਨੇ ਬੜੇ ਸੱਭਿਅਕ ਢੰਗ ਨਾਲ ਨਦੀਮ ਨੂੰ ਜਿੱਤ ਦੀ ਵਧਾਈ ਦਿਤੀ ਤੇ ਉਸਦੀ ਥਰੋਅ ਪ੍ਰਸ਼ੰਸਾ ਕੀਤੀ। ਆਪਣੇ ਦੂਜੇ ਨੰਬਰ 'ਤੇ ਰਹਿਣ 'ਤੇ ਤਸੱਲੀ ਪ੍ਰਗਟ ਕੀਤੀ ਤੇ ਕੋਈ ਬਹਾਨਾ ਨਹੀਂ ਘੜਿਆ। ਨਾ ਹੀ ਕੋਈ ਫਜ਼ੂਲ ਟਿੱਪਣੀ ਕੀਤੀ।

ਆਪਣੀ ਮਾਂ ਸਰੋਜ ਦੇਵੀ ਤੋਂ ਵਿਰਸੇ 'ਚ ਪ੍ਰਾਪਤ ਕੀਤੇ ਹੋਏ ਸੰਸਕਾਰਾਂ ਦੀ ਲਾਜ ਰੱਖਦੇ ਹੋਏ ਉਸਨੇ ਅਰਸ਼ਦ ਨੂੰ ਉਸੇ ਤਰ੍ਹਾਂ ਵਧਾਈ ਦਿਤੀ ਜਿਵੇਂ ਇਕ ਜੇਤੂ ਖਿਡਾਰੀ ਨੂੰ ਦੂਸਰੇ ਚੈਂਪੀਅਨ ਖਿਡਾਰੀ ਨੂੰ ਦੇਣੀ ਚਾਹੀਦੀ ਹੈ। ਪਿਛਲੀ ਟੋਕੀਓ ਓਲੰਪਿਕ ਵਿਚ ਅਰਸ਼ਦ ਨੇ ਨੀਰਜ ਦੀ ਜੈਵਲਿਨ ਵਰਤ ਲਈ ਸੀ ਜਾਂ ਉਸਨੇ ਭੁਲੇਖੇ ਨਾਲ ਚੱਕ ਲਈ ਸੀ। ਨਫਰਤੀ ਟੋਲੇ ਨੇ ਸੋਸ਼ਲ ਮੀਡੀਏ 'ਤੇ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ ਤੇ ਅਰਸ਼ਦ ਬਾਰੇ ਬਹੁਤ ਕੁਝ ਲਿਖ ਮਾਰਿਆ ਸੀ। ਨੀਰਜ ਚੋਪੜਾ ਨੇ ਉਸ ਸਮੇਂ ਵੀ ਆਪਣੀ ਬਹੁ ਪਾਰਟੀ ਸਿਆਣਪ ਨਾਲ ਇਸ ਵਿਵਾਦ 'ਤੇ ਅਜਿਹਾ ਠੰਢਾ ਛਿੱਟਾ ਮਾਰਿਆ ਸੀ ਕਿ ਨਫਰਤੀ ਲਾਣਾ ਦੁੱਧ ਦੀ ਝੱਗ ਵਾਂਗ ਬਹਿ ਗਿਆ ਸੀ। ਅਸਲ ਵਿਚ ਓਲੰਪਿਕ ਨਾਲੋਂ ਵੱਡੇ ਮੈਡਲਾਂ ਦੀਆਂ ਹੱਕਦਾਰ ਤਾਂ ਨੀਰਜ ਦੀ ਮਾਤਾ ਸਰੋਜ ਤੇ ਅਰਸ਼ਦ ਦੀ ਮਾਤਾ ਰਜ਼ੀਆ ਪ੍ਰਵੇਜ਼ ਨੇ। ਇਨ੍ਹਾਂ ਮਾਵਾਂ ਨੇ ਅੰਤਰਰਾਸ਼ਟਰੀ ਖੇਡਾਂ ਵਿਚ ਹੁੰਦੀਆਂ ਜਿੱਤਾਂ ਤੇ ਹਾਰਾਂ ਨੂੰ ਵੇਖਣ ਤੇ ਮਾਨਣ ਦਾ ਨਜ਼ਰੀਆ ਹੀ ਬਦਲ ਦਿੱਤਾ ਹੈ। ਪਹਿਲ ਕਰਦੇ ਹੋਏ ਨੀਰਜ ਦੇ ਮਾਤਾ ਨੇ ਕਿਹਾ, ਜੇ ਅਰਸ਼ਦ ਜਿਤਿਆ ਹੈ ਤਾਂ ਉਹ ਵੀ ਮੇਰਾ ਪੁੱਤਰ ਹੀ ਹੈ। ਸਾਰਿਆਂ ਨੇ ਮਿਹਨਤ ਕੀਤੀ ਹੈ, ਮੈਡਲ ਜਿੱਤਣ ਵਾਲੇ ਸਾਰੇ ਹੀ ਮੇਰੇ ਪੁੱਤਰ ਨੇ। ਨੀਰਜ ਦਾ ਚਾਂਦੀ ਦਾ ਤਗਮਾ ਮੇਰੇ ਲਈ ਸੋਨੇ ਦਾ ਹੀ ਹੈ। ਮੈਂ ਪੂਰੀ ਖੁਸ਼ ਹਾਂ। ਅਰਸ਼ਦ ਦੀ ਮਾਂ ਦਾ ਕਹਿਣਾ ਸੀ ਮੈਂ ਦੁਆ ਕਰਦੀ ਹਾਂ ਕਿ ਨੀਰਜ ਅਗੇ ਤੋਂ ਹੋਰ ਅੱਛਾ ਕਰੇ, ਉਹ ਮੇਰੇ ਪੁੱਤਰ ਦਾ ਦੋਸਤ ਹੈ, ਭਾਈ ਹੈ। ਮੈਂ ਅੱਲਾ ਨੂੰ ਦੁਆ ਕਰਦੀ ਹਾਂ ਕਿ ਨੀਰਜ ਨੂੰ ਹੋਰ ਤਾਕਤ ਬਖਸ਼ੇ। ਦੋਨਾਂ ਮਾਵਾਂ ਨੇ ਸ਼ਾਂਤੀ ਨੂੰ ਪਰ ਲਾ ਦਿਤੇ ਤੇ ਨਫਰਤੀਆਂ ਨੁਕਰੇ।

ਅਰਸ਼ਦ ਤੇ ਨੀਰਜ ਦਾ ਜ਼ਿਕਰ ਜੈਸੀ ਓਵੇਨਜ ਤੇ ਲੁੱਜ ਵਿੰਗ ਲੌਂਗ ਦੀ ਸਦਾਬਹਾਰ ਕਹਾਣੀ ਤੋਂ ਬਿਨਾਂ ਅਧੂਰਾ ਲੱਗ ਰਿਹਾ ਹੈ। ਗੱਲ ਸਾਲ 1936 ਦੀ ਹੈ। ਜਰਮਨੀ ਦੇ ਸ਼ਹਿਰ ਬਰਲਿਨ 'ਚ ਓਲੰਪਿਕ ਖੇਡਾਂ ਚਲ ਰਹੀਆਂ ਸਨ। ਜਰਮਨੀ 'ਚ ਉਸ ਸਮੇਂ ਨਫਰਤ ਦੀ ਅੱਗ ਵਰ ਰਹੀ ਸੀ। ਕਲਜੁਗੀ ਹਿਟਲਰ ਨੂੰ ਜਰਮਨੀ ਦੀ ਸੱਤਾ ਸੰਭਾਲੇ ਹੋਏ ਕਰੀਬ ਤਿੰਨ ਸਾਲ ਹੋ ਗਏ ਸਨ। ਉਥੇ ਫੈਲਾਈ ਜਾ ਰਹੀ ਨਫਰਤ ਦਾ ਸੂਤਰਧਾਰ ਹਿਟਲਰ ਖ਼ੁਦ ਸੀ। ਯਹੂਦੀਆਂ ਦੇ ਖ਼ੂਨ ਦੇ ਪਿਆਸੇ, ਆਦਮ-ਬੋ, ਆਦਮ-ਬੋ ਕਰ ਰਹੇ ਹਿਟਲਰ ਦੀ ਜਰਮਨੀ 'ਚ ਉਸ ਸਮੇਂ ਪੂਰੀ ਦਹਿਸ਼ਤ ਸੀ। ਜਰਮਨ ਨਫਰਤੀ ਅੰਮ੍ਰਿਤ ਦੇ ਪਿਆਲੇ ਪੀ-ਪੀ ਧੁਤ ਹੋਏ ਹਿਟਲਰ ਵਲੋਂ ਛੇੜੇ ਮਨੁੱਖਤਾ ਵਿਰੋਧੀ ਜਹਾਦ ਦੇ ਸਾਰਥੀ ਬਣ ਗਏ ਸੀ। ਉਨ੍ਹਾਂ ਦੇ ਦਿਲੋ-ਦਿਮਾਗ 'ਚੋਂ ਮਨੁੱਖਤਾ, ਦਿਆਲਤਾ ਤੇ ਕਰੁਣਾ ਮਨਫ਼ੀ ਹੋ ਚੁਕੀ ਸੀ। ਹਿਟਲਰ ਨੇ ਇਕ ਨਵਾਂ ਸ਼ੋਸ਼ਾ ਛੱਡ ਕੇ ਜਰਮਨਾਂ ਦੀ ਸੁੱਧ-ਬੁੱਧ ਨੂੰ ਕਾਬੂ ਕਰ ਲਿਆ ਸੀ। ਸ਼ੋਸ਼ਾ ਸੀ ਕਿ ਜਰਮਨ ਆਰੀਅਨ ਹਨ ਤੇ ਦੁਨੀਆਂ ਦੇ ਸਭ ਤੋਂ ਸਰਵ ਸ੍ਰੇਸ਼ਟ ਤੇ ਉੱਤਮ ਨਸਲ ਹਨ। ਹਿਟਲਰ ਇਹ ਸਾਬਤ ਕਰਨ ਲਈ ਜਰਮਨਾਂ ਨੂੰ ਯੁੱਧ ਦੀ ਭੱਠੀ 'ਚ ਝੋਕਣ ਲਈ ਤਿਆਰ ਕਰ ਰਿਹਾ ਸੀ। ਉਸਨੇ ਦੂਜਿਆਂ ਨੂੰ ਜਰਮਨਾਂ ਤੋਂ ਘਟੀਆ ਸਾਬਤ ਕਰਨ ਲਈ ਆਪਣੇ ਲੋਕਾਂ ਵਿਚ ਉਨ੍ਹਾਂ ਪ੍ਰਤੀ ਨਫਰਤ ਕੁੱਟ ਕੁੱਟ ਕੇ ਭਰ ਦਿਤੀ ਸੀ।

ਹਿਟਲਰ ਦੇ ਸਿਰ ਜਰਮਨਾਂ ਦੇ ਸਭ ਤੋਂ ਉੱਤਮ ਨਸਲ ਹੋਣ ਦਾ ਭੂਤ ਖੇਤ ਮਜ਼ਦੂਰ ਦੇ ਕਾਲੀ ਨਸਲ ਦੇ ਪੁੱਤਰ ਜੈਸੀ ਓਵੇਂਨਜ ਨੇ ਬਰਲਿਨ ਦੇ ਖੇਡ ਸਟੇਡੀਅਮ 'ਚ ਉਤਾਰਿਆ ਸੀ। ਤੇ ਜੈਸੀ ਦੀ ਚੜ੍ਹਤ ਨੂੰ ਸਹਾਰਦਾ ਹੋਇਆ ਹਿਟਲਰ ਜੈਸੀ ਨੂੰ ਵਧਾਈ ਦਿਤੇ ਬਗੈਰ ਹੀ ਸਟੇਡੀਅਮ 'ਚੋਂ ਉੱਠ ਕੇ ਚਲਾ ਗਿਆ ਸੀ। ਹਿਟਲਰ ਓਲੰਪਿਕ 'ਚ ਸਿਰਫ ਮੈਡਲ ਜਿੱਤਣ ਵਾਲੇ ਜਰਮਨਾਂ ਨੂੰ ਹੀ ਵਧਾਈ ਦਿੰਦਾ ਸੀ, ਦੂਸਰਿਆਂ ਨੂੰ ਨਹੀਂ। ਇਸ 'ਤੇ ਓਲੰਪਿਕ ਕਮੇਟੀ ਨੇ ਇਤਰਾਜ਼ ਜਤਾਇਆ ਤੇ ਹਿਟਲਰ ਨੂੰ ਕਿਹਾ, ਜਾਂ ਤਾਂ ਤੂੰ ਸਭ ਜੇਤੂਆਂ ਨੂੰ ਵਧਾਈ ਦੇ ਜਾਂ ਫਿਰ ਕਿਸੇ ਨੂੰ ਵੀ ਨਹੀਂ। ਪੱਖਪਾਤ ਨਹੀਂ ਚਲੇਗਾ।

ਇਸ ਇਤਿਹਾਸਕ ਕਿੱਸੇ ਦੇ ਕੁਝ ਅਜਿਹੇ ਦਿਲਚਸਪ ਪਹਿਲੂ ਨੇ ਜੋ ਤੁਹਾਡੇ ਨਾਲ ਸਾਂਝੇ ਕਰਨੇ ਬਣਦੇ ਨੇ। ਭਾਣਾ ਇਸ ਤਰ੍ਹਾਂ ਵਾਪਰਿਆ ਕਿ ਅਮਰੀਕਾ ਦੇ ਕਾਲੇ (ਅਫਰੀਕਨ-ਅਮਰੀਕਨ) ਜੈਸੀ ਓਵੇਨਜ ਤੇ ਜਰਮਨੀ ਦੇ ਲੰਬੀ ਛਾਲ ਦੇ ਪ੍ਰਸਿੱਧ ਅਥਲੀਟ ਲੁਜ਼ ਵਿਗ ਲੌਂਗ ਦਾ ਮੁਕਾਬਲਾ ਚਲ ਰਿਹਾ ਸੀ। ਹਿਟਲਰ ਇਹ ਮੁਕਾਬਲਾ ਦੇਖ ਰਿਹਾ ਸੀ। ਹਿਟਲਰ ਯਹੂਦੀਆਂ ਜਿੰਨੀ ਹੀ ਕਾਲਿਆਂ ਨੂੰ ਨਫਰਤ ਕਰਦਾ ਸੀ। ਜਰਮਨਾਂ ਨੂੰ ਪੂਰਾ ਯਕੀਨ ਸੀ ਕਿ ਮੁਕਾਬਲਾ ਲੌਂਗ ਜਿੱਤ ਜਾਵੇਗਾ। ਜਿਵੇਂ ਨੀਰਜ ਚੋਪੜਾ ਦੇ ਗੋਲਡ ਮੈਡਲ ਜਿੱਤਣ ਦੀ ਆਸ ਹਰੇਕ ਭਾਰਤੀ ਨੂੰ ਸੀ, ਉਵੇਂ ਹੀ ਜਰਮਨਾਂ ਨੂੰ ਲੌਂਗ ਦੀ ਜਿੱਤ ਦਾ ਭਰੋਸਾ ਸੀ। ਜੈਸੀ ਤੇ ਲੌਂਗ ਲੱਗਭਗ ਬਰਾਬਰ ਚਲ ਰਹੇ ਸਨ। ਕੋਈ ਥੋੜ੍ਹਾ ਅੱਗੇ ਤੇ ਕੋਈ ਥੋੜ੍ਹਾ ਪਿੱਛੇ। ਜਰਮਨ ਖੁਸ਼ ਸੀ ਕਿ ਲੌਂਗ ਜੈਸੀ ਨੂੰ ਟੱਕਰ ਦੇ ਰਿਹਾ ਹੈ। ਪੰਜਵੀ ਛਾਲ 'ਚ ਜੈਸੀ 7.94 ਮੀਟਰ ਛਾਲ ਲਾ ਕੇ ਲੌਂਗ ਤੋਂ ਅੱਗੇ ਹੋ ਗਿਆ। ਲੌਂਗ ਦਾ ਅਖ਼ਰੀਲੀ ਛਾਲ 'ਚ ਫੌਲ ਹੋ ਗਿਆ। ਜੈਸੀ ਆਖਰੀ ਵਾਰੀ 'ਚ 8 .06 ਮੀਟਰ ਛਾਲ ਲਾ ਕੇ ਹੋਰ ਅੱਗੇ ਹੋ ਗਿਆ ਤੇ ਉਸਦਾ ਗੋਲਡ ਮੈਡਲ ਪੱਕਾ ਹੋ ਗਿਆ। ਉਸਨੇ ਓਲੰਪਿਕ ਦਾ ਲੰਬੀ ਛਾਲ ਦਾ ਨਵਾਂ ਰਿਕਾਰਡ ਵੀ ਰੱਖ ਦਿੱਤਾ।

ਲੌਂਗ ਦੇ ਅੰਦਰ ਇਕ ਪਾਕ ਰੂਹ ਸੀ। ਦੂਜੇ ਸਥਾਨ 'ਤੇ ਰਹਿਣ ਦੇ ਬਾਵਜੂਦ ਉਸ ਅੰਦਰ ਖਿਡਾਰੀ ਦਾ ਦਿਲ ਤੇ ਜਜ਼ਬਾ ਬਰਕਰਾਰ ਸੀ। ਉਸ ਤੋਂ ਰਿਹਾ ਨਾ ਗਿਆ। ਨਵਾਂ ਰਿਕਾਰਡ ਰੱਖਣ ਵਾਲਾ ਜੈਸੀ ਅਜੇ ਲੰਬੀ ਛਾਲ ਵਾਲੇ ਅਖਾੜੇ 'ਚ ਹੀ ਸੀ ਕਿ ਲੌਂਗ ਨੇ ਉਸਨੂੰ ਅਖਾੜੇ 'ਚ ਹੀ ਘੁੱਟ ਕੇ ਗਲਵੱਕੜੀ 'ਚ ਲੈ ਲਿਆ ਤੇ ਦਿਲ ਖੋਲ੍ਹ ਕੇ ਵਧਾਈ ਦਿਤੀ। ਇਸ ਗਲਵੱਕੜੀ ਨੇ ਜੈਸੀ ਤੇ ਲੌਂਗ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਦੋਸਤੀ ਦਾ ਨੀਂਹ ਪੱਥਰ ਰੱਖ ਦਿੱਤਾ ਸੀ। ਕਰੀਬ ਇਕ ਲੱਖ ਲੋਕ ਉਸ ਸਮੇਂ ਸਟੇਡੀਅਮ 'ਚ ਹਾਜ਼ਰ ਸਨ। ਜੈਸੀ ਤੇ ਲੌਂਗ ਬਗਲਗੀਰ ਹੋਇਆਂ ਨੂੰ ਦੇਖ ਰਹੇ ਸਨ। ਜਰਮਨੀ 'ਚ ਕਿਸੇ ਕਾਲ਼ੇ ਦੇ ਇਸ ਤਰ੍ਹਾਂ ਗੱਲ ਲੱਗਣਾ ਵੱਡਾ ਗੁਨਾਹ ਸੀ। ਜਰਮਨਾਂ ਨੇ ਇਸ ਦਾ ਬਹੁਤ ਬੁਰਾ ਮਨਾਇਆ। ਹਿਟਲਰ ਉੱਠ ਕੇ ਚਲਾ ਗਿਆ। ਗੱਲ ਲਗੇ ਜੈਸੀ ਨੇ ਲੌਂਗ ਨੂੰ ਕਿਹਾ ਕਿ ਤੂੰ ਹੀ ਮੈਨੂੰ ਏਨੀ ਲੰਬੀ ਛਾਲ ਲਾਉਣ ਲਈ ਉਤਸ਼ਾਹਿਤ ਕੀਤਾ ਹੈ। ਹਾਲਾਂਕਿ ਜੈਸੀ ਪਹਿਲਾਂ 1935 ਵਿਚ ਮਿਸ਼ੀਗਨ ਯੂਨੀਵਰਸਿਟੀ ਵਿਚ ਹੋਏ ਮੁਕਬਲਿਆਂ 'ਚ 8.13 ਮੀਟਰ ਛਾਲ ਲਾ ਕੇ ਨਵਾਂ ਵਰਲਡ ਰਿਕਾਰਡ ਕਾਇਮ ਕਰ ਚੁਕਾ ਸੀ। ਇਤਿਹਾਸ ਰਚਿਆ ਜਾ ਚੁਕਾ ਸੀ। ਜੈਸੀ ਦੀ ਬੱਲੇ-ਬੱਲੇ ਹੋ ਗਈ ਸੀ। ਉਸਨੇ ਬਰਲਿਨ ਖੇਡਾਂ 'ਚ ਹਨੇਰੀ ਲਿਆ ਦਿਤੀ ਸੀ। ਇਸ ਓਲੰਪਿਕ 'ਚ ਉਸਨੇ ਚਾਰ ਗੋਲਡ ਮੈਡਲ ਜਿੱਤੇ-ਲੰਬੀ ਛਾਲ ਵਿਚ,100 ਮੀਟਰ, 200 ਮੀਟਰ ਤੇ ਰੀਲੇਅ ਵਿਚ। ਉਸਦਾ ਇਹ ਟਰੈਕ ਐਂਡ ਫ਼ੀਲਡ ਵਿਚ ਚਾਰ ਗੋਲਡ ਮੈਡਲ ਜਿੱਤਣ ਦਾ ਰਿਕਾਰਡ 48 ਸਾਲ ਰਿਹਾ। 1984 'ਚ ਇਸ ਦੇ ਬਰਾਬਰੀ ਕਾਰਲ ਲਿਉਸ ਨੇ ਕੀਤੀ।

ਬਰਲਿਨ ਓਲੰਪਿਕ ਵਿਚ ਲੌਂਗ ਨੇ ਜੈਸੀ ਦੀ ਕੁਆਲੀਫਾਇੰਗ ਰਾਊਂਡ 'ਚ ਵੀ ਮਦਦ ਕੀਤੀ ਸੀ, ਜਰਮਨਾਂ ਨੂੰ ਉਹ ਵੀ ਅੱਛਾ ਨਹੀਂ ਸੀ ਲੱਗਿਆ। ਜੈਸੀ ਤੋਂ ਰਨ-ਵੇ ਦੀ ਮੈਪਿੰਗ ਠੀਕ ਨਹੀਂ ਸੀ ਆ ਰਹੀ ਤੇ ਉਹ ਫੌਲ ਕਰ ਰਿਹਾ ਸੀ। ਲੌਂਗ ਨੇ ਉਸਨੂੰ ਸਲਾਹ ਦਿਤੀ ਕੇ ਉਹ ਜੰਪ ਕਰਨ ਵਾਲੀ ਫੱਟੀ ਤੋਂ ਥੋੜ੍ਹਾ ਪਹਿਲਾਂ ਆਪਣਾ ਤੌਲੀਆ ਨਿਸ਼ਾਨੀ ਵਜੋਂ ਰੱਖ ਲਵੇ। ਜੈਸੀ ਨੇ ਇੰਜ ਹੀ ਕੀਤਾ ਤੇ ਉਸ ਤੋਂ ਬਾਅਦ ਫੌਲ ਨਹੀਂ ਹੋਇਆ ਤੇ ਉਹ ਫਾਈਨਲ ਮੁਕਬਾਲੇ ਲਈ ਅਗਲੇ ਰਾਊਂਡ 'ਚ ਪਹੁੰਚ ਗਿਆ।

ਪਰ ਨਫਰਤ ਨਾਲ ਉਪਰੋਂ-ਥਲੀ ਭਰੇ ਜਰਮਨ ਅਧਿਕਾਰੀਆਂ ਨੇ ਗਲਵਕੜੀ ਲਈ ਲੌਂਗ ਨੂੰ ਮਾਫ ਨਾ ਕੀਤਾ। ਲੌਂਗ ਦੀ ਮਾਂ ਨੇ ਆਪਣੀ ਡਾਇਰੀ 'ਚ ਲਿਖਿਆ ਹੈ ਕਿ ਓਲੰਪਿਕ ਖੇਡਾਂ ਤੋਂ ਕੁਛ ਦਿਨ ਬਾਅਦ ਨਾਜ਼ੀ ਪਾਰਟੀ ਦੇ ਉਪ ਪ੍ਰਧਾਨ ਰੋਡੋਲਫ ਹੈਸ ਦਾ ਚਿਤਾਵਨੀਨੁਮਾ ਫ਼ੁਰਮਾਨ ਆਇਆ ਕਿ ਲੌਂਗ ਅੱਗੇ ਤੋਂ ਕਾਲੀ ਨਸਲ ਦੇ ਬੰਦੇ ਨੂੰ ਗਲਵਕੜੀ ਪਾਉਣ ਦੀ ਜੁਰਅਤ ਨਾ ਕਰੇ। ਲੌਂਗ ਨੂੰ ਨਸਲੀ ਚੇਤਨਾ ਨਹੀਂ ਹੈ। ਨਾਜ਼ੀ ਪਾਰਟੀ ਦਾ ਉਸ ਸਮੇਂ ਆਪਣੀ ਨਫਰਤੀ ਵਿਚਾਰਧਾਰਾ ਦਾ ਪ੍ਰਾਪੇਗੰਡਾ ਪੂਰੇ ਜ਼ੋਰਾਂ 'ਤੇ ਸੀ। ਨਾਜ਼ੀ ਪਾਰਟੀ ਦੇ ਮੁਖੀਆਂ ਨੂੰ ਲੱਗਿਆ ਕਿ ਖੇਡ ਮੈਦਾਨ 'ਚ ਜੈਸੀ ਤੇ ਲੌਂਗ ਦੀ ਪਈ ਗਲਵਕੜੀ ਕਿਤੇ ਉਨ੍ਹਾਂ ਦੇ ਪ੍ਰਾਪੇਗੰਡੇ ਦੀ ਫੂਕ ਨਾ ਕੱਢ ਦੇਵੇ। ਜਿਵੇਂ ਨੀਰਜ ਤੇ ਅਰਸ਼ਦ ਦੀ ਦੋਸਤੀ ਨੇ ਤੇ ਉਨ੍ਹਾਂ ਦੀਆਂ ਪੈਗੰਬਰੀ ਮਾਵਾਂ ਨੇ ਨਫਰਤੀ ਜੂਲੇ ਨੂੰ ਪਰ੍ਹਾਂ ਸੁੱਟਦੇ ਹੋਏ ਮਨੁੱਖੀ ਕਦਰਾਂ ਕੀਮਤਾਂ ਨੂੰ ਕਲਾਵੇ 'ਚ ਲਿਆ ਉਸੇ ਤਰ੍ਹਾਂ ਜੈਸੀ ਓਵੇਨ ਤੇ ਲੌਂਗ ਦੀ ਦੋਸਤੀ ਅੱਜ ਤਕ ਓਲੰਪਿਕ ਖੇਡਾਂ ਦੀ ਸੱਭ ਤੋਂ



ਖੁਸ਼ੀ ਭਰੀ ਕਹਾਣੀ ਹੈ। ਦੋਸਤੀ 'ਚ ਚਮੜੀ ਦੇ ਰੰਗ, ਨਸਲ, ਜਾਤ ਤੇ ਦੇਸ਼ਾਂ ਦਾ ਕੋਈ ਮਾਇਨਾ ਨਹੀਂ ਹੈ। ਲੌਂਗ ਤੇ ਜੈਸੀ ਦੇ ਪੋਤ-ਪੋਤੀਆਂ ਨੂੰ ਆਪਣੇ ਦਾਦਿਆਂ ਦੀ ਦੋਸਤੀ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ।

ਪਰ ਇਥੇ ਇਹ ਵੀ ਦਸਣਾ ਬਣਦਾ ਹੈ ਕਿ ਜਿੰਨੀ ਨਫਰਤ ਹਿਟਲਰ ਕਾਲਿਆਂ ਨੂੰ ਕਰਦਾ ਸੀ, ਉਸਤੋਂ ਜ਼ਿਆਦਾ ਨਫਰਤ ਗੋਰੇ ਅਮਰੀਕੀ ਆਪਣੇ ਦੇਸ਼ ਦੇ ਕਾਲਿਆਂ ਨੂੰ ਕਰਦੇ ਸੀ। ਜਦੋਂ ਜੈਸੀ ਚਾਰ ਗੋਲਡ ਮੈਡਲ ਜਿੱਤ ਕੇ ਆਪਣੇ ਦੇਸ਼ ਵਾਪਸ ਆਉਣ ਲੱਗਾ ਤਾਂ ਉਸਨੂੰ ਅਮਰੀਕੀ ਅਥਲੈਟਿਕ ਯੂਨੀਅਨ ਨੇ ਸਵੀਡਨ 'ਚ ਇਕ ਖੇਡ ਮੇਲੇ 'ਚ ਭਾਗ ਲੈਣ ਦਾ ਹੁਕਮ ਸੁਣਾ ਦਿੱਤਾ। ਜੈਸੀ ਆਪਣੇ ਦੇਸ਼ ਆਉਣ ਲਈ ਕਾਹਲਾ ਸੀ। ਉਹ ਮੈਡਲ ਜਿੱਤਣ 'ਤੇ ਨਵੀਂ ਮਿਲੀ ਪ੍ਰਸਿੱਧੀ ਨੂੰ ਆਪਣੇ ਲੋਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਸੀ। ਉਸਨੇ ਸਵੀਡਨ ਜਾਣ ਤੋਂ ਨਾਂਹ ਕਰ ਦਿਤੀ। ਪੰਗਾ ਪੈ ਗਿਆ। ਜੈਸੀ ਉੱਪਰ ਅਮਰੀਕੀ ਅਥਲੈਟਿਕ ਯੂਨੀਅਨ ਨੇ ਖੇਡਾਂ 'ਚ ਭਾਗ ਲੈਣ 'ਤੇ ਪਾਬੰਦੀ ਲਾ ਦਿਤੀ। ਬਾਈ ਸਾਲਾਂ ਦੀ ਉਮਰ 'ਚ ਉਸਦੇ ਖੇਡ ਕੈਰੀਅਰ ਦਾ ਭੋਗ ਪੈ ਗਿਆ।

ਪਰ ਉਸਦੇ ਲੋਕਾਂ ਨੇ ਜੈਸੀ ਦਾ ਦੇਸ਼ ਪਰਤਣ 'ਤੇ ਭਰਵਾਂ ਸਵਾਗਤ ਕੀਤਾ, ਜਿਵੇਂ ਹੁਣੇ ਹੀ ਵਿਨੇਸ਼ ਫੋਗਾਟ ਦਾ ਹੋਇਆ ਹੈ। ਪਰ ਜੈਸੀ ਦਾ ਦੇਸ਼ ਪਰਤਣ 'ਤੇ ਸਵਾਗਤ ਦਾ ਭਾਂਡਾ ਅਗਲੇ ਕੁੱਛ ਦਿਨਾਂ 'ਚ ਹੀ ਫੁੱਟ ਗਿਆ। ਉਸਦੇ ਸਵਾਗਤ ਵਿਚ ਇਕ ਨਿਊਯਾਰਕ ਦੇ ਵੱਡੇ ਹੋਟਲ 'ਚ ਪਾਰਟੀ ਰੱਖੀ ਗਈ। ਉਥੇ ਜੋ ਵਾਪਰਿਆ ਉਹ ਹਿਟਲਰੀ ਵਰਤਾਰੇ ਨਾਲੋਂ ਵੀ ਜ਼ਿਆਦਾ ਕਰੂਰ ਤੇ ਦੁਖਦਾਈ ਸੀ। ਹੋਟਲ ਦੇ ਅਗਲੇ ਦਰਵਾਜ਼ੇ 'ਤੇ ਖੜ੍ਹੇ ਚੋਬਦਾਰ ਨੇ ਜੈਸੀ ਨੂੰ ਅਗਲੇ ਦਰਵਾਜ਼ੇ ਰਾਹੀਂ ਜਾਣ ਤੋਂ ਰੋਕ ਦਿੱਤਾ। ਇਸ ਦੀ ਬਜਾਇ ਉਸਨੂੰ ਪਿਛਲੇ ਦਰਵਾਜ਼ੇ ਰਾਹੀਂ ਜਾਣ ਲਈ ਕਹਿ ਦਿੱਤਾ ਜੋ ਕਿ ਸਿਰਫ ਕਾਲੇ ਲੋਕਾਂ ਲਈ ਬਣਾਇਆ ਗਿਆ ਸੀ।

ਇਹ ਨਮੋਸ਼ੀ ਜੈਸੀ ਅੰਦਰੇ-ਅੰਦਰੇ ਪੀ ਗਿਆ। ਇਸਤੋਂ ਅਗਲੇ ਦਿਨਾਂ 'ਚ ਉਸ ਨਾਲ ਹੋਰ ਵੀ ਮਾੜੀ ਹੋਈ। ਅਮਰੀਕਾ ਦੇ ਉਸ ਸਮੇਂ ਦੇ ਪ੍ਰੈਜ਼ੀਡੈਂਟ ਰੂਜ਼ਵੇਲਟ ਨੇ ਸਾਰੇ ਓਲੰਪਿਕ 'ਚ ਗੋਲਡ ਮੈਡਲ ਜਿੱਤਣ ਵਾਲੇ ਗੋਰਿਆਂ ਨੂੰ ਵ੍ਹਾਈਟ ਹਾਊਸ ਬੁਲਾ ਕੇ ਕੇ ਵਧਾਈ ਦਿਤੀ, ਚਾਹ ਪਿਲਾਈ ਪਰ

(ਬਾਕੀ ਅਗਲੇ ਸਫੇ 'ਤੇ)

# ਉਸ ਦਿਨ ਘੜੀ ਹੀ ਰੁਕ ਗਈ ਸੀ, ਮੇਰੀ ਕਿਸਮਤ ਇਹੋ ਸੀ

***ਜਦੋਂ ਸੀ ਏ ਐਸ ਅਦਾਲਤ ਨੇ ਵਿਨੇਸ਼ ਫੋਗਾਟ ਦੀ ਸਿਲਵਰ ਮੈਡਲ ਬਾਰੇ ਅਪੀਲ ਰੱਦ ਕਰ ਦਿੱਤੀ ਤਾਂ ਉਸਨੇ ਡਾਇਰੀ ਵਿਚ ਜੋ ਲਿਖਿਆ ਉਸਦਾ ਪੰਜਾਬੀ ਤਰਜਮਾ ਅਸੀਂ ਇਥੇ ਇੰਡੀਅਨ ਐਕਸਪ੍ਰੈਸ ਤੋਂ ਧੰਨਵਾਦ ਸਹਿਤ ਪੇਸ਼ ਕਰ ਰਹੇ ਹਾਂ। ਹਰ ਕੋਈ ਵਿਨੇਸ਼ ਦੀ ਦਾਸਤਾਨ ਨੂੰ ਪੜ੍ਹੇ, ਉਸ ਦੇ ਨਾਲ ਸਾਂਝ ਪਾਵੇ।***

ਮੈਂ ਮੁਸ਼ਕਿਲਾਂ ਨੂੰ ਸਰ ਕੀਤਾ ਹੈ। ਨਾ ਕਦੇ ਡੋਲੀ, ਨਾ ਕਦੇ ਝੁਕੀ।

ਕੋਚ ਮੇਰੀ ਜ਼ਿੰਦਗੀ ਹਨ, ਮੇਰੇ ਰਹਿਬਰ ਹਨ।

ਮੇਰੀ ਮਾਂ, ਮੇਰੇ ਬਾਬਲ ਅਤੇ ਮੇਰੇ ਪਤੀ ਦਾ ਵੱਡਾ ਰੋਲ ਹੈ ਮੇਰੀ ਜ਼ਿੰਦਗੀ ਵਿਚ।

ਉਕਤ ਟਿਪਣੀਆਂ ਵਿਨੇਸ਼ ਫੋਗਾਟ ਦੀ ਡਾਇਰੀ ਵਿਚੋਂ ਹਨ ਜੋ ਉਸਨੇ ਅਦਾਲਤ ਦੇ ਫੈਸਲੇ ਮਗਰੋਂ ਪੈਰਿਸ ਵਿਚ ਆਪਣੀ ਡਾਇਰੀ ਵਿਚ ਲਿਖੀਆਂ।

ਵਿਨੇਸ਼ ਫੋਗਾਟ ਮੁਟਿਆਰ ਉਨ੍ਹਾਂ ਕਿਸਮਤ ਵਾਲਿਆਂ ਵਿਚੋਂ ਇੱਕ ਹੈ ਜੋ ਹਾਰ ਕੇ ਵੀ ਨਹੀਂ ਹਾਰਦੇ। ਇੱਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ ਸੈਮੀਫਾਈਨਲ ਮੁਕਾਬਲੇ ਵਿਚ ਜਿਸ ਮੁਟਿਆਰ ਨੂੰ ਉਸਨੇ ਹਰਾਇਆ ਸੀ, ਉਸਨੇ ਪਿਛਲੀ ਵਾਰ ਓਲੰਪਿਕ ਵਿਚ ਗੋਲਡ ਮੈਡਲ ਜਿੱਤਿਆ ਸੀ।



**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ: +91-99150-91063**

ਹਾਂ, ਉਸੇ ਕੁੜੀ ਨੂੰ ਵਿਨੇਸ਼ ਨੇ ਹਰਾਇਆ ਜੋ ਕਦੇ ਨਹੀਂ ਸੀ ਹਾਰੀ। ਉਸ ਕੁੜੀ ਨੇ 85 ਮੁਕਾਬਲਿਆਂ ਵਿਚ ਹਿੱਸਾ ਲਿਆ ਸੀ, ਪਰ ਹਰ ਮੁਕਾਬਲੇ ਵਿਚ ਜਿੱਤੀ ਸੀ।

ਵਿਨੇਸ਼ ਕੇਵਲ 100 ਗਰਾਮ ਭਾਰ ਵੱਧ ਹੋਣ ਕਾਰਨ ਫਾਈਨਲ ਵਿਚ ਹਿੱਸਾ ਲੈਣ ਦੇ ਯੋਗ ਨਹੀਂ ਸੀ ਰਹੀ ਅਤੇ ਇੰਜ ਯਕੀਨਨ ਗੋਲਡ ਮੈਡਲ ਹੱਥੋਂ ਜਾਂਦਾ ਰਿਹਾ। ਪਰ ਇੱਕ ਅਖਬਾਰ ਨੇ ਆਪਣੇ ਵਿਸ਼ੇਸ਼ ਸੰਪਾਦਕੀ ਨੋਟ ਵਿਚ ਲਿਖਿਆ: ਵਿਨੇਸ਼, ਤੇਰੇ ਅੰਦਰ ਦੀ ਚਮਕ ਤੇ ਰੌਸ਼ਨੀ ਗੋਲਡ ਦੀ ਕੀਮਤ ਨਾਲੋਂ ਵੀ ਕਿਤੇ ਵੱਧ ਹੈ। ਤੁਹਾਨੂੰ ਯਾਦ ਹੋਵੇਗਾ ਕਿ ਕੁਸ਼ਤੀ ਦੀ ਦੁਨੀਆਂ ਵਿਚ ਦੇਸ਼ ਅੰਦਰ ਜੋ ਕੁੜੀਆਂ ਦੀ ਇੱਜ਼ਤ ਨਾਲ ਤਾਕਤਵਰ ਲੋਕਾਂ ਵੱਲੋਂ ਖੇਡਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਸ ਵਿਰੁੱਧ ਵੱਡੀ ਜੰਗ ਜੋ ਦੋ ਸਾਲ ਚਲਦੀ ਰਹੀ, ਉਸ ਜੰਗ ਦੀ ਜਰਨੈਲ ਵਿਨੇਸ਼ ਫੋਗਾਟ ਹੀ ਸੀ ਅਤੇ ਇਸ ਜੰਗ ਵਿਚ ਦੂਜੇ ਪਾਸੇ ਉਹ ਬੰਦਾ ਸੀ ਜਿਸ ਨੂੰ ਚੋਟੀ ਦੇ ਸਿਆਸਤਦਾਨਾਂ ਦੀ ਸਰਪਰਸਤੀ ਅਤੇ ਸਰਗਰਮ ਹਮਾਇਤ ਹਾਸਲ ਸੀ। ਪਰ ਵਿਨੇਸ਼ ਘਬਰਾਈ ਨਹੀਂ, ਨਾ ਹੀ ਡੋਲੀ ਅਤੇ ਨਾ ਹੀ ਡਰੀ ਅਤੇ ਅਖੀਰ ਵਿਚ ਜਿੱਤੀ। ਉਸ ਬੰਦੇ ਬਾਰੇ ਵਿਨੇਸ਼ ਦੀ ਇਹ ਟਿੱਪਣੀ ਸੁਣਨ ਵਾਲੀ ਹੈ, ਮੈਂ ਇਕ ਦਿਨ ਉਸ ਦੀ ਅੱਖ ਵਿਚ ਅੱਖ ਪਾ ਕੇ ਕਹਾਂਗੀ, ਤੂੰ ਦੇਖੀਂ! ਮੈਂ ਮੈਡਲ ਲੈ ਕੇ ਆਵਾਂਗੀ। ਰਤਾ ਵੱਧ ਭਾਰ ਹੋਣ ਨਾਲ ਮੁਕਾਬਲੇ ਤੋਂ ਬਾਹਰ ਹੋ ਗਈ ਤਾਂ ਇਸ ਘਟਨਾ ਨਾਲ ਸਾਰੇ ਮੁਲਕ ਦੀਆਂ ਕੁੜੀਆਂ ਨੂੰ ਇੰਜ ਲੱਗਾ, ਜਿਵੇਂ ਉਹ ਖੁਦ ਹਾਰ ਗਈਆਂ ਸਨ। ਇਹੋ ਜਿਹੀ ਸਮੂਹਕ ਅਪਣੱਤ ਕਿਸੇ ਕਿਸੇ ਨੂੰ ਹੀ ਮਿਲਦੀ ਹੈ। ਜਦੋਂ ਸੀ ਏ ਐਸ ਅਦਾਲਤ ਨੇ ਉਸ ਦੀ ਸਿਲਵਰ ਮੈਡਲ ਬਾਰੇ ਅਪੀਲ ਰੱਦ ਕਰ ਦਿੱਤੀ ਤਾਂ ਉਸਨੇ ਡਾਇਰੀ ਵਿਚ ਜੋ ਲਿਖਿਆ ਉਸਦਾ ਪੰਜਾਬੀ ਤਰਜਮਾ ਅਸੀਂ ਇਥੇ ਇੰਡੀਅਨ ਐਕਸਪ੍ਰੈਸ ਤੋਂ ਧੰਨਵਾਦ ਸਹਿਤ ਪੇਸ਼ ਕਰ ਰਹੇ ਹਾਂ। ਹਰ ਕੋਈ ਵਿਨੇਸ਼ ਦੀ ਦਾਸਤਾਨ ਨੂੰ ਪੜ੍ਹੇ, ਉਸ ਦੇ ਨਾਲ ਸਾਂਝ ਪਾਵੇ।

ਛੋਟੇ ਜਿਹੇ ਪਿੰਡ ਤੋਂ ਆਈ ਸੀ ਤੇ ਉਮਰ ਵੀ ਸੀ ਬਹੁਤ ਛੋਟੀ। ਓਲੰਪਿਕ ਰਿੰਗ ਜਾਂ ਓਲੰਪਿਕ ਅਖਾੜੇ, ਕੁਝ ਵੀ ਨਹੀਂ ਸੀ ਪਤਾ ਕਿ ਰਿੰਗ ਕੀ ਹੁੰਦੀ ਹੈ। ਉਹ ਉਮਰ ਹੀ ਇਹੋ ਜਿਹੀ ਸੀ। ਜਦੋਂ ਦਿਲ ਕਰਦਾ ਸੀ ਪਈ ਵਾਲ ਲੰਬੇ ਲੰਬੇ ਹੋਣ ਅਤੇ ਹੱਥ ਵਿਚ ਮੋਬਾਈਲ ਫੜਿਆ ਹੋਵੇ-ਬਿਲਕੁਲ ਇਵੇਂ ਜਿਵੇਂ ਉਸ ਉਮਰ ਵਿਚ ਕੁੜੀਆਂ ਸੋਚਦੀਆਂ ਹਨ।


ਪਰ ਮੇਰਾ ਪਿਤਾ ਇੱਕ ਸਾਧਾਰਨ ਬਸ ਡਰਾਈਵਰ ਹੀ ਸੀ। ਇਕ ਦਿਨ ਮੈਨੂੰ ਕਹਿਣ ਲੱਗਾ: ਪੁੱਤ, ਉਹ ਦਿਨ ਜ਼ਰੂਰ ਆਵੇਗਾ ਜਦੋਂ ਮੇਰੀ ਧੀ ਜਹਾਜ਼ ਵਿਚ ਉਡੇਗੀ ਤੇ ਮੈਂ ਹੇਠਾਂ ਬਸ ਚਲਾ ਰਿਹਾ ਹੋਵਾਂਗਾ। ਕੀ ਪਤਾ ਸੀ ਮੈਨੂੰ ਕਿ ਉਹ ਦਿਨ ਹਕੀਕਤ ਦਾ ਰੂਪ ਵੀ ਧਾਰਨ ਕਰ ਲਵੇਗਾ। ਜਦੋਂ ਵੀ ਉਹ ਮੈਨੂੰ ਕਹਿੰਦਾ ਕਿ ਤੂੰ ਇੱਕ ਦਿਨ ਜ਼ਰੂਰ ਜਹਾਜ਼ ਵਿਚ ਉਡੇਂਗੀ ਤਾਂ ਮੈਂ ਇਸ ਗੱਲ 'ਤੇ ਹੱਸ ਛੱਡਦੀ, ਭਲਾ ਇਹ ਕਿਵੇਂ ਹੋ ਸਕਦਾ! ਮੈਂ ਆਪਣੇ ਬਾਬਲ ਦੀ ਲਾਡਲੀ ਧੀ ਸੀ, ਤਿੰਨਾਂ ਵਿਚੋਂ ਸਭ ਤੋਂ ਛੋਟੀ। ਮੇਰੀ ਮਾਂ ਦਾ ਵੀ ਇਹੋ ਸੁਪਨਾ ਸੀ ਕਿ ਮੇਰੇ ਤਿੰਨੇ ਬੱਚੇ ਇਕ ਦਿਨ ਵਧੀਆ ਜ਼ਿੰਦਗੀ ਜਿਉਣਗੇ। ਮਾਂ ਦੀਆਂ ਰੀਝਾਂ ਅਤੇ ਸਧਰਾਂ ਬੜੀਆਂ ਸਾਧਾਰਨ ਸਨ, ਜਿਵੇਂ ਇੱਕ ਮਾਂ ਦੀਆਂ ਆਪਣੇ ਬੱਚਿਆਂ ਬਾਰੇ ਹੋਇਆ ਕਰਦੀਆਂ ਹਨ। ਪਰ ਜਦੋਂ ਮੇਰਾ ਬਾਬਲ ਸਾਨੂੰ ਛੱਡ ਕੇ ਹੋਰ ਦੁਨੀਆਂ ਵਿਚ ਤੁਰ ਗਿਆ ਤਾਂ ਮੇਰੇ ਕੋਲ ਮੇਰੀ ਪੂੰਜੀ ਉਸਦੇ ਉਹ ਬੋਲ ਹੀ ਸਨ ਕਿ ਇਕ ਦਿਨ ਮੇਰੀ ਧੀ ਜਹਾਜ਼ ਵਿਚ ਉਡੇਗੀ। ਮੇਰੀ ਮਾਂ ਦੇ ਸੁਪਨੇ ਵੀ ਅਧੂਰੇ ਰਹਿ ਗਏ ਕਿਉਂਕਿ ਮੇਰੇ ਪਿਓ ਦੀ ਮੌਤ ਪਿੱਛੋਂ ਉਸਨੂੰ ਕੈਂਸਰ ਹੋ ਗਿਆ ਜੋ ਤੀਸਰੀ ਸਟੇਜ 'ਤੇ ਪਹੁੰਚ ਚੁੱਕਾ ਸੀ। ਬਸ ਲੰਮੇ ਲੰਮੇ ਵਾਲਾਂ ਵਾਲੀ ਰੀਝ ਅਤੇ ਮੋਬਾਈਲ ਹੁਣ ਸੁਪਨਾ ਹੀ ਬਣ ਕੇ ਰਹਿ ਗਏ ਸਨ। ਪਰ ਜਿਵੇਂ ਮਾਂ ਬਿਮਾਰੀ ਦੀਆਂ ਮੁਸ਼ਕਲਾਂ ਵਿਚੋਂ ਲੰਘ ਰਹੀ ਸੀ, ਮੈਨੂੰ ਜਿਉਣ ਦੀ ਜਾਚ ਆ ਗਈ। ਉਸਨੇ ਹੀ ਮੈਨੂੰ ਸਿਖਾਇਆ ਕਿ ਜ਼ਿੰਦਗੀ ਦੀਆਂ ਰੁਕਾਵਟਾਂ ਨਾਲ ਜੂਝਣਾ ਕਿਵੇਂ ਹੈ। ਹੁਣ ਜਦੋਂ ਮੈਂ ਦਲੇਰੀ, ਜੁਅਰਤ ਤੇ ਹੌਸਲੇ ਦੀ ਗੱਲ ਕਰਦੀ ਹਾਂ ਤਾਂ ਇਹ ਹੌਸਲਾ ਅਸਲ ਵਿਚ ਉਥੋਂ ਹੀ ਆਇਆ ਸੀ।

ਸਭ ਔਕੜਾਂ ਦੇ ਹੁੰਦਿਆਂ ਹੋਇਆਂ ਵੀ ਸਾਡਾ ਰੱਬ ਤੋਂ ਯਕੀਨ ਕਦੇ ਵੀ ਨਹੀਂ ਸੀ ਉਠਿਆ। ਮਾਂ ਵੀ ਇਹੋ ਕਹਿੰਦੀ ਸੀ ਕਿ ਰੱਬ ਚੰਗੇ ਲੋਕਾਂ ਨੂੰ ਮਾੜੇ ਦਿਨ ਨਹੀਂ ਵਿਖਾਉਂਦਾ। ਮੇਰਾ ਇਹ ਯਕੀਨ ਹੋਰ ਵੀ ਪੱਕਾ ਹੋ ਗਿਆ ਜਦੋਂ ਮੈਨੂੰ ਸੋਮਵੀਰ-ਮੇਰੇ ਪਤੀ ਦਾ ਸਾਥ ਮਿਲਿਆ। ਉਹ ਮੇਰਾ ਜੀਵਨ ਸਾਥੀ ਹੈ ਤੇ ਮੇਰਾ ਸਭ ਤੋਂ ਚੰਗਾ ਦੋਸਤ ਵੀ ਹੈ। ਉਸਨੇ ਹਰ ਮੋੜ 'ਤੇ ਮੇਰਾ ਸਾਥ ਦਿੱਤਾ। ਜੇ ਮੈਂ ਇਹ ਆਖਾਂ ਕਿ ਅਸੀਂ ਬਰਾਬਰ ਦੇ ਜੀਵਨ ਸਾਥੀ ਹਾਂ ਤਾਂ ਮੈਂ ਗਲਤ ਹੋਵਾਂਗੀ, ਕਿਉਂਕਿ ਉਹ ਤਾਂ ਹਰ ਸਮੇਂ ਮੇਰੇ ਪਿੱਛੇ, ਮੇਰੇ ਨਾਲ ਤੇ ਕਈ ਵਾਰ ਉਹ ਮੇਰੇ ਅੱਗੇ ਹੁੰਦੇ ਹਨ। ਉਸਦੀ ਮੇਰੇ ਪ੍ਰਤੀ ਇਮਾਨਦਾਰੀ, ਵਫਾਦਾਰੀ ਅਤੇ ਲਗਨ- ਉਸ ਦਾ ਕੋਈ ਜਵਾਬ ਨਹੀਂ। ਜ਼ਿੰਦਗੀ ਦੇ ਮੇਰੇ ਔਖੇ-ਸੌਖੇ ਸਫਰ ਵਿਚ ਮੈਨੂੰ ਕਈ ਲੋਕਾਂ ਨੂੰ ਮਿਲਣ ਦੇ ਮੌਕੇ ਮਿਲੇ। ਬਹੁਤੇ ਚੰਗੇ ਸਨ ਤੇ ਕੁਝ ਮਾੜੇ ਵੀ ਸਨ। ਪਿਛਲੇ ਡੇਢ-ਦੋ ਸਾਲਾਂ ਵਿਚ ਮੇਰੀ ਜ਼ਿੰਦਗੀ ਵਿਚ ਬਹੁਤ ਕੁਝ ਵਾਪਰਿਆ, ਤੁਸੀਂ ਜਾਣਦੇ ਹੀ ਹੋ। ਮੇਰੀ ਜ਼ਿੰਦਗੀ ਵਿਚ ਕਈ ਮੋੜ ਆਏ ਤੇ ਫਿਰ ਮੈਂ ਪਿਛਾਂਹ ਵੱਲ ਮੁੜਨ ਦੀ ਕੋਈ ਗੱਲ ਹੀ ਨਹੀਂ ਸੀ ਕੀਤੀ। ਪਰ ਜੋ ਮੇਰੇ ਨਾਲ ਉਸ ਦੌਰ ਵਿਚ ਖਲੋਤੇ, ਮੇਰੇ ਨਾਲ ਲੜੇ, ਅਸਲ ਵਿਚ ਉਨ੍ਹਾਂ ਕਰਕੇ ਹੀ ਮੈਂ ਰੁਕਾਵਟਾਂ ਦਾ ਮੁਕਾਬਲਾ ਕੀਤਾ ਤੇ ਜਿੱਤ ਹਾਸਲ ਕੀਤੀ। ਕੁਝ ਖਾਸ ਇਨਸਾਨਾਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਦਾ ਮੇਰੇ ਜੀਵਨ ਵਿਚ ਅਹਿਮ ਰੋਲ ਰਿਹਾ ਹੈ:

ਡਾਕਟਰ ਦਿਨ ਸ਼ਾਹ ਪਾਰਦੀਵਾਲਾ: ਭਾਰਤੀ ਖੇਡਾਂ ਦੀ ਦੁਨੀਆਂ ਵਿਚ ਇਹ ਨਵਾਂ ਨਾਂ ਹੈ। ਉਹ ਨਾ ਕੇਵਲ ਡਾਕਟਰ ਹੀ ਹੈ ਪਰ ਫਰਿਸ਼ਤਾ ਵੀ ਹੈ। ਰੱਬ ਵੱਲੋਂ ਮੇਰੇ ਲਈ ਭੇਜਿਆ ਗਿਆ ਹੈ ਇਹ ਫਰਿਸ਼ਤਾ। ਜਦੋਂ ਮੈਂ ਜ਼ਖ਼ਮੀ ਸੀ ਤਾਂ ਮੇਰਾ ਆਪਣੇ ਆਪ ਵਿਚ ਹੀ ਵਿਸ਼ਵਾਸ ਖਤਮ ਹੋ ਗਿਆ ਤਾਂ ਇਹ ਸਹਾਰਾ ਬਣ ਕੇ ਮੇਰੇ ਜੀਵਨ ਵਿਚ ਆਇਆ। ਉਸਨੇ ਮੈਨੂੰ ਆਪਣੇ ਪੈਰਾਂ 'ਤੇ ਖੜਾ ਕੀਤਾ। ਉਸਨੇ ਇੱਕ ਵਾਰ ਨਹੀਂ ਤਿੰਨ ਵਾਰ ਮੇਰੇ ਗੋਡਿਆਂ ਦਾ, ਮੇਰੀ ਕੂਹਣੀ ਦਾ ਆਪਰੇਸ਼ਨ ਕੀਤਾ ਅਤੇ ਮੈਨੂੰ ਮੁੜ ਖੇਡਣ ਲਾ ਦਿੱਤਾ। ਮੈਂ ਹਮੇਸ਼ਾ ਉਸਦੀ ਅਹਿਸਾਨਮੰਦ ਰਹਾਂਗੀ। ਉਹ ਮੇਰੇ ਲਈ ਰੱਬੀ ਤੋਹਫਾ ਸੀ।

ਡਾਕਟਰ ਵਾਇਨ ਪਾਤਰਿਕ ਲੰਬਾਰਡ: ਮੁਸ਼ਕਲ ਦੀਆਂ ਘੜੀਆਂ ਵਿਚ ਉਸਨੇ ਮੇਰੇ ਵਰਗੇ ਅਥਲੀਟ ਦੀ ਇਹੋ ਜਿਹੀ ਮਦਦ ਕੀਤੀ ਜਿਸ ਨੂੰ ਦੋ ਵਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਤੇ ਉਹ ਹਾਰ ਗਈ ਸੀ। ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਗੁੰਝਲਦਾਰ ਸੱਟਾਂ ਨੂੰ ਉਸ ਨੇ ਇਸ ਢੰਗ ਨਾਲ ਠੀਕ ਕੀਤਾ ਕਿ ਵਿਗਿਆਨ ਵੀ ਹੈਰਾਨ ਹੋ ਜਾਏ। ਉਹ ਮੇਰੇ ਵੱਡੇ ਭਰਾਵਾਂ ਵਾਂਗ ਹੈ।

ਵੋਲਰ ਆਕੋਸ: ਇਸ ਇਨਸਾਨ ਬਾਰੇ ਜੋ ਵੀ ਸ਼ਬਦ ਮੈਂ ਕਹਾਂ, ਉਹ ਥੋੜ੍ਹੇ ਹਨ। ਨਾਰੀ ਕੁਸ਼ਤੀਬਾਜ਼ੀ ਵਿਚ ਉਸ ਵਰਗਾ ਕੋਚ ਕਿੱਥੋਂ ਕੋਈ ਹੋਣਾ, ਉਸ ਵਰਗਾ ਰਹਿਬਰ ਵੀ ਨਹੀਂ ਮਿਲਣਾ ਤੇ ਨਾ ਹੀ ਉਸ ਵਰਗਾ ਇਨਸਾਨ ਮਿਲਣੈ। ਅਸੰਭਵ ਸ਼ਬਦ ਤਾਂ ਉਸਦੀ ਡਿਕਸ਼ਨਰੀ ਵਿਚ ਹੀ ਨਹੀਂ ਸੀ ਮਿਲਦਾ। ਹਰੇਕ ਮੁਸ਼ਕਲ ਵਾਲੇ ਹਾਲਾਤ ਵਿਚ ਵੀ ਉਸ ਕੋਲ ਕੋਈ ਨਾ ਕੋਈ ਵਿਉਂਤ ਹੁੰਦੀ ਸੀ, ਕੋਈ ਵਧੀਆ ਜੁਗਤ ਹੁੰਦੀ ਸੀ। ਇਕ ਸਮਾਂ ਆਇਆ ਜਦੋਂ ਮੇਰਾ ਧਿਆਨ ਹੋਰ ਪਾਸੇ ਵੱਲ ਚਲਾ ਗਿਆ ਸੀ ਪਰ ਉਸਨੇ ਮੈਨੂੰ ਫਿਰ ਪੁਰਾਣੇ ਰਸਤੇ ਉੱਤੇ ਲੈ ਆਂਦਾ। ਕੋਚ ਤਾਂ ਮੈਂ ਉਸਨੂੰ ਆਖ ਦਿੱਤਾ ਹੈ ਪਰ ਉਹ ਕੋਚ ਤੋਂ ਕਿਤੇ ਵੱਧ ਸੀ। ਉਹ ਇਕ ਤਰ੍ਹਾਂ ਨਾਲ ਕੁਸ਼ਤੀ ਦੀ ਦੁਨੀਆ ਵਿਚ ਮੇਰਾ



ਪਰਿਵਾਰ ਸੀ। ਹੋਰ ਸੁਣੋ। ਮੇਰੀ ਜਿੱਤ ਦਾ ਉਹ ਕਦੇ ਵੀ ਸਿਹਰਾ ਆਪਣੇ ਉੱਤੇ ਨਹੀਂ ਸੀ ਲੈਂਦਾ। ਉਹ ਨਿਮਰਤਾ ਦੀ ਸਾਕਾਰ ਮੂਰਤ ਸੀ। ਉਹ ਬਹੁਤ ਵਾਰੀ ਆਪਣੇ ਦੋ ਪੁੱਤਰਾਂ ਤੋਂ ਦੂਰ ਰਹਿ ਕੇ ਵੀ ਮੇਰੀ ਸਹਾਇਤਾ ਕਰਦਾ। ਮੈਂ ਅੱਜ ਦੁਨੀਆ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਜੇ ਉਹ ਨਾ ਹੁੰਦਾ ਤਾਂ ਮੈਂ ਅਖਾੜੇ ਵਿਚ ਉਹ ਕ੍ਰਿਸ਼ਮੇ ਨਹੀਂ ਸੀ ਕਰ ਸਕਦੀ ਜੋ ਮੈਂ ਕੀਤੇ।

ਤੇਜਿੰਦਰ ਕੌਰ: ਅਪਰੇਸ਼ਨ ਤੋਂ ਪਿੱਛੋਂ ਮੇਰਾ ਭਾਰ ਘਟਾਉਣ ਵਿਚ ਉਹ ਮੇਰੀ ਜ਼ਿੰਦਗੀ ਵਿਚ ਆਈ। ਉਹ ਮੇਰੇ ਜ਼ਖ਼ਮ ਦਾ ਵੀ ਖਿਆਲ ਰੱਖਦੀ ਤੇ ਨਾਲ ਹੀ 10 ਕਿਲੋ ਭਾਰ ਘਟਾਉਣ ਵਿਚ ਵੀ ਉਸ ਦਾ ਹੀ ਸਭ ਤੋਂ ਵੱਡਾ ਰੋਲ ਸੀ। ਜਦਕਿ ਓਲੰਪਿਕ ਦੇ ਮੁਕਾਬਲੇ ਲਈ ਇਹ ਕੋਈ ਆਸਾਨ ਕੰਮ ਨਹੀਂ ਸੀ ਜੋ ਉਹੀ ਕਰ ਸਕਦੀ ਸੀ। ਜਦੋਂ ਮੈਂ ਉਸ ਨੂੰ ਕਿਹਾ ਕਿ ਮੈਂ 50 ਕਿਲੋ ਭਾਰ ਦੇ ਵਰਗ ਵਿਚ ਮੁਕਾਬਲਾ ਕਰਨਾ ਚਾਹੁੰਦੀ ਹਾਂ ਤਾਂ ਉਸਨੇ ਕਿਹਾ ਕਿ ਕੋਈ ਗੱਲ ਨਹੀਂ ਤੇ ਉਸਨੇ ਕਰ ਵਿਖਾਇਆ।

ਹੋਰ ਵੀ ਬਹੁਤ ਹਨ ਜੋ ਮੇਰੀ ਜ਼ਿੰਦਗੀ ਵਿਚ ਮੇਰਾ ਸਹਾਰਾ ਬਣੇ। ਇਨ੍ਹਾਂ ਵਿਚ ਵਿਰੋਨ ਸਰ, ਗਗਨ ਨਾਰੰਗ ਸਰ, ਯਤਿਨ ਭਾਟਕਰ, ਮਨੋਵਿਗਿਆਨੀ ਮੁਗਧਾ ਬਾਰਵੇ, ਅਰਵਿੰਦ ਸ਼ਬਨਮ, ਪਰਿਆਸ ਤੇ ਯੁਗਮ ਸ਼ਾਮਿਲ ਹਨ।

ਬਹੁਤ ਕੁਝ ਕਹਿਣ ਵਾਲਾ ਹੈ, ਪਰ ਅੱਜ ਸ਼ਬਦ ਲੱਭਦੇ ਨਹੀਂ। ਜਦੋਂ ਠੀਕ ਸਮਾਂ ਆਇਆ ਤਾਂ ਮੈਂ ਜ਼ਰੂਰ ਬੋਲਾਂਗੀ। ਛੇ ਅਗਸਤ ਦੀ ਰਾਤ ਤੇ ਸੱਤ ਅਗਸਤ ਦੀ ਸਵੇਰ- ਮੈਂ ਇਨਾ ਹੀ ਆਖਾਂਗੀ ਕਿ ਮੈਂ ਹੌਸਲਾ ਛੱਡਿਆ ਨਹੀਂ, ਸਾਡੇ ਯਤਨ ਜਾਰੀ ਰਹਿਣਗੇ। ਮੈਂ ਝੁਕੀ ਨਹੀਂ, ਨਾ ਹੀ ਡੋਲੀ ਹਾਂ। ਪਰ ਘੜੀ ਹੀ ਰੁਕ ਗਈ ਸੀ ਤੇ ਸਮਾਂ ਮੇਰੇ ਲਈ ਨਹੀਂ ਸੀ। ਇਹੋ ਮੇਰੀ ਤਕਦੀਰ ਸੀ।

ਮੇਰੀ ਟੀਮ, ਮੇਰੇ ਦੇਸ਼ ਵਾਸੀ ਅਤੇ ਮੇਰਾ ਪਰਿਵਾਰ, ਮੈਂ ਤੁਹਾਨੂੰ ਸਭਨਾਂ ਨੂੰ ਇਹ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਮਕਸਦ, ਮੇਰਾ ਨਿਸ਼ਾਨਾ, ਮੇਰੀ ਮੰਜ਼ਲ ਅਜੇ ਆਈ ਨਹੀਂ ਅਤੇ ਹਾਲਾਤ ਵੀ ਹਰ ਸਮੇਂ ਇਹੋ ਜਿਹੇ ਨਹੀਂ ਰਹਿੰਦੇ। ਹੋ ਸਕਦੈ ਹਾਲਾਤ ਬਦਲੇ ਤਾਂ ਮੈ 2032 ਤੱਕ ਵੀ ਖੇਡਾਂਗੀ; ਕਿਉਂਕਿ ਮੇਰੇ ਅੰਦਰ ਕੁਸ਼ਤੀ ਲਈ ਜੋ ਅੱਗ ਬਲਦੀ ਹੈ ਉਹ ਬਲਦੀ ਰਹੇਗੀ।

---

***(ਪਿਛਲੇ ਸਫੇ ਦੀ ਬਾਕੀ)***

ਜੈਸੀ ਨੂੰ ਨਹੀਂ ਬੁਲਾਇਆ। ਜੈਸੀ ਨੂੰ ਪ੍ਰੈਜ਼ੀਡੈਂਟ ਨੇ ਵਧਾਈ ਦੀ ਤਾਰ ਵੀ ਨਾ ਭੇਜੀ। ਜੈਸੀ ਇਹ ਸਭ ਕੁਝ ਸਹਿੰਦਾ ਰਿਹਾ। ਉਸਨੂੰ ਬੱਸ ਵਿਚ ਅਗਲੀ ਸੀਟ 'ਤੇ ਬੈਠਣ ਨਹੀਂ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਅਮਰੀਕਾ ਵਿਚ ਸਭ ਕਾਲੇ ਲੋਕਾਂ ਨਾਲ ਹੁੰਦਾ ਸੀ। ਉਹ ਸਿਰਫ ਪਿਛਲੀ ਤਾਕੀ ਰਾਹੀਂ ਬਸ ਚੜ੍ਹ ਸਕਦੇ ਸੀ। ਜਦੋਂ ਉਹ ਓਹਾਇਓ ਸਟੇਟ ਯੂਨੀਵਰਸਿਟੀ 'ਚ ਸੀ ਤੇ ਅਥਲੈਟਿਕ ਵਿਚ ਵੱਡੀਆਂ ਪ੍ਰਾਪਤੀਆਂ ਕਰ ਚੁਕਾ ਸੀ, ਕਈ ਵਰਲਡ ਰਿਕਾਰਡ ਤੋੜ ਚੁਕਾ ਸੀ। ਤਦ ਵੀ ਉਸਨੂੰ ਯੂਨੀਵਰਸਿਟੀ ਅੰਦਰ ਰਹਿਣ ਦੀ ਇਜਾਜ਼ਤ ਨਹੀਂ ਸੀ। ਉਹ ਆਪਣੇ ਦੂਜੇ ਗੋਰੇ ਖਿਡਾਰੀ ਸਾਥੀਆਂ ਨਾਲ ਬੈਠ ਕੇ ਖਾਣਾ ਨਹੀਂ ਖਾ ਸਕਦਾ ਸੀ। ਉਸਨੂੰ ਕਾਲਿਆਂ ਲਈ ਬਣੇ ਵੱਖਰੇ ਕੈਬਿਨ 'ਚ ਜਾ ਕੇ ਭੋਜਨ ਕਰਨਾ ਪੈਂਦਾ ਸੀ।

ਬਾਈ ਸਾਲ ਦੀ ਉਮਰ 'ਚ ਓਲੰਪਿਕ ਵਿਚ ਉਸਨੂੰ ਚਾਰ ਮੈਡਲ ਜਿੱਤਣ ਤੇ ਨਵੇਂ ਰਿਕਾਰਡ ਰੱਖਣ ਦੇ ਬਾਵਜੂਦ ਵੀ ਕੋਈ ਚੱਜ ਦੀ ਨੌਕਰੀ ਅਮਰੀਕਾ 'ਚ ਨਾ ਮਿਲੀ। ਉਹ ਅਖੀਰ ਤਕ ਰੁਲਦਾ ਰਿਹਾ। ਕਈ ਵਾਰ ਉਸਨੂੰ ਪੈਸੇ ਕਮਾਉਣ ਲਈ ਘੋੜਿਆਂ ਤੇ ਕਾਰਾਂ ਨਾਲ ਭੱਜਣਾ ਪਿਆ। ਲੌਂਗ ਨੂੰ ਦੂਜੇ ਸੰਸਾਰ ਯੁੱਧ ਸਮੇਂ ਫੌਜ 'ਚ ਭਰਤੀ ਹੋਣਾ ਪਿਆ। ਉਸਦੀ ਸੰਸਾਰ ਯੁੱਧ ਵਿਚ ਸਿਸਲੀ ਵਿਚ ਲੜਦੇ ਹੋਏ ਦੀ ਮੌਤ ਹੋ ਗਈ ਪਰ ਇਸ ਦਾ ਪਤਾ ਪਰਿਵਾਰ ਨੂੰ ਸੱਤ ਸਾਲ ਬਾਅਦ ਲੱਗਿਆ। ਪਹਿਲਾਂ ਉਸਨੂੰ ਯੁੱਧ ਦੌਰਾਨ ਗੁੰਮ ਹੋਇਆ ਜਵਾਨ ਕਰਾਰ ਦੇ ਦਿੱਤਾ ਗਿਆ ਸੀ। ਜੈਸੀ ਓਵੇਨ ਫੇਫੜੇ ਦੇ ਕੈਂਸਰ ਕਰਕੇ 31 ਮਾਰਚ 1980 ਨੂੰ ਇਸ ਦੁਨੀਆਂ ਤੋਂ ਰੁਖਸਤ ਹੋ ਗਿਆ। ਪਰ ਜੈਸੀ ਤੇ ਲੌਂਗ ਦੇ ਪਰਿਵਾਰ ਅੱਜ ਵੀ ਵਰਤਦੇ ਹਨ। ਉਨ੍ਹਾਂ ਦੇ ਪਰਿਵਾਰ ਦੇ ਜੀਅ (ਪੋਤੇ-ਪੋਤਰਿਆਂ) ਜੈਸੀ ਤੇ ਲੌਂਗ 'ਤੇ ਬਣੀ ਫਿਲਮ 'ਚ ਇਕੱਠੇ ਕੰਮ ਵੀ ਕਰ ਚੁਕੇ ਨੇ।

ਤੋੜਾ: ਪੈਰਿਸ ਓਲੰਪਿਕ ਖੇਡਾਂ ਵਿਚ ਵੀ ਵਿਚਾਰਧਾਰਾਵਾਂ ਦੀ ਲੜਾਈ ਪ੍ਰਤੱਖ ਦਿਸੀ। ਸਾਮਰਾਜਵਾਦ ਅਖੀਰਲੇ ਦਿਨ ਸਮਾਜਵਾਦ 'ਤੇ ਭਾਰੂ ਪੈ ਗਿਆ। ਸਮਾਜਵਾਦੀ ਚੀਨ ਆਖਰੀ ਦਿਨ ਤਕ ਸਾਮਰਾਜੀ ਅਮਰੀਕਾ ਤੋਂ ਅੱਗੇ ਸੀ। ਪਰ ਆਖਰੀ ਦਿਨ ਅਮਰੀਕਾ ਦੀ ਟੀਮ ਨੇ ਬਾਸਕਟਬਾਲ ਦੇ ਫਾਈਨਲ ਮੈਚ ਵਿਚ ਇਕ ਬਾਸਕੇਟ ਦੇ ਫਰਕ ਨਾਲ ਜਿੱਤ ਪ੍ਰਾਪਤ ਕਰਕੇ ਚੀਨ ਦੀ 40ਵਾਂ ਗੋਲਡ ਮੈਡਲ ਜਿੱਤ ਕੇ ਬਰਾਬਰੀ ਕਰ ਲਈ। ਪਰ ਕਿਉਂਕਿ ਅਮਰੀਕਾ ਨੇ ਚਾਂਦੀ ਦੇ ਤਗਮੇ ਚੀਨ ਨਾਲੋਂ ਜ਼ਿਆਦਾ ਜਿੱਤੇ ਸਨ, ਇਸ ਕਰਕੇ ਅਮਰੀਕਾ ਮੈਡਲ ਜਿੱਤਣ ਦੀ ਦੌੜ 'ਚ ਆਖਰੀ ਦਿਨ ਚੀਨ ਨੂੰ ਮਾਤ ਦੇ ਗਿਆ।

---

## "ਕੁੱਤਿਓ ਰਲ ਕੇ ਭੌਂਕੋ!"

ਵਿਨੇਸ਼ ਫੋਗਾਟ ਕੱਲ੍ਹ ਜਦੋਂ ਏਅਰਪੋਰਟ ਤੋਂ ਬਾਹਰ ਆਈ ਤਾਂ ਉਹਨੇ ਆਪਣਾ ਰੋਣ ਡੱਕਣ ਲਈ ਬੜਾ ਸਾਹ ਘੁੱਟਿਆ, ਹਿਚਕੀਆਂ ਭਰੀਆਂ ਪਰ ਅੱਥਰੂ ਫਿਰ ਵੀ ਅੱਖਾਂ ਵਿਚੋਂ ਪਰਲ-ਪਰਲ ਵਗਣ ਲੱਗੇ।

ਉਸ ਵੇਲੇ ਮੇਰੇ ਸਮੇਤ ਦੇਸ਼ ਦੇ ਸੁਹਰਿਦ ਲੋਕਾਂ ਦੀਆਂ ਅੱਖਾਂ ਵੀ ਰਾਵੀ-ਚਨਾਬ ਬਣ ਕੇ ਡੁੱਲ੍ਹ ਪਈਆਂ।

ਇਸ ਦਰਦੀਲੇ ਦ੍ਰਿਸ਼ ਦਾ ਜ਼ਿਕਰ ਕਰਦੇ ਹੋਏ ਇੱਕ ਯੂਟਿਊਬ-ਚੈਨਲ ਦਾ ਸੁਹਿਰਦ ਐਂਕਰ ਤੇ ਉਸ ਨਾਲ ਜੁੜਿਆ ਮਹਿਮਾਨ ਬੁਲਾਰਾ ਵੀ ਮੈਂ ਭਾਵੁਕ ਹੁੰਦੇ ਵੇਖੇ। ਉਨ੍ਹਾਂ ਦੀਆਂ ਅੱਖਾਂ ਵਿਚ ਵੀ ਹੰਝੂ ਆ ਗਏ।

ਪਰ ਜਦੋਂ ਵਿਨੇਸ਼ ਨੇ ਮੀਲਾਂ ਤੱਕ ਰਾਹ ਵਿਚ ਦਿਲ ਵਿਛਾ ਕੇ ਖਲੋਤੇ ਲੱਖਾਂ ਲੋਕਾਂ ਦਾ ਅਥਾਹ ਪਿਆਰ-ਦੁਲਾਰ ਵੇਖਿਆ ਤਾਂ ਉਹ ਰੱਜੀ ਰੂਹ ਨਾਲ ਹੱਸ ਪਈ। ਉਹਦੇ ਨਾਲ ਰਲ ਕੇ ਚੰਨ-ਤਾਰੇ ਵੀ ਹੱਸਣ ਲੱਗੇ।

ਜਦੋਂ ਉਹਨੇ ਇਹ ਕਿਹਾ, "ਸਾਡੀ ਲੜਾਈ ਅਜੇ ਜਾਰੀ ਹੈ!" ਤਾਂ ਮੈਨੂੰ ਪਾਸ਼ ਬਹੁਤ ਯਾਦ ਆਇਆ।

ਉਹ ਆਪਣੀ ਨਜ਼ਮ ਪੜ੍ਹਨ ਲੱਗਾ ਤਾਂ ਉਹਦੇ ਨਾਲ ਵਿਨੇਸ਼ ਬੋਲਣ ਲੱਗੀ।

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ
ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਹੱਥਾਂ ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ
ਤੇ ਅਸੀਂ ਲੜਾਂਗੇ ਸਾਥੀ...
ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁੱਝ ਵੀ ਨਹੀਂ ਮਿਲਦਾ
—

ਉਹਨੂੰ ਹੱਸਦਿਆਂ ਅਤੇ ਲੜਨ ਦਾ ਅਜ਼ਮ ਦੁਹਰਾਉਂਦਿਆਂ ਵੇਖ-ਸੁਣ ਕੇ ਦੁਸ਼ਮਣਾਂ ਦੀ ਹਿੱਕ 'ਤੇ ਸੱਪ ਲੇਟਣ ਲੱਗੇ।

ਚੋਰਾਂ ਨਾਲ ਮਿਲੇ ਪਟਿਆਂ ਵਾਲੇ ਕੁੱਤੇ ਅਜੇ ਵੀ ਭੌਂਕੀ ਜਾਂਦੇ ਨੇ!

ਉਨ੍ਹਾਂ ਦਾ ਭੌਂਕਣਾ ਸੁਣ ਕੇ ਵਿਨੇਸ਼ ਸ਼ਿਵ ਕੁਮਾਰ ਨਾਲ ਮਿਲ ਕੇ ਗਾਉਣ ਲੱਗਦੀ ਹੈ:-

ਕੁੱਤਿਓ ਰਲ ਕੇ ਭੌਂਕੋ



ਕਿ ਮੈਨੂੰ ਰਾਤੀਂ ਨੀਂਦ ਨਾ ਆਵੇ
ਕੋਈ ਕੁੱਤਾ ਸੰਗਲੀ ਸੰਗ ਬੱਝਾ
ਐਵੇਂ ਭੌਂਕੀ ਜਾਵੇ
ਚੋਰਾਂ ਨੂੰ ਉਹ ਮੋੜੇ ਨਾਹੀਂ
ਸਗੋਂ ਉਲਟੇ ਚੋਰ ਬੁਲਾਵੇ ।
ਕੁੱਤਿਓ ਪਰ ਇਹ ਯਾਦ ਜੇ ਰੱਖਣਾ
ਕੋਈ ਨਾ ਸੱਪ ਨੂੰ ਖਾਵੇ
ਜਿਹੜਾ ਕੁੱਤਾ ਸੱਪ ਨੂੰ ਖਾਵੇ
ਸੋਈਓ ਹੀ ਹਲਕਾਵੇ
ਤੇ ਹਰ ਇਕ ਹਲਕਿਆ ਕੁੱਤਾ
ਪਿੰਡ ਵਿਚ ਹੀ ਮਰ ਜਾਵੇ
ਜੇਕਰ ਪਿੰਡੋਂ ਬਾਹਰ ਜਾਵੇ
ਸਿਰ 'ਤੇ ਡਾਂਗਾਂ ਖਾਵੇ ।

***-ਵਰਿਆਮ ਸਿੰਘ ਸੰਧੂ***

# ਸੋਚ ਹੀ ਸਿਰਜਣਾ ਦਾ ਅਧਾਰ ਹੈ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸੋਚ ਹੀ ਸਿਰਜਣਾ ਦਾ ਅਧਾਰ ਕਿਉਂਕਿ ਸੋਚ ਵਿਚੋਂ ਪੈਦਾ ਹੁੰਦੀਆਂ ਸੰਭਾਵਨਾਵਾਂ। ਇਹੀ ਸੰਭਾਵਨਾਵਾਂ ਸਾਡੇ ਜੀਵਨ ਦੇ ਨਾਵੇਂ ਸਾਰਥਕ ਸਿਰਜਣਾ ਦਾ ਸਿਰਨਾਵਾਂ ਬਣੀਆਂ, ਬਣ ਰਹੀਆਂ ਹਨ ਅਤੇ ਭਵਿੱਖ ਵਿਚ ਬਨਣਗੀਆਂ।

ਸੋਚ, ਸੁਪਨੇ ਦੀ ਸੰਭਾਵਨਾ ਅਤੇ ਸੱਚ ਦਾ ਸ਼ੀਸ਼ਾ। ਸੁਪਨੇ ਨੂੰ ਸੱਚ ਕਰਨ ਦੇ ਸਫ਼ਰ ਲਈ ਸੋਚ ਸਭ ਤੋਂ ਅਹਿਮ। ਸੋਚ ਰਾਹੀਂ ਹੀ ਤਦਬੀਰਾਂ ਵਿਚੋਂ ਤਕਦੀਰ ਨੂੰ ਸਿਰਜ ਸਕਦੇ।

ਸੋਚ ਸਦਾ ਸਫ਼ਰ 'ਚ। ਕਦੇ ਨਹੀਂ ਅੱਕਦੀ, ਥੱਕਦੀ, ਸੁਸਤਾਉਂਦੀ, ਖੜੋਂਦੀ। ਕੁਝ ਨਾ ਕੁਝ ਸੋਚ ਵਿਚ ਹਰ ਦਮ ਵਾਪਰਦਾ। ਅਸੀਂ ਸੋਚ ਦੀ ਨਿਰੰਤਰਤਾ ਦੇ ਚਸ਼ਮਦੀਦ। ਸੋਚ ਰੁਕ ਜਾਵੇ ਤਾਂ ਬੰਦਾ ਮਰ ਜਾਂਦਾ। ਸਾਹ ਅਤੇ ਸੋਚ ਇਕ ਦੂਜੇ ਦੇ ਹਮਸਾਏ। ਇਕ ਦੂਜੇ ਦੇ ਸਾਹੀਂ ਜਿਉਂਦੇ। ਜਾਗਦੇ, ਸੁੱਤੇ, ਹੱਸਦੇ, ਰੋਂਦੇ, ਭੁੱਖੇ, ਰੱਜੇ, ਸੁਖੀ ਜਾਂ ਦੁਖੀ ਹੋਈਏ। ਭਾਵੇਂ ਇਹ ਪਿਆਰ ਦੇ ਪਲ ਜਾਂ ਵਿਛੋੜੇ ਦਾ ਸੱਲ ਹੋਵੇ। ਕਿਸੇ ਦੀ ਕਹੀ ਹੋਈ ਗੱਲ ਜਾਂ ਆਪਣਾ ਬੀਤਿਆ ਹੋਇਆ ਕੱਲ੍ਹ ਜਾਂ ਆਉਣ ਵਾਲਾ ਕੱਲ੍ਹ, ਅਸੀਂ ਹਮੇਸ਼ਾ ਕੁਝ ਨਾ ਕੁਝ ਸੋਚਦੇ ਰਹਿੰਦੇ।

ਸੋਚ ਵਿਚ ਸ਼ਕਤੀ ਅਤੇ ਸਮਰੱਥਾ ਅੰਗੜਾਈਆਂ ਭਰਨ ਲੱਗ ਪਵੇ ਤਾਂ ਕੁਝ ਵੀ ਅਸੰਭਵ ਨਹੀਂ ਜਾਪਦਾ। ਬੰਦਾ ਆਪਣੇ ਸੰਜੋਏ ਹੋਏ ਸੁਪਨਿਆਂ ਦਾ ਸੱਚ ਦੀਦਿਆਂ ਸਾਹਵੇਂ ਉਗਾ ਲੈਂਦਾ।

ਸੋਚ ਵਿਚ ਜਦ ਸੁਪਨਿਆਂ ਦੀਆਂ ਕਲਮਾਂ ਲੱਗਦੀਆਂ ਤਾਂ ਇਨ੍ਹਾਂ ਦੇ ਪੁੰਗਾਰੇ ਵਿਚੋਂ ਤੁਸੀਂ ਸਫ਼ਲਤਾ ਦਾ ਮੌਲਦਾ ਹੋਇਆ ਬਿਰਖ ਬਣਦੇ ਜਿਸ ਦੀ ਸੰਘਣੀ ਛਾਂ ਅਤੇ ਫੁੱਲ ਆਲੇ-ਦੁਆਲੇ ਨੂੰ ਨਿਆਮਤਾਂ ਨਾਲ ਨਿਵਾਜਦੇ।

ਸੋਚ ਵਿਚ ਸੰਵੇਦਨਾ ਹੋਵੇ ਤਾਂ ਕਿਸੇ ਬਾਲ ਦੇ ਗਲ 'ਚ ਲਮਕਦੇ ਚੀਥੜਿਆਂ ਨੂੰ ਦੇਖ ਕੇ ਬੰਦੇ ਦੀ ਅੱਖ ਸਿੰਮਦੀ। ਕਿਸੇ ਦੀ ਲੀਰਾਂ ਹੋਈ ਅਜ਼ਮਤ ਦੇਖ ਕੇ ਦਰਦ ਹੁੰਦਾ। ਇਹ ਵੇਦਨਾ, ਉਸ ਦੀ ਸੰਵੇਦਨਾ ਬਣ ਕੇ ਸਮਿਆਂ ਨੂੰ ਕੁਝ ਸਮਝਣ, ਸੋਚਣ ਅਤੇ ਪੀੜਾਂ ਤੋਂ ਰਾਹਤ ਦਾ ਕੋਈ ਗੁਰ ਸਮਝਾਉਂਦੀ।

ਸੋਚ ਵਿਚ ਜਦ ਸਿਆਣਪ ਆਪਣਾ ਘਰ ਬਣਾ ਲਵੇ ਤਾਂ ਗ਼ਲਤੀਆਂ, ਖੁਨਾਮੀਆਂ ਅਤੇ ਕੁਤਾਹੀਆਂ ਘੱਟ ਜਾਂਦੀਆਂ। ਬੰਦਾ ਸੰਪੂਰਨਤਾ ਦਾ ਮਾਰਗੀ ਬਣ ਜਾਂਦਾ ਭਾਵੇਂ ਕਿ ਕੋਈ ਵੀ ਵਿਅਕਤੀ ਕਦੇ ਵੀ ਪੂਰਨ ਨਹੀਂ ਹੁੰਦਾ ਪਰ ਪੂਰਨ ਹੋਣ ਦਾ ਜਾਗ ਲੱਗਣਾ ਹੀ ਸ਼ੁੱਭ ਸ਼ਗਨ ਹੁੰਦਾ।

ਸੋਚ ਵਿਚ ਭਾਵੀ ਮਸਲੇ, ਟੀਚਾ, ਮੰਜ਼ਲ ਜਾਂ ਕਿਸੇ ਪ੍ਰਾਪਤੀ ਦੀ ਸੰਭਾਵਨਾ ਪੈਦਾ ਹੋਣ ਲੱਗ ਪਵੇ ਤਾਂ ਸਮਝੋ ਕਿ ਤੁਸੀਂ ਆਪਣੀ ਸਫ਼ਲਤਾ ਦਾ ਅੱਧਾ ਰਸਤਾ ਤਹਿ ਕਰ ਲਿਆ। ਇਹ ਸਿਰਫ਼ ਵਕਤ ਦੀ ਗੱਲ ਹੁੰਦੀ ਜਦ ਮੰਜ਼ਲ ਪ੍ਰਾਪਤੀ ਤੇ ਤੁਹਾਡਾ ਸਿਰਨਾਵਾਂ ਲਿਖਿਆ ਜਾਣਾ।

ਸੋਚ ਕਾਰਨ ਹੀ ਮਨ ਵਿਚ ਸੰਦਰਭਾਂ ਨੂੰ ਸਮਝਣ ਅਤੇ ਇਸ ਦੀਆਂ ਤਹਿਆਂ ਫਰੋਲਨ ਦਾ ਹੁਨਰ ਪੈਦਾ ਹੁੰਦਾ ਭਾਵੇਂ ਇਹ ਸੰਦਰਭ ਸਮਾਜਿਕ, ਧਾਰਮਿਕ, ਆਰਥਿਕ, ਮਾਨਸਿਕ ਜਾਂ ਵਿਅਕਤੀਗਤ ਹੋਣ।

ਸੋਚ, ਬੰਦਾ ਦਾ ਸਭ ਤੋਂ ਨੇੜਲਾ ਸਾਥੀ ਤੇ ਸੱਜਣ ਪਿਆਰਾ। ਇਸ ਦੀ ਰਹਿਨੁਮਾਈ ਵਿਚ ਬੰਦਾ ਹਰ ਪੱਖ ਦੀਆਂ ਸੰਭਾਵਿਤ ਪਰਤਾਂ ਦੀ ਬਾਰੀਕ ਬੀਨੀ ਵਿਚੋਂ ਉਹ ਪਰਤ ਵੀ ਦੇਖ ਸਕਦਾ ਜੋ ਨਜ਼ਰ ਤਾਂ ਨਹੀਂ ਆਉਂਦੀ ਪਰ ਦੈਵੀ ਨਜ਼ਰ ਤੋਂ ਉਹ ਬਚੀ ਵੀ ਨਹੀਂ ਰਹਿ ਸਕਦੀ। ਸੋਚ ਰਾਹੀਂ ਅਸੀਂ ਆਪਣੇ ਕਸ਼ਟਾਂ, ਔਕੜਾਂ ਦੀ ਨਿਸ਼ਾਨਦੇਹੀ ਕਰਦੇ ਅਤੇ ਫਿਰ ਇਨ੍ਹਾਂ ਨੂੰ ਨਿਵਾਰਨ ਲਈ ਕੋਸ਼ਿਸ਼ਾਂ ਕਰਦੇ ਅਤੇ ਹਰ ਹੀਲੇ ਇਨ੍ਹਾਂ ਤੋਂ ਮੁਕਤੀ ਪਾਉਂਦੇ।

ਸੋਚ ਹੀ ਦਰਅਸਲ ਜੀਵਨ ਬਿਰਖ ਦਾ ਪੁੰਗਾਰਾ, ਕਿਉਂਕਿ ਸੁਚਾਰੂ ਸੋਚ ਨਿੱਕੀ ਨਿੱਕੀ ਭੂਰ ਵਿਚ ਜੀਵਨ ਮੌਲਦਾ, ਜ਼ਿੰਦਗੀ ਸਾਰਥਿਕ ਅਤੇ ਕਿਸੇ ਲਈ ਦੁਆਵਾਂ ਤੇ ਆਸਾਂ ਦਾ ਅਧਾਰ ਜਦ ਕਿ ਨਕਾਰਾਤਮਿਕ ਸੋਚ ਦੀ ਔੜ ਵਿਚ ਤਾਂ ਜ਼ਿੰਦਗੀ ਇਕ ਖੜਸੁੱਕ ਬਿਰਖ ਜਿਸ 'ਤੇ ਪਰਿੰਦੇ ਵੀ ਆਲ੍ਹਣਾ ਨਹੀਂ ਪਾਉਂਦੇ। ਨਾ ਹੀ ਕੋਈ ਥੱਕਿਆ ਰਾਹੀ ਘੜੀ ਪਲ ਸੁਸਤਾਉਂਦਾ ਅਤੇ ਨਾ ਹੀ ਇਸ ਦੇ ਹੇਠ ਸਜਦੀਆਂ ਨੇ ਮਜਲਿਸਾਂ।

ਸੋਚ ਜਦ ਫੁੱਲਾਂ ਵਰਗੀ ਹੋਵੇ ਤਾਂ ਚਾਵਾਂ ਦੇ ਰੰਗ ਲਿਸ਼ਕੋਰਦੇ, ਖੁਸ਼ੀਆਂ ਦੀਆਂ ਮਹਿਕਾਂ 'ਚ ਚੌਗਿਰਦੇ ਦੀ ਫ਼ਿਜ਼ਾ ਮੌਲਦੀ। ਜਦ ਖੁਦ ਦੀ ਸੋਚ ਹੀ ਰਚਨਾਤਮਿਕ ਹੋਵੇਗੀ ਤਾਂ ਤੁਹਾਡੇ ਆਲੇ-ਦੁਆਲੇ ਦੇ ਸੰਗੀ ਸਾਥੀ ਅਤੇ ਵਾਤਾਵਰਣ ਇਕ ਵੱਖਰੇ ਅੰਦਾਜ਼ ਵਿਚ ਜੀਵਨ ਦੀ ਪਰਵਾਜ਼ ਭਰੇਗਾ ਅਤੇ ਹਰੇਕ ਦੀ ਤਲੀ ਚਾਅ-ਸੰਧਾਰੇ ਦਾ ਸ਼ਗਨ ਧਰੇਗਾ।

ਸੋਚ ਹੀ ਵਿਅਕਤੀਗਤ ਸ਼ੀਸ਼ਾ। ਤੁਸੀਂ ਕੌਣ ਹੋ? ਤੁਹਾਡੇ ਅੰਦਰ ਬੈਠਾ ਮਨੁੱਖ ਕਿਸ ਬਿਰਤੀ ਦਾ ਮਾਲਕ ਹੈ? ਤੁਹਾਡੇ ਲਫ਼ਜ਼ਾਂ ਦਾ ਅਰਥ ਕੀ ਹੈ? ਤੁਹਾਡੀ ਬੋਲ ਬਾਣੀ ਕਿਸ ਵੱਲ ਇਸ਼ਾਰਾ ਕਰਦੀ ਹੈ? ਤੁਹਾਡੇ ਵਿਚਾਰ ਕਿਸ ਮਾਨਸਿਕ ਧੁੰਦਲੇਪਣ ਜਾਂ ਉਜਿਆਰੇ ਦਾ ਨਾਮਕਰਨ ਹਨ, ਇਹ ਸਭ ਕੁਝ ਤੁਹਾਡੇ ਸੋਚ ਵਿਚੋਂ ਸਪਸ਼ਟ ਹੋ ਜਾਂਦਾ। ਤਾਂ ਹੀ ਕਹਿੰਦੇ ਕਿ ਚੁੱਪ ਬੰਦੇ ਨੂੰ ਸਮਝਣਾ ਔਖਾ ਜਦ ਕਿ ਬੋਲਦੇ ਵਿਅਕਤੀ ਨੂੰ ਸਮਝਣਾ ਆਸਾਨ ਹੁੰਦਾ।

ਸੋਚ ਹੀ ਸਰਘੀ ਅਤੇ ਸੋਚ ਹੀ ਸ਼ਾਮ। ਸੋਚ ਹੀ ਇਨਸਾਫ਼ ਅਤੇ ਸੋਚ ਹੀ ਇਲਜ਼ਾਮ। ਸੋਚ ਹੀ ਪ੍ਰਤੱਖ ਅਤੇ ਸੋਚ ਹੀ ਗੁੰਮਨਾਮ। ਸੋਚ ਹੀ ਆਵੇਸ਼ ਅਤੇ ਸੋਚ ਹੀ ਇਲਹਾਮ। ਸੋਚ ਹੀ ਭੇਤ ਅਤੇ ਸੋਚ ਹੀ ਪੈਗਾਮ। ਸੋਚ ਕਦੇ ਅਜ਼ਾਦ ਅਤੇ ਸੋਚ ਕਦੇ ਗ਼ੁਲਾਮ। ਸੋਚ ਹੀ ਸ਼ਾਂਤੀ ਅਤੇ ਸੋਚ ਹੀ ਕੁਹਰਾਮ। ਤਾਂ ਹੀ ਬਾਬੇ ਨਾਨਕ ਨੇ ਫੁਰਮਾਇਆ, 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲੱਖ ਵਾਰ।'

ਸੋਚ ਵਿਚ ਸਾਦਗੀ, ਸਰਲਤਾ ਅਤੇ ਸਮਰਪਣ ਦਾ ਸੰਜੋਗ ਹੋ ਜਾਵੇ ਤਾਂ ਬੰਦਾ ਕੁਦਰਤ ਸੰਗ ਇਕਸੁਰਤਾ ਨੂੰ ਮਾਣਦਿਆਂ, ਕਦੇ ਵੀ ਗੈਰ-ਕੁਦਰਤੀ ਵਰਤਾਰਿਆਂ ਦੇ ਅਧੀਨ ਨਹੀਂ ਹੁੰਦਾ। ਉਹ ਸੂਰਜ, ਚੰਨ, ਤਾਰੇ, ਅੰਬਰ ਦਾ ਸਾਥ ਮਾਣਦਿਆਂ, ਜੀਵਨ ਨੂੰ ਰੌਸ਼ਨੀ ਨਾਲ ਲਬਰੇਜ਼। ਬੱਚਾ ਬਣ ਕੇ ਕਾਗਤ ਦੀਆਂ ਬੇੜੀਆਂ ਨੂੰ ਛਪੜੀ 'ਚ ਠੇਲ੍ਹਣਾ। ਕਾਗਜ਼ ਦੇ ਹਵਾਈ ਜਹਾਜ਼ ਬਣਾਉਣੇ ਅਤੇ ਬੱਚਿਆਂ ਸੰਗ ਉਡਾਉਣੇ, ਬਚਪਨ ਨੂੰ ਮੁੜ ਤੋਂ ਜਿਉਣ ਦੀ ਆਰਜ਼ਾ ਸਿਰਫ਼ ਸਾਦਗੀ ਕਾਰਨ ਹੀ ਉਪਜਦੀ।

ਸੋਚ ਜਦ ਸਫ਼ਿਆਂ ਤੇ ਉੱਕਰੀ ਜਾਂਦੀ ਤਾਂ ਇਹ ਮਹਾਨ ਗ੍ਰੰਥਾਂ ਦਾ ਰੂਪ ਧਾਰਦੀ। ਆਉਣ ਵਾਲੀਆਂ ਪੀਹੜੀਆਂ ਇਸ ਤੋਂ ਸੇਧ ਲੈ ਕੇ ਆਪਣਾ ਭਵਿੱਖ ਸੰਵਾਰਦੀਆਂ ਅਤੇ ਮਹਾਨ ਵਿਚਾਰਵਾਨਾਂ ਦੇ ਸਦਕੇ ਜਾਂਦੀਆਂ। ਇਹ ਭਾਵੇਂ ਗੁਰੂ ਗ੍ਰੰਥ ਸਾਹਿਬ, ਰਮਾਇਣ, ਮਹਾਂਭਾਰਤ, ਭਗਵਤ ਗੀਤਾ, ਕੁਰਾਨ, ਉਪਨਿਸ਼ਦ, ਅੰਜੀਲ ਹੋਵੇ, ਕਾਰਲ ਮਾਰਕਸ ਦੀ 'ਦਾ ਕੈਪੀਟਲ' ਹੋਵੇ, ਜਾਂ ਦੁਨੀਆ ਦੇ ਫ਼ਿਲਾਸਫ਼ਰਾਂ ਦੇ ਆਦਿ-ਗ੍ਰੰਥ ਹੋਣ। ਅਜੇਹੇ ਸਫ਼ੇ ਸਤਿਕਾਰੇ ਜਾਂਦੇ ਅਤੇ ਇਨ੍ਹਾਂ ਵਿਚ ਜਗਦੀ ਜੋਤ ਅੰਦਰਲੇ ਚਾਨਣ ਦਾ ਸਬੱਬ ਬਣਦੀ।

ਸੋਚ ਜਦ ਬੋਲਾਂ ਵਿਚੋਂ ਉਦੇ ਹੁੰਦੀ ਤਾਂ ਬੋਲ ਪ੍ਰਵਚਨ ਬਣ ਜਾਂਦੇ। ਇਨ੍ਹਾਂ ਪ੍ਰਵਚਨਾਂ ਨਾਲ ਲੋਕਾਈ ਨੂੰ ਆਪਣੀ ਜੀਵਨ-ਜਾਚ ਨੂੰ ਨਰੋਈ ਸੇਧ ਦੇਣ ਅਤੇ ਜ਼ਿੰਦਗੀ ਨੂੰ ਹਾਂ-ਪੱਖੀ ਬਣਾਉਣ ਦਾ ਮੌਕਾ ਅਤੇ ਮਿਕਨਾਤੀਸੀ ਮਿਲਦੀ। ਇਹੀ ਬੋਲ ਕਦੇ ਬਾਬਰ ਨੂੰ ਵੰਗਾਰਦੇ ਰਹੇ, ਕਦੇ ਔਰੰਗਜ਼ੇਬ ਨੂੰ ਉਸ ਦੀਆਂ ਖੁਨਾਮੀਆਂ ਦਾ ਚੇਤਾ ਕਰਵਾਉਂਦੇ ਰਹੇ। ਤਾਂ ਹੀ ਅਜੇਹੇ ਬੋਲ ਅਕਸਰ ਹੀ ਸਮੇਂ ਦੇ ਹਾਕਮਾਂ ਵੱਲੋਂ ਦਬਾਏ ਜਾਂਦੇ ਅਤੇ ਸੂਲੀ ਤੇ ਵੀ ਲਟਕਾਏ ਜਾਂਦੇ। ਸੱਚੀ ਅਤੇ ਸੁੱਚੀ ਸੋਚ ਕਦੇ ਵੀ ਇਨਾਮਾਂ-ਸਨਮਾਨਾਂ, ਸਰਕਾਰੀ ਦੁਸ਼ਾਲਿਆਂ ਜਾਂ ਸਰਪ੍ਰਸਤੀ ਨਹੀਂ ਭਾਲਦੀ। ਤਾਂ ਹੀ ਅਜੇਹੀ ਸੋਚ ਹਾਕਮਾਂ ਦੀਆਂ ਅੱਖਾਂ ਵਿਚ ਸਦਾ ਰੜਕਦੀ। ਅਜੇਹੀ ਸੋਚ ਨੂੰ ਖ਼ਤਮ ਕਰਨ ਲਈ ਫ਼ਤਵੇ ਵੀ ਜਾਰੀ ਹੁੰਦੇ ਪਰ ਤੱਤੀ ਤਵੀ ਤੇ ਬਹਿ ਕੇ ਵੀ ਸੋਚ ਨੇ ਆਪਣਾ ਸੂਹਾ ਸਫ਼ਰ ਜਾਰੀ ਰੱਖਦਿਆਂ ਉਚਾਰਿਆ, 'ਤੇਰਾ ਕੀਆ ਮੀਠਾ ਲਾਗੇ।'

ਸੋਚ ਵਿਚ ਜਦ ਸਬਰ, ਸੰਤੁਸ਼ਟੀ, ਸੰਤੋਖ ਅਤੇ ਸੁਖਨ ਪੈਦਾ ਹੋ ਜਾਵੇ ਤਾਂ ਸੋਚ ਖੁਦ ਦੇ ਬਲਿਹਾਰੇ ਜਾਂਦੀ ਕਿਉਂਕਿ ਸੋਚ ਤਾਂ ਚਾਹੁੰਦੀ ਹੀ ਇਹੀ ਕਿ ਜੀਵਨ ਦਾ ਸੱਚ ਸੋਚ ਵਿਚ ਪੈਦਾ ਹੋਵੇ। ਇਹੀ ਸੱਚ ਜੀਵਨ ਨੂੰ ਰੂਹ ਵਰਗੀਆਂ ਦਾਤਾਂ ਨਾਲ ਝੋਲੀਆਂ ਭਰੇ ਅਤੇ ਹਰ ਹੋਠ ਤੋਂ ਸ਼ੁਕਰਗੁਜ਼ਾਰੀ ਦਾ ਬੋਲ ਹੀ ਝਰੇ।

ਸੋਚ ਵਿਚ ਸਿਰੜ, ਸਾਧਨਾ ਅਤੇ ਸਿਦਕ ਆਪਣਾ ਰੰਗ ਦਿਖਾਉਂਦੇ ਤਾਂ ਬੰਦੇ ਦੇ ਪੱਲੇ ਵਿਚ ਲੱਖ ਦਾਤਾਂ ਪਾਉਂਦੇ। ਉਸ ਦੀ ਵਡਿਆਈ ਅਤੇ ਸ਼ੋਭਾ ਵਧਾਉਂਦੇ ਕਿਉਂਕਿ ਬਿਖੜੇ ਰਾਹਾਂ ਤੇ ਤੁਰਦਿਆਂ, ਸੁਪਨਿਆਂ ਦੇ ਸੂਰਜ ਨੈਣਾਂ ਵਿਚ ਉਗਾਉਣ ਵਾਲੇ ਲੋਕ, ਆਪਣੀਆਂ ਪੈੜਾਂ ਖੁਦ ਸਿਰਜਦੇ ਅਤੇ ਇਹੀ ਪੈੜਾਂ ਦਾ ਇਤਿਹਾਸ ਉਨ੍ਹਾਂ ਦੇ ਨਾਮ ਬੋਲਦਾ।

ਸੋਚ ਵਿਚ ਜਦ ਸੰਗ ਅਤੇ ਸ਼ਰਮ ਅਛੋਪਲੇ ਜਿਹੇ ਆਪਣਾ ਆਲ੍ਹਣਾ ਪਾਉਂਦੀ ਤਾਂ ਮਾਨਵੀ ਕਦਰਾਂ ਕੀਮਤਾਂ ਪੁਨਰ ਸੰਜੀਵ ਹੋ ਜਾਂਦੀਆਂ। ਬੰਦਾ ਆਪਣਾ ਮੂਲ ਪਛਾਣਦਾ ਅਤੇ ਪੁਰਖਿਆਂ ਦੀ ਕੀਰਤੀ ਨੂੰ ਆਪਣੇ ਰੰਗ-ਭਾਗ ਲੱਗਦੇ।

ਸੋਚ ਨੂੰ ਜਦ ਸਮਝ ਦੀ ਖ਼ੁਮਾਰੀ ਚੜ੍ਹਦੀ ਤਾਂ ਬੰਦੇ ਨੂੰ ਆਪਣੇ-ਆਪ ਦੀ ਸਮਝ ਦੇ ਨਾਲ ਨਾਲ ਸਮਾਜਿਕ ਵਰਤਾਰਿਆਂ, ਪਰਿਵਾਰਕ ਸੰਬੰਧਾਂ ਅਤੇ ਦੋਸਤੀਆਂ ਦੀ ਵੀ ਸਮਝ ਆ ਜਾਂਦੀ। ਫਿਰ ਉਹ ਹਰ ਰਿਸ਼ਤੇ ਨੂੰ 'ਕੇਰਾਂ ਵਰਤ ਕੇ ਕੂੜਾਦਾਨ ਵਿਚ ਨਹੀਂ ਸੁੱਟਦਾ ਸਗੋਂ ਤਾਅ ਉਮਰ ਰੂਹ ਨਾਲ ਨਿਭਾਉਂਦਾ।

ਸੋਚ ਦਾ ਸੁਹੱਪਣ, ਸ਼ਿੰਗਾਰ ਅਤੇ ਸਿਰ ਨੀਵਾਂ ਰੱਖਣ ਵਾਲੀ ਸ਼ਰਮਸਾਰੀ ਆ ਜਾਵੇ ਤਾਂ ਸੁੰਦਰਤਾ ਨੂੰ ਚਾਰ ਚੰਨ ਲੱਗਦੇ। ਇਹ ਸੁੰਦਰਤਾ ਬਾਹਰੀ ਸੁਹੱਪਣ ਤੋਂ ਅੰਤਰੀਵੀ ਸੁਹੱਪਣ ਦਾ ਰਾਹ ਫੜਦੀ।

ਸੋਚ ਵਿਚੋਂ ਹੀ ਨਵੀਨਤਮ ਖੋਜਾਂ ਮਨੁੱਖ ਦਾ ਨਾਮ ਰੌਸ਼ਨ ਕਰਦੀਆਂ ਕਿਉਂਕਿ ਜਦ ਸੋਚ ਰਾਹੀਂ ਕਿਸੇ ਵੀ ਵਸਤ, ਵਰਤਾਰੇ, ਦ੍ਰਿਸ਼ ਅਤੇ ਅਦ੍ਰਿਸ਼ਟ ਚੀਜ਼ ਨੂੰ ਦੇਖਣ ਤੇ ਸਮਝਣ ਦੀ ਕੋਸ਼ਿਸ਼ ਕਰਦੇ ਤਾਂ ਇਸ ਦੀਆਂ ਖੁੱਲ੍ਹੀਆਂ ਨਵੀਆਂ ਪਰਤਾਂ ਹੀ ਫਿਰ ਖੋਜ ਰਾਹੀਂ ਮਨੁੱਖੀ ਤਰੱਕੀ ਦਾ ਸਬੱਬ ਬਣਦੀਆਂ। ਇਹ ਤਰੱਕੀ ਭਾਵੇਂ ਸੁੱਖ-ਸਾਧਨਾਂ, ਸੁਵਿਧਾਵਾਂ ਜਾਂ ਨਿੱਤਾ ਪ੍ਰਤੀ ਦੇ ਜੀਵਨ ਵਿਚ ਵਰਤੋਂ ਦੀਆਂ ਵਸਤਾਂ ਕਾਰਨ ਆਇਆ ਬਹੁਤ ਵੱਡਾ ਬਦਲਾਅ ਹੋਵੇ, ਆਵਾਜਾਈ, ਟੈਲੀਕਮਿਊਨੀਕੇਸ਼ਨ ਜਾਂ ਆਰਟੀਫ਼ਿਸ਼ਲ ਇੰਟੈਲੀਜੈਂਸ ਦਾ ਆਉਣ ਵਾਲਾ ਯੁੱਗ ਹੋਵੇ ਇਹ ਸਭ ਕੁਝ ਖੋਜੀ ਬਿਰਤੀ ਵਾਲੇ ਵਿਅਕਤੀਆਂ ਦੀਆਂ ਸੋਚਾਂ ਸਦਕਾ ਹੀ ਸੰਭਵ ਹੋਇਆ।

ਸੋਚ, ਸਮਾਜਿਕ ਅਤੇ ਸੰਸਾਰਕ ਪੱਧਰ ਤੇ ਬਦਲੇ ਰਹੇ ਉਸਾਰੂ ਜਾਂ ਨਕਾਰਾਤਮਿਕ ਵਰਤਾਰਿਆਂ ਦਾ ਮੂਲ ਆਧਾਰ ਹੈ ਕਿਉਂਕਿ ਉਸਾਰੂ ਸੋਚ ਮਨੁੱਖ ਦੀਆਂ ਖ਼ੈਰਾਂ ਮੰਗਦੀ ਜਦ ਕਿ ਨਕਾਰਾਤਮਿਕ ਸੋਚ ਮਨੁੱਖ ਦਾ ਸਿਵਾ ਸੇਕਣ ਲਈ ਕਾਹਲੀ।

ਸੋਚ ਪੈਦਾ ਕਰਦੀ ਹੈ ਸ਼ਗਨ ਵੀ ਤੇ ਸੋਗ ਵੀ, ਸਿਹਤ ਵੀ ਤੇ ਰੋਗ ਵੀ, ਘਰ-ਗ੍ਰਹਿਸਤੀ ਵੀ ਤੇ ਜੋਗ ਵੀ ਤੇ ਵਿਛੋੜਾ ਵੀ ਤੇ ਸੰਜੋਗ ਵੀ। ਸੋਚ ਦਾ ਕਿਹੜਾ ਨਜ਼ਰੀਆ, ਕਿਸ ਪੱਖ ਨੂੰ ਪ੍ਰਭਾਵਿਤ ਕਰਦਾ ਅਤੇ ਇਸ ਨਾਲ ਸਮੁੱਚੇ ਜੀਵਨ ਤੇ ਕੀ ਅਸਰ ਪੈਂਦਾ, ਇਹ ਹੀ ਸੋਚ ਦੀ ਸ਼ਕਤੀ ਦਾ ਪ੍ਰਮਾਣ।

ਸੋਚ ਵਿਚੋਂ ਕਦੇ ਪੈਦਾ ਹੋ ਜਾਂਦਾ ਸ਼ੱਕ ਵੀ ਤੇ ਸੱਚ ਵੀ, ਸੰਕੋਚ ਵੀ ਤੇ ਸਪਸ਼ਟਤਾ ਵੀ ਅਤੇ ਸੰਗਾਊਪੁਣਾ ਵੀ ਤੇ ਖੁੱਲ੍ਹਦਿਲੀ ਵੀ।

ਸੋਚ ਮਨੁੱਖ ਦਾ ਅੰਬਰ ਵੀ ਤੇ ਪਤਾਲ ਵੀ। ਉਸ ਦੇ ਸੁਪਨਿਆਂ ਦੀ ਪਰਵਾਜ਼ ਵੀ ਅਤੇ ਜਿਉਣ ਦਾ ਵਿਲੱਖਣ ਉਸੇ ਵੀ। ਸੋਚ ਸਮੁੰਦਰ ਵੀ ਹੁੰਦੀ ਅਤੇ ਕਿਸੇ ਛੱਪੜ ਦਾ ਬਦਬੂ ਮਾਰਦਾ ਪਾਣੀ ਵੀ। ਵਗਦੇ ਦਰਿਆਵਾਂ ਦੀ ਰਵਾਨੀ ਵੀ ਅਤੇ ਕਿਸੇ ਨਦੀ ਦੀ ਹਿੱਕ ਵਿਚ ਉੱਗਿਆ ਬਰੇਤਾ ਵੀ। ਸੋਚ ਦੇ ਕਈ ਰੰਗ ਤੇ ਰੂਪ, ਕਈ ਪਰਤਾਂ ਤੇ ਪਰਤੌਅ। ਇਹੀ ਸੋਚ ਦਾ ਸੁਰਖ ਰੰਗ ਵੀ ਤੇ ਕਾਲਖ ਭਰਿਆ ਪਾਸਾ ਵੀ।

ਸੋਚ ਸਦਕਾ ਹੀ ਲੋਕਾਈ ਦੇ ਮਾਰਗ ਦਰਸ਼ਨਾਂ ਲਈ ਬਾਬਾ ਨਾਨਕ, ਮਹਾਤਮਾ ਬੁੱਧ, ਕ੍ਰਿਸ਼ਨ, ਮੁਹੰਮਦ ਅਤੇ ਜੀਸਸ ਨੇ ਚਾਨਣਾਂ ਦਾ ਹੋਕਰਾ ਲਾਇਆ। ਇਸ ਚਾਨਣ ਨੇ ਅੰਧਕਾਰ ਵਿਚ ਫਸੀ ਲੋਕਾਈ ਨੂੰ ਸੂਰਜਾਂ ਦਾ ਰਾਹ ਦਿਖਾਇਆ ਅਤੇ ਉਨ੍ਹਾਂ ਦੇ ਜੀਵਨ ਵਿਚ ਰੌਸ਼ਨੀ ਦਾ ਜਾਗ ਲਾਇਆ।

ਸੋਚ ਤਾਂ ਸਿੱਧ-ਸਮਾਧੀ ਵਿਚ ਉੱਤਰੀ ਸੁੰਨਯ ਅਵਸਥਾ। ਖੁਦ ਦੇ ਮਿਲਾਪ ਦੇ ਪਲ। ਖੁਦ ਵਿਚੋਂ ਖ਼ੁਦਾ ਨੂੰ ਮਿਲਣ ਦਾ ਅਨੰਦ। ਸੋਚ ਹੀ ਕਿਸੇ ਨੂੰ ਜੋਗੀਆਂ ਦਾ ਭੇਸ ਪਵਾਏ, ਕਿਸੇ ਨੂੰ ਜਟਾਧਾਰੀ ਬਣਾਵੇ, ਕਿਸੇ ਨੂੰ ਕੰਦਰਾਂ ਵਿਚ ਸੂਲੀ ਤੇ ਲਟਕਾਵੇ ਅਤੇ ਕੁਝ ਨੂੰ ਹੱਲ ਵਾਹੁੰਦਿਆਂ ਵੀ ਰੱਬ ਨੂੰ ਮਿਲਣ ਦਾ ਅਹਿਸਾਸ ਉਪਜਾਵੇ। ਤੁਸੀਂ ਕੀ ਸੋਚਦੇ ਹੋ, ਕਿਉਂ ਸੋਚਦੇ ਹੋ, ਕਦੋਂ ਸੋਚਦੇ ਹੋ ਅਤੇ ਸੋਚ ਦੇ ਸਰੋਕਾਰ ਕੀ ਹਨ, ਇਸ ਨੇ ਤੁਹਾਡੀ ਜ਼ਿੰਦਗੀ ਦੇ ਦਿਸ਼ਾ-ਨਿਰਦੇਸ਼ ਨਿਰਧਾਰਿਤ ਕਰਨੇ ਹੁੰਦੇ।


ਸੋਚ ਵਿਚ ਵੱਸਦਾ ਏ ਸਗਲ ਸੰਸਾਰਾ, ਅਪਰਮ ਅਪਾਰਾ, ਜੀਵਨ ਅਧਾਰਾ ਅਤੇ ਆਪਣੇ ਅੰਦਰ ਵੱਲ ਖੁੱਲ੍ਹਦਾ ਆਤਮ-ਦੁਆਰਾ।

# ਅਕਾਲੀ ਸਿਆਸਤ ਦਾ ਸੁਧਾਰ?

## ਛੋਟਾ ਮੂੰਹ ਬੜੀ ਬਾਤ!

ਔਲਾ ਖਾਣ ਵਕਤ ਮੂੰਹ ਦਾ ਜ਼ਾਇਕਾ ਖੱਟਾ-ਕੌੜਾ ਜਿਹਾ ਹੋ ਜਾਂਦਾ ਐ ਤੇ ਇਵੇਂ ਹੀ ਸਿਆਣਿਆਂ ਵਲੋਂ ਕਹੀ ਗੱਲ ਮੌਕੇ ਮੁਤਾਬਕ ਤਾਂ ਅਤਿਕਥਨੀ ਜਾਪਦੀ ਹੁੰਦੀ ਹੈ ਪਰ ਜਿਵੇਂ ਔਲਾ ਖਾਣ ਬਾਅਦ ਮੂੰਹ ਵੀ ਸੁਆਦਲਾ ਹੋ ਜਾਂਦਾ ਤੇ ਗੱਲ ਕਹਿਣ ਵਾਲਾ ਸਿਆਣਾ ਵੀ ਯਾਦ ਆਉਣ ਲੱਗ ਪੈਂਦਾ ਹੈ। ਇਸੇ ਕਰਕੇ ਕਹਾਵਤ ਬਣੀ ਹੋਈ ਹੈ ਅਖੇ ਔਲੇ ਦਾ ਖਾਧਾ ਅਤੇ ਸਿਆਣੇ ਦਾ ਕਹਿਆ ਹੋਇਆ ਮਗਰੋਂ ਸੁਆਦ ਦਿੰਦੇ ਹਨ।

ਸੰਨ 2002 ਦਾ ਸਤੰਬਰ ਮਹੀਨਾ ਚੜ੍ਹਦਿਆਂ ਹੀ ਆਉਂਦੇ ਨਵੰਬਰ ਮਹੀਨੇ ਵਾਲੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਹੋਣ ਵਾਲੀ ਸਾਲਾਨਾ ਚੋਣ ਲਈ, ਬਾਦਲ ਧੜੇ ਅਤੇ ਜਥੇਦਾਰ ਟੌਹੜਾ ਸਾਹਬ ਦੇ ਨਵਗਠਤ ਸਰਬ ਹਿੰਦ ਅਕਾਲੀ ਦਲ ਨੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ। ਪ੍ਰਕਾਸ਼ ਸਿੰਘ ਬਾਦਲ ਹੁਣਾ ਸ਼੍ਰੋਮਣੀ ਕਮੇਟੀ ਦੇ



ਪੇਸ਼ਕਸ਼: ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +91-78146-92724

ਮੈਂਬਰਾਂ ਨੂੰ ਜਥੇਦਾਰ ਟੌਹੜਾ ਦੇ ਪ੍ਰਭਾਵ ਤੋਂ ਦੂਰ ਕਰਨ ਹਿਤ ਪਹਿਲਾਂ ਚੰਡੀਗੜ੍ਹ ਲਾਗਲੇ ਇਤਿਹਾਸਕ ਗੁਰਦੁਆਰਾ ਨਾਢਾ ਸਾਹਿਬ ਵਿਖੇ ਰੱਖਿਆ। ਫਿਰ ਕੈਪਟਨ ਅਮਰਿੰਦਰ ਸਿੰਘ, ਜੋ ਉਦੋਂ ਮੁੱਖ ਮੰਤਰੀ ਸਨ, ਦੇ ਸਰਕਾਰੀ ਡਰੋਂ ਮਨਪ੍ਰੀਤ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸਾਨੂੰ ਦੋ ਵੱਖ-ਵੱਖ ਬੱਸਾਂ ਵਿਚ ਲੱਦ ਕੇ ਲੈ ਗਏ ਆਪਣੇ ਹਰਿਆਣੇ ਵਿਚਲੇ ਫਾਰਮ ਬਾਲਾਸਰ ਨੂੰ।

ਉਥੇ ਇਕੱਠੇ ਕੀਤੇ ਮੈਂਬਰਾਂ ਵਿਚੋਂ ਸਾਨੂੰ ਕੁੱਝ ਕੁ ਨੂੰ ਬਡੂੰਗਰ ਸਾਹਬ ਬਾਲਾਸਰ ਤੋਂ ਲੈ ਗਏ ਚੋਟਾਲਿਆਂ ਦੇ ਸਿਰਸੇ ਵਾਲੇ ਫਾਰਮ 'ਤੇ ਜਿੱਥੇ ਅੰਮ੍ਰਿਤਸਰ ਇਲਾਕੇ ਦੇ ਬਹੁਤੇ ਮਝੈਲ ਮੈਂਬਰ ਸਾਹਿਬਾਨ 'ਰੱਖੇ ਹੋਏ' ਸਨ। ਜਿਨ੍ਹਾਂ ਦਾ ਉਥੇ 'ਛਕਣ ਛਕਾਉਣ ਦਾ ਪੂਰਾ ਪ੍ਰਬੰਧ' ਚੋਟਾਲਿਆਂ ਵਲੋਂ ਹੀ ਕੀਤਾ ਹੋਇਆ ਸੀ! ਇੱਥੋਂ ਹੀ ਮੈਂ ਸਿਰਫ ਦੋ ਰਾਤਾਂ ਰਹਿਣ ਬਾਅਦ ਆਪਣੇ ਸਾਥੀ ਦੋ ਮੈਂਬਰ ਸਾਹਿਬਾਨ ਦੀ ਮਦਦ ਨਾਲ ਵੱਡੇ ਤੜਕੇ ਬਗ਼ਾਵਤ ਕਰ ਆਇਆ ਸਾਂ।

ਜਦੋਂ ਵੀ ਕਿਤੇ ਕਿਸੇ ਮੌਕੇ ਮੇਰਾ ਇਹ 'ਬਗਾਵਤੀ ਕਿੱਸਾ' ਛਿੜਦਾ ਹੈ ਤਾਂ ਮੈਂ ਇਹ ਦੱਸਣਾ ਕਦੇ ਨਹੀਂ ਭੁੱਲਦਾ ਹੁੰਦਾ ਕਿ ਚੋਟਾਲਿਆਂ ਦੇ ਫਾਰਮ 'ਚੋਂ ਜਿਸ ਦਿਨ ਮੈਂ ਨਿਕਲਿਆ ਸਾਂ ਏਦਣ ਸੰਨ 2002 ਦੇ ਅਕਤੂਬਰ ਮਹੀਨੇ ਦੀ 25 ਤਰੀਕ ਸੀ। ਇਹ ਤਰੀਕ ਪੱਕੀ ਯਾਦ ਹੋ ਜਾਣ ਦਾ ਕਾਰਨ ਇਹ ਹੈ ਕਿ ਉਸ ਤੋਂ ਇਕ ਦਿਨ ਪਹਿਲਾਂ 24 ਅਕਤੂਬਰ ਦੀ ਸ਼ਾਮ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਨੂੰ ਗੋਲੀਆਂ ਮਾਰ ਕੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ ਗਿਆ ਸੀ। ਬਾਅਦ ਵਿਚ ਉਸ ਦੀ 21 ਨਵੰਬਰ ਨੂੰ ਅਪੋਲੋ ਹਸਪਤਾਲ ਦਿੱਲੀ ਵਿਚ ਮੌਤ ਹੋ ਗਈ ਸੀ।

ਉਦੋਂ ਕਿਵੇਂ ਦਸ ਕੁ ਮੀਲ ਰੇਤਿਆਂ ਵਿਚ ਪੈਦਲ ਚੱਲ ਕੇ ਅਤੇ ਫਿਰ ਸੜਕ 'ਤੇ ਜਾਂਦੇ ਇਕ ਟ੍ਰੈਕਟਰ ਉੱਤੇ ਬਹਿ ਕੇ ਦਿਨ ਚੜ੍ਹਦੇ ਨੂੰ ਮੈਂ ਡੱਬਵਾਲੀ ਕਿੰਦਾਂ ਪਹੁੰਚਿਆਂ ਸਾਂ, ਇਸ ਸਾਰੇ ਬਿਰਤਾਂਤ ਬਾਰੇ ਵੈਸੇ ਮੈਂ ਦੋ ਕਿਸ਼ਤਾਂ ਵਿਚ ਲੇਖ-ਲੜੀ ਲਿਖੀ ਸੀ ਜੋ ਉਦੋਂ ਦੇਸ਼ ਵਿਦੇਸ਼ ਦੇ ਪੰਜਾਬੀ ਅਖ਼ਬਾਰਾਂ ਵਿਚ ਇਸ ਸਿਰਲੇਖ ਹੇਠ 'ਜਦ ਮੈਂ ਭੇਡੂਆਂ ਦੇ ਵਾੜੇ 'ਚੋਂ ਨਿਕਲਿਆ' ਛਪੀ ਸੀ!

ਲਓ ਜੀ ਹੁਣ ਅਖੀਰ 'ਚ ਗੱਲ ਕਰੀਏ ਔਲੇ ਦੇ ਖਾਣ ਵਰਗੀ ਅਤੇ ਸਿਆਣੇ ਦੀ ਦੂਰਅੰਦੇਸ਼ੀ ਵਾਲੀ ਭਵਿੱਖਬਾਣੀ ਦੀ। ਜਦ ਮੈਂ ਬਾਦਲ ਦਲ ਤਿਆਗ ਕੇ ਆਪਣੇ ਪਿੰਡ ਆ ਗਿਆ ਤਾਂ ਪੰਥਕ ਸੋਚ ਵਾਲੇ ਅਨੇਕਾਂ ਲੋਕਾਂ ਵਲੋਂ ਮੈਨੂੰ ਵਧਾਈਆਂ ਦੇ ਫੋਨ ਆਉਣ ਲੱਗੇ। ਕੁੱਝ ਦੋਸਤ ਮੇਰੇ ਫੈਸਲੇ ਨਾਲ ਅਸਹਿਮਤ ਵੀ ਸਨ। ਪਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਜੋ ਉਸ ਮੌਕੇ ਟੌਹੜਾ ਸਾਹਬ ਨਾਲ ਸਨ, ਮੈਨੂੰ ਵਧਾਈ ਦੇਣ ਘਰੇ ਆਏ। ਜਦਕਿ ਸਾਡੇ ਹਲਕੇ ਦੇ ਬਾਦਲ ਪੱਖੀ ਵਿਧਾਨਕਾਰ ਤੋਂ ਲੈ ਕੇ ਵੱਡੇ ਅਕਾਲੀ ਆਗੂਆਂ ਬੀਬੀ ਜਗੀਰ ਕੌਰ, ਜਥੇਦਾਰ ਕਿਰਪਾਲ ਸਿੰਘ ਬਡੂੰਗਰ, ਅਜੈਬ ਸਿੰਘ ਮੁਖਮੈਲ ਪੁਰ ਵਗੈਰਾ ਸਾਡੇ ਘਰ ਆ ਕੇ ਮੈਨੂੰ ਮੁੜ ਬਾਦਲਾਂ ਨਾਲ ਮਿਲਾਉਣ ਲਈ ਤਰਲਿਆਂ ਦੇ ਨਾਲ ਨਾਲ ਕਈ ਤਰ੍ਹਾਂ ਦੇ ਲਾਲਚਾਂ ਦੀ ਪੇਸ਼ਕਸ਼ ਵੀ ਕਰਨ ਲੱਗੇ!

ਅਜਿਹੇ ਖਿੱਚੋ-ਤਾਣੀ ਦੇ ਮਾਹੌਲ ਵਿਚ ਮੈਨੂੰ ਮੁਬਾਰਕ ਦੇਣ ਆਏ ਅਜੋਕੀ ਵਿੱਦਿਅਕ ਤੇ ਸਾਹਿਤਕ ਸੰਸਥਾ 'ਨਾਦ ਪ੍ਰਗਾਸ' ਸ੍ਰੀ ਅੰਮ੍ਰਿਤਸਰ ਦੇ ਬਾਨੀ ਪ੍ਰੋਫੈਸਰ ਜਗਦੀਸ਼ ਸਿੰਘ, ਜੋ ਮੇਰੇ ਛੋਟੇ ਭਰਾ ਪ੍ਰੋਫੈਸਰ ਅਵਤਾਰ ਸਿੰਘ ਦੇ ਹਮਜਮਾਤੀ ਹੋਣ ਸਦਕਾ ਮੇਰੇ ਵੀ ਜਾਣੂ ਸਨ। ਬਾਦਲ ਦਲ ਤਿਆਗਣ ਕਾਰਨ ਮੇਰੇ ਸਨਮਾਨ ਵਜੋਂ ਰੱਖੇ ਗਏ ਇਕ ਸਾਦੇ ਸਮਾਗਮ ਵਿਚ ਉਨ੍ਹਾਂ ਇਹ ਵਿਚਾਰ ਪ੍ਰਗਟਾਏ ਸਨ-

'ਖਾਲਸਾ ਜੀ, ਸਿੱਖ ਪੰਥ ਦੀ ਸਿਆਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਸਾਡੇ ਸਮਿਆਂ ਵਿਚ 'ਬਾਦਲ ਦਲ' ਬਣਾ ਦੇਣ ਵਾਲਾ ਪ੍ਰਵਾਰ ਜਿਵੇਂ ਦਿਨ-ਬ-ਦਿਨ ਆਪਣੀ ਜਕੜ ਮਜ਼ਬੂਤ ਕਰਦਾ ਜਾ ਰਿਹਾ ਹੈ, ਇਹ ਇਨ੍ਹਾਂ ਨੂੰ ਕਿਸੇ ਦਿਨ ਬਹੁਤ ਮਹਿੰਗਾ ਪਵੇਗਾ। ਭਵਿੱਖ ਵਿਚ ਜਦੋਂ ਵੀ ਕਦੇ ਵੀ ਪਾਰਟੀ ਦਾ ਸੁਧਾਰ ਸ਼ੁਰੂ ਹੋਇਆ ਤਾਂ ਦਲ ਵਿਚਲੇ ਸਾਰੇ ਅਕਾਲੀਆਂ ਨੂੰ ਭਾਅ ਜੀ ਦੁਪਾਲ ਪੁਰੀ ਵਾਂਗ ਬਗ਼ਾਵਤ ਦਾ ਰਾਹ ਅਖਤਿਆਰ ਕਰਨਾ ਹੀ ਪਵੇਗਾ! ਤਦ ਜਾ ਕੇ ਸ਼ਾਇਦ ਇਹ ਪਾਰਟੀ ਮੁੜ 'ਸ਼੍ਰੋਮਣੀ' ਬਣ ਸਕੇਗੀ!'

ਪ੍ਰੋਫੈਸਰ ਜਗਦੀਸ਼ ਸਿੰਘ ਦੇ ਇਹ ਸ਼ਬਦ ਉਦੋਂ ਮੈਨੂੰ 'ਵਧਾ ਚੜ੍ਹਾ ਕੇ ਕੀਤੀ ਗਈ ਮੇਰੀ ਸਿਫ਼ਤ' ਹੀ ਲੱਗੇ ਸਨ ਤੇ ਮੈਂ ਆਪਣੇ ਕੁੱਝ ਸਾਲਾਂ ਦੇ ਸਿਆਸੀ ਤਜਰਬੇ ਕਾਰਨ ਸੋਚਦਾ ਸਾਂ ਕਿ ਅਹੁਦਿਆਂ ਜਾਂ ਟਿਕਟਾਂ ਦੇ ਭੁੱਖੇ ਆਗੂ ਬਾਦਲ ਪ੍ਰਵਾਰ ਨੂੰ ਕਦੇ ਨਹੀਂ ਛੱਡਣਗੇ? ਪਰ ਹੁਣ ਜਦੋਂ ਮੈਂ ਸਰਦਾਰ ਢੀਂਡਸਾ, ਪ੍ਰੋਫੈਸਰ ਚੰਦੂਮਾਜਰਾ ਅਤੇ ਬੀਬੀ ਜਗੀਰ ਕੌਰ ਵਰਗੇ ਸਿਰਕੱਢ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗ ਰਹੇ ਦੇਖਦਾ ਹਾਂ ਤਾਂ ਮੈਨੂੰ ਪ੍ਰੋਫੈਸਰ ਜਗਦੀਸ਼ ਸਿੰਘ ਵਲੋਂ ਬਾਈ ਸਾਲ ਪਹਿਲਾਂ ਬੋਲੇ ਬੋਲ ਹੁਣ ਸੱਚੇ ਹੋ ਰਹੇ ਜਾਪਦੇ ਹਨ! ਉਪਰੋਕਤ ਬਗਾਵਤੀ ਆਗੂ ਸਫਲ ਹੋਣਗੇ ਜਾਂ ਅਸਫਲ? ਇਸ ਸਵਾਲ ਦਾ ਜਵਾਬ ਸਮੇਂ ਦੇ ਗਰਭ ਵਿਚ ਪਿਆ ਹੈ!

ਸਿੱਖ ਸਕਾਲਰ ਰਣਜੀਤ ਸਿੰਘ ਉਰਫ ਕੁੱਕੀ ਗਿੱਲ ਵਲੋਂ ਸੁਖਬੀਰ ਸਿੰਘ ਬਾਦਲ ਪ੍ਰਤੀ ਬੋਲੀਆਂ ਗਈਆਂ ਸਤਰਾਂ-

'ਬੁੱਲਿਆ ਚਾਦਰ ਮੈਲੀ ਸਾਬਣ ਥੋੜ੍ਹਾ
ਬੈਠ ਕਿਨਾਰੇ ਧੋਵੇਂਗਾ।
ਦਾਗ਼ ਨਹੀਂ ਮਿਟਣੇ ਪਾਪਾਂ ਵਾਲੇ
ਧੋਵੇਂਗਾ ਤੇ ਰੋਵੇਂਗਾ!'

# ਜਸਿੰਤਾ ਕੇਰਕੇਟਾ: ਪਿਆਰ ਵਿਚ ਬਿਰਖ ਹੋ ਜਾਣਾ

ਕਲਾ ਪਰਿਕਰਮਾ

ਜਸਿੰਤਾ ਕੇਰਕੇਟਾ ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ ਦੇ ਉਰਾਂਵ ਕਬੀਲੇ ਦੀ ਹੈ। ਉਸ ਆਦਿਵਾਸੀ ਕੁੜੀ ਨੂੰ ਮੈਂ ਕੋਲਕਾਤਾ ਮਿਲਿਆ ਸਾਂ। ਉਥੇ ਮੈਨੂੰ ਭਾਰਤੀ ਭਾਸ਼ਾ ਪ੍ਰੀਸ਼ਦ ਨੇ 2024 ਦਾ ਕਰਤਿੱਤਵ ਸਮੱਗਰ ਸਨਮਾਨ ਦੇਣਾ ਸੀ। ਇਸ ਤੋਂ ਇਲਾਵਾ ਪ੍ਰੀਸ਼ਦ ਨੇ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਚਾਰ ਲੇਖਕਾਂ ਨੂੰ ਯੁਵਾ ਪੁਰਸਕਾਰ ਵੀ ਦੇਣੇ ਸਨ। ਜਸਿੰਤਾ ਕੇਰਕੇਟਾ ਉਨ੍ਹਾਂ ਚਹੁੰ ਵਿਚੋਂ ਸੀ। ਜਸਿੰਤਾ ਨੂੰ ਮਿਲਣ ਤੋਂ ਪਹਿਲਾਂ ਮੈਂ ਉਸ ਦੀਆਂ ਤਿੰਨ ਨਿੱਕੀਆਂ-ਨਿੱਕੀਆਂ ਨਜ਼ਮਾਂ ਪੜ੍ਹੀਆਂ ਸਨ।



ਜਸਬੀਰ ਭੁੱਲਰ
ਫੋਨ: +91-97810-08582

ਇਨ੍ਹਾਂ ਨਜ਼ਮਾਂ ਰਾਹੀਂ ਜਸਿੰਤਾ ਨੇ ਕਾਲੇ ਕੋਨਿਆਂ ਅੰਦਰ ਵੀ ਝਾਕ ਲਿਆ ਸੀ:

**ਜਿੱਥੇ ਕੁਝ ਨਹੀਂ ਪਹੁੰਚਦਾ**

ਪਹਾੜ 'ਤੇ ਲੋਕ ਪਹਾੜ ਦਾ ਪਾਣੀ ਪੀਂਦੇ ਨੇ
ਸਰਕਾਰ ਦਾ ਪਾਣੀ ਉਥੋਂ ਤਕ ਨਹੀਂ ਪਹੁੰਚਦਾ
ਮਾਤ-ਭਾਸ਼ਾ 'ਚ ਕੋਈ ਸਕੂਲ ਨਹੀਂ ਪਹੁੰਚਦਾ
ਹਸਪਤਾਲ 'ਚ ਕੋਈ ਡਾਕਟਰ ਨਹੀਂ ਪਹੁੰਚਦਾ
ਬਿਜਲੀ ਨਹੀਂ ਪਹੁੰਚਦੀ,
ਇੰਟਰਨੈੱਟ ਨਹੀਂ ਪਹੁੰਚਦਾ
ਉੱਥੇ ਕੁਝ ਵੀ ਨਹੀਂ ਪਹੁੰਚਦਾ
ਸਾਹਬ! ਜਿੱਥੇ ਕੁਝ ਵੀ ਨਹੀਂ ਪਹੁੰਚਦਾ
ਉੱਥੇ ਧਰਮ ਅਤੇ ਗਊ ਦੇ ਨਾਂ ਉੱਤੇ
ਆਦਮੀ ਦੀ ਹੱਤਿਆ ਲਈ
ਏਨਾ ਜ਼ਹਿਰ ਕਿਸ ਤਰ੍ਹਾਂ ਪਹੁੰਚਦਾ ਹੈ?

**ਰਾਸ਼ਟਰਵਾਦ**

ਜਦੋਂ ਮੇਰਾ ਗੁਆਂਢੀ
ਮੇਰੇ ਖ਼ੂਨ ਦਾ ਪਿਆਸਾ ਹੋ ਗਿਆ
ਮੈਂ ਸਮਝ ਗਿਆ
ਰਾਸ਼ਟਰਵਾਦ ਆ ਗਿਆ।

ਮੈਂ ਕਿਉਂ ਮਾਰਿਆ ਜਾਂਦਾ ਹਾਂ
ਮੈਂ ਜਦੋਂ ਕਿਸੇ ਦੇ ਪਿਆਰ ਵਿਚ ਹੁੰਦਾ ਹਾਂ
ਉਸ ਦੀ ਜਾਤ, ਧਰਮ, ਨਸਲ ਭੁੱਲ ਜਾਂਦਾ ਹਾਂ
ਬੱਸ ਇਸੇ ਗੱਲ ਉੱਤੇ
ਹਰ ਵਾਰ ਮਾਰਿਆ ਜਾਂਦਾ ਹਾਂ।

ਜਸਿੰਤਾ ਨੂੰ ਬੱਸ ਏਨਾ ਹੀ ਪੜ੍ਹ ਕੇ ਮੈਂ ਉਹਦੀ ਕਵਿਤਾ ਦੀ ਤਲਾਸ਼ ਵਿਚ ਤੁਰ ਪਿਆ ਸਾਂ।

***

ਜਸਿੰਤਾ ਕੇਰਕੇਟਾ ਸਿਰਫ਼ ਸ਼ਾਇਰਾ ਨਹੀਂ; ਉਹ ਕਹਾਣੀਕਾਰ ਵੀ ਹੈ, ਵਾਰਤਕਕਾਰ ਵੀ ਅਤੇ ਸੁਤੰਤਰ ਪੱਤਰਕਾਰ ਵੀ। 'ਅੰਗੋਰ' (2016) ਉਸ ਦਾ ਪਹਿਲਾ ਕਾਵਿ ਸੰਗ੍ਰਹਿ ਹੈ ਤੇ 'ਜੜ੍ਹਾਂ ਦੀ ਜ਼ਮੀਨ' (2018) ਦੂਸਰਾ। 'ਅੰਗੋਰ' ਦਾ ਅਨੁਵਾਦ ਅੰਗਰੇਜ਼ੀ, ਜਰਮਨ, ਇਤਾਲਵੀ ਅਤੇ ਫਰੈਂਚ ਭਾਸ਼ਾਵਾਂ ਵਿਚ ਹੋਇਆ ਹੈ। 'ਜੜ੍ਹਾਂ ਦੀ ਜ਼ਮੀਨ' ਅਨੁਵਾਦ ਹੋ ਕੇ ਅੰਗਰੇਜ਼ੀ ਅਤੇ ਜਰਮਨ ਭਾਸ਼ਾ ਵਿਚ ਛਪੀ ਹੈ।

ਕਵਿਤਾ ਪਾਠ ਲਈ ਉਸ ਨੇ ਅਮਰੀਕਾ, ਇੰਗਲੈਂਡ, ਜਰਮਨੀ, ਫਰਾਂਸ, ਇਟਲੀ, ਸਵਿਟਜ਼ਰਲੈਂਡ, ਆਸਟਰੀਆ, ਕੋਸਟਾਰੀਕਾ, ਥਾਈਲੈਂਡ ਆਦਿ ਦੇਸ਼ਾਂ ਦੀ ਯਾਤਰਾ ਕੀਤੀ ਹੈ। ਉਸ ਨੇ ਵਿਦੇਸ਼ਾਂ ਦੀ ਫੇਰੀ ਨੂੰ ਕਵਿਤਾ ਤਕ ਹੀ ਸੀਮਤ ਨਹੀਂ ਰੱਖਿਆ। ਉੱਥੇ ਉਸ ਨੇ ਆਦਿਵਾਸੀਆਂ ਦੀ ਤ੍ਰਾਸਦਿਕ ਹਾਲਤ ਬਾਰੇ ਵੀ ਮੁਲਕਾਂ ਨੂੰ ਜਾਣੂ ਕਰਵਾਇਆ। ਜਸਿੰਤਾ ਦੀ ਕਵਿਤਾ ਲਈ ਉਨ੍ਹਾਂ ਮੁਲਕਾਂ ਦੇ ਭਰੇ ਹੁੰਗਾਰੇ ਦਾ ਇੱਕ ਹਾਸਿਲ ਇਹ ਵੀ ਹੈ ਕਿ ਉਸ ਦੀਆਂ ਕਵਿਤਾਵਾਂ ਆਸਟਰੇਲੀਆ, ਯੂਕਰੇਨ, ਰੂਸ ਅਤੇ ਇਜ਼ਰਾਈਲ ਦੇ ਵਿਸ਼ਵ ਵਿਦਿਆਲਿਆਂ ਵਿਚ ਪੜ੍ਹਾਈਆਂ ਗਈਆਂ ਹਨ।

***

ਜਿੱਥੇ ਭਾਰਤੀ ਭਾਸ਼ਾ ਪ੍ਰੀਸ਼ਦ ਨੇ ਵੱਖ-ਵੱਖ ਭਾਸ਼ਾਵਾਂ ਦੇ ਲੇਖਕਾਂ ਨੂੰ ਠਹਿਰਾਇਆ ਸੀ, ਉਥੇ ਜਸਿੰਤਾ ਕੇਰਕੇਟਾ ਅਤੇ ਮੇਰਾ ਕਮਰਾ ਆਹਮੋ-ਸਾਹਮਣੇ ਸੀ। ਸਾਡਾ ਆਪਸ ਵਿਚ ਗੱਲਾਂ ਕਰਨ ਦਾ ਸਬਬ ਬਣਿਆ। ਜਸਿੰਤਾ ਕੇਰਕੇਟਾ ਦੀ ਕਵਿਤਾ ਨੇ ਉਹਨੂੰ ਜ਼ਮੀਨ ਨਾਲ ਜੋੜਿਆ ਸੀ। ਜੰਗਲ, ਪਹਾੜ ਅਤੇ ਨਦੀਆਂ ਉਹਦੀ ਰਹਿਤਲ ਸਨ। ਉਹ ਆਖਦੀ ਸੀ, "ਕੁਦਰਤ ਦਾ ਇਹ ਪਸਾਰਾ ਸਭ ਦਾ ਹੈ। ਇਨ੍ਹਾਂ ਦਾ ਕਵਿਤਾ ਉੱਤੇ ਅਧਿਕਾਰ ਹੈ।"



*ਜਸਿੰਤਾ ਕੇਰਕੇਟਾ*

ਮੋਹ ਦੇ ਇਜ਼ਹਾਰ ਵਜੋਂ ਜਸਿੰਤਾ ਨੇ ਮੈਨੂੰ ਆਪਣੀਆਂ ਨਜ਼ਮਾਂ ਦੀਆਂ ਦੋ ਕਿਤਾਬਾਂ ਦਿੱਤੀਆਂ: 'ਈਸ਼ਵਰ ਔਰ ਬਾਜ਼ਾਰ' ਤੇ 'ਪ੍ਰੇਮ ਮੇਂ ਪੇੜ ਹੋਨਾ'। ਉਹ ਦੋ ਕਿਤਾਬਾਂ ਮੈਂ ਕਦੋਂ ਵੀ ਪੜ੍ਹ ਸਕਦਾ ਸਾਂ ਪਰ ਜਸਿੰਤਾ ਦੇ ਮੂੰਹੋਂ ਕਵਿਤਾਵਾਂ ਸੁਣਨਾ ਮੇਰੇ ਲਈ ਚਾਨਣ ਦੀ ਬਰਸਾਤ ਦੇ ਅਹਿਸਾਸ ਵਰਗਾ ਸੀ। ਜਿਹਤੀਆਂ ਕਵਿਤਾਵਾਂ ਉਹਨੇ ਸੁਣਾਈਆਂ, ਉਹ ਪ੍ਰੇਮ ਕਵਿਤਾਵਾਂ ਕਹਿ ਕੇ ਸੁਣਾਈਆਂ। ਮੇਰੇ ਲਈ ਉਹ ਝਟਪਟ ਪਿਆਰ ਕਵਿਤਾਵਾਂ ਨਹੀਂ ਸਨ ਹੋ ਗਈਆਂ। ਜਿਉਂ-ਜਿਉਂ ਨਜ਼ਮਾਂ ਅਗਾਂਹ ਤੁਰ ਰਹੀਆਂ ਸਨ, ਮੈਂ ਵੀ ਉਹਦੇ ਪਿਆਰ ਦੇ ਅਰਥਾਂ ਵੱਲ ਤਰ ਰਿਹਾ ਸਾਂ:

**ਨਸ਼ਾ**

ਅਸੀਂ ਮਹੂਆ ਦੇ ਨਸ਼ੇ ਵਿਚ ਸਾਂ
ਅਤੇ ਉਹ ਧਰਮ ਦੇ
ਅਸੀਂ ਨਸ਼ੇ ਵਿਚ ਨੱਚਣ ਲੱਗ ਪਏ
ਅਤੇ ਉਹ ਹੱਤਿਆਵਾਂ ਕਰਨ ਲੱਗ ਪਏ।

**ਈਸ਼ਵਰ**

ਬੰਦੂਕਾਂ ਉੱਤੇ ਸਾਰਾ ਦੋਸ਼ ਨਾ ਥੱਪਿਆ ਜਾਵੇ
ਇਸ ਲਈ ਕੁਝ ਲੋਕਾਂ ਨੇ ਤੈਅ ਕੀਤਾ
ਚਲੋ ਕੋਈ ਈਸ਼ਵਰ ਘੜਿਆ ਜਾਵੇ।

**ਪਾਣੀ**

ਪਾਣੀ ਦੇ ਰਾਹ ਹੀ ਤੁਸੀਂ
ਨਵੀਂ ਜ਼ਮੀਨ ਲੱਭੀ
ਤੇ ਨਵੇਂ ਢੰਗ ਨਾਲ
ਮਨੁੱਖਾਂ ਉੱਤੇ ਹਮਲੇ ਕੀਤੇ
ਪਾਣੀ ਹੁਣ/ਆਪਣੀ ਜ਼ਮੀਨ ਲੱਭ ਰਿਹਾ ਹੈ
ਉਸਦੇ ਹਮਲਿਆਂ ਤੋਂ ਬਚਣ ਲਈ
ਤੁਹਾਡੇ ਕੋਲ ਕਿਹੜੀ ਬੰਦੂਕ ਹੈ?

**ਇੱਕ ਦਿਨ ਮੀਂਹ**

ਇੱਕ ਦਿਨ ਮੀਂਹ ਘਰ ਤਕ ਆ ਜਾਵੇਗਾ
ਤੇ ਤੁਹਾਡਾ ਸ਼ਹਿਰ ਰੋੜ੍ਹ ਲੈ ਜਾਵੇਗਾ
ਤੁਸੀਂ ਕੀ ਕਰੋਗੇ?
ਕੀ ਉਸ ਨੂੰ ਅਤਿਵਾਦੀ ਕਹੋਗੇ
ਤੇ ਉਸ ਉੱਤੇ ਬੰਬ ਬਰਸਾਉਗੇ?

ਕਵਿਤਾ ਦੀ ਬਰਸਾਤ ਪਿੱਛੋਂ ਮੈਂ ਇਹ ਜਾਣ ਗਿਆ ਸਾਂ, ਜਸਿੰਤਾ ਦੇ ਪ੍ਰੇਮ ਦਾ ਅਰਥ ਬਿਰਖ ਹੋ ਜਾਣਾ ਸੀ।

***

ਉਹ ਜੋ ਜ਼ਿੰਦਗੀ ਦੇ ਪਿਆਰ ਵਿਚ ਬਿਰਖ ਹੋ ਗਈ ਸੀ, ਉਸ ਦਾ ਪਹਿਰਾਵਾ ਸਾਦ-ਮੁਰਾਦਾ ਸੀ। ਉਹ ਆਮ ਤੌਰ ਉੱਤੇ ਨੰਗੇ ਪੈਰੀਂ ਹੁੰਦੀ। ਉਹ ਨਹੀਂ ਸੀ ਚਾਹੁੰਦੀ ਕਿ ਉਹਦੇ ਅਤੇ ਮਿੱਟੀ ਵਿਚਾਲੇ ਕੋਈ ਵਿੱਥ ਹੋਵੇ। ਇਕੱਠਿਆਂ ਫੋਟੋ ਉਤਰਵਾਉਣ ਵੇਲੇ ਉਹ ਉੱਠ ਕੇ ਆਪਣੇ ਕਮਰੇ ਵਿਚ ਗਈ ਤੇ ਝੱਟ ਜੁੱਤੀ ਪਾ ਕੇ ਆ ਗਈ।

ਜਸਿੰਤਾ ਨਾਂ ਦੇ ਬਿਰਖ ਦੀ ਛਾਂ ਆਪਣੇ ਪਰਿਵਾਰ ਲਈ ਸੀ, ਆਪਣੇ ਲੋਕਾਂ ਲਈ ਸੀ, ਆਪਣੀ ਮਿੱਟੀ ਲਈ ਸੀ। ਉਹਦੇ ਆਪਣੇ ਸਿਰ ਉੱਤੇ ਤਾਂ ਤਿੱਖੜ ਧੁੱਪ ਸੀ। ਉਸ ਨੇ ਆਪਣੀਆਂ ਭੈਣਾਂ ਨੂੰ ਪੜ੍ਹਾਇਆ। ਉਨ੍ਹਾਂ ਦੇ ਵਿਆਹ ਕੀਤੇ। ਆਪਣੇ ਮਾਪਿਆਂ ਦੀ ਗੱਲ ਕਰਦਿਆਂ ਉਹ ਭਾਵੁਕ ਹੋ ਗਈ, "ਮਾਂ ਤੇ ਬਾਬਾ ਬਚਪਨ ਦੇ ਸਾਥੀ ਸਨ। ਸਕੂਲ ਵਿਚ ਇਕੱਠੇ ਪੜ੍ਹਦੇ ਸਨ। ਪਿਆਰ ਕਰਦੇ ਸਨ। ਇੱਕ ਦਿਨ ਉਨ੍ਹਾਂ ਦਾ ਵਿਆਹ ਹੋ ਗਿਆ। ਫਿਰ ਉਹ ਕਦੀ ਦੋਸਤ ਨਹੀਂ ਰਹਿ ਸਕੇ। ਵਿਆਹੇ ਹੋਣ ਦੇ ਬਾਵਜੂਦ ਉਹ ਵੱਖ-ਵੱਖ ਦਿਸ਼ਾ ਵਿਚ ਤੁਰਦੇ ਰਹੇ। ਦੋਹਾਂ ਨੇ ਇਕੱਲਤਾ ਵਾਲਾ ਜੀਵਨ ਜੀਵਿਆ। ਮਾਂ ਨੇ ਕਿਸੇ ਵੀ ਹਾਲਤ ਵਿਚ ਬਾਬਾ ਨੂੰ ਛੱਡਿਆ ਨਹੀਂ। ਸਭ ਦੀ ਸਭ ਤੋਂ ਵੱਧ ਫਿਕਰ ਕਰਦਿਆਂ ਅਤੇ ਆਪਣਾ ਕਦੀ ਵੀ ਧਿਆਨ ਨਾ ਰੱਖਣ ਕਾਰਨ ਉਹ ਸਭ ਤੋਂ ਪਹਿਲਾਂ ਚਲਾਣਾ ਕਰ ਗਈ।" ਜਸਿੰਤਾ ਦੀ ਜ਼ਿੰਦਗੀ ਦੇ ਵਰਕਿਆਂ ਨੂੰ ਫਰੋਲਣ ਦਾ ਇੱਕ ਅਰਥ ਉਸ ਨੂੰ ਉਦਾਸ ਕਰਨਾ ਵੀ ਸੀ।

ਉਹ ਆਪਣੇ ਆਦਿਵਾਸੀ ਕਬੀਲੇ ਨਾਲ ਜੜ੍ਹਾਂ ਤੱਕ ਜੁੜੀ ਹੋਈ ਸੀ। ਉਸ ਦਾ ਇਹ ਰੰਗ ਮੈਂ 20 ਅਪਰੈਲ 2024 ਦੀ ਸ਼ਾਮ ਪੁਰਸਕਾਰ ਵੰਡ ਸਮਾਗਮ ਵੇਲੇ ਦੇਖਿਆ ਸੀ। ਪੁਰਸਕਾਰ ਮਿਲਦੇ ਸਾਰ ਹੀ ਜਸਿੰਤਾ ਨੇ ਇਨਾਮ ਦੀ ਸਾਰੀ ਰਕਮ ਆਦਿਵਾਸੀ ਕੁੜੀਆਂ ਅਤੇ ਔਰਤਾਂ ਦੀ ਭਲਾਈ ਲਈ ਦੇ ਦਿੱਤੀ।

ਬੁੜ੍ਹਾਂ ਵਿਚ ਘਿਰੀ ਉਸ ਕੁੜੀ ਦਾ ਇਹ ਬਾਦਸ਼ਾਹੀ ਤੌਰ-ਤਰੀਕਾ ਸੀ।

***

ਇਨਾਮਾਂ-ਸਨਮਾਨਾਂ ਦੀ ਗੱਲ ਛਿੜੀ ਤਾਂ ਉਸ ਨੇ ਕਿਹਾ, "ਸਿਰਫ਼ ਇਨਾਮ ਦੇਣ ਵਾਲੇ ਹੀ ਸਾਨੂੰ ਨਹੀਂ ਚੁਣਦੇ, ਅਸੀਂ ਵੀ ਉਨ੍ਹਾਂ ਦੀ ਚੋਣ ਕਰਦੇ ਹਾਂ। ਇਹ ਹੱਕ ਸਾਡੇ ਕੋਲ ਵੀ ਹੈ। ਹਰ ਇਨਾਮ ਲੈਣ ਯੋਗ ਨਹੀਂ ਹੁੰਦਾ।" ਮਿਸਾਲ ਸਾਹਮਣੇ ਸੀ। 'ਇੰਡੀਆ ਟੂਡੇ' ਨੇ ਵੱਕਾਰੀ ਇਨਾਮ ਲਈ ਜਸਿੰਤਾ ਕੇਰਕੇਟਾ ਦੀ ਚੋਣ ਕੀਤੀ। ਜਸਿੰਤਾ ਨੇ ਉਹ ਇਨਾਮ ਲੈਣ ਤੋਂ ਕੋਰੀ ਨਾਂਹ ਕਰ ਦਿੱਤੀ।

"ਤੂੰ ਇਸ ਤਰ੍ਹਾਂ ਕਿਉਂ ਕੀਤਾ?"

"ਜਿਨ੍ਹਾਂ ਨਾਲ ਉਹ ਰਸਾਲਾ ਜੁੜਿਆ ਹੋਇਆ ਸੀ, ਉਨ੍ਹਾਂ ਲੋਕਾਂ ਨੇ ਆਦਿਵਾਸੀਆਂ ਦੀਆਂ ਸਮੱਸਿਆਵਾਂ ਅਤੇ ਹੋ ਰਹੇ ਜ਼ੁਲਮਾਂ ਨੂੰ ਨਜਿੱਠਣ ਲਈ ਕਦੇ ਕੁਝ ਨਹੀਂ ਕੀਤਾ। ਮੈਂ ਉਨ੍ਹਾਂ ਦਾ ਇਨਾਮ ਕਿਉਂ ਲੈਂਦੀ?"

"ਉਸ ਇਨਾਮ ਦੀ ਰਾਸ਼ੀ ਨਾਲ ਤੇਰੀਆਂ ਕਿੰਨੀਆਂ ਲੋੜਾਂ ਪੂਰੀਆਂ ਹੋ ਜਾਣੀਆਂ ਸਨ।"

ਉਹ ਹੱਸ ਪਈ, "ਮੇਰੀਆਂ ਲੋੜਾਂ ਬੜੀਆਂ ਥੋੜ੍ਹੀਆਂ ਜਿਹੀਆਂ ਨੇ। ਰਹਿਣ ਲਈ ਮੈਨੂੰ ਬਸ ਇੱਕ ਕਮਰਾ ਚਾਹੀਦਾ ਹੈ ਤੇ ਉਸ ਕਮਰੇ ਵਿਚ ਬਹੁਤ ਸਾਰੀਆਂ ਕਿਤਾਬਾਂ।"

***

ਕੋਲਕਾਤਾ ਨੂੰ ਵਿਦਾ ਕਹਿਣ ਵੇਲੇ ਜਸਿੰਤਾ ਕੇਰਕੇਟਾ ਸਾਨੂੰ, ਦੋਹਾਂ ਜੀਆਂ ਨੂੰ ਬਸੇਰੇ ਦੇ ਬਾਹਰਲੇ ਗੇਟ ਤੱਕ ਤੋਰਨ ਆਈ। ਸੜਕ ਵਾਲਾ ਮੋੜ ਮੁੜਨ ਵੇਲੇ ਤੱਕ ਉਹਦਾ ਹੱਥ ਹਿਲਦਾ ਦਿਸਦਾ ਰਿਹਾ। ਹੁਣ ਸ਼ਾਇਦ ਕਦੇ ਜਸਿੰਤਾ ਕੇਰਕੇਟਾ ਨੂੰ ਮਿਲਣ ਦਾ ਸਬਬ ਨਾ ਵੀ ਬਣੇ ਪਰ ਸਾਡੀ ਉਸ ਮੁਲਾਕਾਤ ਦੀ ਅਲਵਿਦਾ ਨਹੀਂ ਸੀ। ਨਜ਼ਮਾਂ ਰਾਹੀਂ ਤਾਂ ਜਸਿੰਤਾ ਨੂੰ ਮੈਂ ਹੁਣ ਵੀ ਮਿਲਦਾ ਹਾਂ। ਜਸਿੰਤਾ ਕੇਰਕੇਟਾ ਦੇ ਕਾਵਿ ਨੇ ਮੇਰੇ ਯਕੀਨ ਨੂੰ ਪੱਕਿਆਂ ਕੀਤਾ ਹੈ ਕਿ ਨਜ਼ਮਾਂ ਮਨ ਦੀ ਮੌਜ ਲਈ ਹੀ ਨਹੀਂ ਹੁੰਦੀਆਂ, ਹਥਿਆਰ ਵੀ ਹੁੰਦੀਆਂ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉੱਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਅਗਸਤ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-653



ਨੰਨ੍ਹੀ ਬੱਚੀ ਮਾਂ ਪਿਓ ਨਾਲ ਕਰੇ ਕਦੇ ਹਾਸਾ ਕਦੇ ਰੋਸਾ,
ਫਿਰ ਵੀ ਮਾਪੇ ਔਖੇ ਸੌਖੇ ਨੇ ਪਰੋਸਦੇ ਬੱਚਿਆਂ ਨੂੰ ਤੋਸਾ।
ਦੇਖੋ ਤਸਵੀਰ ਵਿੱਚ ਕਿੰਨੀ ਖੁਸ਼ ਹੈ ਲੈ ਐਡਾ ਵੱਡਾ ਡੋਸਾ,
ਸਾਂਬਰ, ਖੋਪੇ, ਟਮਾਟਰ ਤੇ ਪੀਨੱਟ ਦੀ ਚਟਨੀ ਖਾਊ ਕੋਸਾ।

### ਕੈਪਸ਼ਨ ਮੁਕਾਬਲਾ-651



ਵਿਚ ਉਡੀਕਾਂ ਬੈਠੀ ਕੱਲੀ,
ਘਰ ਵਾਲੇ ਨੇ ਕਦ ਆਣਾ
ਬੱਚੇ ਵੀ ਨਾ ਆਏ ਸਕੂਲੋਂ,
ਆ ਕੇ ਉਨ੍ਹਾਂ ਕੀ ਖਾਣਾ
ਕੀ ਕਰਾਂ ਕੁੱਝ ਸਮਝ ਨਾ ਆਵੇ,
ਕੀ ਕੁਝ ਅੱਜ ਬਨਾਣਾ
ਘਰ ਵਾਲਾ ਕਹਿੰਦਾ ਸੀ,
ਅੱਜ ਤਾਂ ਮਿਲ ਕੇ ਵਕਤ ਬੀਤਾਣਾ।
*-ਬਸੰਤ ਕੋਮਲ*
*ਫੋਨ: 94170-05813*

---

ਸਿਰ ਢਕਣ ਨੂੰ ਛੱਤ ਲਿਆ ਕੋਠਾ
ਲਿੱਪ ਪੋਚ ਲਿਆ ਚੁੱਲ੍ਹਾ ਓਟਾ।
ਬਿਨ ਬੂਹੇ ਤੋਂ ਖੁੱਲ੍ਹਾ ਦਰ ਹੈ
ਕਿਹੜਾ ਚੋਰੀ ਦਾ ਕੋਈ ਡਰ ਹੈ।
ਭੁੱਖੇ ਢਿੱਡ ਨੂੰ ਫ਼ਿਕਰ ਸਤਾਵੇ
ਚਿੰਤਾ ਦੇ ਵਿਚ ਡੁਬਦੀ ਜਾਵੇ।
ਲੁੱਟਣ ਹਾਕਮ ਲਾਰੇ ਲਾ ਕੇ
ਫਿਰ ਪਛਤਾਏ ਵੋਟਾਂ ਪਾ ਕੇ।
*-ਜਗਮੀਤ ਸਿੰਘ ਪੰਧੇਰ*

ਹਾਲਾਤ ਦੀ ਭੰਨੀ ਮਾਂ
ਬੈਠੀ ਢਾਹ ਕੇ ਢੇਰੀ
ਬੰਦੇ ਇੱਥੋਂ ਕੀ ਲੈ ਜਾਣਾ
ਕਰਦਾ ਰਹਿਨਾ ਮੇਰੀ ਮੇਰੀ
ਭਲੇ ਵੇਲਿਆਂ ਨੂੰ ਯਾਦ ਕਰ ਕਰ ਕੇ
ਮਾਤਾ ਕਰਦੀ ਬਾਗਰੂ-ਬਾਗਰੂ
ਹਰੀ ਹਰੀ, ਰਾਮ-ਰਾਮ।
ਚੁੱਲ੍ਹਾ ਵੀ ਤਪਾਉਣ ਨੂੰ
ਮਨ ਨਹੀਂ ਕਰਦਾ
ਸੱਚੇ ਪੱਕਿਆਂ ਨੂੰ ਵੀ ਗੁੰਡੇ ਕਰਨ ਬਦਨਾਮ।
ਘਰਾਂ ਨੂੰ ਜਿੰਦੇ ਕੁੰਡਿਆਂ ਦੀ ਨਹੀਂ
ਪੈਂਦੀ ਸੀ ਲੋੜ
ਹੁਣ ਤਾਂ ਟੁੱਟੇ ਘਰਾਂ ਨੂੰ ਵੀ
ਲੁੱਟਣ ਦੀ ਲੱਗਦੀ ਹੋੜ।
*-ਅਮਰਜੀਤ ਸਿੰਘ ਤੂਰ*
*ਕੁਲਬੁਰਛਾਂ (ਪਟਿਆਲਾ)*

---

ਕੱਚਾ ਢਾਰਾ ਗੋਹੇ ਮਿੱਟੀ ਦੀਆਂ ਕੰਧਾਂ
ਖਾਣਾ ਪਕਾਉਣਾ ਚੌਕਾ ਚੁੱਲ੍ਹਾ ਰੜੇ ਮੈਦਾਨ
ਜੋ ਕਮਾਉਣਾ ਸੋ ਹੀ ਖਾਣਾ
ਬੂਹਾ ਖੁੱਲ੍ਹਾ, ਅੰਦਰ ਸਭ ਖਾਲੀ
ਨਾ ਗੁਆਉਣ ਦਾ ਡਰ,
ਨਾ ਚੋਰੀ ਦਾ ਭੈਅ
ਹੈ ਨਹੀਂ ਪੱਲੇ
ਇਕ ਵੀ ਧੇਲਾ
ਮਸਲਾ ਕਿੰਝ ਢਿੱਡ ਨੂੰ ਝੁਲਕਾ ਦੇਵੇ
ਪੈ ਸੋਚੀਂ ਬੈਠੀ ਮਾਰ ਸਿਰ 'ਤੇ ਹੱਥ
ਰੱਖ ਹੌਸਲਾ ਮਾਰ ਹੰਭਲਾ
ਕੋਈ ਤਾਂ ਹੀਲਾ ਬਣੂੰ ਰੋਟੀ ਪਾਣੀ ਦਾ।
*-ਦਰਸ਼ਨ ਪਾਲ ਦੋਸਾਂਝ*

## ਆਨੰਦ


ਛਿੜਦਾ ਜਦੋਂ ਕੋਈ ਸਾਜ਼ ਹੈ,
ਕੰਬਦੀ ਜਦੋਂ ਕੋਈ ਤੰਦ ਹੈ।
ਕਾਇਨਾਤ ਗੂੰਜੇ ਰਾਗਣੀ,
ਰੂਹ ਮਾਣਦੀ ਆਨੰਦ ਹੈ।
ਕੁਦਰਤ ਸੌਗਾਤਾਂ ਵੰਡਦੀ
ਦਰਿਆਵਾਂ ਝਰਨਿਆਂ ਦੀ,
ਨਿੱਘ ਦਿੰਦਾ ਸੂਰਜ ਕਹਿਕਸ਼ਾਂ
ਠੰਡ ਵੰਡਦਾ ਇਹਦਾ ਚੰਦ ਹੈ।
ਤੜਕੇ ਦਾ ਸੁੱਖ ਹੈ ਮਿੱਠੜਾ
ਸੰਜਮ ਸੁਰਾਂ ਲੱਭਦੀ,
ਪੰਛੀ ਇਉਂ ਨੇ ਚਹਿਕਦੇ,
ਜਿਉਂ ਮਿੱਠੜੀ ਗੁਲਕੰਦ ਹੈ।
ਦਾਤੇ ਨੇ ਰਚਿਆ ਜੱਗ ਹੈ,
ਇੱਕ ਸੋਚ ਦੇ ਹੀ ਆਸਰੇ,
ਬੇਤਾਲ ਫਿਰ ਕਿਉਂ ਨਰਤਕੀ
ਕਿਉਂ ਸੋਚ 'ਚ ਦਵੰਦ ਹੈ?
*-ਡਾ. ਜਸਵੀਰ ਕੌਰ*

# ਵਰਣ ਤਾਨਾਸ਼ਾਹੀ ਨੂੰ ਮਜ਼ਬੂਤ ਕਰ ਰਿਹਾ ਹਿੰਦੂਤਵ-3

***ਸੀਨੀਅਰ ਪੱਤਰਕਾਰ ਅਤੇ 'ਕਾਰਵਾਂ' ਪਰਚੇ ਦੇ ਕਾਰਜਕਾਰੀ ਸੰਪਾਦਕ ਹਰਤੋਸ਼ ਸਿੰਘ ਬੱਲ ਦਾ ਇਹ ਲੇਖ ਲੋਕ ਸਭਾ ਚੋਣਾਂ ਮੌਕੇ ਲਿਖਿਆ ਗਿਆ ਸੀ ਪਰ ਇਸ ਵਿਚ ਹਿੰਦੂਤਵ ਵੱਲੋਂ ਵਰਣ ਵਿਵਸਥਾ ਨੂੰ ਮਜ਼ਬੂਤ ਕਰਨ ਦੇ ਜਿਸ ਮੁੱਦੇ ਨੂੰ ਛੂਹਿਆ ਗਿਆ, ਉਹ ਹੁਣ ਹੋਰ ਵੀ ਮਹੱਤਵ ਅਖ਼ਤਿਆਰ ਕਰ ਗਿਆ ਹੈ। ਇਸ ਲੰਮੇ ਲੇਖ ਦੀ ਤੀਜੀ ਅਤੇ ਆਖਰੀ ਕਿਸ਼ਤ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਇਸ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਕਾਂਸ਼ੀ ਰਾਮ ਦਾ ਰਿਪਬਲਿਕਨ ਪਾਰਟੀ ਆਫ ਇੰਡੀਆ ਤੋਂ ਮੋਹ ਭੰਗ ਹੋਣਾ ਵੀ ਇਸੇ ਵਿਸ਼ਵਾਸ ਤੋਂ ਪੈਦਾ ਹੋਇਆ ਸੀ ਅਤੇ ਉਸ ਨੇ ਬੇਬਾਕੀ ਨਾਲ ਇਸ ਦੀ ਆਲੋਚਨਾ ਕੀਤੀ ਸੀ। ਇੱਥੋਂ ਤੱਕ ਕਿ ਅਜਿਹੇ ਵਿਚਾਰਾਂ ਨੇ ਉਸ ਦਾ ਦਲਿਤ ਬੁੱਧੀਜੀਵੀਆਂ ਨਾਲ ਜੁੜਨਾ ਵੀ ਮੁਸ਼ਕਿਲ ਬਣਾ ਦਿੱਤਾ ਪਰ ਉਚ ਜਾਤੀ ਦੀਆਂ ਪਾਰਟੀਆਂ ਦੀ ਪੂਛ ਫੜ ਕੇ ਸੱਤਾ ਉਪਰ ਕਬਜ਼ਾ ਹੋਣ ਦੀਆਂ ਕਮੀਆਂ ਦੇ ਇਸ ਅਹਿਸਾਸ ਤੋਂ ਹੀ ਉਸ ਨੇ ਆਪਣੀ ਬਹੁਜਨ ਰਾਜਨੀਤੀ ਤਿਆਰ ਕੀਤੀ ਸੀ।

ਜੋਧਕਾ ਨੇ ਉਸ ਦੇ 1998 ਦੇ ਭਾਸ਼ਣ ਦਾ ਹਵਾਲਾ ਦਿੱਤਾ ਹੈ। ਕਾਂਸ਼ੀ ਰਾਮ ਨੇ ਕਿਹਾ, "ਜਿਵੇਂ ਮੈਨੂੰ ਸਮਝ ਆਇਆ ਹੈ, ਜਾਤੀ ਦੋ-ਧਾਰੀ



ਤਲਵਾਰ ਹੈ। ਸਾਨੂੰ ਇਸ ਨਾਲ ਨਜਿੱਠਣਾ ਸਿੱਖਣਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਸਵਰਣ ਜੋ ਆਬਾਦੀ ਦਾ ਸਿਰਫ਼ ਪੰਦਰਾਂ ਪ੍ਰਤੀਸ਼ਤ ਬਣਦੇ ਹਨ, ਨੇ ਬਾਕੀ ਹਿੰਦੂ ਸਮਾਜ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਉਪਰ ਜ਼ੁਲਮ ਕਰਨ ਲਈ ਜਾਤੀ ਦੀ ਵਰਤੋਂ ਕੀਤੀ।... ਜੇ ਸਾਡੇ ਕੋਲ ਇੰਨੀ ਵੱਡੀ ਗਿਣਤੀ ਹੈ ਤਾਂ ਅਸੀਂ ਇਸ ਦੀ ਵਰਤੋਂ ਆਪਣੇ ਲਈ ਕਿਉਂ ਨਹੀਂ ਕਰ ਸਕਦੇ? ਹਾਲਾਂਕਿ ਚੁਣੌਤੀ ਜਾਤੀ ਦੀ ਰਾਜਨੀਤਕ ਤੌਰ 'ਤੇ ਵਰਤੋਂ ਕਰਨਾ ਸਿੱਖਣ ਦੀ ਹੈ... ਜੋ ਸਾਨੂੰ ਸਾਡੀਆਂ ਸਾਰੀਆਂ ਸਮੱਸਿਆਵਾਂ ਦੇ ਸਰੋਤ ਵਜੋਂ ਦਿਸਦਾ ਹੈ, ਉਹ ਸਾਡੇ ਲਈ ਮੌਕੇ ਦਾ ਸਰੋਤ ਵੀ ਹੋ ਸਕਦਾ ਹੈ। ਸਾਨੂੰ ਇਸ ਨੂੰ ਆਪਣੇ ਭਲੇ ਲਈ ਵਰਤਣ ਦੀ ਜ਼ਰੂਰਤ ਹੈ। ਜੇ ਅਸੀਂ ਇਸ ਨੂੰ ਸਿਆਣਪ ਨਾਲ ਵਰਤਦੇ ਹਾਂ ਤਾਂ ਅਸੀਂ ਸੱਤਾ ਵਿਚ ਆ ਸਕਦੇ ਹਾਂ, ਤੇ ਸੱਤਾ ਸਾਰੇ ਹੱਲਾਂ ਦੀ ਕੁੰਜੀ ਹੈ। ਸਾਨੂੰ ਇਸ ਮੁਲਕ ਦੇ ਹੁਕਮਰਾਨ ਬਣਨ ਦੀ ਜ਼ਰੂਰਤ ਹੈ।"

ਜਾਤੀ ਨਾਲ 'ਨਜਿੱਠਣ' ਦਾ ਕਾਂਸ਼ੀ ਰਾਮ ਦਾ ਵਿਚਾਰ ਜਾਤੀਆਂ ਨੂੰ ਬਹੁਜਨ ਸਮੂਹ ਵਿਚ ਜੋੜਨ ਤੋਂ ਪਹਿਲਾਂ ਜੋ ਉਚ ਜਾਤੀਆਂ ਦੇ ਵਿਰੁੱਧ ਹੋਵੇਗਾ, ਉਨ੍ਹਾਂ ਨੂੰ ਆਪਣੀ ਲੀਡਰਸ਼ਿਪ ਬਣਾ ਕੇ ਅਤੇ ਉਨ੍ਹਾਂ ਦੇ ਆਪਣੇ ਚਿੰਨ੍ਹਾਂ ਵਿਚ ਮਾਣ ਪੈਦਾ ਕਰ ਕੇ ਉਨ੍ਹਾਂ ਨੂੰ ਸ਼ਕਤੀਸ਼ਾਲੀ ਬਣਾਉਣਾ ਸੀ। ਇਹ ਕਮਾਲ ਦੀ ਯੁੱਧਨੀਤੀ ਸੀ ਜਿਸ ਨੇ ਉਤਰ ਪ੍ਰਦੇਸ਼ ਵਿਚ ਬਸਪਾ ਨੂੰ ਸੱਤਾ ਵਿਚ ਲਿਆਉਣ ਅਤੇ ਪੰਜਾਬ ਤੇ ਮੱਧ ਪ੍ਰਦੇਸ਼ ਵਿਚ ਇਸ ਨੂੰ ਵਧਣ ਫੁੱਲਣ ਵਿਚ ਮਦਦ ਕੀਤੀ।

ਪਿਛਲਝਾਤ ਮਾਰਿਆਂ ਉਤਰ ਪ੍ਰਦੇਸ਼ ਵਿਚ ਭਾਜਪਾ ਨਾਲ ਬਸਪਾ ਦਾ ਗੱਠਜੋੜ ਇਸ ਦੀ ਸਭ ਤੋਂ ਵੱਡੀ ਰਾਜਨੀਤਕ ਗ਼ਲਤੀ ਸੀ। ਇਹ ਐਸੀ ਪ੍ਰਕਿਰਿਆ ਨੂੰ ਗਤੀ ਦੇਣ ਲਈ ਸੀ ਜਿਸ ਨਾਲ ਬਸਪਾ ਇਕਲੌਤੀ ਜਾਤੀ ਦੀ ਪਾਰਟੀ ਬਣ ਕੇ ਰਹਿ ਗਈ ਜਿਸ ਵਿਚਲੇ ਵੱਡੀ ਗਿਣਤੀ ਬਹੁਜਨ ਤੱਤ ਜਿਨ੍ਹਾਂ ਨੂੰ ਕਾਂਸ਼ੀ ਰਾਮ ਨੇ ਹੋਰ ਦਲਿਤ ਤੇ ਈ.ਬੀ.ਸੀ.(ਆਰਥਿਕ ਤੌਰ 'ਤੇ ਪਿਛੜੀਆਂ ਸ਼੍ਰੇਣੀਆਂ) ਭਾਈਚਾਰਿਆਂ ਤੋਂ ਆਪਣੇ ਨਾਲ ਜੋੜਿਆ ਸੀ, ਉਹ ਹੁਣ ਭਾਜਪਾ ਨਾਲ ਗੱਠਜੋੜ ਕਰ ਰਹੇ ਹਨ। ਥੋੜ੍ਹੇ ਸਮੇਂ ਲਈ ਬਸਪਾ ਨੂੰ ਸੱਤਾ ਵਿਚ ਲਿਆਉਣ ਵਾਲੀ ਭਾਜਪਾ ਦੀ ਦੂਜਿਆਂ ਨੂੰ ਜਗ੍ਹਾ ਦੇਣ ਦੀ ਇਹ ਨੀਤੀ ਵਿਚ, ਕਾਂਸ਼ੀ ਰਾਮ ਦੀ ਮੌਤ ਤੋਂ ਬਾਅਦ ਉਨ੍ਹਾਂ ਆਗੂਆਂ ਪ੍ਰਤੀ ਮਾਇਆਵਤੀ ਦੀ ਆਪਣੀ ਬੇਭਰੋਸਗੀ ਕਾਰਨ ਹੋਰ ਵਾਧਾ ਹੋ ਗਿਆ ਜਿਨ੍ਹਾਂ ਦਾ ਉਸ ਦੀ ਵਿਰਾਸਤ ਨਾਲ ਸੁਤੰਤਰ ਸਬੰਧ ਸੀ।

ਮੁਲਾਇਮ ਸਿੰਘ ਦੀ ਸਮਾਜਵਾਦੀ ਪਾਰਟੀ ਅਤੇ ਲਾਲੂ ਪ੍ਰਸਾਦ ਯਾਦਵ ਦੇ ਰਾਸ਼ਟਰੀ ਜਨਤਾ ਦਲ ਦਾ ਉਭਾਰ ਯਾਦਵਾਂ ਦੀ ਦਾਅਵੇਦਾਰੀ ਦੇ ਇਰਦ-ਗਿਰਦ ਹੋਇਆ ਸੀ। ਇਸ ਦਾਅਵੇਦਾਰੀ ਨੇ ਜੋ ਸੱਤਾ ਦੇ ਨਤੀਜੇ ਵਜੋਂ ਆਈ ਹੈ, ਉਸ ਸਮੁੱਚੇ ਜਗੀਰੂ ਕੰਟਰੋਲ ਦੀ ਮਾਤਰਾ ਨੂੰ ਧੁੰਦਲਾ ਬਿਲਕੁਲ ਨਹੀਂ ਕਰਨਾ ਜੋ ਉਚ ਜਾਤੀ ਦੇ ਠਾਕੁਰਾਂ ਅਤੇ ਭੂਮੀਹਾਰਾਂ ਨੇ ਪਿੱਛੇ ਜਿਹੇ ਹੀ ਪੇਂਡੂ ਸਮਾਜ ਉਪਰ ਬਣਾਇਆ ਸੀ। ਭੋਇੰ ਮਾਲਕ ਜਾਤੀਆਂ ਅਤੇ ਈ.ਬੀ.ਸੀ. ਦੋਹਾਂ ਸਣੇ ਓ.ਬੀ.ਸੀ. (ਹੋਰ ਪਿਛੜੀਆਂ ਸ਼੍ਰੇਣੀਆਂ) ਦੇ ਬਾਵਜੂਦ ਉਨ੍ਹਾਂ ਨੂੰ ਇਕੱਠੇ ਕਰਨ ਦਾ ਕੰਮ ਸੌਖਾ ਨਹੀਂ ਸੀ ਕਿਉਂਕਿ ਪੇਂਡੂ ਭਾਰਤ ਦੇ ਪ੍ਰਸੰਗ ਵਿਚ ਈ.ਬੀ.ਸੀ. ਨੂੰ ਸਭ ਤੋਂ ਵੱਧ ਸਮੱਸਿਆਵਾਂ ਦਾ ਸਾਹਮਣਾ ਭੋਇੰ ਮਾਲਕ ਓ.ਬੀ.ਸੀ. ਜਾਤੀਆਂ ਦੇ ਹੱਥੋਂ ਕਰਨਾ ਪਿਆ ਸੀ। ਇਸ ਤਰ੍ਹਾਂ ਲਾਲੂ ਅਤੇ ਮੁਲਾਇਮ, ਦੋਹਾਂ ਨੇ ਮੁਸਲਿਮ ਵੋਟਾਂ ਦੀ ਜ਼ਰੂਰਤ ਪਛਾਣੀ ਅਤੇ ਰਾਮ ਜਨਮ ਭੂਮੀ ਮੁਹਿੰਮ ਵਿਰੁੱਧ ਡੱਟ ਕੇ ਸਟੈਂਡ ਲਿਆ। ਬਸਪਾ ਦੇ ਭਾਜਪਾ ਨਾਲ ਮੇਲਜੋਲ ਨੇ ਇਨ੍ਹਾਂ ਪਾਰਟੀਆਂ ਨੂੰ ਮੁਸਲਮਾਨਾਂ ਦੀ ਹਮਾਇਤ ਹੋਰ ਵਧਾ ਦਿੱਤੀ।




***ਭਾਜਪਾ ਦੀ ਹਿੰਦੂਤਵ ਅਤੇ ਜਾਤੀ ਰਾਜਨੀਤੀ ਵਿਰੁੱਧ ਲੜਾਈ ਇਕ ਵਾਰ ਫਿਰ ਕਾਂਸ਼ੀ ਰਾਮ ਦੇ ਸੰਘਰਸ਼ ਵਾਂਗ, ਹੇਠੋਂ ਉਠਣੀ ਚਾਹੀਦੀ ਹੈ ਪਰ ਇਸ ਨੂੰ ਘੱਟ ਗਿਣਤੀਆਂ ਨੂੰ ਬਰਾਬਰ ਦਾ ਭਾਈਵਾਲ ਮੰਨਣਾ ਪਵੇਗਾ। ਇਸ ਨੂੰ ਜਾਤੀਆਂ ਦੀ ਭਾਸ਼ਾ ਵਿਚ ਗੱਲ ਕਰਨੀ ਚਾਹੀਦੀ ਹੈ, ਸਿਰਫ਼ ਚਿੰਨ੍ਹ ਰੂਪੀ ਨੁਮਾਇੰਦਗੀ ਦੇ ਰੂਪ ਵਿਚ ਨਹੀਂ ਸਗੋਂ ਉਨ੍ਹਾਂ ਵਿਚ ਜੋ ਨੁਮਾਇੰਦਗੀ ਦੇ ਸਵਾਲ ਨੂੰ ਆਪਣੀ ਲੀਡਰਸ਼ਿਪ ਦੇ ਕੇਂਦਰ ਵਿਚ ਰੱਖਦੇ ਹਨ।***

ਇਹ ਗੱਠਜੋੜ ਰਾਜ ਪੱਧਰ 'ਤੇ ਅਜੇ ਵੀ ਜ਼ਿੰਦਾ ਹਨ ਜਿਨ੍ਹਾਂ ਨੂੰ ਭਾਜਪਾ ਨੂੰ ਚੁਣੌਤੀ ਦੇਣ ਲਈ ਕਾਫ਼ੀ ਹਮਾਇਤ ਹਾਸਲ ਹੈ; ਇੱਥੋਂ ਤੱਕ ਕਿ ਉਤਰ ਪ੍ਰਦੇਸ਼ ਵਿਚ ਜ਼ਮੀਨੀ ਪੱਧਰ 'ਤੇ ਕਾਂਗਰਸ ਨਾਲੋਂ ਬਸਪਾ ਦਾ ਹੱਥ ਉਪਰ ਹੈ। ਦੋਹਾਂ ਵਿਚ ਨੁਮਾਇੰਦਗੀ ਰਾਹੀਂ ਈ.ਬੀ.ਸੀ. ਦੀ ਹਮਾਇਤ ਖਿੱਚਣ ਦੀ ਯੋਗਤਾ ਹੈ ਅਤੇ ਸਮਾਜਵਾਦੀ ਪਾਰਟੀ ਨੇ ਆਖ਼ਿਰਕਾਰ ਇਸ ਲਾਜ਼ਮੀ ਜ਼ਰੂਰਤ ਨੂੰ ਹੁੰਗਾਰਾ ਦੇਣਾ ਸ਼ੁਰੂ ਕਰ ਦਿੱਤਾ ਹੈ।

ਹਿੰਦੀ ਪੱਟੀ ਵਿਚ ਭਾਜਪਾ ਦੀ ਇੱਕੋ-ਇਕ ਪ੍ਰਾਪਤੀ ਅਸਲੀ ਸੱਤਾ ਉਚ ਜਾਤੀਆਂ ਲਈ ਬਰਕਰਾਰ ਰੱਖਦੇ ਹੋਏ, ਕਾਂਸ਼ੀ ਰਾਮ ਦੇ ਬਣਾਏ ਖ਼ਾਸ ਨਮੂਨੇ ਨੂੰ ਉਲਟਾਉਣਾ ਸੀ। ਇਸ ਨੇ ਜਾਤੀ ਚਿੰਨ੍ਹ ਉਸਾਰਨ ਲਈ ਉਸੇ ਦੇ ਤਰੀਕੇ ਵਰਤੇ, ਉਨ੍ਹਾਂ ਨੂੰ ਸਿੱਧੇ ਤੌਰ 'ਤੇ ਹਿੰਦੂ ਧਰਮ ਦੀਆਂ ਮਿੱਥਾਂ ਨਾਲ ਜੋੜਨ ਲਈ ਇਕ ਕਦਮ ਅੱਗੇ ਵਧਾਉਂਦਿਆਂ, ਨਾਲ ਹੀ ਇਹ ਯਕੀਨੀ ਬਣਾਇਆ ਕਿ ਉਹ ਈ.ਬੀ.ਸੀ. ਜਾਂ ਦਲਿਤ ਵਜੋਂ ਵੱਡੀ ਰਾਜਨੀਤਕ ਪਛਾਣ ਵਿਚ ਹਿੱਸਾ ਨਾ ਲੈਣ। ਇਸ ਤਰ੍ਹਾਂ ਜਾਤੀਆਂ ਦੇ ਲਗਾਤਾਰ ਵੰਡ ਕੇ ਰੱਖਣ ਵਾਲੇ ਸੁਭਾਅ ਨੂੰ ਇਕ ਵਾਰ ਫਿਰ ਵਰਤਿਆ ਗਿਆ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਰਣ ਪ੍ਰਣਾਲੀ ਲਈ ਕੋਈ ਚੁਣੌਤੀ ਨਾ ਬਣੇ। ਇਹ ਉਹ ਰਾਜਨੀਤੀ ਹੈ ਜਿਸ ਨੇ ਭਾਜਪਾ ਨੂੰ ਉਤਰ ਪ੍ਰਦੇਸ਼ ਉਪਰ ਕਾਬਜ਼ ਹੁੰਦੇ ਦੇਖਿਆ ਹੈ। ਹੋਰ ਹਿੰਦੀ ਪੱਟੀ ਰਾਜਾਂ ਜਿਵੇਂ ਮੱਧ ਪ੍ਰਦੇਸ਼, ਵਿਚ ਵੱਡੀ ਦਲਿਤ ਜਾਂ ਯਾਦਵ ਗੁਲੀ ਦੀ ਘਾਟ ਹੈ ਜਿਸ ਦੇ ਦੁਆਲੇ ਕੋਈ ਰਾਜਨੀਤਕ ਗਠਨ ਹੋ ਸਕਦਾ ਹੋਵੇ।

ਉਥੇ ਜ਼ਿਆਦਾਤਰ ਓ.ਬੀ.ਸੀ. ਜੋ ਪਹਿਲਾਂ ਰਾਮ ਜਨਮ ਭੂਮੀ ਅੰਦੋਲਨ ਦੁਆਰਾ ਇਸ ਪਾਰਟੀ ਵੱਲ ਖਿੱਚੇ ਗਏ ਸਨ, ਹੁਣ ਵੱਡੇ ਪੱਧਰ 'ਤੇ ਭਾਜਪਾ ਦੇ ਡਿਫਾਲਟ ਵੋਟਰ ਬਣ ਗਏ। ਇਸ ਰਾਜਨੀਤਕ ਪਿਛੋਕੜ 'ਚ ਹੀ ਅਸੀਂ ਕਾਂਗਰਸ ਦਾ ਪਤਨ ਸਮਝ ਸਕਦੇ ਹਾਂ।

ਵਿਰੋਧੀ ਧਿਰ ਲਈ ਮੁੱਖ ਸਮੱਸਿਆ ਇਹ ਹੈ ਕਿ ਜਿੱਥੇ ਵੀ ਕਾਂਗਰਸ ਭਾਜਪਾ ਨਾਲ ਸਿੱਧੀ ਟੱਕਰ 'ਚ ਪੈਂਦੀ ਹੈ, ਉਥੇ ਹੀ ਇਸ ਦਾ ਪੂਰੀ ਤਰ੍ਹਾਂ ਪਤਨ ਹੋ ਜਾਂਦਾ ਹੈ ਪਰ ਜਿਵੇਂ ਉਪਰਲੇ ਵਰਣਨ ਤੋਂ ਸਪਸ਼ਟ ਹੈ, ਇਹ ਗੱਲ ਕਾਂਗਰਸ ਦੇ ਸਪਸ਼ਟ ਗੇੜ 'ਚ ਨਹੀਂ ਆ ਰਹੀ ਕਿ ਇਹ ਕੀ ਹੈ ਅਤੇ ਜੇ ਇਸ ਨੇ ਰਾਜਨੀਤਕ ਤੌਰ 'ਤੇ ਮੁੜ ਜਥੇਬੰਦ ਹੋਣਾ ਹੈ ਤਾਂ ਇਸ ਨੂੰ ਕਿਸ ਨੂੰ ਖਿੱਚਣਾ ਚਾਹੀਦਾ ਹੈ।

ਪਿਛਲੇ ਚਾਲੀ ਸਾਲਾਂ ਵਿਚ ਕਾਂਗਰਸ ਨੇ ਜਿਨ੍ਹਾਂ ਮੁੱਖ ਮੰਤਰੀਆਂ ਨੂੰ ਹਿੰਦੀ ਪੱਟੀ ਦੀ ਵਾਗਡੋਰ ਸੌਂਪੀ, ਉਨ੍ਹਾਂ ਵਿਚੋਂ ਸਿਰਫ਼ ਰਾਜਸਥਾਨ ਵਿਚ ਅਸ਼ੋਕ ਗਹਿਲੋਤ ਹੀ ਈ.ਬੀ.ਸੀ. ਸੀ। ਗਹਿਲੋਤ ਦਿਖਾਉਂਦਾ ਹੈ ਕਿ ਅਜਿਹੀ ਨੁਮਾਇੰਦਗੀ ਨਾਲ ਕਿੰਨਾ ਫ਼ਰਕ ਲਿਆਂਦਾ ਜਾ ਸਕਦਾ ਹੈ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਕਾਂਗਰਸ ਨੂੰ ਵੱਖ ਕਰਨ ਲਈ ਬਹੁਤ ਘੱਟ ਹੈ ਪਰ ਅਸ਼ੋਕ ਗਹਿਲੋਤ ਦੀ ਮੌਜੂਦਗੀ ਇਹ ਯਕੀਨੀ ਬਣਾਉਣ 'ਚ ਕਾਮਯਾਬ ਰਹੀ ਹੈ ਕਿ ਰਾਜਸਥਾਨ ਵਿਚ ਈ.ਬੀ.ਸੀ. ਪਾਰਟੀ ਤੋਂ ਪੂਰੀ ਤਰ੍ਹਾਂ ਵੱਖ ਨਾ ਹੋਣ।

ਮੱਧ ਪ੍ਰਦੇਸ਼ ਵਿਚ ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ ਵਿਚ ਆਪਣੀ ਉਚ ਜਾਤੀ ਦੀ ਲੀਡਰਸ਼ਿਪ ਹੇਠ ਕਾਂਗਰਸ ਦੇ ਪੂਰੀ ਤਰ੍ਹਾਂ ਸਫਾਇਆ ਹੋਣ ਦੇ ਉਲਟ, ਰਾਜਸਥਾਨ ਵਿਚ ਪਾਰਟੀ ਮੁਕਾਬਲਾ ਕਰਨ ਦੇ ਸਮਰੱਥ ਰਹੀ ਹੈ। ਇਸ ਆਮ ਚੋਣ ਵਿਚ ਵੀ ਇਸ ਗੱਲ ਦੇ ਸੰਕੇਤ ਹਨ ਕਿ ਮੱਧ ਪ੍ਰਦੇਸ਼ ਦੇ ਉਲਟ ਪਾਰਟੀ ਰਾਜਸਥਾਨ 'ਚ ਇਹ ਸਥਿਤੀ ਬਣਾਈ ਰੱਖਣ ਲਈ ਲੜ ਰਹੀ ਹੈ। ਪੰਜਾਬ ਵਿਚ ਦਲਿਤ ਚਰਨਜੀਤ ਚੰਨੀ ਨੂੰ ਸਿਰਫ਼ ਕੁਝ ਮਹੀਨਿਆਂ ਲਈ ਮੁੱਖ ਮੰਤਰੀ ਬਣਾਇਆ ਸੀ ਪਰ ਉਸ ਨੂੰ ਰਾਜ ਅੰਦਰ ਲੀਡਰਸ਼ਿਪ ਦੇ ਅਹੁਦਿਆਂ ਤੋਂ ਲਾਂਭੇ ਕਰ ਦਿੱਤਾ ਗਿਆ। ਕੁਝ ਵੀ ਹੋਵੇ, ਜਿਵੇਂ ਰਾਜ ਦੇ ਅੰਦਰ ਸਪਸ਼ਟ ਸੀ, ਚੰਨੀ ਨੂੰ ਇਸ ਲਈ ਨਹੀਂ ਸੀ ਚੁਣਿਆ ਗਿਆ ਕਿ ਉਹ ਦਲਿਤ ਸੀ - ਬਲਕਿ ਉਸ ਦੀ ਪਛਾਣ ਦੀ ਵਰਤੋਂ ਰਾਜਨੀਤਕ ਸਥਿਤੀ ਨੂੰ ਬਦਲਣ ਲਈ ਕੀਤੀ ਗਈ ਸੀ ਜੋ ਗਾਂਧੀ ਪਰਿਵਾਰ ਵੱਲੋਂ ਸਿੱਧੇ ਤੌਰ 'ਤੇ ਗ਼ਲਤ ਤਰੀਕਿਆਂ ਨਾਲ ਨਜਿੱਠਣ ਕਾਰਨ ਤੇਜ਼ੀ ਨਾਲ ਗੜਬੜਾ ਗਈ।

***ਵਰਣ ਦਰਜਾਬੰਦੀ ਦੇ ਪਤਨ ਦੇ ਮੱਦੇਨਜ਼ਰ ਹਿੰਦੂ ਪਛਾਣ ਕੀ ਰੂਪ ਲੈ ਸਕਦੀ ਹੈ, ਇਹ ਵੱਡਾ ਅਤੇ ਦਿਲਚਸਪ ਸਵਾਲ ਹੈ। ਬਰਾਬਰੀ ਦੀ ਦਾਅਵੇਦਾਰੀ ਜੋ ਇਕ ਸਿਰੇ ਤੋਂ ਲੈ ਕੇ ਵਰਣ ਦਰਜਾਬੰਦੀ ਤੱਕ ਉਭਰ ਸਕਦੀ ਹੈ, ਆਪਣੇ ਆਪ ਨੂੰ ਜਾਇਜ਼ ਠਹਿਰਾਉਂਦੀ ਹੈ, ਇਸ ਤੱਥ ਦੇ ਬਾਵਜੂਦ ਕਿ ਹਿੰਦੂ ਧਰਮ ਦਾ ਇਹ ਨਵਾਂ ਅਵਤਾਰ ਜ਼ਰੂਰੀ ਤੌਰ 'ਤੇ ਹੁਣ ਜੋ ਪ੍ਰਚਲਤ ਹੈ, ਉਸ ਨਾਲੋਂ ਵਧੇਰੇ ਸਹਿਣਸ਼ੀਲ ਜਾਂ ਘੱਟ ਇਸਲਾਮੋਫੋਬਿਕ (ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਊ) ਨਹੀਂ ਹੋ ਸਕਦਾ। ਜਿਵੇਂ ਇਹ ਆਮ ਚੋਣਾਂ ਦਰਸਾਉਂਦੀਆਂ ਹਨ, ਹਿੰਦੂਤਵ ਜਾਤੀ ਦਾ ਨਮੂਨਾ ਹਿੰਦੀ ਪੱਟੀ ਵਿਚ ਇਕੋ ਤਰ੍ਹਾਂ ਕੰਮ ਨਹੀਂ ਕਰਦਾ।***

ਅੱਜ ਜਦੋਂ ਅਸੀਂ ਕਾਂਗਰਸ ਹਾਈ ਕਮਾਨ ਨੂੰ ਦੇਖਦੇ ਹਾਂ ਤਾਂ ਇਹ ਭਾਜਪਾ ਦੇ ਮੁਕਾਬਲੇ ਮੁਲਕ ਦੀ ਬਹੁਤ ਘੱਟ ਨੁਮਾਇੰਦਾ ਨਜ਼ਰ ਆਉਂਦੀ ਹੈ। ਮਲਿਕਅਰਜੁਨ ਖੜਗੇ ਦਲਿਤ ਹੈ ਜਿਸ ਨੇ ਸ਼ਾਨਦਾਰ ਰਾਜਨੀਤਕ ਕਰੀਅਰ ਤਰਾਸ਼ਿਆ ਹੈ ਪਰ ਉਹ ਵਿੰਧਿਆ ਪਰਬਤਾਂ ਦੇ ਦੱਖਣ ਤੋਂ ਹੈ, ਤੇ ਉਸ ਦੀ ਪਛਾਣ ਦੀ ਅਪੀਲ ਅਤੇ ਮਾਨਤਾ ਉਸ ਭੂਗੋਲਿਕ ਰੁਕਾਵਟ ਨੂੰ ਪਾਰ ਨਹੀਂ ਕਰਦੀ। ਹਿੰਦੀ ਪੱਟੀ ਤੋਂ ਇਕ ਖੜਗੇ ਆਉਣ ਦੀ ਦੂਰ ਦੀ ਸੰਭਾਵਨਾ ਵੀ ਨਹੀਂ ਹੈ। ਗਹਿਲੋਤ ਨੂੰ ਛੱਡ ਕੇ ਸਾਡੇ ਇੱਥੇ ਜੈਰਾਮ ਰਮੇਸ਼, ਰਣਦੀਪ ਸੁਰਜੇਵਾਲਾ, ਅਭਿਸ਼ੇਕ ਮਨੂੰ ਸਿੰਘਵੀ, ਦਿਗਵਿਜੈ ਸਿੰਘ ਅਤੇ ਅੰਬਿਕਾ ਸੋਨੀ ਵਰਗੇ ਲੋਕ ਬਚੇ ਹਨ। ਇਹ ਮੰਡਲੀ ਹੈ, ਪਾਰਟੀ ਲੀਡਰਸ਼ਿਪ ਨਹੀਂ; ਇੱਥੋਂ ਤੱਕ ਕਿ ਇਸ ਦੀ ਮੁਸਲਿਮ ਲੀਡਰਸ਼ਿਪ ਵੀ ਹਿੰਦੀ ਪੱਟੀ ਵਿਚ ਮੁਸਲਮਾਨਾਂ ਦੀ ਵੰਨ-ਸਵੰਨਤਾ ਜਾਂ ਉਮੰਗਾਂ ਨੂੰ ਨਹੀਂ ਦਰਸਾਉਂਦੀ।

ਇਸ ਤੋਂ ਇਲਾਵਾ ਭਾਰਤ ਅਤੇ ਵਿਦੇਸ਼ ਵਿਚ ਗਾਂਧੀ ਪਰਿਵਾਰ ਦੇ ਪਰਿਵਾਰਕ ਮਿੱਤਰ, ਦਰਬਾਨ ਅਤੇ ਅਕਾਦਮਿਕ ਸਲਾਹਕਾਰ ਵੀ ਇੱਕੋ ਮਾਹੌਲ ਤੋਂ ਆਏ ਹਨ। ਉਦਾਰਵਾਦੀ ਮੀਡੀਆ ਲਈ ਅਜਿਹੇ ਲੋਕਾਂ ਨਾਲ ਗੱਲਬਾਤ ਕਰਨਾ, ਭਾਰਤ ਦੇ ਭਵਿੱਖ ਬਾਰੇ ਉਨ੍ਹਾਂ ਨਾਲ ਸਾਂਝੀ ਚਿੰਤਾ 'ਚੋਂ ਗੱਲਬਾਤ ਕਰਨਾ ਸੌਖਾ ਹੈ ਪਰ ਇਨ੍ਹਾਂ ਵਿਚੋਂ ਕੋਈ ਵੀ ਪ੍ਰਭਾਵਸ਼ਾਲੀ ਰਾਜਨੀਤੀ ਦਾ ਸੰਕੇਤ ਨਹੀਂ ਹੈ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਅਜਿਹੀ ਰਾਜਨੀਤਕ ਪਾਰਟੀ ਨੂੰ ਆਪਣੀ ਪੁਰਾਣੇ ਦੌਰ ਦੀ ਕਲਪਨਾ ਵਿਚ ਅਜਿਹਾ ਭਾਰਤ ਚੰਗਾ ਲੱਗਦਾ ਹੈ ਜਿਸ ਦੀ ਹੋਂਦ ਨਹੀਂ ਹੈ। ਉਚ ਜਾਤੀ ਵੋਟਰਾਂ ਖ਼ਾਸ ਕਰ ਕੇ ਬ੍ਰਾਹਮਣਾਂ ਤੱਕ ਪਹੁੰਚਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਅਜੇ ਵੀ ਗਾਂਧੀ ਪਰਿਵਾਰ ਦੀ ਜਾਤੀ ਪਛਾਣ ਦਾ ਫ਼ਾਇਦਾ ਉਠਾ ਰਹੇ ਹਨ, ਭਾਵੇਂ ਭਾਜਪਾ ਦਾ ਸਭ ਤੋਂ ਮਜ਼ਬੂਤ ਹਮਾਇਤੀ ਆਧਾਰ ਉਚ ਜਾਤੀ ਦੀ ਵੋਟ ਹੈ। ਕਾਂਗਰਸ ਇਸ ਨੂੰ ਭਾਰਤੀ ਸਮਾਜ ਉਪਰ ਆਪਣਾ ਦਬਦਬਾ ਕਾਇਮ ਰੱਖਣ ਲਈ ਹਿੰਦੂਤਵ ਜਾਂ ਕੋਈ ਹੋਰ ਸਾਧਨ ਦੇ ਨਹੀਂ ਸਕਦੀ - ਫਿਰ ਉਚ ਜਾਤੀ ਦੇ ਵੋਟਰ ਇਸ ਪਾਰਟੀ ਉਪਰ ਕੇਂਦਰਤ ਕਿਉਂ ਕਰਨਗੇ?

ਪਿਛਲੇ ਦਸ ਸਾਲਾਂ ਤੋਂ ਕਾਂਗਰਸ ਦਾ ਮੰਨਣਾ ਹੈ ਕਿ ਸ਼ਾਸਨ ਅਤੇ ਅਰਥਵਿਵਸਥਾ 'ਤੇ ਧਿਆਨ ਕੇਂਦਰਿਤ ਕਰਨਾ ਮੋਦੀ ਸਰਕਾਰ ਦੀ ਹਰਮਨਪਿਆਰਤਾ ਨੂੰ ਹੇਠਾਂ ਲਿਆਉਣ ਲਈ ਕਾਫ਼ੀ ਹੋਵੇਗਾ। ਇਸ ਵਿਚ ਉਨ੍ਹਾਂ ਦੀ ਬੁੱਧੀਜੀਵੀਆਂ ਅਤੇ ਉਦਾਰਵਾਦੀ ਮੀਡੀਆ ਨੇ ਮਦਦ ਕੀਤੀ ਹੈ ਜੋ ਜ਼ਿਆਦਾਤਰ ਉਚ ਜਾਤੀ ਦੇ ਹਨ ਜੋ ਮੰਨਦੇ ਹਨ ਕਿ ਮੋਦੀ ਦੀ ਹਾਰ ਬੇਰੁਜ਼ਗਾਰੀ ਬਾਰੇ ਇਕ ਹੋਰ ਲੇਖ ਲਿਖਣ ਵਾਂਗ ਹੈ। ਜ਼ਮੀਨੀ ਪੱਧਰ 'ਤੇ ਆਪਣੇ ਤਜਰਬੇ ਵਿਚ ਮੈਂ ਜੋ ਦੇਖਿਆ ਹੈ, ਉਹ ਇਹ ਹੈ ਕਿ ਕਿਸੇ ਵੋਟਰ ਤੋਂ ਹਿੰਦੂਤਵ ਜਾਂ ਮੋਦੀ ਬਾਰੇ ਉਸ ਦੇ ਵਿਚਾਰ ਪੁੱਛਣਾ ਇਹ ਜਾਨਣ ਦੀ ਗਾਰੰਟੀ ਦਿੰਦਾ ਹੈ ਕਿ ਉਨ੍ਹਾਂ ਨੂੰ ਕੀ ਲੱਗਦਾ ਹੈ ਕਿ ਕੋਈ ਵਿਸ਼ੇਸ਼ ਯੋਜਨਾ ਚੰਗੀ ਹੈ ਜਾਂ ਮਾੜੀ। ਮੋਦੀ ਅਤੇ ਹਿੰਦੂਤਵ ਵਿਚ ਭਰੋਸਾ ਰੱਖਣ ਵਾਲੇ ਹਮੇਸ਼ਾ ਸਰਕਾਰ ਦੀ ਯੋਜਨਾ ਬਾਰੇ ਕਿਸੇ ਵੀ ਸਵਾਲ ਦਾ ਜਵਾਬ ਸਰਕਾਰ ਪੱਖੀ ਦੇਣਗੇ। ਇਸ ਹਕੀਕਤ ਤੋਂ ਅਣਜਾਣ ਪੱਤਰਕਾਰ ਯੋਜਨਾਵਾਂ ਬਾਰੇ ਸਵਾਲ ਪੁੱਛਦੇ ਹਨ ਅਤੇ ਫਿਰ ਦਾਅਵਾ ਕਰਦੇ ਹਨ ਕਿ ਮੋਦੀ ਨੂੰ ਹਮਾਇਤ ਇਨ੍ਹਾਂ ਦੇ ਨਤੀਜੇ ਵਜੋਂ ਮਿਲੀ ਹੈ।

ਸਮੇਂ-ਸਮੇਂ 'ਤੇ ਨਵੀਆਂ ਸ਼੍ਰੇਣੀਆਂ ਜਿਵੇਂ ਔਰਤਾਂ ਜਾਂ ਕਲਿਆਣਕਾਰੀ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਵਿਸ਼ੇਸ਼ ਚੋਣ ਨਤੀਜਿਆਂ ਦੀ ਵਿਆਖਿਆ ਕਰਨ ਲਈ ਚੁਣ ਲਿਆ ਜਾਂਦਾ ਹੈ। ਹਿੰਦੂ ਪਛਾਣ ਦੇ ਕਠੋਰ ਹੁੰਦੇ ਜਾਣ ਤੋਂ ਇਲਾਵਾ ਹੋਰ ਕੋਈ ਵੀ ਵਾਜਬ ਵਿਆਖਿਆ ਹਿੰਦੀ ਪੱਟੀ ਵਿਚ ਇਸ ਰੁਝਾਨ ਦੀ ਵਿਆਖਿਆ ਨਹੀਂ ਕਰ ਸਕਦੀ ਜਿੱਥੇ ਵਰਣ ਢਾਂਚੇ ਦੇ ਪਾਰ ਹਿੰਦੂ ਭਾਜਪਾ ਦੀ ਹਮਾਇਤ ਕਰਦੇ ਹਨ। ਜਿਉਂ-ਜਿਉਂ ਅਸੀਂ ਜਾਤੀ ਦਰਜੇਬੰਦੀ ਵਿਚ ਉਪਰ ਵੱਲ ਜਾਂਦੇ ਹਾਂ, ਕੁਝ ਰਾਜਾਂ ਵਿਚ ਯਾਦਵਾਂ ਜਾਂ ਜਾਟਾਂ ਦੇ ਦੁਰਲੱਭ ਅਪਵਾਦ ਨੂੰ ਛੱਡ ਕੇ ਭਾਜਪਾ ਦੀ ਵੋਟ ਵਧਦੀ ਜਾਂਦੀ ਹੈ। ਜੋ ਗੱਲ ਬਰਾਬਰ ਸੱਚ ਬਣੀ ਰਹਿੰਦੀ ਹੈ, ਉਹ ਹੈ ਘੱਟ ਗਿਣਤੀ ਵੋਟ ਦਾ ਉਸੇ ਉਤਸ਼ਾਹ ਨਾਲ ਯੋਜਨਾਵਾਂ ਦਾ ਹੁੰਗਾਰਾ ਨਾ ਦੇਣ ਦਾ ਰੁਝਾਨ। ਇਹ ਮੁਸਲਮਾਨਾਂ ਅਤੇ ਇਸਾਈਆਂ ਦੇ ਮਾਮਲੇ ਵਿਚ ਸਮਝ ਆਉਂਦਾ ਹੈ ਜਿਨ੍ਹਾਂ ਨੂੰ ਹਿੰਦੂਤਵ ਦੀ ਰਾਜਨੀਤੀ ਤੋਂ ਪੈਦਾ ਹੋਈ ਨਫ਼ਰਤ ਨੇ ਧੱਕ ਕੇ ਕੰਧ ਨਾਲ ਲਾਇਆ ਹੋਇਆ ਹੈ ਪਰ ਸਿੱਖਾਂ ਦੇ ਮਾਮਲੇ ਵਿਚ ਇਹ ਗੱਲ ਸੱਚ ਕਿਉਂ ਹੋਣੀ ਚਾਹੀਦੀ ਹੈ? ਕੀ ਪੰਜਾਬ ਵਿਚ ਯੋਜਨਾਵਾਂ ਬਦਲ ਜਾਂਦੀਆਂ ਹਨ? ਕੀ ਉਹ ਲੋਕਾਂ ਨੂੰ ਵੱਖਰੇ ਢੰਗ ਨਾਲ ਪ੍ਰਭਾਵਿਤ ਕਰਦੀਆਂ ਹਨ?

ਜੇ ਅਸੀਂ ਸੰਘ ਪਰਿਵਾਰ ਵਿਰੁੱਧ ਵਿਹਾਰਕ ਅਤੇ ਪ੍ਰਭਾਵਸ਼ਾਲੀ ਵਿਰੋਧੀ ਧਿਰ ਦੀ ਕਲਪਨਾ ਕਰਨੀ ਹੈ ਤਾਂ ਇਸ ਦੀ ਸ਼ੁਰੂਆਤ ਕਾਂਗਰਸ ਤੋਂ ਅੱਗੇ ਦੇਖ ਕੇ ਹੋਣੀ ਚਾਹੀਦੀ ਹੈ। ਇਹ ਪੁਨਰ ਢਾਂਚਾਬੰਦੀ ਜਾਂ ਪੁਨਰਗਠਨ ਦਾ ਸਵਾਲ ਨਹੀਂ ਹੈ - ਉਹੀ ਸੋਚ ਸਮੱਸਿਆ ਹੈ ਜੋ ਪਾਰਟੀ ਨੂੰ ਨਵੀਂ ਊਰਜਾ ਦਿੰਦੀ ਹੈ। ਇਹ ਇਸ ਹਕੀਕਤ ਨੂੰ ਸਵੀਕਾਰ ਨਹੀਂ ਕਰ ਸਕਦੀ ਕਿ ਉਦਾਰਵਾਦੀ ਉਚ ਜਾਤੀ ਲੀਡਰਸ਼ਿਪ ਜਿਸ ਦਾ ਮੁੱਖ ਯਤਨ ਸੰਵਿਧਾਨਜਾਂ ਨਾਗਰਿਕਤਾ ਦੇ ਨਾਮ 'ਤੇ ਲੋਕਾਂ ਨੂੰ ਇਕੱਠਾ ਕਰਨਾ ਹੈ (ਟਿਕਾਊ ਵਿਚਾਰ ਜੋ ਉਦੇਸ਼ ਹੋਣੇ ਚਾਹੀਦੇ ਹਨ, ਨਾ ਕਿ ਪੂਰਵ-ਅਨੁਮਾਨ) ਵਿਹਾਰਕ ਰਾਜਨੀਤਕ ਮੰਚ ਨਹੀਂ।

ਇਹੀ ਸਮੱਸਿਆਵਾਂ ਆਮ ਆਦਮੀ ਪਾਰਟੀ ਨੂੰ ਹੋਰ ਵੀ ਜ਼ਿਆਦਾ ਪ੍ਰੇਸ਼ਾਨ ਕਰਦੀਆਂ ਹਨ। ਹਿੰਦੂਤਵ ਨਾਲ ਜੁੜੇ ਮੁੱਦਿਆਂ 'ਤੇ ਇਸ ਦਾ ਬੌਧਿਕ ਲਚਕੀਲਾਪਣ ਹਮੇਸ਼ਾ ਸਪਸ਼ਟ ਰਿਹਾ ਹੈ, ਤੇ ਦਿੱਲੀ ਜਿੱਥੇ ਇਹ ਸੱਤਾ ਵਿਚ ਹੈ, ਵਿਚ ਮੁਸਲਮਾਨਾਂ ਵਿਰੁੱਧ ਹਿੰਸਾ ਹੋਣ 'ਤੇ ਇਸ ਦੀ ਚੁੱਪ ਇਸ ਦੀ ਸਪਸ਼ਟ ਮਿਸਾਲ ਸੀ। ਇਹ ਕੋਈ ਇਤਫ਼ਾਕ ਨਹੀਂ ਕਿ ਇਸ ਦੀ ਚੋਣ ਕਾਮਯਾਬੀ ਦੋ ਰਾਜਾਂ ਪੰਜਾਬ ਤੇ ਦਿੱਲੀ ਤੱਕ ਸੀਮਤ ਰਹੀ ਹੈ ਜਿੱਥੇ ਜਾਤੀ ਰਾਜਨੀਤੀ ਸਭ ਤੋਂ ਵੱਡਾ ਕਾਰਕ ਨਹੀਂ ਹੈ।

ਵੱਖ-ਵੱਖ ਜਾਤੀ ਪਾਰਟੀਆਂ ਭਾਵੇਂ ਉਹ ਅਖਿਲੇਸ਼ ਯਾਦਵ, ਮਾਇਆਵਤੀ ਦੁਆਰਾ ਚਲਾਈਆਂ ਜਾਂਦੀਆਂ ਹਨ ਜਾਂ ਸੰਜੇ ਨਿਸ਼ਾਦ ਦੁਆਰਾ, ਓੜਕ ਉਸ ਵਰਤਾਰੇ ਦਾ ਸ਼ਿਕਾਰ ਹੋ ਜਾਣਗੀਆਂ ਜਿਸ ਦਾ ਵਰਣਨ ਕਾਂਸ਼ੀ ਰਾਮ ਨੇ ਆਪਣੀ ਕਿਤਾਬ 'ਚਮਚਾ ਯੁਗ' ਵਿਚ ਕਰਨਾ ਚਾਹਿਆ ਸੀ। ਉਨ੍ਹਾਂ ਇਸ ਬਾਰੇ ਗੱਲ ਕੀਤੀ ਸੀ ਕਿ ਕਿਵੇਂ ਉਹ ਲੋਕ ਜੋ ਕਾਂਗਰਸ ਵਿਚ ਸ਼ਾਮਲ ਹੋਏ ਅਤੇ ਉਸ ਅੰਦਰ ਕੰਮ ਕੀਤਾ (ਜਾਂ ਜੋ ਹੁਣ ਭਾਜਪਾ ਵਿਚ ਸ਼ਾਮਲ ਹੋਏ) ਉਚ ਜਾਤੀ ਦੇ ਹਿੱਤਾਂ ਲਈ ਕਾਰਗਰ ਸੰਦ ਬਣ ਗਏ। ਬਸਪਾ ਦੀ ਕਹਾਣੀ ਇਸ ਦੀ ਢੁੱਕਵੀਂ ਮਿਸਾਲ ਹੈ ਕਿ ਜਿਨ੍ਹਾਂ ਨੇ ਬਾਹਰੋਂ ਭਾਜਪਾ ਨਾਲ ਕੰਮ ਕਰਨਾ ਦਾ ਰਾਹ ਚੁਣਿਆ, ਉਹ ਵੀ ਕਾਰਗਰ ਸੰਦ ਹੀ ਬਣੇ।

ਭਾਜਪਾ ਦੀ ਹਿੰਦੂਤਵ ਅਤੇ ਜਾਤੀ ਰਾਜਨੀਤੀ ਵਿਰੁੱਧ ਲੜਾਈ ਇਕ ਵਾਰ ਫਿਰ ਕਾਂਸ਼ੀ ਰਾਮ ਦੇ ਸੰਘਰਸ਼ ਵਾਂਗ, ਹੇਠੋਂ ਉਠਣੀ ਚਾਹੀਦੀ ਹੈ ਪਰ ਇਸ ਨੂੰ ਘੱਟ ਗਿਣਤੀਆਂ ਨੂੰ ਬਰਾਬਰ ਦਾ ਭਾਈਵਾਲ ਮੰਨਣਾ ਪਵੇਗਾ। ਇਸ ਨੂੰ ਜਾਤੀਆਂ ਦੀ ਭਾਸ਼ਾ 'ਚ ਗੱਲ ਕਰਨੀ ਚਾਹੀਦੀ ਹੈ, ਸਿਰਫ਼

***(ਬਾਕੀ ਅਗਲੇ ਸਫੇ 'ਤੇ)***

# ਦਿਲ ਮਾਵਾਂ ਦਾ ਧਾਹਾਂ ਮਾਰੇ...

**ਰਣਜੀਤ ਲਹਿਰਾ**
ਫੋਨ: +91-94175-88616

ਲਹਿਰਾਗਾਗਾ ਤੋਂ ਚੜ੍ਹਦੇ ਵੱਲ ਪੰਜ ਕੁ ਮੀਲ ਦੀ ਵਿੱਥ 'ਤੇ ਵਸਿਆ ਪਿੰਡ ਭੁਟਾਲ ਇਲਾਕੇ ਦੇ ਪੁਰਾਣੇ ਤੇ ਵੱਡੇ ਪਿੰਡਾਂ ਵਿਚੋਂ ਹੈ। ਸੰਤਾਲੀ ਵਾਲੇ ਹੱਲਿਆਂ ਤੋਂ ਪਹਿਲਾਂ ਭੁਟਾਲ ਕਲਾਂ ਵਿਚ ਚਾਰ ਕੁ ਘਰ ਮੁਸਲਮਾਨਾਂ ਦੇ ਵੱਸਦੇ ਸਨ। ਉਹ ਸ਼ਾਇਦ ਵਣਜਾਰੇ ਸਨ ਜਿਹੜੇ ਮੇਲਿਆਂ ਵਗੈਰਾ ਵਿਚ ਸਾਜ਼-ਸਾਮਾਨ ਵੇਚਦੇ ਹੁੰਦੇ ਸਨ। ਉਂਝ ਆਰਥਿਕ ਪੱਖੋਂ ਠੀਕ-ਠਾਕ ਸਨ। ਕਹਿਣ ਦਾ ਭਾਵ, ਇਹ ਪਰਿਵਾਰ ਰੰਗੀਂ ਵੱਸਦੇ ਸਨ। ਨਾ ਕਿਸੇ ਕਿਸਮ ਦਾ ਡਰ-ਭੈਅ ਤੇ ਨਾ ਕਿਸੇ ਕਿਸਮ ਦਾ ਵੈਰ-ਭਾਵ। ਉਨ੍ਹਾਂ ਪਰਿਵਾਰਾਂ ਦੇ ਮੁਖੀਆਂ ਵਿਚੋਂ ਦੋ ਨਾਮ ਗਫੂਰ ਖਾਨ ਤੇ ਜਮਾਲਾ ਯੋਗੀ ਸਨ।

ਹੱਲਿਆਂ ਵਾਲੇ ਸਾਲ ਤੋਂ ਪਹਿਲਾਂ ਇਨ੍ਹਾਂ ਪਰਿਵਾਰਾਂ ਦੀਆਂ ਦੋ ਲੜਕੀਆਂ ਸੁਨਾਮ ਵਿਆਹੀਆਂ ਹੋਈਆਂ ਸਨ। ਸੰਤਾਲੀ ਵਿਚ ਜਦੋਂ ਅੰਗਰੇਜ਼ੀ ਰਾਜ ਖਤਮ ਹੋਇਆ ਤਾਂ ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਸਦਕਾ ਵਧ-ਫੁੱਲ ਕੇ ਭਰ ਜੋਬਨ 'ਤੇ ਆਈ ਨਫ਼ਰਤਾਂ ਦੀ ਕੰਡਿਆਲੀ ਫ਼ਸਲ ਦੇ ਕੰਡਿਆਂ ਨੇ ਜ਼ਹਿਰੀ ਪੱਛ ਲਾਉਣੇ ਸ਼ੁਰੂ ਕਰ ਦਿੱਤੇ। ਭਾਰਤ ਦੀ ਫ਼ਿਜ਼ਾ ਵਿਚ ਆਜ਼ਾਦੀ ਦੇ ਤਰਾਨੇ ਗੂੰਜਣ ਦੀ ਥਾਂ ਹਰ ਪਾਸੇ ਕੂਕਾਂ-ਕੁਰਲਾਹਟਾਂ ਤੇ ਵੈਣ ਪੈਣ ਲੱਗੇ। ਇੱਕੋ ਮਾਂ ਜਾਏ ਇੱਕ-ਦੂਜੇ ਦੇ ਖ਼ੂਨ ਦੇ ਤਿਰਹਾਏ ਹੋ ਗਏ। ਹੱਲਾ-ਗੁੱਲਾ ਪੈ ਗਿਆ, ਦੰਗੇ ਸ਼ੁਰੂ ਹੋ ਗਏ ਅਤੇ ਪਿੰਡਾਂ ਵਿਚ ਵਹੀਰਾਂ ਹਮਲੇ ਕਰਨ ਲੱਗੀਆਂ।

ਐਨ ਉਸੇ ਸਮੇਂ ਭੁਟਾਲ ਦੇ ਮੁਸਲਿਮ ਪਰਿਵਾਰਾਂ ਦੀਆਂ ਸੁਨਾਮ ਵਿਆਹੀਆਂ ਲੜਕੀਆਂ ਦੇ ਸਹੁਰੇ ਪਰਿਵਾਰ ਵੱਢਾ-ਟੁੱਕੀ ਦਾ ਸ਼ਿਕਾਰ ਹੋ ਗਏ। ਪਰਿਵਾਰਾਂ 'ਤੇ ਹੋਏ ਹਮਲੇ ਵਿਚ ਇਤਫ਼ਾਕਨ ਦੋਵੇਂ ਭੈਣਾਂ ਤਾਂ ਲੁਕ-ਛੁਪ ਕੇ ਬਚ ਰਹੀਆਂ ਪਰ ਬਾਕੀ ਪਰਿਵਾਰ ਵਿਚੋਂ ਕੌਣ ਮਾਰਿਆ ਗਿਆ ਤੇ ਕਿਹੜਾ ਬਚ ਰਿਹਾ, ਇਹਦਾ ਉਨ੍ਹਾਂ ਨੂੰ ਕੋਈ ਪਤਾ ਨਾ ਲੱਗਾ। ਪਰਿਵਾਰ ਉੱਜੜ ਗਿਆ ਤੇ ਦੋਵੇਂ ਭੈਣਾਂ ਲਈ ਜਹਾਨ ਸੁੰਨਾ ਹੋ ਗਿਆ। ਉਨ੍ਹਾਂ ਦਾ ਕੋਈ ਥਹੁ-ਟਿਕਾਣਾ ਨਾ ਰਿਹਾ ਤੇ ਨਾ ਕੋਈ ਢਾਰਸ ਦੇਣ ਵਾਲਾ ਰਿਹਾ। ਹੁਣ ਜਾਣ ਤਾਂ ਕਿੱਧਰ ਜਾਣ। ਹੋਰ ਤਾਂ ਹੋਰ, ਉਨ੍ਹਾਂ ਨੂੰ ਤਾਂ ਆਪਣੇ ਪੇਕਿਆਂ ਦੇ ਪਿੰਡ ਦੇ ਰਾਹਾਂ ਦੀ ਵੀ ਕੋਈ ਪਛਾਣ ਨਹੀਂ ਸੀ। ਉਨ੍ਹਾਂ ਨੂੰ ਬਸ ਰੇਲ ਪਟੜੀ ਦਾ ਪਤਾ ਸੀ ਜਿਹੜੀ ਉਨ੍ਹਾਂ ਦੇ ਪੇਕੇ ਪਿੰਡ ਵੱਲ ਲਹਿਰੇ ਨੂੰ ਜਾਂਦੀ ਸੀ।

ਰਾਤ ਦੇ ਘੁੱਪ ਹਨੇਰੇ ਤੇ ਖ਼ੌਫ਼ਨਾਕ ਮੰਜ਼ਰ ਵਿਚ ਦੋਵੇਂ ਭੈਣਾਂ ਕਿਵੇਂ ਨਾ ਕਿਵੇਂ ਰੇਲ ਦੀ ਪਟੜੀ ਪੈ ਗਈਆਂ। ਹੋਰ ਕਰ ਵੀ ਕੀ ਸਕਦੀਆਂ ਸਨ। ਉਨ੍ਹਾਂ ਨੂੰ ਸਹਾਰੇ ਦੀ ਇੱਕੋ-ਇੱਕ ਉਮੀਦ ਦੀ ਕਿਰਨ ਬਾਬਲ ਦੇ ਵਿਹੜੇ ਵਿਚੋਂ ਦਿਖਾਈ ਦੇ ਰਹੀ ਸੀ। ਰਾਤੋ-ਰਾਤ ਤੁਰਦੀਆਂ ਉਹ ਲਹਿਰੇ ਪਹੁੰਚ ਗਈਆਂ ਤੇ ਉੱਥੋਂ ਦਿਨ ਚੜ੍ਹਦੇ ਨੂੰ ਆਪਣੇ ਪੇਕੇ ਪਿੰਡ ਭੁਟਾਲ ਕਲਾਂ ਜਾ ਪਹੁੰਚੀਆਂ। ਅੱਗੇ ਉਨ੍ਹਾਂ ਜਿਹੜਾ ਮੰਜ਼ਰ ਅੱਬਾ ਤੇ ਅੰਮੀ ਦੇ ਵਿਹੜੇ ਦਾ ਦੇਖਿਆ, ਉਹਨੇ ਉਨ੍ਹਾਂ ਦੇ ਹੰਝੂਆਂ ਦੇ ਖਾਰੇ ਪਾਣੀਆਂ ਨੂੰ ਵੀ ਖੁਸ਼ਕ ਕਰ ਦਿੱਤਾ। ਇੱਕ ਬਜ਼ੁਰਗ ਵੱਢਿਆ ਪਿਆ ਸੀ, ਬਾਕੀ ਜੀਆਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ। ਘਰ ਇੰਝ ਲੱਗ ਰਹੇ ਸਨ ਜਿਵੇਂ ਮੁੱਦਤਾਂ ਤੋਂ ਉਨ੍ਹਾਂ ਵਿਚ ਕੋਈ ਰਹਿੰਦਾ ਨਾ ਹੋਵੇ।

> ***ਰਾਤ ਦੇ ਘੁੱਪ ਹਨੇਰੇ ਤੇ ਖ਼ੌਫ਼ਨਾਕ ਮੰਜ਼ਰ ਵਿਚ ਦੋਵੇਂ ਭੈਣਾਂ ਕਿਵੇਂ ਨਾ ਕਿਵੇਂ ਰੇਲ ਦੀ ਪਟੜੀ ਪੈ ਗਈਆਂ। ਹੋਰ ਕਰ ਵੀ ਕੀ ਸਕਦੀਆਂ ਸਨ। ਉਨ੍ਹਾਂ ਨੂੰ ਸਹਾਰੇ ਦੀ ਇੱਕੋ-ਇੱਕ ਉਮੀਦ ਦੀ ਕਿਰਨ ਬਾਬਲ ਦੇ ਵਿਹੜੇ ਵਿਚੋਂ ਦਿਖਾਈ ਦੇ ਰਹੀ ਸੀ। ਰਾਤੋ-ਰਾਤ ਤੁਰਦੀਆਂ ਉਹ ਲਹਿਰੇ ਪਹੁੰਚ ਗਈਆਂ ਤੇ ਉੱਥੋਂ ਦਿਨ ਚੜ੍ਹਦੇ ਨੂੰ ਆਪਣੇ ਪੇਕੇ ਪਿੰਡ ਭੁਟਾਲ ਕਲਾਂ ਜਾ ਪਹੁੰਚੀਆਂ। ਅੱਗੇ ਉਨ੍ਹਾਂ ਜਿਹੜਾ ਮੰਜ਼ਰ ਅੱਬਾ ਤੇ ਅੰਮੀ ਦੇ ਵਿਹੜੇ ਦਾ ਦੇਖਿਆ, ਉਹਨੇ ਉਨ੍ਹਾਂ ਦੇ ਹੰਝੂਆਂ ਦੇ ਖਾਰੇ ਪਾਣੀਆਂ ਨੂੰ ਵੀ ਖੁਸ਼ਕ ਕਰ ਦਿੱਤਾ।***

ਰੋਂਦੀਆਂ ਪਿੱਟਦੀਆਂ ਦੋਹਾਂ ਭੈਣਾਂ ਦੇ ਕੰਨਾਂ ਵਿਚ ਕਿਸੇ ਭਲੇ ਪੁਰਸ਼ ਦੀ ਆਵਾਜ਼ ਪਈ ਜਿਸ ਨੇ ਬੋਚ ਕੇ ਉਨ੍ਹਾਂ ਨੂੰ ਦੱਸਿਆ ਕਿ ਤੁਹਾਡੇ ਪਰਿਵਾਰਾਂ ਦੇ ਜ਼ਿੰਦਾ ਬਚੇ ਜੀਆਂ ਨੂੰ ਕਾਜਲ ਪੱਤੀ ਦੇ ਜੰਗੀ ਕੇ ਲਾਣੇ ਦੇ ਸਾਧੂ ਸਿੰਘ ਨੇ ਆਪਣੇ ਘਰ ਲੁਕੋ ਰੱਖਿਆ ਹੈ, ਜੇ ਤੁਸੀਂ ਬਚਣਾ ਹੈ ਤਾਂ ਹੁਣ ਇੱਥੇ ਰੋਣ-ਪਿੱਟਣ ਦੀ ਥਾਂ ਉਨ੍ਹਾਂ ਦੇ ਘਰ ਚਲੀਆਂ ਜਾਓ। ਦੋਵੇਂ ਭੈਣਾਂ ਨੂੰ ਵਿਚੜੇ ਜੀਅ ਮਿਲ ਗਏ ਭਾਵੇਂ ਬਾਬਲ ਦਾ ਵਿਹੜਾ ਉੱਜੜ ਚੁੱਕਿਆ ਸੀ ਪਰ ਉਨ੍ਹਾਂ ਦੇ ਦੁੱਖਾਂ ਦਾ ਇੱਥੇ ਹੀ ਅੰਤ ਹੋਣ ਵਾਲਾ ਨਹੀਂ ਸੀ।

ਕੁਝ ਦਿਨਾਂ ਬਾਅਦ ਕੁਝ ਲਠੈਤ ਸਾਧੂ ਸਿੰਘ ਦੇ ਦਰਾਂ 'ਤੇ ਆ ਧਮਕੇ ਕਿ ਦੋਵੇਂ ਕੁੜੀਆਂ ਉਨ੍ਹਾਂ ਦੇ ਹਵਾਲੇ ਕਰੋ। ਹੁਣ ਦੋਵੇਂ ਭੈਣਾਂ ਦਾ ਸੁਹੱਪਣ ਤੇ ਜਵਾਨੀ ਹੀ ਉਨ੍ਹਾਂ ਦੀ ਦੁਸ਼ਮਣ ਬਣ ਗਈ ਸੀ ਪਰ ਸਾਧੂ ਸਿੰਘ ਨਿਰਾ ਸੰਤ ਨਹੀਂ ਸੀ, ਸਿਪਾਹੀ ਵੀ ਸੀ। ਉਹਨੇ ਦਰਾਂ 'ਤੇ ਆਏ ਬਦਮਾਸ਼ਾਂ ਦਾ ਮੁਕਾਬਲਾ ਕਰਨ ਲਈ ਆਪਣੇ ਭਰਾਵਾਂ ਨੂੰ ਹੋਕਰਾ ਮਾਰਿਆ ਅਤੇ ਬਦਮਾਸ਼ਾਂ ਨੂੰ ਲਲਕਾਰ ਕੇ ਕਹਿ ਦਿੱਤਾ ਕਿ ਤੁਸੀਂ ਲੜਕੀਆਂ ਨੂੰ ਹੱਥ ਸਾਡੀਆਂ ਲਾਸ਼ਾਂ ਉੱਤੋਂ ਦੀ ਲੰਘ ਕੇ ਲਾ ਸਕਦੇ ਹੋ, ਸਾਡੇ ਜਿਊਂਦੇ ਜੀ ਨਹੀਂ। ਸਿਰੇ ਦੀ ਇਹ ਗੱਲ ਸੁਣ ਕੇ ਬਦਮਾਸ਼ਾਂ ਦੇ ਪੈਰ ਭਾਰ ਝੱਲਣੋਂ ਜਵਾਬ ਦੇ ਗਏ ਤੇ ਉਨ੍ਹਾਂ ਉੱਥੋਂ ਖਿਸਕਣ ਵਿਚ ਹੀ ਭਲਾਈ ਸਮਝੀ। ਸਾਧੂ ਸਿੰਘ ਤੇ ਉਹਦੇ ਭਰਾ ਓਨੀ ਦੇਰ (ਕਰੀਬ ਮਹੀਨਾ ਡੇਢ ਮਹੀਨਾ) ਇਨ੍ਹਾਂ ਨਿਓਟਿਆਂ ਦੀ ਓਟ ਬਣੇ ਰਹੇ ਜਿੰਨੀ ਦੇਰ ਫ਼ੌਜ ਦੀਆਂ ਗੱਡੀਆਂ ਉਨ੍ਹਾਂ ਨੂੰ ਆਪਣੀ ਸੁਰੱਖਿਆ ਹੇਠ ਸ਼ਰਨਾਰਥੀ ਕੈਂਪ ਵਿਚ ਨਹੀਂ ਲੈ ਗਈਆਂ।

ਸਾਧੂ ਸਿੰਘ ਸਾਡੇ ਮਰਹੂਮ ਸਾਥੀ ਨਾਮਦੇਵ ਭੁਟਾਲ ਦੇ ਪਿਤਾ ਜੀ ਸਨ। ਇੱਕ ਵਾਰ ਇਸ ਵਾਕਿਆਤ ਦਾ ਜ਼ਿਕਰ ਕਰਦਿਆਂ ਉਹਨੇ ਦੱਸਿਆ ਸੀ ਕਿ ਬਾਈ ਬਲਦੇਵ ਨੂੰ ਇਸ ਦਾ ਵੱਧ ਪਤਾ ਹੈ। ਹੱਲਿਆਂ ਵੇਲੇ ਨੌਂ ਕੁ ਸਾਲ ਦੇ ਬਾਈ ਬਲਦੇਵ ਦੇ ਮੂੰਹੋਂ ਸੁਣੀ ਇਸ ਕਹਾਣੀ ਦੀ ਪੁਸ਼ਟੀ ਕੁਝ ਦਿਨ ਪਹਿਲਾਂ ਉਦੋਂ ਹੋਈ ਜਦੋਂ ਮੈਂ ਸਾਥੀ ਨਾਮਦੇਵ ਦੇ ਬਚਪਨ ਦੀਆਂ ਪੈੜਾਂ ਲੱਭਦਾ ਪਿੰਡ ਭੁਟਾਲ ਕਲਾਂ ਗਿਆ ਸੀ। ਪਿੰਡ ਦੇ ਕੁਝ ਬਜ਼ੁਰਗਾਂ ਨੇ ਦੱਸਿਆ ਕਿ ਇਸੇ ਪਿੰਡ ਵਿਚ ਕੁਝ ਅਜਿਹੇ ਬੰਦੇ ਵੀ ਸਨ ਜਿਨ੍ਹਾਂ ਨੇ ਖ਼ੌਫ਼ਜ਼ਦਾ ਮੁਸਲਿਮ ਪਰਿਵਾਰਾਂ ਦਾ ਗਹਿਣਾ-ਗੱਟਾ ਸਾਂਭ ਲਿਆ ਸੀ ਤੇ ਸਾਧੂ ਸਿੰਘ ਵਰਗੇ ਸਤਯੁਗੀ ਬੰਦੇ ਵੀ ਸਨ ਜਿਨ੍ਹਾਂ ਨਿਓਟਿਆਂ ਦੀ ਓਟ ਬਣ ਕੇ ਇਨਸਾਨੀਅਤ ਦਾ ਧਰਮ ਨਿਭਾਇਆ ਸੀ।

ਉਸ ਦੌਰ ਬਾਰੇ ਲਹਿੰਦੇ ਪੰਜਾਬ ਦੀ ਸ਼ਾਇਰਾ ਬੁਸ਼ਰਾ ਨਾਜ਼ ਨੇ ਕਿੰਨਾ ਸੱਚ ਲਿਖਿਆ ਹੈ:

ਧੀਆਂ ਪੁੱਤਰ ਮਾਵਾਂ ਨਾਲੋਂ
ਵਿਛੜੇ ਵੰਡ ਝਮੇਲੇ ਵਿਚ,
ਦਿਲ ਮਾਵਾਂ ਦਾ ਧਾਹਾਂ ਮਾਰੇ
ਐਧਰ ਵੀ ਤੇ ਓਧਰ ਵੀ!

---

ਚਿੰਨ੍ਹ ਰੂਪੀ ਨੁਮਾਇੰਦਗੀ ਦੇ ਰੂਪ ਵਿਚ ਨਹੀਂ ਸਗੋਂ ਉਨ੍ਹਾਂ ਵਿਚ ਜੋ ਨੁਮਾਇੰਦਗੀ ਦੇ ਸਵਾਲ ਨੂੰ ਆਪਣੀ ਲੀਡਰਸ਼ਿਪ ਦੇ ਕੇਂਦਰ ਵਿਚ ਰੱਖਦੇ ਹਨ। ਇਹ ਸਮਾਜਵਾਦੀ ਪਾਰਟੀ ਦੇ ਬਰਾਬਰ ਹੋਵੇਗਾ ਜਿੱਥੇ ਲੀਡਰਸ਼ਿਪ ਦਾ ਅਗਲਾ ਪੱਧਰ ਸਿਰਫ਼ ਯਾਦਵਾਂ ਦਾ ਨਹੀਂ ਹੋਵੇਗਾ ਬਲਕਿ ਇਸ ਵਿਚ ਇਕ ਰਾਜਭਰ, ਇਕ ਪਸਮਾਂਦਾ ਮੁਸਲਮਾਨ ਅਤੇ ਇਕ ਵਾਲਮੀਕਿ ਸ਼ਾਮਲ ਹੋਣਗੇ। ਇਸ ਨੂੰ ਉਨ੍ਹਾਂ ਇਕਜੁੱਟਤਾਵਾਂ ਨੂੰ ਇਕੱਠਾ ਕਰਨਾ ਚਾਹੀਦਾ ਹੈ ਜੋ ਕਾਂਸ਼ੀ ਰਾਮ ਨੇ ਸਥਾਪਤ ਕੀਤੀਆਂ ਸਨ ਪਰ ਭਾਜਪਾ ਨੇ ਉਨ੍ਹਾਂ ਨੂੰ ਤਾਰ-ਤਾਰ ਕਰ ਦਿੱਤਾ ਹੈ। ਅਜਿਹੀ ਪਾਰਟੀ ਅਚਾਨਕ ਹੋਂਦ ਵਿਚ ਨਹੀਂ ਆ ਸਕਦੀ। ਇਹ ਵਿਅਕਤੀਗਤ ਜਾਤੀ ਆਗੂਆਂ ਦੇ ਇਸ ਅਹਿਸਾਸ ਤੋਂ ਪੈਦਾ ਹੋਣੀ ਚਾਹੀਦੀ ਹੈ ਕਿ ਨੁਮਾਇੰਦਗੀ ਅਤੇ ਸਨਮਾਨ ਦੀ ਤਲਾਸ਼ ਸਿਰਫ਼ ਭਾਜਪਾ ਜਾਂ ਕਾਂਗਰਸ ਨਾਲ ਗੱਠਜੋੜ ਵਿਚ ਹੀ ਹੋ ਸਕਦੀ ਹੈ, ਜਿਵੇਂ ਕਾਂਸ਼ੀ ਰਾਮ ਨੇ ਸੰਕੇਤ ਦਿੱਤਾ ਸੀ, ਆਪਣੇ ਦਮ 'ਤੇ ਸੱਤਾ ਵਿਚ ਆਉਣ ਦਾ ਕੋਈ ਬਦਲ ਨਹੀਂ ਹੈ।

ਸਪਸ਼ਟ ਹੈ ਕਿ 2024 ਵਾਲੀਆਂ ਲੋਕ ਸਭਾ ਚੋਣਾਂ 2019 ਵਰਗੀਆਂ ਨਹੀਂ ਹਨ ਜਦੋਂ ਮੋਦੀ ਨੇ ਵੋਟਾਂ ਬਟੋਰਨ ਲਈ ਪੁਲਵਾਮਾ ਵਿਚ ਨੀਮ-ਫ਼ੌਜੀ ਦਸਤਿਆਂ 'ਤੇ ਹਮਲੇ ਨੂੰ ਵਰਤਿਆ ਸੀ। ਇਸ ਵਾਰ ਭਾਜਪਾ ਨੂੰ ਆਪਣੇ ਪੱਖ ਵਿਚ ਦੇਸ਼ਵਿਆਪੀ ਲਹਿਰ ਚਲਾਉਣ ਦੀ ਬਜਾਇ ਇਕ ਵਾਰ ਇਕ ਸੀਟ, ਇਕ ਵਾਰ ਇਕ ਖੇਤਰ ਵਿਚ ਚੋਣ ਲੜਨੀ ਪਈ। ਮੋਦੀ ਲਗਾਤਾਰ ਤੀਜੀ ਵਾਰ ਬਹੁਮਤ ਚਾਹੁੰਦਾ ਸੀ। ਅਜਿਹਾ ਕਾਰਨਾਮਾ ਨਹਿਰੂ ਤੋਂ ਬਾਅਦ ਕੋਈ ਨਹੀਂ ਸੀ ਕਰ ਸਕਿਆ (ਹੁਣ ਭਾਜਪਾ ਨੇ ਪਿਛਲੀ ਵਾਰ ਨਾਲੋਂ ਘੱਟ ਸੀਟਾਂ ਨਾਲ ਤੀਜੀ ਵਾਰ ਸਰਕਾਰ ਬਣਾ ਲਈ ਹੈ।)

ਉਹ ਵਿਰੋਧੀ ਧਿਰ ਵਿਰੁੱਧ ਅਜਿਹਾ ਕੁਝ ਕਰ ਰਿਹਾ ਹੈ ਜਿਸ ਨੂੰ ਉਸ ਦੀ ਸਰਕਾਰ ਨੇ ਗ੍ਰਿਫ਼ਤਾਰੀਆਂ ਤੇ ਦਲ-ਬਦਲੀਆਂ ਅਤੇ ਜਨਤਕ ਮੀਡੀਆ ਰਾਹੀਂ ਬੇਮਿਸਾਲ ਪੱਧਰ ਦੇ ਹਮਲਿਆਂ ਰਾਹੀਂ ਖ਼ਤਮ ਕਰ ਦਿੱਤਾ ਹੈ। ਭਾਜਪਾ ਦੀ ਬੇਕਿਰਕ ਤਾਕਤ ਲਈ ਸਭ ਤੋਂ ਸ਼ਕਤੀਸਾਲੀ ਕਾਰਕਾਂ ਵਿਚੋਂ ਇਕ ਉਹ ਸਰਮਾਇਆ ਹੈ ਜੋ ਵਪਾਰੀ ਜਾਤੀਆਂ ਦੇ ਕਰ ਕੇ ਇਸ ਦੇ ਪਿੱਛੇ ਖੜ੍ਹਾ ਹੋ ਗਿਆ ਹੈ, ਤੇ ਨਾਲ ਹੀ ਮੀਡੀਆ ਈਕੋ-ਸਿਸਟਮ ਹੈ ਜੋ ਨਾ ਸਿਰਫ਼ ਸੰਭਾਵੀ ਬਾਹਰੀ ਦਬਾਅ ਕਾਰਨ ਇਸ ਨਾਲ ਮਿਲਿਆ ਹੋਇਆ ਹੈ ਬਲਕਿ ਇਸ ਲਈ ਵੀ ਸ਼ਾਮਲ ਹੈ ਕਿਉਂਕਿ ਇਸ ਦੇ ਮਾਲਕ ਹਿੰਦੂਤਵ ਦੀ ਧੁਸ ਵਿਚ ਵਿਸ਼ਵਾਸ ਰੱਖਦੇ ਹਨ।

ਇਸ ਦੇ ਬਾਵਜੂਦ ਭਾਜਪਾ ਆਪਣੇ ਅੱਗੇ ਆਉਣ ਵਾਲੀਆਂ ਸਮੱਸਿਆਵਾਂ ਨੂੰ ਦੇਖ ਸਕਦੀ ਹੈ। ਵੱਡੀ ਚੁਣੌਤੀ ਰਾਜ ਸਭਾ ਦੀ ਚੋਣ ਹੈ। ਰਾਜ ਸਭਾ ਚੋਣ ਦਾ ਅਗਲਾ ਵੱਡਾ ਗੇੜ 2026 ਵਿਚ ਆਵੇਗਾ, ਉਸ ਤੋਂ ਪਹਿਲਾਂ ਕਈ ਮਹੱਤਵਪੂਰਨ ਵਿਧਾਨ ਸਭਾ ਚੋਣਾਂ ਹੋ ਜਾਣਗੀਆਂ। ਭਾਜਪਾ ਕੋਲ ਪਹਿਲਾਂ ਹੀ 75 ਸੀਟਾਂ ਹਨ ਜਿਨ੍ਹਾਂ ਦਾ ਫ਼ੈਸਲਾ ਉਸ ਸਾਲ ਹੋਵੇਗਾ, ਇਸ ਲਈ ਦੋਹਾਂ ਸਦਨਾਂ ਵਿਚ ਦੋ ਤਿਹਾਈ ਬਹੁਮਤ ਹਾਸਲ ਕਰਨ ਦੀ ਸੰਭਾਵਨਾ ਭਵਿੱਖ 'ਚ ਪਈ ਹੈ।

ਅਗਲੇ ਸਾਲ 2025 ਵਿਚ ਆਰ.ਐੱਸ.ਐੱਸ. ਦੀ ਸਥਾਪਨਾ ਸ਼ਤਾਬਦੀ ਹੈ। ਭਾਜਪਾ ਦੇ ਸਾਡੇ ਉਪਰ ਥੋਪੇ ਅਸਲ ਹਿੰਦੂ ਰਾਸ਼ਟਰ ਨੂੰ ਕਾਨੂੰਨੀ ਰੂਪ ਦੇਣ ਲਈ ਇਸ ਤੋਂ ਬਿਹਤਰ ਹੋਰ ਕੋਈ ਮੌਕਾ ਨਹੀਂ ਹੋ ਸਕਦਾ। ਪਾਰਟੀ ਕੋਲ ਅਜਿਹਾ ਕਰਨ ਲਈ ਗਿਣਤੀ ਦੀ ਘਾਟ ਹੈ ਪਰ ਅਸੀਂ ਇਸ ਸਾਲ ਦੌਰਾਨ ਪ੍ਰਤੀਕਵਾਦ ਤੋਂ ਵੱਧ ਕੀਤੇ ਜਾਣ ਦੀ ਉਮੀਦ ਕਰ ਸਕਦੇ ਹਾਂ। ਘੱਟੋ-ਘੱਟ ਇਕਸਾਰ ਸਿਵਲ ਕੋਡ ਨੂੰ ਲਾਗੂ ਕੀਤਾ ਜਾਣਾ ਤੈਅ ਹੈ। ਉਤਰਾਖੰਡ ਦੀ ਮਿਸਾਲ ਦੇ ਆਧਾਰ 'ਤੇ ਦੇਖੀਏ ਤਾਂ ਇਹ ਹਿੰਦੂਆਂ ਲਈ ਇਕਸਾਰ ਨਹੀਂ ਹੋਵੇਗਾ।

ਇਕ ਹੋਰ ਤਿੱਖੀ ਤਬਦੀਲੀ ਲਈ ਮੋਦੀ ਦੇ ਤੀਜੇ ਕਾਰਜਕਾਲ ਦੌਰਾਨ ਇਸ ਦੇ ਅੱਗੇ ਬਹੁਤ ਸਾਰੇ ਕਦਮ ਹਨ। ਲੋਕ ਸਭਾ ਹਲਕਿਆਂ ਦੀ ਹੱਦਬੰਦੀ ਦਾ ਮੁੱਦਾ ਸਾਹਮਣੇ ਆਵੇਗਾ। ਨਤੀਜੇ ਵਜੋਂ ਸਦਨ ਦੀ ਮੈਂਬਰਸ਼ਿਪ 543 ਤੋਂ ਵਧ ਕੇ 753 ਹੋ ਸਕਦੀ ਹੈ - ਲੱਗਭੱਗ 40 ਪ੍ਰਤੀਸ਼ਤ ਦਾ ਵਾਧਾ। ਕਰਨਾਟਕ ਸਮੇਤ ਦੱਖਣੀ ਰਾਜਾਂ ਦੀਆਂ ਸੀਟਾਂ 129 ਤੋਂ ਵਧ ਕੇ 143 ਹੋਣ ਦੀ ਸੰਭਾਵਨਾ ਹੈ ਜੋ ਸਿਰਫ਼ 11 ਪ੍ਰਤੀਸ਼ਤ ਦਾ ਵਾਧਾ ਹੈ। ਇਸ ਤਰ੍ਹਾਂ ਲੋਕ ਸਭਾ ਵਿਚ ਦੱਖਣ ਦੀ ਹਿੱਸੇਦਾਰੀ 29 ਪ੍ਰਤੀਸ਼ਤ ਤੋਂ ਘਟ ਕੇ ਸਿਰਫ਼ 19 ਪ੍ਰਤੀਸ਼ਤ ਰਹਿ ਜਾਵੇਗੀ। ਇਸ ਨੂੰ ਇੱਕੋ ਸਮੇਂ ਚੋਣਾਂ ਕਰਾਉਣ ਦੇ ਵਿਚਾਰ ਨਾਲ ਜੋੜ ਕੇ ਭਾਜਪਾ ਫਿਰ ਦੋ-ਤਿਹਾਈ ਬਹੁਮਤ ਪ੍ਰਾਪਤ ਕਰ ਸਕਦੀ ਹੈ ਜੋ ਇਸ ਨੂੰ ਸੰਵਿਧਾਨ ਵਿਚ ਇਕਪਾਸੜ ਤੌਰ 'ਤੇ ਸੋਧ ਕਰਨ ਦੀ ਇਜਾਜ਼ਤ ਦੇ ਦੇਵੇਗਾ।

ਇਹੀ ਉਹ ਜਗ੍ਹਾ ਹੈ ਜਿੱਥੇ ਹਿੰਦੀ ਪੱਟੀ ਉਪਰ ਭਾਜਪਾ ਦਾ ਲਗਾਤਾਰ ਕੰਟਰੋਲ ਜ਼ਰੂਰੀ ਹੋ ਜਾਂਦਾ ਹੈ, ਇਹੀ ਇੱਕੋ-ਇਕ ਤਰੀਕਾ ਹੈ ਜਿਸ ਨਾਲ ਇਹ ਪਾਰਟੀ ਹਲਕਿਆਂ ਦੀ ਹੱਦਬੰਦੀ ਬਦਲਣ ਤੋਂ ਲਾਭ ਲੈ ਸਕਦੀ ਹੈ ਪਰ ਇਕ ਸਪਸ਼ਟ ਵਿਰੋਧਾਭਾਸ ਹੈ: ਹਿੰਦੂਤਵ ਅਤੇ ਜਾਤੀ ਦੀ ਰਾਜਨੀਤੀ ਸਿਰਫ਼ ਇੰਨੇ ਕੁ ਲੰਮੇ ਸਮੇਂ ਤੱਕ ਹੀ ਚੱਲਣਯੋਗ ਹੈ।

ਇਕ ਸਮੇਂ ਤੋਂ ਬਾਅਦ ਵਰਣ ਦਰਜੇਬੰਦੀ ਦੇ ਹੇਠਲੇ ਸਿਰੇ ਉਪਰਲੀਆਂ ਜਾਤੀਆਂ ਜੋ ਨੁਮਾਇੰਦਗੀ ਹਾਸਲ ਕਰਨਾ ਜਾਰੀ ਰੱਖਦੀਆਂ ਹਨ, ਨੂੰ ਸਿਖ਼ਰਲੇ ਪੱਧਰ 'ਤੇ ਨੁਮਾਇੰਦਗੀ ਵਧਾਉਣ ਦੀ ਲੋੜ ਪਵੇਗੀ। ਇਸ ਦਾ ਮਤਲਬ ਇਹ ਨਹੀਂ ਕਿ ਉਹ ਆਪਣੇ ਆਪ ਨੂੰ ਹਿੰਦੂਆਂ ਵਜੋਂ ਨਹੀਂ ਦੇਖਣਗੇ ਪਰ ਸਿਖ਼ਰਲੇ ਪੱਧਰ 'ਤੇ ਨੁਮਾਇੰਦਗੀ ਦੀ ਮੰਗ ਕਰਨ ਦਾ ਕੰਮ ਹੀ ਵਰਣ ਵਿਵਸਥਾ ਨੂੰ ਪਲਟ ਦੇਣ ਦੀ ਕੋਸ਼ਿਸ਼ ਕਰਨਾ ਹੈ। ਇਹ ਜਾਤੀਆਂ ਨੂੰ ਖ਼ਤਮ ਨਹੀਂ ਕਰਦਾ ਪਰ ਇਹ ਦਰਜੇਬੰਦੀ ਨੂੰ ਚੁਣੌਤੀ ਦਿੰਦਾ ਹੈ ਜੋ ਸਿਸਟਮ ਦਾ ਸਪਸ਼ਟ ਹਿੱਸਾ ਹੈ।



*ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ।*

ਵਰਣ ਦਰਜਾਬੰਦੀ ਦੇ ਪਤਨ ਦੇ ਮੱਦੇਨਜ਼ਰ ਹਿੰਦੂ ਪਛਾਣ ਕੀ ਰੂਪ ਲੈ ਸਕਦੀ ਹੈ, ਇਹ ਵੱਡਾ ਸਵਾਲ ਦਿਲਚਸਪ ਹੈ ਪਰ ਵੱਖਰੀ ਚਰਚਾ ਦਾ ਹਿੱਸਾ ਹੈ। ਬਰਾਬਰੀ ਦੀ ਦਾਅਵੇਦਾਰੀ ਜੋ ਇਕ ਸਿਰੇ ਤੋਂ ਲੈ ਕੇ ਵਰਣ ਦਰਜੇਬੰਦੀ ਤੱਕ ਉਭਰ ਸਕਦੀ ਹੈ, ਆਪਣੇ ਆਪ ਨੂੰ ਜਾਇਜ਼ ਠਹਿਰਾਉਂਦੀ ਹੈ, ਇਸ ਤੱਥ ਦੇ ਬਾਵਜੂਦ ਕਿ ਹਿੰਦੂ ਧਰਮ ਦਾ ਇਹ ਨਵਾਂ ਅਵਤਾਰ ਜ਼ਰੂਰੀ ਤੌਰ 'ਤੇ ਹੁਣ ਜੋ ਪ੍ਰਚਲਤ ਹੈ ਉਸ ਨਾਲੋਂ ਵਧੇਰੇ ਸਹਿਣਸ਼ੀਲ ਜਾਂ ਘੱਟ ਇਸਲਾਮੋਫੋਬਿਕ (ਮੁਸਲਮਾਨਾਂ ਵਿਰੁੱਧ ਨਫ਼ਰਤ ਭੜਕਾਊ) ਨਹੀਂ ਹੋ ਸਕਦਾ।

ਜਿਵੇਂ ਇਹ ਆਮ ਚੋਣਾਂ ਦਰਸਾਉਂਦੀਆਂ ਹਨ, ਹਿੰਦੂਤਵ ਜਾਤੀ ਦਾ ਨਮੂਨਾ ਹਿੰਦੀ ਪੱਟੀ ਵਿਚ ਇਕੋ ਤਰ੍ਹਾਂ ਕੰਮ ਨਹੀਂ ਕਰਦਾ। ਮੱਧ ਪ੍ਰਦੇਸ਼ ਵਰਗੇ ਰਾਜਾਂ ਵਿਚ ਜਾਤੀ ਆਰਾਮ ਨਾਲ ਹਿੰਦੂਤਵ ਦੇ ਅੰਦਰ ਨਿਹਿਤ ਹੈ ਜਿਸ ਵਿਚ ਕੋਈ ਵੱਡੀ ਗੈਰ-ਸਵਰਣ ਜਾਤੀ ਨਹੀਂ ਹੈ ਜੋ ਬਦਲਵੇਂ ਰਾਜਨੀਤਕ ਗਠਨ ਦੀ ਰੀੜ੍ਹ ਦੀ ਹੱਡੀ ਬਣ ਸਕਦੀ ਹੋਵੇ। ਨਾ ਹੀ ਮੁਸਲਿਮ ਆਬਾਦੀ ਇੰਨੀ ਵੱਡੀ ਹੈ ਕਿ ਚੋਣ ਫ਼ਤਵੇ ਨੂੰ ਮਹੱਤਵਪੂਰਨ ਢੰਗ ਨਾਲ ਪ੍ਰਭਾਵਿਤ ਕਰ ਸਕੇ। ਕਾਂਗਰਸ ਹਿੰਦੂਤਵ ਜਾਂ ਨੁਮਾਇੰਦਗੀ ਲਈ ਚੁਣੌਤੀ ਨਹੀਂ ਬਣ ਸਕਦੀ। ਇਹ ਇਸ ਉਮੀਦ ਨਾਲ ਡਿਫਾਲਟ ਬਦਲ ਬਣੀ ਹੋਈ ਹੈ ਕਿ ਭਾਜਪਾ ਖ਼ੁਦ ਨੂੰ ਖ਼ੁਦ ਹੀ ਹਰਾ ਲਵੇਗੀ।

ਬਿਹਾਰ ਤੇ ਉਤਰ ਪ੍ਰਦੇਸ਼ ਵਿਚ ਪੈਰਾਡਾਈਮ ਬਹੁਤ ਵੱਖਰੇ ਢੰਗ ਨਾਲ ਕੰਮ ਕਰਦਾ ਹੈ, ਤੇ ਇੱਥੇ ਹੀ ਭਾਜਪਾ ਦੇ ਜਾਤੀ ਪੈਰਾਡਾਈਮ ਲਈ ਚੁਣੌਤੀ ਬਹੁਤ ਜ਼ਿਆਦਾ ਹੈ। ਭਾਜਪਾ ਆਪਣੇ ਦਮ ਉਤੇ ਬਿਹਾਰ ਉਪਰ ਕੰਟਰੋਲ ਨਹੀਂ ਬਣਾ ਸਕੀ ਹੈ ਅਤੇ ਉਤਰ ਪ੍ਰਦੇਸ਼ ਵਿਚ ਇਸ ਨੂੰ ਇਕ ਨਵੇਂ, ਵਧੇਰੇ ਹਮਲਾਵਰ ਅਤੇ ਵਧੇਰੇ ਹਿੰਸਕ ਹਿੰਦੂਤਵ ਦੀ ਜ਼ਰੂਰਤ ਹੈ ਜਿਸ ਨੂੰ ਮੁਜ਼ੱਫਰਨਗਰ ਵਿਚ 2013 ਦੀ ਫਿਰਕੂ ਹਿੰਸਾ ਨਾਲ ਵਧਾਇਆ ਗਿਆ ਹੈ ਅਤੇ ਫਿਰ ਇਸ ਨੂੰ ਵਧੇਰੇ ਜ਼ਾਲਮ ਬਣਦੀ ਜਾ ਰਹੀ ਰਾਜ ਮਸ਼ੀਨਰੀ ਦੁਆਰਾ ਕਾਇਮ ਰੱਖਿਆ ਗਿਆ ਹੈ। ਇੱਥੇ ਵੱਡੀ ਮੁਸਲਿਮ ਆਬਾਦੀ ਦੇ ਨਾਲ-ਨਾਲ ਕਈ ਜਾਤੀ ਪਾਰਟੀਆਂ ਹਨ ਜਿਨ੍ਹਾਂ ਨੇ ਵਰਣ ਵਿਵਸਥਾ ਨੂੰ ਚੁਣੌਤੀ ਦਿੱਤੀ ਹੈ ਅਤੇ ਅਜਿਹਾ ਕਰਦੀਆਂ ਰਹਿਣਗੀਆਂ ਜੋ ਭਾਜਪਾ ਲਈ ਸਪਸ਼ਟ ਅਤੇ ਲਗਾਤਾਰ ਰਾਜਨੀਤਕ ਖ਼ਤਰਾ ਬਣਦੇ ਹਨ। ਮੱਧ ਪ੍ਰਦੇਸ਼ ਜਾਂ ਰਾਜਸਥਾਨ ਦੇ ਉਲਟ ਇਨ੍ਹਾਂ ਰਾਜਾਂ ਵਿਚ ਭਾਜਪਾ ਨੂੰ ਹਰਾਉਣ ਲਈ ਭਾਰੀ ਗਿਣਤੀ ਵਿਚ ਹਿੰਦੂ ਵੋਟਾਂ ਦੀ ਜ਼ਰੂਰਤ ਨਹੀਂ ਹੈ। ਰਾਜ ਵਿਚ ਇਸ ਕੋਲ ਵੱਡੀ ਗਿਣਤੀ 'ਚ ਸੀਟਾਂ ਹੋਣ ਦੇ ਬਾਵਜੂਦ ਇਸ ਅਸੁਰੱਖਿਅਤ ਪਕੜ ਦਾ ਮਤਲਬ ਹੈ ਕਿ ਅਸੀਂ ਭਵਿੱਖ ਦੀਆਂ ਚੋਣਾਂ ਲਈ ਰਾਜ ਦੇ ਜ਼ੁਲਮ ਅਤੇ ਵਧੇਰੇ ਖ਼ਤਰਨਾਕ ਹਿੰਦੂਤਵ ਦੇ ਕਠੋਰ ਹੁੰਦੇ ਜਾਣ ਦੀ ਸੰਭਾਵਨਾ ਦੇਖਾਂਗੇ।

ਉਤਰ ਪ੍ਰਦੇਸ਼ ਅਜਿਹੇ ਵਰਤਾਰੇ ਵੱਲ ਇਸ਼ਾਰਾ ਹੈ ਜਿਸ ਦੀ ਸੰਭਾਵਨਾ ਅਸੀਂ ਬਾਅਦ ਵਿਚ ਭਾਰਤ ਦੇ ਕਈ ਹਿੱਸਿਆਂ ਵਿਚ ਦੇਖਾਂਗੇ। ਪਛਾਣ ਦੀ ਰਾਜਨੀਤੀ ਦੁਆਰਾ ਪ੍ਰਫੁੱਲਤ ਹੋਈ ਵਧੇਰੇ ਜਮਹੂਰੀ ਜਾਗਰੂਕਤਾ ਜੋ ਜ਼ਰੂਰੀ ਨਹੀਂ ਕਿ ਨਾਂਹ ਪੱਖੀ ਵਰਤਾਰਾ ਵੀ ਹੋਵੇ ਜਿਵੇਂ ਉਚ ਜਾਤੀ ਦੇ ਉਦਾਰਵਾਦੀ ਅਕਸਰ ਦਾਅਵਾ ਕਰਦੇ ਹਨ, ਵਰਣ ਵਿਵਸਥਾ ਨੂੰ ਸਾਂਭ ਕੇ ਰੱਖਣ ਨੂੰ ਹੋਰ ਮੁਸ਼ਕਿਲ ਬਣਾ ਦੇਵੇਗੀ। ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣ ਦੇ ਰਾਹੀਂ ਭਾਜਪਾ ਨੇ ਹੇਠੋਂ ਉਠ ਰਹੀ ਚੁਣੌਤੀ ਨੂੰ ਆਰਜ਼ੀ ਤੌਰ 'ਤੇ ਕਾਬੂ ਕਰ ਲਿਆ ਹੈ। ਜਿਉਂ ਹੀ ਇਹ ਚੁਣੌਤੀ ਦੁਬਾਰਾ ਸਾਹਮਣੇ ਆਉਂਦੀ ਹੈ, ਅਸੀਂ ਭਾਜਪਾ ਦੀ ਨਫ਼ਰਤ ਦੀ ਬਿਆਨਬਾਜ਼ੀ ਦੀ ਸੁਰ ਉਚੀ ਹੁੰਦੀ ਦੇਖਾਂਗੇ। ਇਸ ਚੁਣੌਤੀ ਨੂੰ ਰੋਕਣ ਲਈ ਆਰ.ਐੱਸ.ਐੱਸ. ਦੇ ਅਸਲਾਖ਼ਾਨੇ ਵਿਚ ਕੋਈ ਹੋਰ ਹਥਿਆਰ ਨਹੀਂ ਬਚਿਆ ਹੈ। ਭਾਜਪਾ ਮੁਸਲਮਾਨਾਂ ਦੀ ਹਾਸ਼ੀਆਗ੍ਰਸਤ ਸਥਿਤੀ ਨੂੰ ਹੋਰ ਤਿੱਖਾ ਅਤੇ ਵਧੇਰੇ ਪ੍ਰਤੱਖ ਬਣਾਉਣ ਦੀ ਕੋਸ਼ਿਸ਼ ਕਰੇਗੀ।

ਭਾਜਪਾ ਨੇ ਇਹ ਵੀ ਦੇਖਿਆ ਹੈ ਕਿ ਇਸ ਚੋਣ ਤੋਂ ਪਹਿਲਾਂ, ਮੁੱਖ ਧਾਰਾ ਦੇ ਮੀਡੀਆ ਉਪਰ ਆਪਣੇ ਕੰਟਰੋਲ ਦੇ ਬਾਵਜੂਦ ਸੋਸ਼ਲ ਮੀਡੀਆ, ਛੋਟੀਆਂ ਸੁਤੰਤਰ ਸੰਸਥਾਵਾਂ ਅਤੇ ਸਮੱਗਰੀ ਨਿਰਮਾਤਾਵਾਂ ਦੀ ਮੇਜ਼ਬਾਨੀ ਕਰਨ ਵਾਲੀ ਬਹੁਤ ਹੀ ਅਵਿਵਸਥਿਤ ਡਿਜੀਟਲ ਸਪੇਸ ਘੱਟੋ-ਘੱਟ ਇਸ ਦੇ ਬਿਰਤਾਂਤ ਬਾਰੇ ਕਦੇ-ਕਦੇ ਸਵਾਲ ਉਠਾਉਂਦੇ ਰਹਿਣ ਕਰ ਕੇ ਕਾਫ਼ੀ ਖਿੱਚ ਦਾ ਕੇਂਦਰ ਬਣਦੀ ਰਹੀ ਹੈ। ਨਵੇਂ ਲਾਗੂ ਕੀਤੇ ਡਿਜੀਟਲ ਕਾਨੂੰਨਾਂ ਦਾ ਉਦੇਸ਼ ਐਨ ਇਸੇ ਵਰਤਾਰੇ ਦੇ ਖੰਭ ਕੁਤਰਨਾ ਹੈ।

'ਕਾਰਵਾਂ' ਰਸਾਲੇ ਵਿਚ ਪਿੱਛੇ ਜਿਹੇ ਭਾਰਤੀ ਫ਼ੌਜ ਦੁਆਰਾ ਤਸ਼ੱਦਦ ਅਤੇ ਹੱਤਿਆਵਾਂ ਬਾਰੇ ਰਿਪੋਰਟ ਛਾਪੀ ਗਈ ਸੀ ਜਿਸ ਨੂੰ ਆਨਲਾਈਨ ਡਿਲੀਟ ਕਰਵਾ ਦਿੱਤਾ ਗਿਆ ਜਦਕਿ ਉਸੇ ਸਟੋਰੀ ਵਾਲਾ ਛਪਿਆ ਹੋਇਆ ਅੰਕ ਸਟੈਂਡਾਂ ਉਤੇ ਵਿਕਦਾ ਰਿਹਾ। ਇਸ ਨੇ ਸਿਰਫ਼ ਇਹੋ ਸਪਸ਼ਟ ਕੀਤਾ ਕਿ ਸਟੋਰੀ ਵਿਚ ਕੋਈ ਮੁੱਦਾ ਨਹੀਂ ਸੀ ਜੋ ਸਰਕਾਰ ਨੂੰ ਮੌਜੂਦਾ ਕਾਨੂੰਨਾਂ ਤਹਿਤ ਕਾਰਵਾਈ ਕਰਨ ਦੀ ਆਗਿਆ ਦਿੰਦਾ। ਹੱਲ ਪਹਿਲਾਂ ਹੀ ਤਿਆਰ ਹੈ। ਦੰਡ ਪ੍ਰਕਿਰਿਆ ਸੰਹਿਤਾ (ਕੋਡ ਆਫ ਕ੍ਰਿਮੀਨਲ ਪ੍ਰੋਸੀਜਰ) ਵਿਚ ਤਬਦੀਲੀਆਂ ਵਿਚ ਇਸੇ ਤਰ੍ਹਾਂ ਦੇ ਕਾਨੂੰਨੀ ਇੰਤਜ਼ਾਮ ਸ਼ਾਮਲ ਕੀਤੇ ਗਏ ਹਨ ਜੋ ਸਰਕਾਰ ਨੂੰ ਮਨਮਾਨੇ ਢੰਗ ਨਾਲ ਕਾਰਵਾਈ ਕਰਨ ਦੇ ਯੋਗ ਬਣਾਉਂਦੇ ਹਨ। ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿਚ ਅਸੀਂ ਇਸ ਬਾਰੇ ਹੋਰ ਬਹੁਤ ਕੁਝ ਹੁੰਦਾ ਦੇਖਾਂਗੇ।


ਲੋਕ ਸਭਾ ਹਲਕਿਆਂ ਦੀ ਨਵੀਂ ਹੱਦਬੰਦੀ ਤੋਂ ਬਾਅਦ ਦੱਖਣ ਤੋਂ ਉਠਣ ਵਾਲੀ ਆਵਾਜ਼ ਹੋਰ ਮਜ਼ਬੂਤ ਹੋਵੇਗੀ। ਪੰਜਾਬ ਵਿਚ ਸਿੱਖਾਂ ਵੱਲੋਂ ਹਿੰਦੂਤਵ ਪ੍ਰੋਜੈਕਟ ਦਾ ਵਿਰੋਧ ਘਟਣ ਵਾਲਾ ਨਹੀਂ। ਨਾਲ ਹੀ ਅਸੀਂ ਮਨੀਪੁਰ ਵਿਚ ਭਾਜਪਾ ਦੀ ਅਜਿਹੀ ਸਥਿਤੀ ਨਾਲ ਨਜਿੱਠਣ ਵਿਚ ਅਸਮਰੱਥਾ ਦੇਖੀ ਹੈ ਜਿੱਥੇ ਰਾਜ ਨੂੰ ਚੌਕਸੀ ਸਮੂਹਾਂ ਦੁਆਰਾ ਹੀ ਲਾਂਭੇ ਕਰ ਦਿੱਤਾ ਗਿਆ ਹੈ ਕਿਉਂਕਿ ਇਸ ਦੀਆਂ ਵਿਚਾਰਧਾਰਕ ਪਾਬੰਦੀਆਂ ਇਸ ਨੂੰ ਨਿਰਪੱਖ ਸਾਲਸ ਵਜੋਂ ਕੰਮ ਕਰਨ ਤੋਂ ਰੋਕਦੀਆਂ ਹਨ। ਜਦੋਂ ਭਾਜਪਾ ਦੇ ਹਿੰਦੀ ਪੱਟੀ ਵਿਚ ਕਮਜ਼ੋਰ ਹੋਣ ਦੇ ਸੰਕੇਤ ਆਉਣਗੇ ਤਾਂ ਇਹ ਚੁਣੌਤੀਆਂ ਹੋਰ ਤਕੜੀਆਂ ਹੋਣਗੀਆਂ।

ਮੰਦਭਾਗਾ ਤੱਥ ਇਹ ਹੈ ਕਿ ਜਿਉਂ-ਜਿਉਂ ਅਸੀਂ ਅੱਗੇ ਦੇਖਦੇ ਹਾਂ, ਜ਼ੁਲਮ ਅਤੇ ਤਾਨਾਸ਼ਾਹ ਕੰਟਰੋਲ ਵਧਦਾ ਜਾਂਦਾ ਹੈ। ਇਨ੍ਹਾਂ ਚੋਣਾਂ ਵਿਚੋਂ ਉਭਰੀ ਕਮਜ਼ੋਰ ਹੋਈ ਭਾਜਪਾ ਵੀ ਸਿਰਫ਼ ਇਕ ਹੀ ਰਾਹ ਅਖ਼ਤਿਆਰ ਕਰੇਗੀ। ਜੇ ਸਾਨੂੰ ਮਿਸਾਲ ਚਾਹੀਦੀ ਹੈ ਤਾਂ ਸਾਡੇ ਕੋਲ ਇਜ਼ਰਾਈਲ ਦੀ ਮਿਸਾਲ ਹੈ। ਗਾਜ਼ਾ ਵਿਚ ਲਹੂ ਦੀ ਲਲਕ ਨੂੰ ਪੋਸ਼ਿਤ ਕਰਨ ਵਾਲਾ ਤੱਥ ਇਹ ਹੈ ਕਿ ਯੁੱਧ ਤੋਂ ਬਿਨਾਂ ਗਾਜ਼ਾ ਵਿਚ ਨੇਤਨਯਾਹੂ ਤਾਕਤਹੀਣ ਨੇਤਨਯਾਹੂ ਹੈ। ਮੋਦੀ ਵਰਗਾ ਆਦਮੀ ਸੱਤਾ ਦੀ ਆਭਾ ਨਾਲ ਵਧਦਾ-ਫੁੱਲਦਾ ਹੈ। ਅਜਿਹਾ ਕੋਈ ਤਰੀਕਾ ਨਹੀਂ ਹੈ ਕਿ ਉਹ ਸੱਤਾ ਨੂੰ ਸੌਖਿਆਂ ਹੀ ਛੱਡ ਦੇਵੇਗਾ। ***(ਸਮਾਪਤ)***

# ਔਰੰਗਜ਼ੇਬ: ਕਿੰਨਾ ਕੱਚ, ਕਿੰਨਾ ਸੱਚ?

***ਪ੍ਰਸਿੱਧ ਅਮਰੀਕੀ ਵਿਦਵਾਨ ਔਡਰੇਅ ਟਰੁਸ਼ਕਾ ਦੀ ਕਿਤਾਬ 'ਔਰੰਗਜ਼ੇਬ' ਇਸ ਬਾਦਸ਼ਾਹ ਬਾਰੇ ਕੁਝ ਨਵੇਂ ਅਤੇ ਦਿਲਚਸਪ ਪੱਖ ਉਘਾੜਦੀ ਹੈ। ਇਸ ਬਾਰੇ ਚਰਚਾ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਇਤਿਹਾਸ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ 'ਬੇਸਬਰ ਮੁਨਸਿਫ਼' ਹੈ। ਬਹੁਤੀ ਵਾਰ ਇਹ ਮੁਨਸਿਫ਼ ਜਲਦਬਾਜ਼ੀ ਨਾਲ ਫ਼ੈਸਲੇ ਸੁਣਾਉਂਦਾ ਹੈ, ਸਮਾਂ ਗੁਜ਼ਰਨ ਤੇ ਸੋਚ ਬਦਲਣ ਦੀ ਉਡੀਕ ਨਹੀਂ ਕਰਦਾ। ਇਹ ਵੀ ਮੰਨਿਆ ਜਾਂਦਾ ਹੈ ਕਿ ਅਜਿਹੇ ਬਹੁਤੇ ਫ਼ੈਸਲੇ, ਅਮੂਮਨ, ਜੁਰਮ ਦੀ ਸ਼ਿੱਦਤ ਨਾਲੋਂ ਕਿਤੇ ਵੱਧ ਸਖ਼ਤ ਹੁੰਦੇ ਹਨ। ਇਸੇ ਹੀ ਪ੍ਰਸੰਗ ਵਿਚ ਹੁਣ ਇਹ ਖਿਆਲ ਜ਼ੋਰ ਫੜ ਰਿਹਾ ਹੈ ਕਿ ਚੰਗੇਜ਼ ਖ਼ਾਨ, ਤੈਮੂਰ ਸ਼ਾਹ ਜਾਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਵਰਗੇ 'ਖਲਨਾਇਕਾਂ' ਦੇ ਇਤਿਹਾਸ ਵੱਲੋਂ ਉਸਾਰੇ ਅਕਸ ਦੀ ਪੁਨਰ ਸਮੀਖਿਆ ਹੋਣੀ ਚਾਹੀਦੀ ਹੈ। ਇਸੇ ਹੀ ਸੰਕਲਪ ਵਿਚੋਂ ਉਪਜੀ ਹੈ ਅਮਰੀਕੀ ਇਤਿਹਾਸਕਾਰ ਔਡਰੇਅ ਟਰੁਸ਼ਕਾ ਦੀ ਕਿਤਾਬ 'ਔਰੰਗਜ਼ੇਬ: ਦਿ ਮੈਨ ਐਂਡ ਦਿ ਮਿੱਥ'। ਭਾਰਤ ਵਿਚ ਇਸ ਕਿਤਾਬ ਦਾ ਪਹਿਲਾ ਐਡੀਸ਼ਨ ਪੈਂਗੁਇਨ-ਵਾਈਕਿੰਗ ਨੇ 2017 ਵਿਚ ਪ੍ਰਕਾਸ਼ਿਤ ਕੀਤਾ ਸੀ। ਉਦੋਂ ਇਹ ਕਾਫ਼ੀ ਚਰਚਾ ਵਿਚ ਰਹੀ ਸੀ। ਹੁਣ ਇਸ ਦਾ



ਸੋਧਿਆ ਹੋਇਆ ਅਤੇ ਵੱਧ ਪੰਨਿਆਂ ਵਾਲਾ ਐਡੀਸ਼ਨ ਅਮਰੀਕਾ ਵਿਚ ਪ੍ਰਕਾਸ਼ਿਤ ਹੋਇਆ ਹੈ; ਵੱਖਰੇ ਉਪ-ਸਿਰਲੇਖ ਨਾਲ। ਔਡਰੇਅ ਟਰੁਸ਼ਕਾ ਨੇਵਾਰਕ,

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਨਿਊ ਜਰਸੀ (ਅਮਰੀਕਾ) ਦੀ ਰੱਟਗਜ਼ ਯੂਨੀਵਰਸਿਟੀ ਵਿਚ ਇਤਿਹਾਸ ਦੀ ਐਸੋਸੀਏਟ ਪ੍ਰੋਫੈਸਰ ਹੈ। 'ਔਰੰਗਜ਼ੇਬ' ਉਸ ਦੀ ਮੱਧ-ਯੁੱਗੀ ਭਾਰਤੀ ਇਤਿਹਾਸ ਬਾਰੇ ਦੂਜੀ ਕਿਤਾਬ ਹੈ; ਪਹਿਲੀ ਕਿਤਾਬ ਮੁਗ਼ਲ ਦਰਬਾਰਾਂ ਵਿਚ ਸੰਸਕ੍ਰਿਤ ਦੇ ਮੁਕਾਮ ਬਾਬਤ ਸੀ। ਉਸ ਵਿਚ ਉਸ ਨੇ ਦਰਸਾਇਆ ਸੀ ਕਿ ਮੁਗ਼ਲ ਬਾਦਸ਼ਾਹਾਂ ਨੇ ਸੰਸਕ੍ਰਿਤ ਦੀਆਂ ਕਲਾਸਿਕ ਪੁਸਤਕਾਂ ਤੇ ਗ੍ਰੰਥਾਂ ਦਾ ਅਰਬੀ-ਫ਼ਾਰਸੀ ਵਿਚ ਅਨੁਵਾਦ ਕਰਵਾ ਕੇ ਮੱਧ-ਪੂਰਬ, ਮੱਧ ਏਸ਼ੀਆ ਤੇ ਅੱਗੇ ਯੂਰਪ ਵਿਚ ਇਨ੍ਹਾਂ ਦਾ ਅਧਿਐਨ ਸੰਭਵ ਬਣਾਇਆ ਅਤੇ ਉਸ ਅਧਿਐਨ ਤੋਂ ਅਕਾਦਮਿਕ ਜਗਤ ਨੂੰ ਕੀ-ਕੀ ਫ਼ਾਇਦਾ ਹੋਇਆ। ਔਰੰਗਜ਼ੇਬ ਬਾਰੇ ਉਸ ਦਾ ਠੋਸ ਮੱਤ ਹੈ ਕਿ ਇਸ ਛੇਵੇਂ ਮੁਗ਼ਲ ਬਾਦਸ਼ਾਹ ਦੀ ਮੌਤ ਤੋਂ ਬਾਅਦ ਮੁਗ਼ਲ ਸਾਮਰਾਜ ਜੇਕਰ ਵਿਖੰਡਿਤ ਨਾ ਹੁੰਦਾ ਤਾਂ ਸ਼ਾਇਦ ਸਾਡੀਆਂ ਨਜ਼ਰਾਂ ਵਿਚ ਉਸ ਦਾ ਰੁਤਬਾ ਸਿਤਮਗਰ ਜਾਂ ਜਰਵਾਣੇ ਵਾਲਾ ਨਹੀਂ ਸੀ ਹੋਣਾ। ਕਿਤਾਬ ਅੰਦਰਲੇ ਕੁਝ ਅਹਿਮ ਨੁਕਤੇ ਇਸ ਤਰ੍ਹਾਂ ਹਨ:

* ਪੰਜਵੇਂ ਮੁਗ਼ਲ ਬਾਦਸ਼ਾਹ ਸ਼ਾਹ ਜਹਾਂ ਤੇ ਉਸ ਦੀ ਮਹਿਬੂਬ ਬੇਗ਼ਮ, ਮੁਮਤਾਜ਼ ਮਹਿਲ ਦੇ 14 ਬੱਚੇ ਪੈਦਾ ਹੋਏ ਜਿਨ੍ਹਾਂ ਵਿਚੋਂ ਸੱਤ ਜ਼ਿੰਦਾ ਬਚੇ। 14ਵੇਂ ਬੱਚੇ (ਗੌਹਰਆਰਾ ਬਾਨੋ) ਦੇ ਜਨਮ ਸਮੇਂ ਮੁਮਤਾਜ਼ ਦੀ ਮੌਤ ਹੋ ਗਈ। ਸੱਤ ਬੱਚਿਆਂ ਵਿਚੋਂ ਤਿੰਨ ਬੇਟੀਆਂ ਸਨ- ਜਹਾਂ ਆਰਾ, ਰੌਸ਼ਨ ਆਰਾ ਤੇ ਗੌਹਰ ਆਰਾ ਅਤੇ ਚਾਰ ਬੇਟੇ- ਦਾਰਾ ਸ਼ਿਕੋਹ, ਔਰੰਗਜ਼ੇਬ, ਸ਼ਾਹ ਸ਼ੁਜਾਹ ਤੇ ਮੁਰਾਦ ਬਖ਼ਸ਼।

* ਮੁਮਤਾਜ਼ ਤੋਂ ਇਲਾਵਾ ਸ਼ਾਹ ਜਹਾਂ ਦੀਆਂ ਹੋਰ ਵੀ ਬੇਗ਼ਮਾਂ ਸਨ ਪਰ ਮੁਮਤਾਜ਼ ਦੇ ਪਿਤਾ (ਅਤੇ ਨੂਰ ਜਹਾਂ ਦੇ ਭਰਾ) ਆਸਿਫ਼ ਖ਼ਾਨ ਨੇ ਆਪਣਾ ਦਬਦਬਾ ਵਰਤਦਿਆਂ ਇਹ ਯਕੀਨੀ ਬਣਾਇਆ ਕਿ ਅੱਵਲ ਤਾਂ ਕੋਈ ਹੋਰ ਬੇਗਮ ਹਾਮਲਾ ਹੋਵੇ ਹੀ ਨਾ; ਤੇ ਜੇਕਰ ਕਿਸੇ ਦੇ ਹਮਲ ਠਹਿਰ ਜਾਂਦਾ ਸੀ ਤਾਂ ਇਹ ਗਿਰਵਾ ਦਿੱਤਾ ਜਾਂਦਾ ਸੀ। ਮੁਮਤਾਜ਼ ਵੀ ਸ਼ਾਹ ਜਹਾਂ ਦਾ ਵਿਸਾਹ ਨਹੀਂ ਸੀ ਖਾਂਦੀ। ਉਹ ਜੰਗੀ ਮੁਹਿੰਮਾਂ ਵੇਲੇ ਵੀ ਸ਼ਾਹ ਜਹਾਂ ਦੇ ਨਾਲ ਰਹਿੰਦੀ ਸੀ।

* ਦਾਰਾ ਸ਼ਿਕੋਹ ਆਪਣੇ ਪਿਤਾ ਦੀ ਸਭ ਤੋਂ ਪਸੰਦੀਦਾ ਔਲਾਦ ਸੀ। ਉਹ ਤੇ ਉਸ ਦੀ ਭੈਣ ਜਹਾਂ ਆਰਾ ਜਜ਼ਬਾਤੀ ਤੌਰ 'ਤੇ ਪਿਤਾ ਦੇ ਸਭ ਤੋਂ ਕਰੀਬ ਸਨ। ਇਸ ਕਿਸਮ ਦਾ ਸਨੇਹ ਔਰੰਗਜ਼ੇਬ ਦੇ ਕਦੇ ਵੀ ਹਿੱਸੇ ਨਹੀਂ ਆਇਆ। ਉਹ ਖ਼ੁਦ ਨੂੰ ਪਿਤਾ ਵੱਲੋਂ 'ਦੁਤਕਾਰਿਆ ਬੱਚਾ' ਮਹਿਸੂਸ ਕਰਦਾ ਸੀ ਅਤੇ ਇਸੇ ਜਜ਼ਬੇ ਨੇ ਉਸ ਅੰਦਰ ਦਾਰਾ ਸ਼ਿਕੋਹ ਪ੍ਰਤੀ ਤਿੱਖੀ ਨਫ਼ਰਤ ਪੈਦਾ ਕੀਤੀ।

* ਦਾਰਾ ਸ਼ਿਕੋਹ ਨਾ ਚੰਗਾ ਲੜਾਕੂ ਸੀ ਤੇ ਨਾ ਹੀ ਕੁਸ਼ਲ ਪ੍ਰਸ਼ਾਸਕ। ਉਹ ਸੁਭਾਅ ਤੇ ਸੁਹਜ ਪੱਖੋਂ ਸੂਫ਼ੀ ਅਤੇ ਬੌਧਿਕ ਪੱਖੋਂ ਵਿਦਵਾਨ ਤੇ ਸੁਪਨਸਾਜ਼ ਸੀ। ਹਜ਼ਰਤ ਸਾਈਂ ਮੀਆਂ ਮੀਰ ਦਾ ਉਹ ਪੈਰੋਕਾਰ ਸੀ। ਔਰੰਗਜ਼ੇਬ ਯੁੱਧ ਕੌਸ਼ਲ ਦਾ ਮਾਹਿਰ ਸੀ, ਰਾਜ ਪ੍ਰਬੰਧ ਉੱਤੇ ਵੀ ਉਸ ਦੀ ਪੂਰੀ ਪਕੜ ਸੀ। ਉਹ ਜੰਗਾਂ ਜਿੱਤਣ ਵਿਚ ਯਕੀਨ ਰੱਖਦਾ ਸੀ, ਹਾਰ ਉਸ ਨੂੰ ਹਜ਼ਮ ਨਹੀਂ ਸੀ ਹੁੰਦੀ। ਵਿੱਦਿਆ ਦਾ ਉਹ ਕਦਰਦਾਨ ਸੀ, ਵਿਦਵਤਾ ਦਾ ਨਹੀਂ। ਉਹ ਪਹਿਲਾ ਅਜਿਹਾ ਮੁਗ਼ਲ ਬਾਦਸ਼ਾਹ ਸੀ ਜਿਸ ਨੇ ਆਪਣੇ ਜੀਵਨ ਕਾਲ ਨੂੰ ਕਲਮਬੰਦ ਕਰਨ ਜਾਂ ਕਰਵਾਉਣ ਦਾ ਯਤਨ ਨਹੀਂ ਕੀਤਾ। ਬਾਬਰ ਵੱਲੋਂ ਸਵੈ-ਲਿਖਤ 'ਬਾਬਰਨਾਮਾ', ਗੁਲਬਦਨ ਬੇਗ਼ਮ ਵੱਲੋਂ ਲਿਖੇ 'ਹਮਾਯੂੰਨਾਮਾ', ਅਕਬਰ ਵੱਲੋਂ ਲਿਖਵਾਏ 'ਅਕਬਰਨਾਮਾ', ਜਹਾਂਗੀਰ ਲਿਖਤ 'ਤੁਜ਼ਕ-ਏ-ਜਹਾਂਗੀਰੀ' ਅਤੇ ਸ਼ਾਹਜ਼ਹਾਂ ਵੱਲੋਂ ਲਿਖਵਾਏ 'ਪਾਦਸ਼ਾਹਨਾਮਾ' ਤੋਂ ਉਲਟ ਔਰੰਗਜ਼ੇਬ ਨੇ ਆਪਣੀ ਜੀਵਨ ਕਥਾ ਖ਼ੁਦ ਨਹੀਂ ਲਿਖਵਾਈ। ਉਸ ਬਾਰੇ ਇੱਕ ਕਿਤਾਬ 'ਮਾਅਸਿਰ-ਏ-ਆਲਮਗੀਰੀ' 1697 ਵਿਚ ਅਵੱਸ਼ ਲਿਖੀ ਗਈ ਪਰ ਉਦੋਂ ਤੱਕ ਉਸ ਦਾ ਜਾਬਰ ਬਾਦਸ਼ਾਹ ਵਾਲਾ ਅਕਸ ਆਮ ਲੋਕਾਂ ਦੇ ਮਨਾਂ ਵਿਚ ਘਰ ਕਰ ਚੁੱਕਾ ਸੀ।


* 88 ਵਰ੍ਹਿਆਂ ਤੋਂ ਵੱਧ ਉਮਰ ਭੋਗ ਕੇ ਮਰਿਆ ਔਰੰਗਜ਼ੇਬ (1618-1707)। ਬਹੁਤ ਦਲੇਰ ਸੀ ਉਹ। 1633 ਵਿਚ ਭੂਤਰੇ ਹਾਥੀ ਨੂੰ ਪਛਾੜਨ ਦੀ ਘਟਨਾ ਨੇ ਉਸ ਨੂੰ ਦੰਦ-ਕਥਾਵਾਂ ਦਾ ਪਾਤਰ ਬਣਾਇਆ। ਬਲਖ਼, ਗੁਜਰਾਤ ਤੇ ਦੱਖਣ ਦਾ ਉਹ ਸੂਬੇਦਾਰ ਰਿਹਾ। ਕਿਤੋਂ ਵੀ ਉਸ ਖ਼ਿਲਾਫ਼ ਇੱਕ ਵੀ ਸ਼ਿਕਾਇਤ ਸ਼ਾਹ ਜਹਾਂ ਤਕ ਨਹੀਂ ਪਹੁੰਚੀ। ਇਨ੍ਹਾਂ ਸਮਿਆਂ ਦੌਰਾਨ ਕਿਤੇ ਵੀ ਉਸ ਨੇ ਕੋਈ ਪ੍ਰਸ਼ਾਸਨਿਕ ਵਧੀਕੀ ਨਹੀਂ ਕੀਤੀ। ਪਿਤਾ ਅਤੇ ਵੱਡੇ ਭਰਾ ਦਾਰਾ ਤੋਂ ਉਲਟ ਉਹ ਪੱਕਾ ਪੰਜ ਨਮਾਜ਼ੀ ਸੀ; ਇਸਲਾਮੀ ਅਕੀਦਿਆਂ ਦਾ ਪਾਬੰਦ, ਨਾ ਸ਼ਰਾਬ ਪੀਂਦਾ ਸੀ, ਨਾ ਕੋਈ ਹੋਰ ਨਸ਼ਾ ਕਰਦਾ ਸੀ। ਸਾਦਗੀ ਪਸੰਦ ਸੀ, ਸ਼ਾਹੀ ਅਡੰਬਰਾਂ ਵਿਚ ਹਿੱਸਾ ਨਹੀਂ ਸੀ ਲੈਂਦਾ। ਸੁਭਾਅ ਦਾ ਸਖ਼ਤ ਸੀ ਪਰ ਬਹੁਤੀ ਵਾਰ ਉਸ ਦੀ ਪਹੁੰਚ ਅਮਲੀ ਹੁੰਦੀ ਸੀ; ਫ਼ੈਸਲਾ ਕਰਨ ਤੋਂ ਪਹਿਲਾਂ ਦੂਜੇ ਦਾ ਪੱਖ ਸੁਣਦਾ ਸੀ।


* 1658 ਵਿਚ ਜਦੋਂ ਸ਼ਾਹ ਜਹਾਂ ਸਖ਼ਤ ਬਿਮਾਰ ਹੋਇਆ ਤਾਂ ਚਾਰੋ ਭਰਾ ਸ਼ਹਿਨਸ਼ਾਹੀ ਦੇ ਦਾਅਵੇਦਾਰ ਬਣ ਉੱਭਰੇ। ਪਿਤਾ ਨੇ ਦਾਰਾ ਸ਼ਿਕੋਹ ਨੂੰ ਆਪਣੇ ਕੋਲ ਆਗਰਾ ਰੱਖਿਆ ਹੋਇਆ ਸੀ। ਔਰੰਗਜ਼ੇਬ ਦੱਖਣ ਵਿਚ ਸੀ। ਉਸ ਨੇ ਪਹਿਲਾਂ ਮੁਰਾਦ ਬਖ਼ਸ਼ ਨੂੰ ਗੰਢਿਆ। ਫਿਰ ਮਿਰਜ਼ਾ ਰਾਜਾ ਜੈ ਸਿੰਘ ਤੇ ਹੋਰ ਰਾਜਪੂਤ ਰਾਣਿਆਂ ਨੂੰ। ਮੀਰ ਜੁਮਲਾ ਤੇ ਜਾਫ਼ਰ ਖ਼ਾਨ ਵਰਗੇ ਕਾਬਲ ਜਰਨੈਲ ਵੀ ਉਸ ਦਾ ਸਾਥ ਦੇਣ ਲਈ ਤਿਆਰ ਹੋ ਗਏ। ਸ਼ੁਜਾਹ ਨੂੰ ਦਾਰਾ ਸ਼ਿਕੋਹ ਨੇ ਪਛਾੜ ਕੇ ਅਰਾਕਾਨ ਪਹਾੜੀਆਂ (ਬਰਮਾ) ਵੱਲ ਭੱਜਣ ਲਈ ਮਜਬੂਰ ਕਰ ਦਿੱਤਾ ਪਰ ਸਾਮੂਗੜ੍ਹ ਦੀ ਜੰਗ ਵਿਚ ਉਹ ਖ਼ੁਦ ਔਰੰਗਜ਼ੇਬ ਤੇ ਮੁਰਾਦ ਦੀਆਂ ਫ਼ੌਜਾਂ ਹੱਥੋਂ ਹਾਰ ਗਿਆ। ਔਰੰਗਜ਼ੇਬ ਨੇ ਆਗਰਾ ਤੇ ਦਿੱਲੀ ਉੱਤੇ ਕਬਜ਼ਾ ਕੀਤਾ, ਸ਼ਾਹ ਜਹਾਂ ਨੂੰ ਆਗਰਾ ਦੇ ਕਿਲੇ ਵਿਚ ਕੈਦ ਕੀਤਾ, ਦਾਰਾ ਨੂੰ ਲਾਹੌਰ ਤੋਂ ਕਾਬੂ ਕਰਵਾ ਕੇ ਦਿੱਲੀ ਲਿਆਂਦਾ, ਸਰੇ-ਬਾਜ਼ਾਰ ਬੇਇੱਜ਼ਤ ਕੀਤਾ ਅਤੇ ਫਿਰ ਉਸ ਦਾ ਸਿਰ-ਕਲਮ ਕਰ ਕੇ ਇਹ 'ਤੋਹਫ਼ੇ' ਵਜੋਂ ਪਿਤਾ ਅੱਗੇ ਪੇਸ਼ ਕੀਤਾ। ਇਨ੍ਹਾਂ ਘਟਨਾਵਾਂ ਨੇ ਔਰੰਗਜ਼ੇਬ ਦਾ ਜਾਬਰ ਵਾਲਾ ਅਕਸ ਲੋਕ ਮਨਾਂ ਵਿਚ ਉਸਾਰਨਾ ਹੀ ਸੀ। ਦਾਰਾ ਸ਼ਿਕੋਹ ਦੀ ਜਾਨ ਲੈਣ ਮਗਰੋਂ ਔਰੰਗਜ਼ੇਬ ਨੇ ਮੁਰਾਦ ਬਖ਼ਸ਼ ਨੂੰ ਵੀ ਨਹੀਂ ਬਖ਼ਸ਼ਿਆ। ਉਸ ਨੂੰ ਮਰਵਾਉਣ ਵਿਚ ਸ਼ਰਾਬ ਪੀਣ ਦੀ ਉਸ ਦੀ ਲਤ ਮੁੱਖ ਵਸੀਲਾ ਬਣੀ।

* ਦੋ ਵਾਰ ਤਾਜਪੋਸ਼ੀ ਹੋਈ ਔਰੰਗਜ਼ੇਬ ਦੀ। ਪਹਿਲੀ ਵਾਰ 1658 ਵਿਚ ਦਿੱਲੀ 'ਤੇ ਕਬਜ਼ੇ ਮਗਰੋਂ ਸਾਦਾ ਜਿਹੀ ਰਸਮ ਵਜੋਂ; ਅਤੇ ਫਿਰ ਦਾਰਾ ਸ਼ਿਕੋਹ ਤੇ ਮੁਰਾਦ ਨਾਲ 'ਨਿਪਟਣ' ਮਗਰੋਂ 1659 ਵਿਚ ਪੂਰੀ ਸ਼ਾਨੋ-ਸ਼ੌਕਤ ਨਾਲ। ਔਡਰੇਅ ਟਰੁਸ਼ਕਾ ਅਨੁਸਾਰ ਔਰੰਗਜ਼ੇਬ ਨੇ ਇਨਸਾਫ਼ਪਸੰਦ ਹੁਕਮਰਾਨ ਸਾਬਤ ਹੋਣ ਦੇ ਸੰਜੀਦਾ ਯਤਨ ਕੀਤੇ, ਸ਼ਾਹੀ ਜੀਵਨ ਨੂੰ ਸਾਦਾ ਬਣਾਉਣ ਤੇ ਟੈਕਸ ਪ੍ਰਣਾਲੀ ਨੂੰ ਵੀ ਸਰਲ ਬਣਾਉਣ ਦੇ ਉਪਾਅ ਕੀਤੇ ਅਤੇ ਉਹ ਨੀਤੀਆਂ ਬਣਾਈਆਂ ਜੋ ਸਮੁੱਚੇ ਸਮਾਜ ਤੇ ਸਮੁੱਚੇ ਸਾਮਰਾਜ ਲਈ ਹਿਤਕਾਰੀ ਸਾਬਤ ਹੋਣ। ਪੂਰੇ ਸਾਮਰਾਜ ਵਿਚ ਨਸ਼ਾਬੰਦੀ ਲਾਗੂ ਕੀਤੀ ਗਈ।

* ਔਰੰਗਜ਼ੇਬ ਕਿਉਂਕਿ ਦਾਰਾ ਸ਼ਿਕੋਹ ਦੀਆਂ ਆਦਤਾਂ ਤੇ ਅਕੀਦਿਆਂ ਨੂੰ ਨਫ਼ਰਤ ਕਰਦਾ ਸੀ, ਇਸ ਲਈ ਬਾਦਸ਼ਾਹ ਬਣਨ ਮਗਰੋਂ ਉਸ ਨੇ ਗੀਤ-ਸੰਗੀਤ, ਸੂਫ਼ੀਆਂ ਤੇ ਸ਼ਾਇਰਾਂ ਦੀਆਂ ਮਹਿਫਿਲਾਂ ਉੱਤੇ ਮੁਕੰਮਲ ਪਾਬੰਦੀ ਲਾ ਦਿੱਤੀ। ਅਜਿਹੇ ਕਦਮਾਂ ਨੂੰ ਸੁੰਨੀ ਕੱਟੜਪੰਥੀਆਂ ਤੋਂ ਹੁੰਗਾਰਾ ਮਿਲਣਾ ਸੁਭਾਵਿਕ ਸੀ। ਇਸ ਹੁੰਗਾਰੇ ਨੇ ਔਰੰਗਜ਼ੇਬ ਨੂੰ ਇਸ ਹਕੀਕਤ ਤੋਂ ਦੂਰ ਕਰ ਦਿੱਤਾ ਕਿ ਪਾਬੰਦੀਆਂ ਦੀ ਇੰਤਿਹਾ, ਲੋਕਾਈ ਵਿਚ ਨਾਖੁਸ਼ੀ ਤੇ ਬੇਚੈਨੀ ਪੈਦਾ ਕਰ ਸਕਦੀ ਹੈ। ਇਹੋ ਵਰਤਾਰਾ ਔਰੰਗਜ਼ੇਬ ਖਿਲਾਫ਼ ਵਾਪਰਨਾ ਸੁਭਾਵਿਕ ਹੀ ਸੀ।

* ਔਡਰੇਅ ਟਰੁਸ਼ਕਾ ਮੁਤਾਬਿਕ ਔਰੰਗਜ਼ੇਬ ਦੀ ਜ਼ਿੰਦਗੀ ਦੇ ਚਾਰ ਪੜਾਅ ਸਨ। ਪਹਿਲਾ ਪੜਾਅ 17 ਵਰ੍ਹਿਆਂ ਦੀ ਉਮਰ ਤੱਕ ਦਾ ਸੀ ਜਦੋਂ ਉਹ ਪਿਤਾ ਦੇ ਦਰਬਾਰ ਵਿਚ ਰਿਹਾ ਅਤੇ ਉਹ ਸਾਰੇ ਹੁਨਰ ਹਾਸਿਲ ਕੀਤੇ ਜੋ ਕਿਸੇ ਮੁਗ਼ਲ ਸ਼ਹਿਜ਼ਾਦੇ ਵਿਚ ਹੋਣੇ ਚਾਹੀਦੇ ਹਨ। ਦੂਜਾ 1635 ਤੋਂ 1657 ਤੱਕ ਦੇ ਵਰ੍ਹਿਆਂ ਦਾ ਸੀ ਜਦੋਂ ਬਲਖ਼, ਗੁਜਰਾਤ ਤੇ ਦੱਖਣ ਦੇ ਸੂਬਿਆਂ ਦੇ ਹਾਕਮ ਵਜੋਂ ਉਸ ਨੇ ਆਪਣੀ ਇੰਤਜ਼ਾਮਿਆਤੀ ਕਾਬਲੀਅਤ ਦਰਸਾਈ ਪਰ ਪਿਤਾ ਤੋਂ ਉਸ ਤਰਜ਼ ਦੀ ਤਾਰੀਫ਼ ਨਾ ਖੱਟ ਸਕਿਆ ਜੋ ਦਾਰਾ ਸ਼ਿਕੋਹ ਦੇ ਹਿੱਸੇ ਆਉਂਦੀ ਰਹੀ। 1657 ਤੋਂ 1681 ਤੱਕ ਦਾ ਸਮਾਂ ਸ਼ਾਹ ਜਹਾਂ ਦੇ ਬਿਮਾਰ ਹੋਣ 'ਤੇ ਭਰਾ-ਮਾਰੂ ਜੰਗਾਂ, ਉਨ੍ਹਾਂ ਤੋਂ ਉਪਜੇ ਖ਼ੂਨ-ਖ਼ਰਾਬੇ ਅਤੇ ਹਿੰਦ ਦੀ ਬਾਦਸ਼ਾਹਤ ਉੱਤੇ ਪਕੜ ਮਜ਼ਬੂਤ ਕਰਨ ਦਾ ਰਿਹਾ। ਟਰੁਸ਼ਕਾ ਅਨੁਸਾਰ, "ਇਹ ਮਿੱਥ ਹੈ ਕਿ ਇਕੱਲਾ ਔਰੰਗਜ਼ੇਬ ਹੀ ਜਾਬਰ ਸੀ। ਅਸਲੀਅਤ ਇਹ ਹੈ ਕਿ ਸਾਰੇ ਭਰਾ (ਤੇ ਭੈਣਾਂ ਵੀ) ਇੱਕੋ ਜਿੰਨੇ 'ਖ਼ੂੰਖਾਰ' ਸਨ। ਸਾਰੇ ਤਾਕਤ ਹਥਿਆਉਣ ਵਾਸਤੇ ਹਰ ਹਰਬਾ ਵਰਤਣ ਦੀ ਤਾਕ ਵਿਚ ਸਨ।" ਹਿੰਦ ਦੀ ਹੁਕਮਰਾਨੀ ਉੱਤੇ ਪੂਰੀ ਤਰ੍ਹਾਂ ਗ਼ਾਲਬ ਹੋਣ ਤੋਂ 22 ਸਾਲ ਬਾਅਦ 1681 ਵਿਚ ਔਰੰਗਜ਼ੇਬ ਨੇ ਦੱਖਣ ਵੱਲ ਰੁਖ਼ ਕੀਤਾ। ਟੀਚਾ ਇੱਕੋ ਸੀ; ਮੁਗ਼ਲੀਆ ਹਿੰਦ ਦਾ ਵਿਸਤਾਰ ਦੱਖਣੀ ਭਾਰਤ ਦੇ ਆਖ਼ਰੀ ਸਿਰੇ ਤੱਕ ਕਰਨਾ।






***ਅਮਰੀਕੀ ਵਿਦਵਾਨ ਔਡਰੇਅ ਟਰੁਸ਼ਕਾ ਦੀਆਂ ਕਿਤਾਬਾਂ 'ਔਰੰਗਜ਼ੇਬ' ਤੇ 'ਲੈਂਗੁਏਜ ਆਫ ਹਿਸਟਰੀ' ਦੇ ਮੁਖੜੇ ਅਤੇ (ਐਨ ਸੱਜੇ) ਔਡਰੇਅ ਟਰੁਸ਼ਕਾ।***

* ਬਾਦਸ਼ਾਹ ਬਣਨ ਮਗਰੋਂ ਔਰੰਗਜ਼ੇਬ ਨੇ ਜ਼ਿੰਦਗੀ ਦੇ 26 ਵਰ੍ਹੇ ਦੱਖਣ ਵਿਚ ਬਿਤਾਏ; ਗੋਲਕੰਡਾ, ਬੀਜਾਪੁਰ, ਗੁਲਬਰਗਾ ਤੇ ਹੋਰ ਦੱਖਣੀ ਰਿਆਸਤਾਂ ਨੂੰ ਆਪਣੇ ਸਾਮਰਾਜ ਦਾ ਹਿੱਸਾ ਬਣਾਉਣ ਵਾਸਤੇ। ਉਸ ਦੀ ਮੌਤ ਵੀ ਅਹਿਮਦਨਗਰ ਵਿਚ ਹੋਈ। ਉੱਥੋਂ ਨੇੜੇ ਖ਼ੁਲਨਾਬਾਦ (ਮਹਾਰਾਸ਼ਟਰ) ਵਿਚ ਉਸ ਨੂੰ ਦਫ਼ਨ ਕੀਤਾ ਗਿਆ।

* ਟਰੁਸ਼ਕਾ ਦਾ ਦਾਅਵਾ ਹੈ ਕਿ ਔਰੰਗਜ਼ੇਬ ਤੁਅੱਸਬੀ ਜ਼ਰੂਰ ਸੀ ਪਰ ਹਿੰਦੂਆਂ ਦੇ ਖ਼ੂਨ ਦਾ ਪਿਆਸਾ ਨਹੀਂ ਸੀ। ਉਸ ਨੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਉਣ ਦਾ ਫ਼ਰਮਾਨ ਕਦੇ ਵੀ ਜਾਰੀ ਨਹੀਂ ਕੀਤਾ। ਇਹ ਫ਼ਰਮਾਨ ਦਿੱਲੀ ਤੋਂ ਉਸ ਦੀ ਗ਼ੈਰ-ਹਾਜ਼ਰੀ ਦੌਰਾਨ ਸੁੰਨੀ ਮੁਲਾਣੇ ਜਾਰੀ ਕਰਦੇ ਰਹੇ। ਅਸਲੀਅਤ ਤਾਂ ਇਹ ਹੈ ਕਿ ਮੁਗ਼ਲ ਕਾਲ ਦੌਰਾਨ ਸ਼ਾਹੀ ਨੌਕਰੀਆਂ ਵਿਚ ਹਿੰਦੂਆਂ ਦੀ ਸਭ ਤੋਂ ਵੱਧ ਤਾਦਾਦ (31.6 ਫ਼ੀਸਦੀ) ਔਰੰਗਜ਼ੇਬ ਵੇਲੇ ਰਹੀ। ਜੇ ਉਸ ਨੇ ਆਪਣੀ ਫ਼ੌਜ ਵਿਚੋਂ ਰਾਜਪੂਤਾਂ ਦੀ ਨਫ਼ਰੀ ਘਟਾਈ ਤਾਂ ਮਰਾਠਿਆਂ ਦੀ ਗਿਣਤੀ ਵਧਾਈ ਵੀ। ਧਾਨਾਜੀ ਜਾਧਵ, ਮੇਲਗਿਰੀ ਪੰਡਿਤ, ਮਾਹਲਾਜੀ ਖਰਗੜੇ ਉਹ ਮਰਾਠਾ ਜਰਨੈਲ ਸਨ ਜੋ ਸ਼ਿਵਾਜੀ ਭੋਸਲੇ ਦੇ ਖ਼ਿਲਾਫ਼ ਲੜਾਈਆਂ ਵਿਚ ਔਰੰਗਜ਼ੇਬ ਦੀ ਤਰਫ਼ੋਂ ਲੜਦੇ ਰਹੇ।

* ਟਰੁਸ਼ਕੇ ਇੱਕ ਹੋਰ ਅਮਰੀਕੀ ਇਤਿਹਾਸਕਾਰ ਰਿਚਰਡ ਈਟਨ ਦੀ ਖੋਜ ਦੇ ਹਵਾਲੇ ਨਾਲ ਲਿਖਦੀ ਹੈ ਕਿ ਔਰੰਗਜ਼ੇਬ ਨੇ ਆਪਣੇ ਸਮੁੱਚੇ ਰਾਜਕਾਲ ਦੌਰਾਨ ਇੱਕ ਦਰਜਨ ਤੋਂ ਵੱਧ ਮੰਦਿਰ ਨਹੀਂ ਢਾਹੇ। ਉਹ ਕਹਿੰਦੀ ਹੈ ਕਿ ਕਾਸ਼ੀ ਦਾ ਵਿਸ਼ਵਨਾਥ ਮੰਦਿਰ ਢਾਹ ਕੇ ਉਸ ਦੀ ਥਾਂ ਗਿਆਨਵਾਪੀ ਮਸਜਿਦ ਦੀ ਉਸਾਰੀ ਜਾਂ ਮਥੁਰਾ ਦਾ ਕੇਸ਼ਵਦੇਵ ਮੰਦਿਰ ਢਾਹ ਕੇ ਉੱਥੇ ਈਦਗਾਹ ਵੀ ਉਸਾਰੀ ਦੇ ਕਾਰਨ ਰਾਜਸੀ ਸਨ, ਮਜ਼ਹਬੀ ਤੁਅੱਸਬ ਨਹੀਂ। ਉਹ ਇਹ ਵੀ ਦਾਅਵਾ ਕਰਦੀ ਹੈ ਕਿ ਔਰੰਗਜ਼ੇਬ ਨੇ ਉਜੈਨ ਦੇ ਮਹਾਕਾਲੇਸ਼ਵਰ ਮੰਦਿਰ, ਚਿਤ੍ਰਕੂਟ ਦੇ ਬਾਲਾਜੀ ਮੰਦਿਰ, ਗੁਹਾਟੀ ਦੇ ਉਮਾਨੰਦ ਮੰਦਿਰ ਤੇ ਡੇਹਰਾਦੂਨ ਦੇ ਗੁਰਦੁਆਰਾ ਬਾਬਾ ਰਾਮ ਰਾਏ ਸਮੇਤ ਦਰਜਨਾਂ ਗ਼ੈਰ-ਇਸਲਾਮੀ ਤੀਰਥਾਂ ਦੀ ਉਸਾਰੀ ਜਾਂ ਪੁਨਰ-ਉਸਾਰੀ ਲਈ ਮੋਟੀਆਂ ਮਾਇਕ ਗਰਾਂਟਾਂ ਦਿੱਤੀਆਂ। ਹਿੰਦੂਆਂ ਉੱਤੇ ਜਜ਼ੀਆ ਵੀ ਉਸ ਨੇ 1676 ਵਿਚ ਲਾਗੂ ਕੀਤਾ, ਮਜ਼ਹਬੀ ਤੁਅੱਸਬ ਕਾਰਨ ਨਹੀਂ, ਆਰਥਿਕ ਸੰਕਟ ਉੱਤੇ ਕਾਬੂ ਪਾਉਣ ਵਾਸਤੇ।


* ਉਹ ਇਹ ਵੀ ਦਾਅਵਾ ਕਰਦੀ ਹੈ ਕਿ ਜੇਕਰ ਔਰੰਗਜ਼ੇਬ ਕੱਟੜ ਤੁਅੱਸਬੀ ਹੁੰਦਾ ਤਾਂ ਉਸ ਦੀਆਂ ਤਿੰਨੋਂ ਬੀਵੀਆਂ ਸੁੰਨੀ ਤੇ ਨਮਾਜ਼ੀ ਮੁਸਲਮਾਨ ਹੋਣੀਆਂ ਸਨ ਪਰ ਅਜਿਹਾ ਕੁਝ ਵੀ ਨਹੀਂ ਸੀ। ਲੜਕਪਨ ਵਿਚ ਉਸ ਦਾ ਪਿਆਰ ਹਿੰਦੂ ਤਵਾਇਫ਼ ਹੀਰਾਬਾਈ ਸੀ ਜਿਸ ਨੂੰ ਉਹ ਬੁਰਹਾਨਪੁਰ ਦੇ ਸ਼ਾਹੀ ਬਾਗ ਵਿਚੋਂ ਅੰਬ ਤੋੜਦਿਆਂ ਦੇਖ ਕੇ ਉਸ ਉੱਤੇ ਫ਼ਿਦਾ ਹੋ ਗਿਆ (ਉਹ ਜ਼ੈਨਾਬਾਦੀ ਮਹਿਲ ਦੇ ਨਾਂ ਨਾਲ ਵੀ ਜਾਣੀ ਜਾਂਦੀ ਸੀ)। ਉਸ ਦੀ ਪਹਿਲੀ ਬੀਵੀ ਦਿਲਰਸ ਬਾਨੋ ਸ਼ੀਆ ਮੁਸਲਮਾਨ ਸੀ। ਉਸ ਦੀ ਜ਼ੱਦ ਇਰਾਨ ਦੇ ਸਫ਼ਵੀ ਸ਼ਾਹੀ ਘਰਾਣੇ ਨਾਲ ਜੁੜੀ ਹੋਈ ਸੀ। 1637 ਵਿਚ ਵਿਆਹ ਤੋਂ ਲੈ ਕੇ 1657 ਵਿਚ ਮੌਤ ਹੋਣ ਤੱਕ ਦਿਲਰਸ ਬਾਨੋ ਬੇਗ਼ਮ ਸ਼ੀਆ ਹੀ ਰਹੀ। ਉਸ ਦੇ ਅਸਰ ਕਾਰਨ ਔਰੰਗਜ਼ੇਬ ਦੀ ਵੱਡੀ ਬੇਟੀ ਜ਼ੇਬੁਨਿਸਾ ਬਾਨੋ ਵੀ ਸ਼ੀਆ ਮੱਤ ਦੀ ਧਾਰਨੀ ਰਹੀ। ਦੂਜੀ ਬੀਵੀ ਨਵਾਬ ਬਾਈ ਖ਼ੁਦ ਨੂੰ ਸੱਯਦ ਦੱਸਦੀ ਸੀ ਪਰ ਉਹ ਰਾਜੌਰੀ ਦੇ ਰਾਜਾ ਤਾਜੂਦੀਨ ਦੀ ਧੀ ਸੀ। ਤਾਜੂਦੀਨ ਦਾ ਸਹੁਰਾ ਪਰਿਵਾਰ ਭਾਵੇਂ ਸੂਫ਼ੀ ਸੀ ਪਰ ਉਸ ਦੇ ਆਪਣੇ ਵਡੇਰੇ ਤਾਂ ਹਿੰਦੂ ਸਨ। ਔਰੰਗਜ਼ੇਬ ਦੀ ਨਵਾਬ ਬਾਈ ਨਾਲ ਕਦੇ ਵੀ ਬਹੁਤੀ ਬਣੀ ਨਹੀਂ। ਉਹ ਦਿਲਰਸ ਬਾਨੋ ਬੇਗ਼ਮ ਦੀ ਬੇਵਕਤੀ ਮੌਤ ਤੋਂ ਬਾਅਦ ਵੀ ਔਰੰਗਜ਼ੇਬ ਤੋਂ ਅਲਹਿਦਾ ਰਹਿੰਦੀ ਰਹੀ। ਉਹ ਦੋ ਪੁੱਤਰਾਂ ਮਿਰਜ਼ਾ ਮੁਹੰਮਦ ਸੁਲਤਾਨ ਤੇ ਮੁਅੱਜ਼ਮ ਉਰਫ਼ ਸ਼ਾਹ ਆਲਮ ਦੀ ਮਾਂ ਸੀ। ਮੁਅੱਜ਼ਮ ਨੇ 1707 ਵਿਚ ਪਿਤਾ ਦੀ ਮੌਤ ਮਗਰੋਂ ਬਹਾਦਰ ਸ਼ਾਹ ਦੇ ਨਾਮ ਨਾਲ ਹਿੰਦ ਦਾ ਤਾਜ ਵੀ ਸੰਭਾਲਿਆ ਪਰ ਔਰੰਗਜ਼ੇਬ ਨੇ ਆਪਣੇ ਜਿਊਂਦੇ ਜੀਅ ਕਦੇ ਵੀ ਇਨ੍ਹਾਂ ਦੋਵਾਂ ਪੁੱਤਰਾਂ ਉੱਪਰ ਬਹੁਤਾ ਲਾਡ-ਦੁਲਾਰ ਨਹੀਂ ਲੁਟਾਇਆ। ਬਾਦਸ਼ਾਹ ਦੀ ਤੀਜੀ ਬੀਵੀ ਉਦੈਪੁਰੀ ਮਹਿਲ ਦੇ ਨਾਮ ਨਾਲ ਜਾਣੀ ਜਾਂਦੀ ਹੈ। ਉਸ ਨੂੰ ਅਰਜ਼ਾਨੀ ਬੇਗ਼ਮ ਵੀ ਕਿਹਾ ਜਾਂਦਾ ਹੈ। ਉਹ ਕਾਕੇਸ਼ਿਆਈ ਮੁਲਕ ਜਾਰਜੀਆ ਤੋਂ ਲਿਆਂਦੀ ਗਈ ਗ਼ੁਲਾਮ ਸੀ ਜਿਸ ਨੂੰ ਦਾਰਾ ਸ਼ਿਕੋਹ ਨੇ ਆਪਣੀ ਰਖੇਲ ਬਣਾਇਆ। ਦਿਲਰਸ ਬਾਨੋ ਬੇਗ਼ਮ ਦੇ ਇੰਤਕਾਲ ਮਗਰੋਂ ਔਰੰਗਜ਼ੇਬ ਨੇ ਉਸ ਨਾਲ ਨਿਕਾਹ ਕਰ ਲਿਆ। ਉਹ ਦੱਖਣ ਵਿਚ ਮੁਹਿੰਮਾਂ ਦੌਰਾਨ ਔਰੰਗਜ਼ੇਬ ਦੇ ਨਾਲ ਹੀ ਰਹੀ। ਸ਼ਹਿਜ਼ਾਦਾ ਕਾਮ ਬਖ਼ਸ਼ ਉਸ ਦਾ ਹੀ ਬੇਟਾ ਸੀ। ਬਾਦਸ਼ਾਹ ਦੇ ਫ਼ੌਤ ਹੋਣ 'ਤੇ ਉਹ ਏਨੀ ਗ਼ਮਜ਼ਦਾ ਹੋ ਗਈ ਕਿ ਚਾਰ ਮਹੀਨੇ ਬਾਅਦ ਦਮ ਤੋੜ ਗਈ।

* ਟਰੁਸ਼ਕਾ ਦਾ ਇਹ ਵੀ ਦਾਅਵਾ ਹੈ ਕਿ ਉਮਰ ਢਲਣ 'ਤੇ ਔਰੰਗਜ਼ੇਬ ਦੇ ਅੰਦਰ ਇਹ ਅਹਿਸਾਸ ਪਕੇਰਾ ਹੁੰਦਾ ਗਿਆ ਕਿ ਉਸ ਨੇ ਆਪਣੇ ਪਿਤਾ ਜਾਂ ਭਰਾਵਾਂ ਨਾਲ ਅਨਿਆਂ ਕੀਤਾ। ਇਸ ਦੀ ਭਰਪਾਈ ਖ਼ਾਤਿਰ ਉਸ ਨੇ ਦਾਰਾ ਸ਼ਿਕੋਹ ਦੇ ਬੇਟੇ ਸਿਫਿਰ ਸ਼ਿਕੋਹ ਨੂੰ ਕੈਦਖ਼ਾਨੇ ਵਿਚੋਂ ਕੱਢ ਕੇ ਉਸ ਦਾ ਵਿਆਹ ਆਪਣੀ ਧੀ ਜ਼ੁਬੁਕਤਨਿਸਾ ਨਾਲ ਕੀਤਾ। ਸ਼ਹਿਜ਼ਾਦਾ ਆਜ਼ਮ ਦਾ ਨਿਕਾਹ ਦਾਰਾ ਸ਼ਿਕੋਹ ਦੀ ਬੇਟੀ ਜਹਾਂਜ਼ੇਬ ਬਾਨੋ ਨਾਲ ਕਰਵਾਇਆ ਗਿਆ। ਇੰਝ ਹੀ, ਬਾਦਸ਼ਾਹ ਨੇ ਆਪਣੇ ਸਭ ਤੋਂ ਛੋਟੇ ਤੇ ਲਾਡਲੇ ਬੇਟੇ ਸੁਲਤਾਨ ਮੁਹੰਮਦ ਅਕਬਰ ਦਾ ਵਿਆਹ ਪੂਰੀ ਸ਼ਾਨੋ ਸ਼ੌਕਤ ਨਾਲ ਦਾਰਾ ਸ਼ਿਕੋਹ ਦੀ ਪੋਤੀ ਸ਼ਹਿਜ਼ਾਦੀ ਸਲੀਮਾ ਨਾਲ ਕੀਤਾ।

ਕਿਤਾਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਦੋ ਕੁ ਸਤਰਾਂ ਹਨ। ਲੇਖਕਾ ਮੁਤਾਬਿਕ ਸ਼ਾਹੀ ਰਿਕਾਰਡ ਵਿਚ ਨੌਂਵੇਂ ਗੁਰੂ ਨੂੰ 'ਸਜ਼ਾ' ਦਾ ਜ਼ਿਕਰ ਸਿਰਫ਼ ਇੱਕ ਸਤਰ ਦਾ ਹੈ। ਕਿਤਾਬ ਇਹ ਵੀ ਸੰਕੇਤ ਨਹੀਂ ਦਿੰਦੀ ਕਿ ਉਸ ਸਮੇਂ ਔਰੰਗਜ਼ੇਬ ਕਿੱਥੇ ਸੀ। ਇਨ੍ਹਾਂ ਤੱਤਾਂ-ਤੱਥਾਂ ਦੀ ਰੌਸ਼ਨੀ ਵਿਚ ਕਿਤਾਬ ਪਾਠਕ ਨੂੰ ਇਹ ਸਵਾਲ ਕਰਦੀ ਹੈ ਕਿ ਮੋਹੀਉਦੀਨ ਮੁਹੰਮਦ ਔਰੰਗਜ਼ੇਬ ਕੀ ਸਚਮੁੱਚ ਹੀ ਮਹਾਂ ਤੁਅੱਸਬੀ ਜਾਂ ਮਹਾਂ ਪਾਪੀ ਸੀ? ਕਿਤਾਬ ਔਰੰਗਜ਼ੇਬ ਨੂੰ ਨਾਇਕ ਵਜੋਂ ਪੇਸ਼ ਨਹੀਂ ਕਰਦੀ ਪਰ ਉਸ ਦੇ ਅਕਸ ਦੀ ਪੁਨਰ-ਉਸਾਰੀ ਵਾਲੀ ਦਲੀਲ ਪੂਰੀ ਸ਼ਿੱਦਤ ਨਾਲ ਸਿਰਜਦੀ ਹੈ। ਇਹੋ ਹੀ ਇਸ ਦਾ ਅਸਲ ਹਾਸਿਲ ਹੈ।

# ਸੁਤੰਤਰਤਾ ਪ੍ਰਾਪਤੀ ਤੇ ਵੰਡਪਾਊ ਰੁਝਾਨ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਦੇਸ਼ ਦੇ 78ਵੇਂ ਸੁਤੰਤਰਤਾ ਦਿਵਸ ਮੌਕੇ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਲੋਕਤੰਤਰ ਦੀ ਮਜ਼ਬੂਤੀ ਲਈ ਠੀਕ ਹੀ ਸਮਾਜਕ ਵਰਤਾਰੇ ਵਿਚ ਵੰਡਪਾਊ ਰੁਝਾਨਾਂ ਦੇ ਨਕਾਰੇ ਜਾਣ ਨੂੰ ਪਹਿਲ ਦਿੱਤੀ ਹੈ। ਮੇਰੀ ਉਮਰ ਦੇ ਲੋਕ ਜਾਣਦੇ ਹਨ ਕਿ ਅਖੰਡ ਹਿੰਦੁਸਤਾਨ ਵਿਚੋਂ ਪਾਕਿਸਤਾਨ ਸਿਰਜੇ ਜਾਣ 'ਤੇ ਸੀਮਾ ਦੇ ਦੋਨੋਂ ਪਾਸੇ ਵਸ ਰਹੇ ਲੋਕਾਂ ਦਾ ਕਿੰਨਾ ਨਾਸ ਹੋਇਆ ਸੀ। ਕੋਈ ਢਾਈ ਲੱਖ ਲੋਕ ਮਾਰੇ ਗਏ ਸਨ ਤੇ ਇੱਕ ਕਰੋੜ ਪੰਜ ਲੱਖ ਬੇਘਰੇ ਹੋ ਗਏ ਸਨ। ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਸਾਡਾ ਦੇਸ਼ ਅਨੇਕਤਾ ਵਿਚ ਏਕਤਾ ਨੂੰ ਪਰਨਾਏ ਹੋਣ ਕਾਰਨ ਪਾਕਿਸਤਾਨ ਨਾਲੋਂ ਇਕਮੁਠ ਵੀ ਰਿਹਾ ਤੇ ਖੁਸ਼ਹਾਲ ਵੀ। ਏਧਰੋਂ ਓਧਰ ਜਾਣ ਵਾਲੇ ਯਾਤਰੀ ਜਾਣਦੇ ਹਨ ਕਿ ਉਨ੍ਹਾਂ ਦੀਆਂ ਪੱਕੀਆਂ ਸੜਕਾਂ ਸੌੜੀਆਂ ਹੀ ਨਹੀਂ ਭੈੜੀਆਂ ਵੀ ਹਨ। ਹਰ ਪਾਸੇ ਰੁੱਖ-ਹੀਣ। ਚੋਣਵੇਂ ਅਮੀਰ ਘਰਾਂ ਨੂੰ ਛੱਡ ਕੇ ਆਮ ਲੋਕਾਂ ਦੇ ਘਰ ਹਾਲੀ ਵੀ ਮਿੱਟੀ ਗਾਰੇ ਦੇ ਬਣੇ ਹੋਏ ਹਨ। ਤੇ ਜਿਨ੍ਹਾਂ ਘਰਾਂ ਦੀਆਂ ਕੰਧਾਂ ਪੱਕੀ ਇੱਟ ਵਾਲੀਆਂ ਹਨ ਉਨ੍ਹਾਂ ਉੱਤੇ ਸੀਮਿੰਟ ਦੀ ਟੀਪ ਨਹੀਂ ਕੀਤੀ ਹੋਈ। ਖਾਲਿਸਤਾਨ ਜਾਂ ਹਿੰਦੂਤਵ ਦੀ ਭਾਵਨਾ ਵਾਲੇ ਲੀਡਰਾਂ ਨੂੰ ਇਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਕੱਟੜਪੰਥੀਆਂ ਨੂੰ ਖਾਸ ਕਰਕੇ।

ਅੱਜ ਤਾਂ ਬੰਗਲਾਦੇਸ਼ ਦੀ ਉੱਥਲ-ਪੁੱਥਲ ਵੀ ਸਿੱਖਿਆ ਦਾ ਕੇਂਦਰ ਬਣੀ ਹੋਈ ਹੈ। ਜਨਵਰੀ 2009 ਵਿਚ ਸ਼ੇਖ ਹਸੀਨਾ ਵੱਲੋਂ ਸੱਤਾ ਦੀ ਕਮਾਂਡ ਸੰਭਾਲਣ ਪਿੱਛੋਂ ਭਾਰਤ ਦੇ ਉੱਤਰ ਪੂਰਬੀ ਖਿੱਤੇ ਅੰਦਰ ਅਤਿਵਾਦੀ ਰੁਝਾਨਾਂ ਨਾਲ ਮਿਲਣ ਲਈ ਉਸਨੇ ਪੂਰਾ ਸਹਿਯੋਗ ਦਿੱਤਾ ਸੀ ਤੇ ਆਪਣੇ ਦੇਸ਼ ਵਿਚ ਵੀ ਕੱਟੜਪੰਥੀਆਂ ਵਿਰੁੱਧ ਫੈਸਲਾਕੁਨ ਕਾਰਵਾਈ ਕੀਤੀ ਸੀ। ਬੰਗਲਾਦੇਸ਼ ਲਈ ਇਹ ਖੁਸ਼ਹਾਲੀ ਦਾ ਸਮਾਂ ਸੀ। ਪਰ ਜਦੋਂ ਅਸਹਿਮਤੀ ਦੀਆਂ ਆਵਾਜ਼ਾਂ ਚੁੱਪ ਕਰਾਉਣ ਲਈ ਰਾਜਸੀ ਸੰਸਥਾਵਾਂ ਦੀ ਵਰਤੋਂ ਕੀਤੀ ਗਈ ਤਾਂ ਰੋਜ਼ਮੱਰ੍ਹਾ ਦੀਆਂ ਚੀਜ਼ਾਂ ਦੀਆਂ ਕੀਮਤਾਂ ਹੀ ਨਹੀਂ ਵਧੀਆਂ ਅਪਰਾਧੀ ਗਰੋਹਾਂ ਨੇ ਵੀ ਫਣ ਚੁੱਕ ਲਏ। ਏਥੋਂ ਤੱਕ ਕਿ ਹਰਮਨ-ਪਿਆਰੀ ਅਵਾਮੀ ਲੀਗ ਦਾ ਵੀ ਲੋਕਾਂ ਨਾਲੋਂ ਰਾਬਤਾ ਟੁੱਟ ਗਿਆ। ਦੇਸ਼ ਦੀਆਂ ਵਰਤਮਾਨ ਖੂਨੀ ਝੜਪਾਂ ਦੇਸ਼ ਦੇ ਖਾਨਾਜੰਗੀ ਇਤਿਹਾਸ ਦੀਆਂ ਬਦਤਰੀਨ ਘਟਨਾਵਾਂ ਵਜੋਂ ਦਰਜ ਹੋਈਆਂ ਹਨ। ਰਾਜਨੀਤੀ ਉੱਤੇ ਫ਼ੌਜ ਦਾ ਹਾਵੀ ਹੋਣਾ ਹੋਰ ਵੀ ਚਿੰਤਾਜਨਕ ਹੈ। ਫ਼ੌਜ ਵਲੋਂ ਪਿਛਲੀ ਸੀਟ ਉੱਤੇ ਬੈਠ ਕੇ ਸਰਕਾਰ ਚਲਾਉਣਾ ਕਦੀ ਵੀ ਕਾਰਗਰ ਨਹੀਂ ਹੁੰਦਾ।

ਰਾਸ਼ਟਰਪਤੀ ਦਰੋਪਦੀ ਮੁਰਮੂ ਵਲੋਂ ਸਾਰੇ ਦੇਸ਼ਵਾਸੀਆਂ ਨੂੰ ਸੁਤੰਤਰਤਾ ਦਿਵਸ ਇਕ ਪਰਿਵਾਰ ਵਾਂਗ ਮਨਾਉਣ ਦਾ ਸੱਦਾ ਸਿਰਮੱਥੇ, ਪਰ ਇਹਦੇ ਲਈ ਰਾਖਵਾਂਕਰਨ ਵਰਗੇ ਐਕਟ ਹੀ ਕਾਫ਼ੀ ਨਹੀਂ ਸਮਾਜ ਦੇ ਸਮੁੱਚੇ ਵਰਗਾਂ ਦਾ ਵਿਕਾਸ ਕਰਨ ਦੀ ਲੋੜ ਹੈ।

### ਆਨੰਦਪੁਰ ਸਾਹਿਬ ਦਾ ਸਾਵਣ ਕਵੀ ਦਰਬਾਰ



ਸਰਬਜੀਤ ਸਿੰਘ ਛਾਨਾ ਦੀ ਪੁਸਤਕ 'ਸੇਵੀਅਰ ਸਿੰਘ' ਲੋਕ ਅਰਪਣ ਕਰਦੇ ਹੋਏ ਪਤਵੰਤੇ।

10 ਅਗਸਤ ਨੂੰ ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼, ਸ੍ਰੀ ਆਨੰਦਪੁਰ ਸਾਹਿਬ ਵੱਲੋਂ ਕਰਵਾਏ ਸਾਵਣ ਕਵੀ ਦਰਬਾਰ ਨੇ ਮੈਨੂੰ ਬੁੱਧ ਸਿੰਘ ਢਾਹਾਂ ਕਲੇਰਾਂ ਵਲੋਂ ਆਪਣੇ ਪਿੰਡ ਵਿਚ ਸਥਾਪਤ ਕੀਤਾ ਚੈਰੀਟੇਬਲ ਹਸਪਤਾਲ ਚੇਤੇ ਕਰਵਾ ਦਿੱਤਾ, ਜਿੱਥੇ 1986 ਵਿਚ ਮੇਰੀ ਜੀਵਨ ਸਾਥਣ ਡਾ. ਸੁਰਜੀਤ ਕੌਰ ਭਾਰਤ ਸਰਕਾਰ ਦੇ ਸਿਹਤ ਮੰਤਰਾਲੇ ਤੋਂ ਸੇਵਾ ਮੁਕਤ ਹੋਣ ਉਪਰੰਤ ਕੰਮ ਕਰਦੀ ਰਹੀ ਹੈ। ਏਸ ਲਈ ਵੀ ਕਿ ਬੁੱਧ ਸਿੰਘ ਨੇ ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਮਾਰਗ ਉੱਤੇ ਪਿੰਡ ਕੁਕੜ ਮਜ਼ਾਰਾ ਵਿਖੇ ਇਕ ਹੋਰ ਚੈਰੀਟੇਬਲ ਹਸਪਤਾਲ ਸਥਾਪਤ ਕੀਤਾ ਜਿਥੇ ਸੰਨੀ ਓਬਰਾਏ ਇੰਸਟੀਚਿਊਟ ਤੇ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸੰਸਥਾਪਕ ਸੁਰਿੰਦਰਪਾਲ ਸਿੰਘ ਓਬਰਾਏ ਨੇ 2016 ਵਿਚ ਅੱਖਾਂ ਦੇ ਰੋਗੀਆਂ ਲਈ ਆਈ ਸੈਂਟਰ ਤੇ ਗੁਰਦਾ ਪੀੜਤਾਂ ਲਈ ਡਾਇਲਿਸਿਸ ਸੈਂਟਰ ਲਈ ਮਾਇਕ ਸਹਾਇਤਾ ਦਿੱਤੀ ਅਤੇ ਅਗਲੇ ਸਾਲ ਇੱਕ ਐਂਬੂਲੈਂਸ ਵੀ ਦਾਨ ਕੀਤੀ। ਓਬਰਾਏ ਨੂੰ ਸ਼ਿਵਾਲਕ ਦੀਆਂ ਪਹਾੜੀਆਂ ਤੇ ਸਤਲੁਜ ਨਦੀ ਦਾ ਇਹ ਕੰਢਾ ਏਸ ਲਈ ਚੰਗਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸਨੂੰ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣਾਇਆ ਸੀ। ਪਾਕਿਸਤਾਨ ਤੋਂ ਉੱਜੜ ਕੇ ਆਉਣ ਉਪ੍ਰੰਤ ਉਸਦੇ ਪਿਤਾ ਦੇ ਨੰਗਲ ਡੈਮ ਵਿਚ ਮਕੈਨਿਕ ਰਹਿਣ ਨੇ ਸੋਨੇ ਉੱਤੇ ਸੁਹਾਗੇ ਦਾ ਕੰਮ ਕੀਤਾ।

ਵਿਵੇਕ ਸਦਨ ਦਾ ਮੂਲ ਮੰਤਵ ਉੱਚ ਪੱਧਰੀ ਖੋਜ ਦੁਆਰਾ ਸਿਆਣਿਆਂ ਦਾ ਸੱਚ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਤੇ ਇਸ ਮਨੋਰਥ ਦੀ ਪੂਰਤੀ ਲਈ ਸੈਮੀਨਾਰ, ਵਰਕਸ਼ਾਪਾਂ, ਕਵੀ ਦਰਬਾਰ ਤੇ ਕਾਨਫਰੰਸਾਂ ਰਚਾਉਣਾ ਹੈ। ਅਗਸਤ ਵਾਲੇ ਕਵੀ ਦਰਬਾਰ ਵਿਚ ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਭੁਪਿੰਦਰ ਕੌਰ ਪ੍ਰੀਤ, ਦਵਿੰਦਰ ਸੈਫੀ, ਮਨਮੋਹਨ ਸਿੰਘ ਦਾਊਂ, ਪ੍ਰੋ. ਮਿੰਦਰ, ਪ੍ਰਤੀਕ ਕੁਮਾਰ, ਮੋਹਨ ਤਿਆਗੀ, ਨਿਰਵੈਰ ਸਿੰਘ ਅਰਸ਼ੀ, ਵਿਸ਼ਾਲ ਤੇ ਜਤਿੰਦਰ ਕੌਰ ਆਨੰਦਪੁਰੀ ਸਮੇਤ ਢਾਈ ਦਰਜਨ ਕਵੀਆਂ ਨੇ ਹਿੱਸਾ ਲਿਆ। ਇਹ ਵੀ ਐਲਾਨ ਕੀਤਾ ਗਿਆ ਕਿ ਛੇਤੀ ਹੀ ਇਸ ਸਦਨ ਵਲੋਂ ਪਦਮ ਸ੍ਰੀ ਸੁਰਜੀਤ ਪਾਤਰ ਦੀ ਯਾਦ ਵਿਚ 52 ਕਵੀਆਂ ਦਾ ਕਵੀ ਦਰਬਾਰ ਕਰਵਾਇਆ ਜਾਵੇਗਾ। ਇਸ ਕਵੀ ਦਰਬਾਰ ਦੀ ਸਮਾਪਤੀ ਨਾਮਵਰ ਲੇਖਕ ਡਾ. ਸਰਬਜੀਤ ਸਿੰਘ ਛਾਨਾ ਰਚਿਤ ਪੁਸਤਕ 'ਸੇਵੀਅਰ ਸਿੰਘ' ਦੇ ਲੋਕ ਅਰਪਣ ਨਾਲ ਹੋਈ ਜਿਸ ਵਿਚ ਡਾ. ਸੁਰਿੰਦਰਪਾਲ ਸਿੰਘ ਓਬਰਾਏ ਦੇ ਜੀਵਨ ਤੇ ਪ੍ਰਾਪਤੀਆਂ ਦਾ ਵੇਰਵਾ ਅੰਕਿਤ ਹੈ।

ਸਾਵਣ ਕਵੀ ਦਰਬਾਰ ਤੋਂ ਅਗਲੇ ਦਿਨ ਸੰਨੀ ਓਬਰਾਏ ਵਿਵੇਕ ਸਦਨ ਦਾ ਰਸਮੀ ਉਦਘਾਟਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦੇ ਕਰ ਕਮਲਾਂ ਦੁਆਰਾ ਕੀਤਾ ਗਿਆ ਜਦੋਂ ਕਿ ਇਸਦਾ ਨੀਂਹ ਪੱਥਰ 6 ਦਸੰਬਰ 2016 ਨੂੰ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਨੇ ਰਖਿਆ ਸੀ।


**ਅੰਤਿਕਾ**

ਉਹ ਨਦੀ ਕਿਧਰ ਗਈ/ਕਵਿੰਦਰ 'ਚਾਂਦ'॥
ਕੀ ਤੇਰੀ ਲੀਲਾ ਹੈ ਗਿਰਧਰ
ਤੇਰੀ ਹਰ ਤਸਵੀਰ ਵਿਚ
ਸਿਰਫ਼ ਰਾਧਾ ਦਿਸ ਰਹੀ ਹੈ
ਰੁਕਮਣੀ ਕਿੱਧਰ ਗਈ
ਸੁੱਕਿਆ ਦਰਿਆ, ਬੜਾ
ਗਮਗੀਨ ਹੋ ਕੇ ਪੁੱਛਦੈ
ਜੋ ਪਹਾੜੋਂ ਲੱਥਣੀ ਸੀ
ਉਹ ਨਦੀ ਕਿੱਧਰ ਗਈ
ਗਗਨ ਛੂੰਹਦੀ ਇੱਕ ਇਮਾਰਤ
ਨੂੰ ਗਗਨ ਨੇ ਪੁੱਛਿਆ
ਇਸ ਜਗ੍ਹਾ ਹੁੰਦੀ ਸੀ ਜਿਹੜੀ
ਝੌਂਪੜੀ ਕਿੱਧਰ ਗਈ।

# ਸਾਹਿਤਕ ਖੇਤਰ ਦੇ ਕੱਚ-ਸੱਚ ਦੀ ਦਲੇਰਾਨਾ ਪੇਸ਼ਕਾਰੀ ਕਰਦਾ ਨਾਵਲ -ਮੁਰਗਾਬੀਆਂ

## ਪੁਸਤਕ ਚਰਚਾ

ਨਿਰੰਜਣ ਬੋਹਾ
ਫੋਨ: 89682-82700



*ਲੇਖਕ ਜਸਵਿੰਦਰ ਪੰਜਾਬੀ*
*ਪ੍ਰਕਾਸ਼ਕ-ਜੇ ਪੀ ਪਬਲੀਕੇਸ਼ਨਜ਼, ਪਟਿਆਲਾ*

ਕੁਝ ਦਹਾਕੇ ਪਹਿਲਾਂ ਤੱਕ ਸਾਹਿਤ ਤੇ ਸਿੱਖਿਆ ਦੇ ਖੇਤਰ ਬਾਰੇ ਇਹ ਧਾਰਨਾ ਬਣੀ ਹੋਈ ਸੀ ਕਿ ਇਹ ਖੇਤਰ ਮਨੁੱਖੀ ਖਾਸੇ ਤੋਂ ਟੁੱਟਦੀ ਜਾ ਰਹੀ ਸਮਾਜਿਕ ਜ਼ਿੰਦਗੀ ਵਿਚ ਹਾਂ-ਪੱਖੀ ਦਖਲਅੰਦਾਜ਼ੀ ਕਰਕੇ ਖਿੰਡ-ਪੁੰਡ ਰਹੀ ਸਮਾਜਿਕ ਵਿਵਸਥਾ ਦੀ ਮਨੁੱਖਤਾਵਾਦੀ ਤਰਜ਼ 'ਤੇ ਪੁਨਰ ਉਸਾਰੀ ਵਿਚ ਆਪਣਾ ਯੋਗਦਾਨ ਪਾਉਣ ਦੇ ਸਮਰੱਥ ਹਨ। ਪਰ ਸਮੂਹਿਕ ਹਿੱਤਾਂ ਨਾਲੋਂ ਵਿਅਕਤੀਗਤ ਹਿੱਤਾਂ ਨੂੰ ਪਹਿਲ ਦੇਣ ਵਾਲੇ ਇਸ ਯੁੱਗ ਵਿਚ ਇਹ ਖੇਤਰ ਵੀ ਭ੍ਰਿਸ਼ਟਾਚਾਰ ਦੀ ਲਪੇਟ ਵਿਚ ਆ ਗਏ ਹਨ, ਜਿਸ ਨਾਲ ਇਨ੍ਹਾਂ ਦੀ ਭਰੋਸੇਯੋਗਤਾ ਵੀ ਘਟਣ ਲੱਗ ਪਈ ਹੈ। ਅਸੀਂ ਨਿਰੰਤਰ ਵੇਖ ਰਹੇ ਹਾਂ ਕਿ ਸਮੇਂ ਦੀ ਬਦਲ ਰਹੀ ਚਾਲ ਨਾਲ ਇਹ ਖੇਤਰ ਵੀ ਆਪਣੀ ਲੋਕ ਕਲਿਆਣਕਾਰੀ ਭੂਮਿਕਾ ਤੋਂ ਦੂਰ ਹੁੰਦੇ ਜਾ ਰਹੇ ਹਨ। ਸਾਹਿਤਕ ਖੇਤਰ ਵਿਚ ਸਥਾਪਤੀ ਤੇ ਪ੍ਰਸਿੱਧੀ ਹੁਣ ਪਹਿਲਾਂ ਵਾਂਗ ਕੇਵਲ ਮਿਆਰੀ ਸਾਹਿਤ ਸਿਰਜਣਾ, ਮਿਹਨਤ ਤੇ ਲਗਨ 'ਤੇ ਹੀ ਨਿਰਭਰ ਨਹੀਂ ਰਹੀ ਸਗੋਂ ਹੋਰ ਵੀ ਕਈ ਤਰ੍ਹਾਂ ਦੀਆਂ ਭ੍ਰਿਸ਼ਟ ਜੁਗਾੜਬੰਦੀਆਂ 'ਤੇ ਟੇਕ ਰੱਖਣ ਲੱਗ ਪਈ ਹੈ। ਜਿਉਂ ਜਿਉਂ ਸਾਹਿਤਕ ਖੇਤਰ ਵਿਚ ਭ੍ਰਿਸ਼ਟਾਚਾਰ ਵਧ ਰਿਹਾ ਹੈ ਤਿਉਂ ਤਿਉਂ ਲੋਕਾਂ ਦੇ ਮਨਾਂ ਵਿਚੋਂ ਸਾਹਿਤਕਾਰਾਂ ਦਾ ਸਨਮਾਨ ਵੀ ਘਟਦਾ ਜਾ ਰਿਹਾ ਹੈ।

ਸਾਹਿਤ ਦੇ ਖੇਤਰ ਦੀ ਇਸ ਸਥਿਤੀ ਤੋਂ ਚਿੰਤਾਤੁਰ ਕੁਝ ਲੇਖਕਾਂ ਪਾਠਕਾਂ ਵੱਲੋਂ ਸਾਹਿਤਕ ਭ੍ਰਿਸ਼ਟਾਚਾਰ ਬਾਰੇ ਸਮੇਂ ਸਮੇਂ 'ਤੇ ਅਵਾਜ਼ਾਂ ਤਾਂ ਪਹਿਲਾਂ ਵੀ ਉਠਾਈਆਂ ਜਾਂਦੀਆਂ ਰਹੀਆਂ ਸਨ ਪਰ ਸੋਸ਼ਲ ਮੀਡੀਆ ਦੀ ਆਮਦ ਤੋਂ ਬਾਅਦ ਇਨ੍ਹਾਂ ਅਵਾਜ਼ਾਂ ਦੀ ਸੁਰ ਬਹੁਤ ਉੱਚੀ ਹੋਈ ਵਿਖਾਈ ਦੇਂਦੀ ਹੈ। ਇੱਕ ਪਾਸੇ ਪ੍ਰਬੁੱਧ ਨਾਵਲਕਾਰ ਤੇ ਨਾਮੀ ਵਕੀਲ ਮਿੱਤਰ ਸੈਨ ਮੀਤ ਵੱਲੋਂ ਭਾਸ਼ਾ ਵਿਭਾਗ ਤੇ ਸਾਹਿਤ ਅਕਾਦਮੀ ਵੱਲੋਂ ਦਿੱਤੇ ਜਾਣ ਵਾਲੇ ਇਨਾਮਾਂ ਸਨਮਾਨਾਂ ਦੀ ਪਾਰਦਰਸ਼ਤਾ 'ਤੇ ਗੰਭੀਰ ਸੁਆਲ ਉਠਾਏ ਜਾ ਰਹੇ ਹਨ ਤਾਂ ਦੂਜੇ ਪਾਸੇ ਬੁੱਧ ਸਿੰਘ ਨੀਲੋਂ ਵੱਲੋਂ ਯੂਨੀਵਰਸਿਟੀਆਂ ਵਿਚ ਸਾਹਿਤਕ ਖੋਜ ਕਾਰਜਾਂ ਦੇ ਨਾਂ 'ਤੇ ਹੋ ਰਹੇ ਗੋਰਖਧੰਧੇ ਦਾ ਮਾਮਲਾ ਜ਼ੋਰ-ਸ਼ੋਰ ਨਾਲ ਉਠਾਇਆ ਜਾ ਰਿਹਾ ਹੈ। ਸੰਨ 2021 ਵਿਚ ਨਾਵਲਕਾਰ ਜਸਬੀਰ ਭੁੱਲਰ ਦੇ ਨਾਵਲ 'ਖਿੱਦੋ' ਨੇ ਇਨਾਮਾਂ-ਸਨਮਾਨਾਂ ਲਈ ਲੇਖਕਾਂ ਦੀ ਚੋਣ ਕਰਨ ਵੇਲੇ ਹੁੰਦੀਆਂ ਹੇਰਾ-ਫੇਰੀਆਂ ਤੇ ਜੁਗਾੜਬੰਦੀਆਂ ਦੇ ਚੰਗੇ ਬੱਖੀਏ ਉਧੇੜ ਸਨ। ਕੈਨੇਡਾ ਦੇ ਤ੍ਰੈ-ਮਾਸਿਕ ਸਾਹਿਤਕ ਪਰਚੇ 'ਸੰਵਾਦ' ਦੇ ਸੰਪਾਦਕ ਅਤੇ ਜਨਵਾਦੀ ਕਵੀ ਸੁਖਿੰਦਰ ਵੱਲੋਂ ਵੀ 'ਸਾਹਿਤਕ ਭ੍ਰਿਸ਼ਟਾਚਾਰ -ਖੁਲ੍ਹੇ ਭੇਤ' ਵਰਗੀਆਂ ਕਿਤਾਬਾਂ ਦਾ ਸੰਪਾਦਨ ਕਰਕੇ ਅਤੇ ਆਪਣੇ ਪਰਚੇ ਵਿਚ ਅਜਿਹੇ ਭ੍ਰਿਸ਼ਟਾਚਾਰ ਵਿਰੁੱਧ ਨਿਰੰਤਰ ਲਿਖ ਕੇ ਇਸ ਕਿਸਮ ਦੇ ਭ੍ਰਿਸ਼ਟਾਚਾਰ ਬਾਰੇ ਲੋਕ ਰਾਇ ਤਿਆਰ ਕਰਨ ਵਿਚ ਆਪਣੇ ਹਿੱਸੇ ਦਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸੇ ਲੜੀ ਵਿਚ ਹੁਣ ਸੰਨ 2024 ਵਿਚ ਪ੍ਰਕਾਸ਼ਿਤ ਹੋਏ ਜਸਵਿੰਦਰ ਪੰਜਾਬੀ ਦੇ ਨਾਵਲ 'ਮੁਰਗਾਬੀਆਂ' ਨੂੰ ਵੀ ਸਾਹਿਤ ਭ੍ਰਿਸ਼ਟਾਚਾਰ ਦੇ ਵਿਰੁੱਧ ਉੱਠੀ ਤਿੱਖੀ ਆਵਾਜ਼ ਵਜੋਂ ਵਿਚਾਰਿਆ ਜਾ ਸਕਦਾ ਹੈ।

ਇਹ ਨਾਵਲ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਪਾਉਣ ਵਾਲੀਆਂ ਨਵੀਆਂ ਲੇਖਿਕਾਵਾਂ ਦਾ ਜਿਨਸੀ ਸ਼ੋਸ਼ਣ ਹੋਣ ਦੀਆਂ ਸੰਭਾਵਨਾਵਾਂ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਚਿੰਤਨੀ ਬੋਧ ਦਾ ਹਿੱਸਾ ਬਣਾਉਂਦਾ ਹੈ। ਨਾਵਲ ਦੇ ਉਭਰਵੇਂ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਸਾਹਿਤ ਦੇ ਖੇਤਰ ਵਿਚ ਸਥਾਪਿਤ ਹੋਣ ਦੀ ਕਾਹਲ, ਸਸਤੀ ਪ੍ਰਸਿੱਧੀ ਤੇ ਇਨਾਮਾਂ ਸਨਮਾਨਾਂ ਲਈ ਬੇ-ਸਬਰੀ ਨੌਜਵਾਨ ਕੁੜੀਆਂ ਦੇ ਭਵਿੱਖਤ ਜੀਵਨ ਨੂੰ ਬਿਲਕੁਲ ਤਬਾਹ ਕਰ ਸਕਦੀ ਹੈ। ਨਾਵਲ ਸੁਚੇਤ ਕਰਦਾ ਹੈ ਕਿ ਦਵਿੰਦਰ ਪਰਵਾਨਾ, ਗੁਰਿੰਦਰ ਪਾਲ ਜ਼ਖਮੀ, ਪ੍ਰੀਤਮ ਦਰਦੀ, ਪ੍ਰੋ. ਗੁਰਮੇਲ, ਤਲਵਿੰਦਰ ਅਲੋਕਿਕ, ਰਵਿੰਦਰ ਰਾਣਾ ਤੇ ਬਹਾਦਰ ਸਿੰਘ ਸਿਧੂ ਵਰਗੇ ਲੇਖਕ ਕਿਵੇਂ ਇਸ ਖੇਤਰ ਵਿਚ ਆਉਣ ਵਾਲੀਆਂ ਕੁੜੀਆਂ ਨੂੰ ਆਪਣੇ ਸ਼ਬਦ ਜਾਲ ਵਿਚ ਫਸਾ ਕੇ ਉਨ੍ਹਾਂ ਨੂੰ ਭਾਵੁਕ ਤੌਰ 'ਤੇ ਬਲੈਕਮੇਲ ਕਰਦੇ ਹਨ ਤੇ ਇਸ ਅਵਸਥਾ ਵਿਚ ਹੀ ਕਿਵੇਂ ਉਨ੍ਹਾਂ ਨੂੰ ਆਪਣੀ ਜਿਨਸੀ ਹਵਸ ਦਾ ਸ਼ਿਕਾਰ ਬਣ ਲੈਂਦੇ ਹਨ। ਜੋੜੀ ਵਰਗੀਆਂ ਕੁਝ ਲੇਖਿਕਾਵਾਂ ਦੀਆਂ ਆਰਥਿਕ ਜ਼ਰੂਰਤਾਂ ਵੀ ਉਨ੍ਹਾਂ ਨੂੰ ਮਰਦ ਲੇਖਕਾਂ ਦੇ ਜਾਲ ਵਿਚ ਫਸਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਜੋ ਕੁਝ ਜਸਵਿੰਦਰ ਪੰਜਾਬੀ ਨੇ ਇਸ ਨਾਵਲ ਵਿਚ ਦਰਸਾਇਆ ਹੈ ਉਸਨੂੰ ਪੂਰੀ ਤਰ੍ਹਾਂ ਝੁਠਲਾਇਆ ਤਾਂ ਨਹੀਂ ਜਾ ਸਕਦਾ ਪਰ ਨਾਵਲ ਪਾਠ ਦੌਰਾਨ ਲੱਗਦਾ ਹੈ ਕਿ ਉਸ ਸਾਹਿਤਕ ਖੇਤਰ ਵਿਚਲੀ ਅਜਿਹੀ ਕਰੂਪਤਾ ਨੂੰ ਅਸਲ ਨਾਲੋਂ ਥੋੜ੍ਹਾ ਵਧਾ ਚੜ੍ਹਾ ਕੇ ਹੀ ਪੇਸ਼ ਕੀਤਾ ਹੈ ਤੇ ਉਸ ਆਪਣੇ ਵਿਚਾਰਾਂ ਦਾ ਫੋਕਸ ਅੱਧੇ ਖਾਲੀ ਗਲਾਸ 'ਤੇ ਵੱਧ ਰੱਖਿਆ ਹੈ। ਸਾਹਿਤਕ ਖੇਤਰ ਵਿਚ ਬਹੁਤ ਸਾਰੀਆਂ ਸਾਰਥਿਕ ਤੇ ਲੋਕ ਪੱਖੀ ਸਰਗਰਮੀਆਂ ਵੀ ਨਿਰੰਤਰ ਹੁੰਦੀਆਂ ਹਨ। ਇਸ ਹਮਾਮ ਵਿਚ ਕੁਝ ਨੰਗੇ ਲੋਕ ਜ਼ਰੂਰ ਹਨ ਪਰ ਇਹ ਹਮਾਮ ਸਿਰਫ ਨੰਗਿਆਂ ਦਾ ਹੀ ਨਹੀਂ ਹੈ।

ਨਾਵਲ ਦੀ ਕਹਾਣੀ ਇਸਦੇ ਕੇਂਦਰੀ ਪਾਤਰ ਰਮਿੰਦਰ ਕੌਰ ਉਰਫ ਰਮਨ ਦੇ ਆਲੇ-ਦੁਆਲੇ ਘੁੰਮਦੀ ਹੈ। ਸਾਹਿਤ ਖੇਤਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਹੀ ਉਹ ਸਮੂਹਿਕ ਤੌਰ 'ਤੇ ਰੇਪ ਕੀਤੇ ਜਾਣ ਦਾ ਸੰਤਾਪ ਭੋਗ ਚੁੱਕੀ ਹੈ। ਪਹਿਲਾਂ ਉਹ ਆਪਣੇ ਘਰ ਵਿਚ ਕਿਰਾਏਦਾਰ ਵਜੋਂ ਰਹਿ ਰਹੇ ਆਪਣੇ ਅਧਿਆਪਕ ਗੁਰਮੁਖ ਸਿੰਘ ਦੇ ਉਕਸਾਵੇ ਵਿਚ ਆ ਕੇ ਉਸ ਨਾਲ ਸਰੀਰਕ ਸਬੰਧ ਬਣਾਉਂਦੀ ਹੈ ਤੇ ਫਿਰ ਉਸਦੇ ਹੀ ਜਾਣਕਾਰ ਮੁੰਡੇ ਰੂਪ ਸਿੰਘ ਦੇ ਬਾਹਰੀ ਰੂਪ ਤੋਂ ਪ੍ਰਭਾਵਿਤ ਹੋ ਕੇ ਉਸ ਨਾਲ ਸਰੀਰਕ ਮਿਲਾਪ ਦੇ ਮੌਕੇ ਆਪ ਤਲਾਸ਼ ਕਰਨ



ਲੱਗਦੀ ਹੈ। ਭਾਵੇਂ ਰੂਪ ਦੇ ਸਾਥੀਆਂ ਵੱਲੋਂ ਸਮੂਹਿਕ ਤੌਰ 'ਤੇ ਬਲਾਤਕਾਰ ਕੀਤੇ ਜਾਣ ਤੋਂ ਬਾਅਦ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ ਪਰ ਨਾਲ ਹੀ ਇਹ ਅਹਿਸਾਸ ਵੀ ਉਸ 'ਤੇ ਹਾਵੀ ਪ੍ਰਭਾਵੀ ਰਹਿੰਦਾ ਹੈ ਕਿ ਬਲਾਤਕਾਰ ਲਈ ਹਾਲਾਤ ਪੈਦਾ ਕਰਨ ਵਿਚ ਉਸਦਾ ਆਪਣਾ ਵੀ ਵੱਡਾ ਰੋਲ ਹੈ। ਕਵਿਤਾ ਦੇ ਖੇਤਰ ਵਿਚ ਸਾਧਾਰਨ ਤੁਕਬੰਦੀ ਕਰਨ ਵਾਲੀ ਇਸ ਕੁੜੀ ਨੂੰ ਨਾਮਵਰ ਲੇਖਿਕਾ ਬਣਾਉਣ ਦਾ ਚੋਗਾ ਪਾਉਣ ਲਈ ਜਦੋਂ ਦਰਦੀ, ਜ਼ਖਮੀ, ਪ੍ਰੋ. ਗੁਰਮੇਲ, ਸਿੱਧੂ ਜਾਂ ਆਲੋਕਿਕ ਵਰਗੇ ਲੇਖਕ ਅੱਗੇ ਆਉਂਦੇ ਹਨ ਉਦੋਂ ਤੱਕ ਤਾਂ ਉਹ ਪੁਰਸ਼ਾਂ ਨਾਲ ਸਰੀਰਕ ਸਬੰਧ ਜੋੜਣ ਨੂੰ ਆਮ ਜਿਹੀ ਗੱਲ ਸਮਝਣ ਲੱਗ ਚੁੱਕੀ ਹੁੰਦੀ ਹੈ। ਇਸ ਤਰ੍ਹਾਂ ਪੂਰੇ ਨਾਵਲ ਵਿਚ ਉਸਦਾ ਬਿੰਬ ਮਰਦ ਸਮਾਜ ਦੀਆਂ ਵਧੀਕੀਆਂ ਤੋਂ ਪੀੜਤ ਔਰਤ ਵਜੋਂ ਨਹੀਂ ਬਣਦਾ ਸਗੋਂ ਤਾੜੀ ਦੋਹੇਂ ਹੱਥਾਂ ਨਾਲ ਵੱਜਣ ਦੀ ਕਹਾਵਤ ਹੀ ਸਹੀ ਸਿੱਧ ਹੁੰਦੀ ਜਾਪਦੀ ਹੈ।

ਇਹ ਨਾਵਲ 'ਬੁਰੇ ਦਾ ਅੰਤ ਬੁਰਾ ਹੀ ਹੁੰਦਾ ਹੈ' ਦੀ ਰਵਾਇਤੀ ਧਾਰਨਾ ਦੀ ਪੁਸ਼ਟੀ ਕਰਨ ਵਾਲਾ ਹੈ। ਰਮਨ ਨੂੰ ਏਡਜ਼ ਦੀ ਬਿਮਾਰੀ ਬਿਗਾਨੀਆਂ ਔਰਤਾਂ ਨਾਲ ਸਬੰਧ ਰੱਖਣ ਵਾਲੇ ਆਪਣੇ ਪਤੀ ਵਿਕਰਮ ਤੋਂ ਲੱਗਦੀ ਹੈ ਤੇ ਉਹ ਅੱਗੇ ਆਪਣੀ ਇਹ ਬਿਮਾਰੀ ਉਸ ਨਾਲ ਸਰੀਰਕ ਸਬੰਧ ਰੱਖਣ ਵਾਲੇ ਲੇਖਕ ਭਾਈਚਾਰੇ ਨੂੰ ਵੰਡਦੀ ਹੈ। ਨਾਵਲ ਦੇ ਅੰਤ ਵਿਚ ਰਮਨ ਵੱਲੋਂ ਆਪਣੀ ਬਿਮਾਰੀ ਬਾਰੇ ਪਾਈ ਫੇਸਬੁੱਕ ਪੋਸਟ ਨਾਵਲ ਦੇ ਅੰਤ ਨੂੰ ਥੋੜ੍ਹਾ ਜਿਹਾ ਨਾਟਕੀ ਵੀ ਬਣਾਉਂਦੀ ਹੈ ਪਰ ਇਹ ਪੋਸਟ ਪਾਠਕਾਂ ਦੇ ਸੋਚਣ ਲਈ ਵੀ ਬਹੁਤ ਕੁਝ ਛੱਡ ਜਾਂਦੀ ਹੈ।

ਨਾਵਲ ਦਾ ਵਿਚਾਰਧਾਰਕ ਸੰਤੁਲਨ ਬਣਾਈ ਰੱਖਣ ਲਈ ਲੇਖਕ ਇਕ ਅਗਾਂਹਵਧੂ ਲੇਖਕ ਜੀਵਨ ਵਾਰਸੀ ਤੇ ਗੁਰਕੀਰਤ ਕੌਰ ਦੇ ਆਪਸੀ ਪਿਆਰ ਨੂੰ ਸੱਚੇ ਤੇ ਆਦਰਸ਼ਕ ਪਿਆਰ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਪਿਆਰ ਸਬੰਧ ਦੇ ਚਲਦਿਆਂ ਜੇ ਇੱਕ ਧਿਰ ਭਾਵੁਕ ਵਹਿਣ ਵਿਚ ਸਮਾਜ ਵੱਲੋਂ ਬਣਾਈ ਰਿਸ਼ਤਿਆਂ ਦੀ ਮਰਿਆਦਾ ਦਾ ਉਲੰਘਣ ਕਰਨ ਬਾਰੇ ਸੋਚਦੀ ਹੈ ਤਾਂ ਦੂਜੀ ਧਿਰ ਉਸਨੂੰ ਉਸਦੇ ਸਮਾਜਿਕ ਤੇ ਪਰਿਵਾਰਕ ਫਰਜ਼ਾਂ ਪ੍ਰਤੀ ਸੁਚੇਤ ਕਰਨ ਦਾ ਫਰਜ਼ ਨਿਭਾਉਂਦੀ ਹੈ। ਜਦੋਂ ਗੁਰਕੀਰਤ ਦੇ ਫੁੱਫੜ ਵੱਲੋਂ ਉਸਦੇ ਮਾਪਿਆਂ ਤੇ ਦਬਾਅ ਬਣਾ ਕੇ ਉਸਨੂੰ ਵਿਦੇਸ਼ ਰਹਿੰਦੇ ਆਪਣੇ ਨੇੜਲੇ ਰਿਸ਼ਤੇਦਾਰ ਨਾਲ ਵਿਆਹ ਕਰਾਉਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਉਹ ਆਪਣੇ ਪਿਆਰ ਨਾਲੋਂ ਆਪਣੇ ਮਾਪਿਆਂ ਦੀ ਇੱਜਤ ਨੂੰ ਪਹਿਲ ਦਿੰਦੇ ਹਨ। ਗੁਰਕੀਰਤ ਆਪਣੇ ਸਰੀਰ 'ਤੇ ਪਹਿਲਾ ਹੱਕ ਆਪਣੇ ਪ੍ਰੇਮੀ ਦਾ ਮੰਨ ਕੇ ਉਸਨੂੰ ਆਪਣੇ ਨਾਲ ਹਮ ਬਿਸਤਰ ਹੋਣ ਲਈ ਸਹਿਮਤ ਕਰ ਲੈਂਦੀ ਹੈ ਤਾਂ ਉਹ ਦੋਵੇਂ ਆਪਣੇ ਆਦਰਸ਼ ਤੋਂ ਥਿੜਕੇ ਵਿਖਾਈ ਦੇਣ ਲੱਗਦੇ ਹਨ ਪਰ ਜੀਵਨ ਵੱਲੋਂ ਆਪਣੇ ਪਿਆਰ ਨੂੰ ਬਰਕਰਾਰ ਰੱਖਣ ਲਈ ਵਿਆਹ ਨਾ ਕਰਾਉਣ ਤੇ ਗੁਰਕੀਰਤ ਦੇ ਪਤੀ ਦੀ ਮੌਤ ਤੋਂ ਬਾਅਦ ਉਸਨੂੰ ਉਸਦੀ ਪੰਜ ਸਾਲ ਦੀ ਬੇਟੀ ਸਮੇਤ ਆਪਣਾ ਲੈਣ ਨਾਲ ਫਿਰ ਤੋਂ ਉਹ ਪਾਠਕੀ ਮਨਾਂ ਵਿਚ ਆਪਣੇ ਲਈ ਚੰਗੀ ਥਾਂ ਬਣਾ ਲੈਂਦੇ ਹਨ।

ਇਹ ਨਾਵਲ ਸਿਰਫ ਸਾਹਿਤਕ ਖੇਤਰ ਨੂੰ ਪ੍ਰਦੂਸ਼ਿਤ ਕਰ ਰਹੀਆਂ ਕਾਮੁਕ ਪ੍ਰਵਿਰਤੀਆਂ ਦੀ ਪੇਸ਼ਕਾਰੀ ਤੱਕ ਹੀ ਸੀਮਤ ਨਹੀਂ ਹੈ ਸਗੋਂ ਇਹ ਵਿਦੇਸ਼ੀ ਇਨਾਮਾਂ ਸਨਮਾਨਾਂ ਦੇ ਭਾਰਤੀ ਦਲਾਲਾਂ ਵੱਲੋਂ ਖੇਡੀ ਗੰਦੀ ਖੇਡ ਦੀ ਖਿੱਦੋ ਦੀਆਂ ਲੀਰਾਂ ਵੀ ਫਰੋਲਦਾ ਹੈ ਤੇ ਵਿਸ਼ਵ ਕਾਨਫਰੰਸਾਂ ਦੇ ਨਾ 'ਤੇ ਲਾਏ ਜਾਂਦੇ ਵਿਦੇਸ਼ੀ ਟੂਰਾਂ ਦੇ ਲੁਕਵੇਂ ਏਜੰਡੇ ਨੂੰ ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ। ਨਾਵਲ ਬਲਵਿੰਦਰ ਵਰਗੇ ਪ੍ਰਕਾਸ਼ਕਾਂ ਵੱਲੋਂ ਨਵੇਂ ਲੇਖਕਾਂ ਦੀ ਕੀਤੀ ਜਾਂਦੀ ਲੁੱਟ ਦੀ ਗੱਲ ਵੀ ਕਰਦਾ ਹੈ ਤੇ ਸਾਹਿਤਕ ਦਲਾਲਾਂ ਨਾਲ ਮਿਲ ਕੇ ਲੇਖਕਾਂ ਤੇ ਪਾਠਕਾਂ ਨਾਲ ਕੀਤੀ ਜਾ ਧੋਖਾਧੜੀ ਬਾਰੇ ਵੀ ਚਰਚਾ ਕਰਦਾ ਹੈ। ਜਸਵਿੰਦਰ ਪੰਜਾਬੀ ਨੇ ਸਾਹਿਤਕ ਖੇਤਰ ਦੇ ਮਾੜੇ ਵਰਤਾਰਿਆ ਨੂੰ ਜਨਰਲਾਈਜ਼ ਕਰਕੇ ਕਿਸੇ ਸੰਭਾਵਿਤ ਵਿਵਾਦ ਤੋਂ ਬਚਣ ਦੀ ਸੁਚੇਤ ਕੋਸ਼ਿਸ਼ ਕੀਤੀ ਲੱਗਦੀ ਹੈ। ਇਹ ਉਸਦਾ ਪਹਿਲਾਂ ਨਾਵਲ ਹੈ, ਜਿਸ ਵਿਚ ਕੁਝ ਖੱਪੇ ਹੋਣ ਦੇ ਬਾਵਜੂਦ ਇਸ ਰਾਹੀਂ ਨਾਵਲਕਾਰੀ ਦੇ ਖੇਤਰ ਵਿਚ ਉਸ ਦੇ ਸ਼ਾਨਦਾਰ ਭਵਿੱਖ ਦੀਆਂ ਅਥਾਹ ਸੰਭਾਵਨਾਵਾਂ ਲਿਸ਼ਕਿਤ ਹੁੰਦੀਆਂ ਹਨ।

# ਆਜ਼ਾਦੀ ਦੀਆਂ ਵਧਾਈਆਂ ਭੇਜਣ ਵਾਲਿਆਂ ਲਈ

ਬੰਦ ਹੋ ਚੁਕੇ ਮਾਡਲ ਦੀ ਕਾਰ ਦਾ ਇਕ ਪੁਰਜਾ ਲੱਭਦਿਆਂ ਆਖਰ ਨੂੰ ਲੁਧਿਆਣੇ ਗਿੱਲ ਰੋਡ 'ਤੇ ਜਾਣਾ ਹੀ ਪਿਆ। ਕਿਸੇ ਨੇ ਦੱਸ ਪਾਈ ਕਿ ਸੇਖੂਪੁਰੀਏ ਖਰਾਦੀਆਂ ਦੀ ਦੁਕਾਨ ਆ, ਜਿਦਾਂ ਦਾ ਪੁਰਜਾ ਚਾਹੀਦਾ ਉਦਾਂ ਦਾ ਬਣਾ ਦੇਣਗੇ। ਦੁਕਾਨ 'ਤੇ ਬੈਠੇ ਖੁਸ਼ਕ ਮਿਜ਼ਾਜ ਜਿਹੇ ਸਰਦਾਰ ਨੇ ਮੁੰਡੇ ਨੂੰ ਅਵਾਜ਼ ਮਾਰ ਕੇ ਕਾਰ ਦਾ ਕੰਡਮ ਹੋਇਆ ਪੁਰਜਾ ਮੇਰੇ ਹੱਥੋਂ ਫੜ ਉਸ ਨੂੰ ਫੜਾ ਦਿਤਾ। ਮੁੰਡਾ ਦੁਕਾਨ ਦੇ ਅੰਦਰ ਲੱਗੀ ਪੌੜੀ ਚੜ੍ਹ ਗਿਆ।

ਕਾਊਂਟਰ ਦੇ ਸਾਹਮਣੇ ਫੱਟੇ 'ਤੇ ਬੈਠਿਆਂ ਧਿਆਨ ਸਰਦਾਰ ਦੇ ਪਿਛੇ ਲੱਗੀ ਫੋਟੋ ਨੇ ਖਿਚਿਆ: ਪਾਸਪੋਰਟ ਸਾਈਜ਼

**ਚਰਨਜੀਤ ਸਿੰਘ ਤੇਜਾ**

ਤੋਂ ਵੱਡੀ ਕੀਤੀ ਤਸਵੀਰ ਵਿਚ ਇਕ ਦਰਸ਼ਨੀ ਸਿੱਖ ਦਾ ਗੰਭੀਰ ਚਿਹਰਾ। ਥੱਲੇ ਲਿਖਿਆ 1/1/1930 ਤੋਂ 10/12/2010। ਉਂਝ ਮੇਰਾ ਹਿਸਾਬ ਕਿਤਾਬ ਬਹੁਤ ਕਮਜ਼ੋਰ ਏ ਪਰ ਪੁਰਜੇ ਦੀ ਉਡੀਕ 'ਚ ਬੈਠਿਆਂ ਦੁਵੱਲੀ ਚੁੱਪ ਤੋੜਨ ਲਈ ਮੈਂ ਤਰੀਕ ਦਾ ਮੋਟਾ ਜਿਹਾ ਹਿਸਾਬ ਲਾ ਕੇ ਕਿਹਾ ਕਿ "ਜੇ ਤਾਡੇ ਬਜ਼ੁਰਗ 20 ਦਿਨ ਹੋਰ ਜਿਉਂਦੇ ਰਹਿੰਦੇ ਤੇ ਏਨਾ ਪੂਰੇ 80 ਸਾਲਾਂ ਦੇ ਹੋ ਜਾਣਾ ਸੀ"।

ਮੇਰੀ ਆਸ ਦੇ ਉਲਟ ਚੁੱਪ ਹੋਰ ਡੂੰਘੀ ਹੋ ਗਈ। ਜਦੋਂ ਮੈਂ ਸਰਦਾਰ ਦੇ ਬੋਲਣ ਦੀ ਆਸ ਲਾਹ ਕੇ ਜੇਬ 'ਚੋਂ ਮੋਬਾਈਲ ਕੱਢ ਕੇ ਸਕਰੀਨ 'ਤੇ ਹੱਥ ਮਾਰਨੇ ਸ਼ੁਰੂ ਕੀਤੇ ਤਾਂ ਸਰਦਾਰ ਹੁਰੀਂ ਹੌਕਾ ਲੈ ਕੇ ਬੋਲੇ, "ਕੀ ਕਰਦੇ 20 ਦਿਨ ਹੋਰ ਅਣਕੀਤੇ ਗੁਨਾਹ ਦੀ ਸਜ਼ਾ ਭੁਗਤ ਕੇ"।

ਤਸਵੀਰ ਤੋਂ ਉਹ ਬਿਮਾਰ ਨਹੀਂ ਲੱਗਦੇ ਸੀ, ਸੋ ਮੈਂ ਪੁਛਿਆ ਕਿ ਬਿਮਾਰ ਤਾਂ ਨਹੀਂ ਲਗਦੇ ਕੀ ਪ੍ਰੋਬਲਮ ਸੀ? ਸਰਦਾਰ ਨੇ ਕੁਰਸੀ ਨਾਲੋਂ ਢੋਹ ਲਾਹ ਲਈ, ਕਾਊਂਟਰ 'ਤੇ ਉਲਰ ਗਿਆ ਤੇ ਅੱਖਾਂ ਮੀਚ ਪੌਣੀ ਸਦੀ ਪਿਛੇ ਜਾ ਪਹੁੰਚਿਆ।

ਬਾਪੂ ਸਨਮੁਖ ਸਿੰਘ, ਵੰਡ ਵੇਲੇ 17 ਸਾਲਾਂ ਦਾ ਸੀ। ਇਹ ਬਾਰ 'ਚ ਈ ਜੰਮੇ ਸੀ, ਖਾਣ ਪੀਣ ਹੰਢਾਉਣ ਨੂੰ ਖੁਲ੍ਹਾ। ਕੱਦ ਸਵਾ ਛੇ ਫੁੱਟ। ਕੰਮ ਕਾਰ ਨੂੰ ਮਰਦੇ ਦਮ ਤਕ ਬਹੁਤ ਉਦਮੀ ਸੀ। ਮੇਰੇ ਦਾਦੇ ਦੀ ਪਹਿਲੀ ਔਲਾਦ ਸੀ ਬਾਪੂ ਤੋਂ ਦੋ ਸਾਲ ਪਿਛੋਂ ਇਕ ਕੁੜੀ ਹੋਈ, ਉਹਦੇ ਜਮਾਂਦਰੂ ਹੱਥ ਪੈਰ ਵਿੰਗੇ ਸੀ, ਤੁਰਨ-ਫਿਰਨ ਤੋਂ ਆਰੀ ਸੀ। ਦਾਦਾ ਜੀ ਦਸਦੇ ਹੁੰਦੇ ਸੀ ਕਿ ਇਹਨੇ ਨਿਕੇ ਜਿਹੇ ਨੇ ਉਸ ਨੂੰ ਆਪਣੀ ਕੰਢ 'ਤੇ ਚੁੱਕ ਅੰਦਰ ਬਾਹਰ ਲਈ ਫਿਰਨਾ। ਕਦੇ ਲੈ ਕੇ ਚੁਬਾਰੇ ਚੜ੍ਹ ਗਿਆ ਕਦੇ ਮੋਢੇ ਲਾ ਖੇਤਾਂ ਨੂੰ ਲੈ ਗਿਆ। ਖਵਨੀ ਮਾਂ ਜਾਈ ਦਾ ਉਂਝ ਮੋਹ ਸੀ ਜਾਂ ਉਹਦੇ ਆਰੀ ਹੋਣ ਕਰਕੇ ਉਹਦਾ ਬਹੁਤਾ ਕਰਦਾ ਸੀ। ਪਰ ਜਿਵੇਂ ਦੱਸਦੇ ਸੀ, ਟੱਬਰ ਵਿਚ ਕਿਸੇ ਨੂੰ ਕਦੇ ਮਹਿਸੂਸ ਨਹੀਂ ਹੋਇਆ ਸੀ ਕਿ ਕੁੜੀ ਅਪਾਹਜ ਆ। ਦੋਵੇਂ ਭੈਣ ਭਰਾ ਇਕ ਦੂਜੇ ਤੋਂ ਵਿਹਾ ਵਿਹਾ ਜਾਂਦੇ, ਹੱਸਦੇ ਖੇਡਦੇ, ਰੌਣਕ ਲੱਗੀ ਰਹਿੰਦੀ।

ਸਾਡਾ ਪਿੰਡ ਜੰਡਿਆਲਾ ਸੇਰ ਖਾਂ ਦੇ ਕੋਲ ਸੀ, ਸਿੱਖਾਂ ਦੇ ਥੋੜ੍ਹੇ ਘਰ ਸੀ ਪਰ ਜਿੰਨੇ ਸੀ, ਉਨ੍ਹੇ ਤਕੜੇ, ਚੰਗੀਆਂ ਜ਼ਮੀਨਾਂ ਵਾਲੇ। ਸੁਣਦੇ ਸੀ ਕਿ ਇਨ੍ਹਾਂ ਨੂੰ ਨਹਿਰੂ ਹੁਰਾਂ ਯਕੀਨ ਦਵਾਇਆ ਸੀ ਕਿ ਲਕੀਰ ਖਿੱਚਣ ਵਾਲਾ ਕਮਿਸ਼ਨ ਨਨਕਾਣਾ ਸਾਹਿਬ ਤੋਂ ਸੇਖੂਪੁਰਾ ਜ਼ਿਲ੍ਹਾ ਤੇ ਪਰੇ ਸਾਂਗਲਾ ਹਿਲ ਤੱਕ ਸਿੱਖਾਂ ਨੂੰ ਨਹੀਂ ਉਠਾਲੇਗਾ।

ਕਮਿਸ਼ਨ ਦਾ ਫੈਸਲਾ ਉਡੀਕਦੇ 15 ਅਗਸਤ ਤਕ ਪਿੰਡ ਹੀ ਬੈਠੇ ਰਹੇ ਫੇਰ ਹੱਲੇ ਹੋਣ ਲੱਗੇ। ਕੁਝ ਹੱਲਿਆਂ ਦਾ ਮੋੜਵਾਂ ਜੁਆਬ ਵੀ ਦਿੱਤਾ ਤੇ ਕਹਿੰਦੇ ਇਲਾਕੇ ਦੇ ਮੁਸਲਮਾਨ ਚੌਧਰੀ ਦੇ ਪੁੱਤ ਦੀ ਲਾਸ਼ ਵੀ ਸਾਡੇ ਪਿੰਡੋਂ ਲੱਭੀ। ਚੌਧਰੀ ਨੇ ਸਾਰੇ ਇਲਾਕੇ ਦੇ ਮੁਸਲਮਾਨ, ਫੌਜੀਆਂ ਤੇ ਗੁੰਡਿਆਂ ਨੂੰ ਆਪਣੇ ਪੁੱਤ ਦਾ ਵਾਸਤਾ ਪਾ ਕੇ ਕਿਹਾ ਕੋਈ ਸਿੱਖ ਬਚ ਕੇ ਨਾ ਜਾਵੇ। ਸਾਡੇ ਬਜ਼ੁਰਗਾਂ ਨੂੰ ਹਮਲੇ ਦੀ ਖਬਰ ਮਿਲ ਗਈ। ਪਰ ਬਚ ਨਿਕਲਣ ਦਾ ਕੋਈ ਹੀਲਾ ਨਾ ਬਣੇ। ਬਹੁਤਿਆਂ ਘਰਾਂ ਨੇ ਆਪਣੇ ਬੱਚੇ ਤੇ ਜਨਾਨੀਆਂ ਪਹਿਲਾਂ ਈ ਰਿਸ਼ਤੇਦਾਰੀਆਂ 'ਚ ਭੇਜ ਦਿਤੀਆਂ ਸੀ ਪਰ ਅਜੇ ਵੀ ਪਿੰਡ 'ਚ ਕਈ ਜਵਾਨ ਨੂੰਹਾਂ-ਧੀਆਂ ਸਨ। ਸਾਡਾ ਦਾਦਾ ਸੇਵਾ ਸਿੰਘ ਵੀ ਗੁਰਦਵਾਰੇ ਹੋਏ ਉਸ ਇਕੱਠ 'ਚ ਸੀ ਜਿਥੇ ਇਹ ਫੈਸਲਾ ਹੋਇਆ ਕਿ ਹੋਰਨਾਂ ਪਿੰਡਾਂ ਵਾਂਗ ਜਵਾਨ ਨੂੰਹਾਂ-ਧੀਆਂ ਆਪਣੀ ਪੱਤ ਬਚਾਉਣ ਲਈ ਖੂਹੀਂ ਛਾਲਾਂ ਮਾਰ ਡੁੱਬ ਮਰਨ ਤੇ ਬੰਦੇ ਕਾਫਲਾ ਬਣਾ ਕੇ ਬਿਨਾਂ ਦੇਰੀ ਪਿੰਡ ਛੱਡਣ।

ਸੁਨੇਹਾ ਮਿਲਣ 'ਤੇ ਪਿੰਡ ਦੀਆਂ ਬੀਬੀਆਂ ਆਪ ਚੱਲ ਕੇ ਗੁਰਦਵਾਰੇ ਕੋਲ ਖੂਹੀ 'ਤੇ ਪਹੁੰਚੀਆਂ ਤੇ ਗੁਰਾਂ ਨੂੰ ਧਿਆ ਕੇ ਆਪਣੇ ਕੋੜਮੇ ਦੀ ਸੁੱਖ ਮੰਗਦੀਆਂ ਨੇ ਖੂਹਾਂ 'ਚ ਛਾਲਾਂ ਮਾਰ ਦਿਤੀਆਂ। ਬਾਬਾ ਸੇਵਾ ਸਿੰਘ ਜਦੋਂ ਘਰ ਆਇਆ ਤਾਂ ਅੰਗਾਂ-ਪੈਰਾਂ ਤੋਂ ਆਰੀ ਆਪਣੀ ਧੀ ਵੇਖ ਗੁੰਮ ਹੋ ਗਿਆ। ਬੀਬੀ ਨੇ ਪੁਛਿਆ ਤਾਂ ਗੁਰਦਵਾਰੇ ਹੋਏ ਫੈਸਲੇ ਦੀ ਗੱਲ ਦੱਸੀ ਤੇ ਨਾਲੇ ਕੀਮਤੀ ਸਮਾਨ ਪੱਲੇ ਲਈ ਕਿਹਾ।

ਸਨਮੁਖ ਸਿੰਘ ਨੇ ਵੀ ਸੁਣ ਲਿਆ ਤੇ ਵਿਹੜੇ 'ਚ ਡਿੱਠੇ ਮੰਜੇ 'ਤੇ ਪਈ ਆਪਣੀ ਸਭ ਤੋਂ ਕੀਮਤੀ ਸ਼ੈਅ ਨੂੰ ਝੋਲੀ 'ਚ ਪਾ ਕੰਧੇੜੇ ਚੁਕਣ ਲੱਗਾ। ਬਾਪ ਨੇ ਭਾਰੇ ਮਨ ਨਾਲ ਜਵਾਨ ਪੁੱਤ ਨੂੰ



ਦਸਿਆ ਕਿ ਸਾਡੇ ਜਿਉਂਦੇ ਬਚਣ ਦਾ ਕੋਈ ਲੱਲ ਨਹੀਂ ਬਚਿਆ, ਹੋ ਸਕਦੈ, ਅਸੀਂ ਜੰਡਿਆਲੇ ਵੀ ਨਾ ਪਹੁੰਚੀਏ, ਇਸ ਵਿਚਾਰੀ ਨੂੰ ਕਿਉਂ ਦਰਿੰਦਿਆਂ ਦੇ ਨੋਚਣ ਨੂੰ ਨਾਲ ਚੁੱਕ ਲਿਆ ਈ?

ਸਨਮੁਖ ਸਿੰਘ ਨੇ ਭੈਣ ਲਈ ਆਪਾ ਵਾਰਨ ਦੀ ਗੱਲ ਕਈ ਵਾਰ ਦੁਹਰਾਈ ਪਰ ਬਾਪ ਨੇ ਵੀ ਉਨੀ ਵਾਰ ਸਮਝਾਇਆ ਕਿ ਆਪਾ ਵਾਰ ਕੇ ਵੀ ਅਸੀਂ ਇਹਨੂੰ ਬਚਾ ਨਹੀਂ ਸਕਣਾ। ਫਿਰ ਉਸ ਪਿਆਰੀ ਭੈਣ ਨੇ ਵੀਰ ਦੀ ਸੁੱਖ ਮੰਗੀ ਤੇ ਉਸਦੀ ਜਾਨ ਦਾ ਵਾਸਤਾ ਪਾ ਕੇ ਕਿਹਾ, ਵੀਰਾ ਮੈਨੂੰ ਵੀ ਪਿੰਡ ਦੀਆਂ ਹੋਰਨਾਂ ਭੈਣਾਂ ਵਾਂਗ ਖੂਹ 'ਚ ਸੁੱਟ ਆ। ਜੇ ਮੈਂ ਆਪ ਜਾਣ ਜੋਗੀ ਹੁੰਦੀ ਤੇ ਸਭ ਤੋਂ ਪਹਿਲਾਂ ਮੈਂ ਜਾਂਦੀ। ਮੇਰਾ ਵੀਰ ਸਲਾਮਤ ਰਹੇ, ਮੈਂ ਤੇ ਇਹੋ ਜਿਹੀ ਜ਼ਿੰਦਗੀ ਵੀਰੇ ਬਿਨਾਂ ਕਰਨੀ ਵੀ ਕੀ ਆ।"

ਮੋਢੇ ਪਾਈ ਝੋਲੀ ਦੀ ਪਕੜ ਢਿੱਲੀ ਹੋ ਗਈ ਤੇ 17 ਸਾਲ ਦਾ ਗੱਭਰੂ ਸਨਮੁਖ ਸਿੰਘ ਭੋਇੰ 'ਤੇ ਬਹਿ ਗਿਆ। ਬਾਪੂ ਨੇ ਫਿਸੇ ਜਿਹੇ ਬੋਲਾਂ ਨਾਲ ਕਿਹਾ ਪੁੱਤਰਾ, ਇਹ ਬਹਿਣ ਦਾ ਵੇਲਾ ਨਹੀਂ, ਪਿੰਡ ਤਾਂ ਜੰਡਿਆਲੇ ਨੂੰ ਨਿਕਲ ਤੁਰਿਆ। ਚੱਕੀ ਦੇ ਪੁੜਾਂ ਕੋਲ ਪਏ ਪੱਥਰ ਵੱਲ ਇਸ਼ਾਰਾ ਕਰ ਕਹਿਣ ਲੱਗਾ, ਅੱਖਾਂ ਮੀਚ ਕੇ ਗੁੱਡੀ ਦੇ ਸਿਰ 'ਤੇ ਇਕ ਵਾਰ ਕਰ, ਤੇ ਚੱਲੀਏ। ਡਾਢਿਆ ਰੱਬ ਕਈ ਵਾਰ ਸਮਾਂ ਐਸਾ ਬਣਾ ਦਿੰਦਾ ਮੋਹ ਤੋੜਨੇ ਪੈਂਦੇ ਨੇ, ਉਹ ਆਪਣੇ ਮੰਨਣ ਵਾਲਿਆਂ ਦੇ ਇਮਤਿਹਾਨ ਲੈਂਦਾ।

ਭੈਣ ਨੇ ਵੀ ਵੀਰ ਦੇ ਪਜਾਮੇ ਦਾ ਪੌਂਚਾ ਫੜ ਹਲੂਣਿਆ, "ਮੇਰਿਆ ਸੋਹਣਿਆ ਬੀਰਾ, ਦੇਰ ਨਾ ਕਰ, ਮੈਂ ਸਦਾ ਤੇਰੇ ਨਾਲ ਈ ਰਹਿਣਾ। ਵੇਖੀ ਤੂੰ, ਇਕ ਪਲ ਨੀਂ ਦੂਰ ਜਾਣਾ ਤੇਰੇ ਤੋਂ, ਮੈਨੂੰ ਏਸ ਟੁੱਟੀ ਭੱਜੀ ਜਿਹੀ ਦੇਹ ਤੋਂ ਅਜਾਦ ਕਰ ਦੇ ਵੀਰਾ।"

ਨਿਕੜੀ ਭੈਣ ਦਿਆਂ ਬੋਲਾਂ ਨੇ ਏਨੀ ਕੁ ਤਾਕਤ ਦੇ ਦਿੱਤੀ ਕਿ ਭਿੱਜੀਆਂ ਅੱਖਾਂ, ਮਰੇ ਮਨ ਤੇ ਰੁਸੇ ਵਜੂਦ ਨਾਲ ਸਨਮੁਖ ਨੇ ਪੱਥਰ ਚੁੱਕ ਲਿਆ। ਅੱਥਰੂਆਂ ਨੇ ਅੱਖਾਂ 'ਚ ਭੰਬੂਤਾਰੇ ਲਿਆਂਦੇ ਹੋਏ ਸੀ, ਕੰਬਦੇ ਹੱਥਾਂ ਨੇ ਜਦੋਂ ਪੱਥਰ ਭੈਣ ਦੇ ਸਿਰ ਵਲ ਸੁਟਿਆ ਤਾਂ ਸਿਰ ਦਾ ਇਕ ਪਾਸਾ ਖੁਲ੍ਹ ਗਿਆ। ਸਨਮੁਖ ਦਿਆਂ ਕੰਨਾਂ 'ਚ ਬੀਂਦੇ ਬੋਲ ਰਹੇ ਸੀ। ਧਰਤ-ਅਸਮਾਨ ਪਲਟ ਗਏ, ਹੇਠਲੀ ਉਤੇ ਆ ਗਈ, ਵਰਾਂਡੇ ਦੇ ਥਮਲੇ ਨਾਲ ਜਾ ਢਾਸਣਾ ਲਾਇਆ। ਜਦੋਂ ਖੋਪੜ 'ਚ ਪੈ ਰਿਹਾ ਚੀਕ ਚਿਹਾੜਾ ਰਤਾ ਸ਼ਾਂਤ ਹੋਇਆ, ਅੱਖਾਂ ਸਾਫ ਹੋਈਆਂ ਤਾਂ ਭੋਇੰ ਵਲ ਵੇਖਿਆ, ਭੈਣ ਦੇ ਚਿਹਰੇ 'ਤੇ ਇਕ ਨਿੰਮੀ ਜਿਹੀ ਮੁਸਕਰਾਹਟ ਸੀ। ਮੱਥੇ ਵੱਲ ਉਂਗਲ ਕਰ ਤਰਲਾ ਜਿਹਾ ਲੈ ਕੇ ਬੋਲੀ, "ਵੀਰੇ ਇਕ ਵਾਰੀ ਹੋਰ"

ਕਹਾਣੀ ਸੁਣਾਉਂਦੇ ਸਰਦਾਰ ਦੀ ਭੁੱਬ ਨਿਕਲ ਗਈ। ਮੈਂ ਆਪ ਮੁਹਾਰਾ ਉਠ ਕੇ ਦੁਕਾਨ ਤੋਂ ਬਾਹਰ ਹੋ ਗਿਆ, ਗੱਡੀ 'ਚ ਬਹਿ ਕੇ ਅੱਥਰੂ ਪੂੰਝੇ। ਜਦੋਂ ਮੁੜਿਆ ਤੇ ਸਰਦਾਰ ਜੀ ਵੀ ਆਪਣਾ-ਆਪ ਸੰਭਲ ਗਏ ਸਨ।

ਮੈਥੋਂ ਇਹ ਪੁਛਿਆ ਨਾ ਗਿਆ ਕਿ ਫਿਰ ਦੂਜੀ ਵਾਰ ਪੱਥਰ ਕਿੰਨੇ ਮਾਰਿਆ। ਮੁੰਡੇ ਨੇ ਪੁਰਜਾ ਵੀ ਲੱਭ ਲਿਆ ਤੇ ਸਰਦਾਰ ਹੁਣਾਂ ਚਾਹ ਫੜਨ ਲਈ ਵੀ ਕਹਿ ਦਿਤਾ।

ਬੜਾ ਜੇਰਾ ਕਰਕੇ ਮੈਂ ਪੁਛਿਆ, "ਫੇਰ ਇਹ ਆ ਗਿਆ ਬਚ ਕੇ ਬਾਕੀ ਪਰਿਵਾਰ" ਤਾਂ ਸਰਦਾਰ ਕਹਿੰਦਾ, ਕਿ ਐਥੇ ਕੁ ਈ ਆਏ, ਕੋਈ ਪੂਰਾ ਨਹੀਂ ਪਹੁੰਚਿਆ ਏਧਰ। ਬਾਬਾ ਜੀ ਨੂੰ ਸਾਡੀ ਦਾਦੀ ਨੂੰ ਵੀ ਰਾਹ 'ਚ ਕਤਲ ਕਰਨਾ ਪਿਆ। ਬਾਪੂ ਸਨਮੁਖ ਸਿੰਘ ਏਧਰ ਆ ਕੇ 63 ਸਾਲ ਜੀਵਿਆ, ਪਰ ਕਦੇ ਕਿਸੇ ਨੇ ਬੋਲਦਾ ਨਹੀਂ ਸੁਣਿਆ। ਵਿਆਹ ਹੋਇਆ, ਅਸੀਂ ਤਿੰਨ ਭਰਾ ਹੋਏ। ਏਨਾਂ ਸੱਠਾਂ ਸਾਲਾਂ 'ਚ ਕਈ ਖੁਸ਼ੀ-ਗਮੀਂ ਦੇ ਮੌਕੇ ਬਣੇ, ਪਰ ਬਾਪੂ ਦੇ ਬੁੱਲ ਨਹੀਂ ਫਰਕਦੇ ਵੇਖੇ। ਇਥੇ ਖਰਾਦ 'ਤੇ ਮਜ਼ਦੂਰੀ ਕਰਦਾ, ਸਾਨੂੰ ਇਸਦੇ ਮਾਲਕ ਬਣਾ ਗਿਆ। ਪਰ ਨਾ ਤਾਹ ਉਮਰ ਹੱਸਿਆ ਨਾ ਰੋਇਆ।

"ਮੈਡੀਕਲ ਸਾਇੰਸ ਦੇ ਹਿਸਾਬ ਨਾਲ ਤਾਂ ਇਹ ਪੌਸੀਬਲ ਨਹੀਂ ਕਿ ਬੰਦੇ ਦੀਆਂ ਸੈਂਸਜ਼ ਹੋਣ ਤੇ ਉਹ ਖੁਸ਼ੀ-ਗਮੀਂ ਨਾਲ ਰਿਐਕਟ ਨਾ ਕਰੇ। ਹੋ ਸਕਦੈ, ਉਸ ਟਰੌਮੇ ਨਾਲ ਉਹ ਸੈਂਸਜ਼ ਲੌਸ ਕਰ ਗਏ ਹੋਣ", ਮੈਂ ਤਰਕਸ਼ੀਲ ਹੋ ਵਿਗਿਆਨਕ ਤੱਤ ਕੱਢਿਆ।

ਸਰਦਾਰ ਸਾਹਿਬ ਨੇ ਇਸ ਗੱਲ ਦਾ ਕੋਈ ਜੁਆਬ ਦੇਣਾ ਮੁਨਾਸਬ ਨਾ ਸਮਝਿਆ। ਵਾਹਿਗੁਰੂ, ਵਾਹਿਗੁਰੂ, ਕਰ ਚਿਤ ਸ਼ਾਂਤ ਕੀਤਾ।

ਕਾਊਂਟਰ 'ਤੇ ਪਏ ਸਟੈਂਡ ਵਾਲੇ ਕਲੰਡਰ 'ਤੋਂ ਇਕ ਪੰਕਤੀ ਪੜ੍ਹ ਕੇ ਸੁਣਾਈ:

ਮਾਨੈ ਹੁਕਮੁ ਸੋਹੈ ਦਰਿ ਸਾਚੈ, ਆਕੀ ਮਰਹਿ ਅਫਾਰੀ॥ (ਅੰਗ 992)

(ਇਹ ਕਹਾਣੀ ਸੱਚੀ ਹੈ, 2013-14 'ਚ ਗਿੱਲ ਰੋਡ ਲੁਧਿਆਣੇ ਬਜ਼ੁਰਗ ਦੁਕਾਨਦਾਰ ਕੋਲੋਂ ਏਵੇਂ ਹੀ ਸੁਣੀ ਸੀ। ਨਾਂ ਤੇ ਤਰੀਕਾਂ ਚੇਤੇ ਨਹੀਂ ਸਨ ਉਹ ਆਪ ਰੱਖੀਆਂ ਨੇ। ਰਿਕਾਰਡ ਨਾ ਕਰਨ ਦਾ ਮਨ 'ਤੇ ਬੋਝ ਸੀ, ਲਿਖ ਦਿਤਾ ਕਿ ਸਾਂਭਿਆ ਜਾਵੇ।)

## 1. ਆਜ਼ਾਦੀ

ਕਿਉਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।
ਮੈਂ ਜੱਗੂ ਤੋਂ ਸੁਣਿਆ ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸਦੇ ਦੁਆਲੇ ਖੜ੍ਹੀ ਸੀ।
ਆਈ ਨੂੰ ਤਾਂ ਭਾਵੇਂ ਤੀਆ ਸਾਲ ਬੀਤਾ,
ਅਸੀਂ ਤਾਂ ਅਜੇ ਤੱਕ ਦਰਸ਼ਣ ਨਹੀਂ ਕੀਤਾ।
ਦਿੱਲੀ 'ਚ ਆਉਂਦੀ ਹੈ ਸਰਦੀ ਦੀ ਰੁੱਤੇ,
ਤੇ ਹਾੜਾਂ 'ਚ ਰਹਿੰਦੀ ਪਹਾੜਾਂ ਦੇ ਉਤੇ।
ਗ਼ਰੀਬਾਂ ਨਾਲ ਲਗਦੀ ਲੜੀ ਹੋਈ ਆ ਖ਼ਬਰੇ,
ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ ਐਵੇਂ ਕਾਣੀ ਜਿਹੀ ਏ।
ਮੰਨੇ ਜੇ ਉਹ ਕਹਿਣਾ ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸਵਾਈਏ।
ਪਰ ਏਨਾ ਪਤਾ ਨਹੀਂ ਕੀ ਖਾਂਦੀ ਹੁੰਦੀ ਏ,
ਕਿਹੜੀ ਚੀਜ਼ ਤੋਂ ਦਿਲ ਚੁਰਾਂਦੀ ਹੁੰਦੀ ਏ।
ਸ਼ਿਮਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ।

## 2.

ਨੀ ਅਜ਼ਾਦੀਏ ਡੱਬ ਖੜੱਬੀਏ ਨੀ
ਨੀ ਅਜ਼ਾਦੀਏ ਡੱਬ ਖੜੱਬੀਏ ਨੀ,
ਕਿਉਂ ਨਹੀਂ ਦਿਲ ਮਜ਼ਲੂਮਾਂ ਨੂੰ ਲਾਉਣ ਦਿੰਦੀ।
ਕੰਨ ਬੰਦ ਕਰ ਲੈ ਜੇ ਤੈਨੂੰ ਬੁਰਾ ਲਗਦਾ,
ਨਾ ਤੂੰ ਰੋਣ ਦੇਵੇਂ ਨਾ ਤੂੰ ਸੌਣ ਦਿੰਦੀ।
ਲੱਖਾਂ ਲਾਲ ਲੈ ਕੇ ਮੂੰਹ ਵਿਖਾਈ ਸਾਥੋਂ,
ਨੇੜੇ ਆਪਣੇ ਅਜੇ ਨਹੀਂ ਆਉਣ ਦਿੰਦੀ।
ਆਪ ਖ਼ੁਦਮੁਖ਼ਤਾਰੀ ਦੀ ਚੱਕੀ ਹੋਈਂ ਏਂ
ਸਾਨੂੰ ਛੱਪੜ ਦੇ ਵਿਚ ਵੀ ਨਹੀਂ ਨ੍ਹਾਉਣ ਦਿੰਦੀ।
ਤੈਨੂੰ ਟੋਹ ਲਿਆ ਏ ਤੂੰ ਵੱਡਿਆਂ ਘਰਾਂ ਦੀ ਏਂ,
ਤੇਰੇ ਬਿਰਲਾ, ਮਸਦੋਟ ਨਿਜ਼ਾਮ ਨੇ ਪੁੱਤ।
ਅਸੀਂ ਕਿਸੇ ਵੀ ਮੁਲਕ ਵਿਚ ਨਹੀਂ ਸੁਣਿਆ,
ਪਿਓ ਅਜ਼ਾਦ ਤੇ ਜੀਹਦੇ ਗ਼ੁਲਾਮ ਨੇ ਪੁੱਤ।
ਚਾਹੇ ਸਾਬਤ ਕਰ ਕਿ ਮੈਂ ਹਿੰਦੋਸਤਾਨ ਦਾ ਨਹੀਂ,
ਲੈਂਦਾ ਫੇਰ ਮੈਂ ਕਿਸੇ ਕੋਲ ਨਾਂ ਕੋਈ ਨਹੀਂ।
ਇਕ ਬਾਪ ਦੇ ਅਸੀਂ ਹਾਂ ਪੁੱਤ ਸਾਰੇ,
ਵੱਖੋ ਵੱਖਰਾ ਸਾਡਾ ਗਿਰਾਂ ਕੋਈ ਨਹੀਂ।
ਦੇਖਣ ਵਾਲਾ ਮੁਸੱਵਰ ਤੇ ਕਰੂ ਗੁੱਸਾ,
ਇਸ ਤਸਵੀਰ ਦਾ ਮੂੰਹ ਤੇ ਬਾਂਹ ਕੋਈ ਨਹੀਂ।
ਹਿੰਦੁਸਤਾਨ ਵਿਚ ਇਕ ਅਜ਼ਾਦ ਹਿੰਦੀ,
ਰੂੜੀ ਸੁਟਣ ਨੂੰ ਜੀਹਦੇ ਕੋਲ ਥਾਂ ਕੋਈ ਨਹੀਂ।

*- ਗੁਰਦਾਸ ਰਾਮ ਆਲਮ-*

## ਪੰਜਾਬ ਸਿੰਹਾਂ !

ਸਿਆਸਤ ਨੇ ਬਦਲੀ ਹੈ ਕੀ, ਰੰਗ ਦੇਖਣਾ,
ਅੱਗੇ ਅੱਗੇ ਹੁੰਦਾ ਹੈ ਕੀ, ਨਿਸ਼ੰਗ ਦੇਖਣਾ।

ਤੂੰ ਖੂੰਜੇ। ਲਾਇਆ ਸੀ ਨਿਸਚਿੰਤ ਹੋ ਜਿਸਨੂੰ,
ਕਿਆ ਲਿਆਏਗੀ ਰੰਗ ਉਹ, ਢੰਗ ਦੇਖਣਾ।

ਪੰਜਾਬ ਤੇਰੇ ਨਸੀਬ ਜੋ ਲਿਖੇ ਇਤਿਹਾਸ ਨੇ,
ਵਾਰ ਵਾਰ ਹੁੰਦੀ ਵੰਡੀਆਂ 'ਤੇ, ਜੰਗ ਦੇਖਣਾ।

ਕਦੇ ਰਾਜ ਤੇਰਾ ਖੈਬਰ ਦੇ ਦੱਰਿਆਂ 'ਤੇ ਸੀ,
ਲਾਹੌਰ ਗੁੰਮ ਹੈ, ਚੰਡੀਗੜ੍ਹ ਦੀ ਮੰਗ ਦੇਖਣਾ।

ਸੀਨਾ ਤੇਰਾ ਪਾਟ ਕੇ, ਦੋ ਥਾਈਂ ਹੋਇਆ ਸੀ,
ਸੰਤਾਲੀ ਵਾਲੀ ਲਕੀਰ, ਹੋ ਕੇ ਦੰਗ ਦੇਖਣਾ।

ਹਜੇ ਬੱਸ ਨਹੀਂ ਜੁਦਾ ਹਰਿਆਣਾ ਹੋ ਗਿਆ,
ਸਿਆਸਤ ਨੇ ਪਾਈ ਰੰਗ 'ਚ, ਭੰਗ ਦੇਖਣਾ।

ਜਵਾਨ ਹੋ ਗਈ ਸਤਾ, ਨਹੀਂ ਰਹੀ ਬਾਲੜੀ,
ਨਮਦਾ ਤੇਰਾ ਕਿੰਝ ਹੁੰਦਾ ਜਾਵੇ, ਤੰਗ ਦੇਖਣਾ।

ਅਣਖੀਲੇ ਛੈਲ ਛਬੀਲੇ, ਤੇ ਹਿੱਕਾਂ ਚੌੜੀਆਂ,
ਹੌਲੀ ਹੌਲੀ ਸਭ ਕੀਤੇ ਕਿੰਝ, ਮਲੰਗ ਦੇਖਣਾ।

ਕੰਗਾਲ ਹੋਏ ਘੁੰਮ ਰਹੇ, ਬੈਂਕਾਂ-ਸ਼ਾਹੂਕਾਰਾਂ ਦੇ,
ਘਰਾਂ ਵਿਚ ਸੱਜਣਾ ਭੁੱਜਦੀ, ਭੰਗ ਦੇਖਣਾ।

ਸੀੜੀ ਸਿਆਪੇ ਚੱਲਦੇ ਨੇ ਪਿਛਲੇ ਸਾਲਾਂ ਤੋਂ,
ਮੁੱਕੇ ਨਹੀਂ ਹਾਲੇ ਨੇਤਾ, ਮਾਰਦੇ ਡੰਗ ਦੇਖਣਾ।

ਰਾਜੇ, ਮਹਾਰਾਜੇ ਜੋ ਕਦੇ ਨ ਹੋਏ ਤੇਰੇ ਆਪਣੇ,
ਖਾਂਦੇ ਰਹੇ ਲੁੱਟ ਕੇ ਪਰ ਨ ਆਵੇ, ਸੰਗ ਦੇਖਣਾ।

ਸੁਣਿਐ ਫਿਰ ਵੱਧਿਆ ਸੁਰੱਖਿਆ ਦੇ ਨਾਂ ਉੱਤੇ,
ਖੁਸ਼ਿਆ ਮਾਝਾ ਪੰਜਾਬ ਹੁੰਦਾ, ਬਦਰੰਗ ਦੇਖਣਾ।

## ਕਾਵਿ-ਕਿਆਰੀ

ਬਚ ਕੇ ਰਹਿਣਾ ਜ਼ਰਾ, ਚਾਲ ਗਹਿਰੀ ਹੈ ਬੜੀ,
ਪੋਟਾ-ਪੋਟਾ ਜ਼ਾਲਮਾਂ ਕੱਟਿਆ, ਕਰੰਗ ਦੇਖਣਾ।

*-ਸੇਵਾ ਸਿੰਘ "ਨੂਰਪੁਰੀ "*

---

## ਰਿਸ਼ਤੇ

ਹੁੰਦੇ ਥੰਮਾਂ ਵਰਗੇ, ਭਰਾਵਾਂ ਵਾਲੇ ਰਿਸ਼ਤੇ
ਸੱਜੀਆਂ ਤੇ ਖੱਬੀਆਂ ਇਹ, ਬਾਹਾਂ ਵਾਲੇ ਰਿਸ਼ਤੇ।
ਦਿੰਦੀਆਂ ਦੁਆਵਾਂ ਸਦਾ, ਕੱਖ ਵੀ ਨਾ ਲੈਂਦੀਆਂ
ਰੱਬ ਦਾ ਹੀ ਰੂਪ ਹੁੰਦੇ, ਮਾਵਾਂ ਵਾਲੇ ਰਿਸ਼ਤੇ।

ਗ੍ਰਾਹਕ ਬਣਾਉਂਦੇ ਲੋਕੀਂ ਘਰਾਂ ਵਿਚ ਸੱਦ ਕੇ
ਮਤਲਬ ਖੋਰੇ ਹੋਗੇ, ਚਾਹਾਂ ਵਾਲੇ ਰਿਸ਼ਤੇ।

ਬੁੱਲ੍ਹ ਜਿਹੇ ਘੁੱਟ ਦੇਣ, ਝੂਠੀਆਂ ਤਸੱਲੀਆਂ
ਕਿੱਥੇ ਗਏ ਸੱਚੀਆਂ, ਸਲਾਹਾਂ ਵਾਲੇ ਰਿਸ਼ਤੇ।

ਛੇਤੀ ਟੁੱਟ ਜਾਂਦੇ ਸਦਾ, ਸ਼ੀਸ਼ਿਆਂ ਦੇ ਵਾਂਗਰਾਂ
ਦੇਹਾਂ ਦੇ ਸਵਾਦ ਨਿੰਘੇ, ਸਾਹਾਂ ਵਾਲੇ ਰਿਸ਼ਤੇ।

ਯਾਰਾਂ ਦੀਆਂ ਭੈਣਾਂ ਅਤੇ ਮਾਵਾਂ ਨੂੰ ਨਾ ਛੱਡਦੇ
ਅੰਨ੍ਹੇ ਹੁੰਦੇ ਗੰਦੀਆਂ, ਨਿਗਾਹਾਂ ਵਾਲੇ ਰਿਸ਼ਤੇ।

ਚੱਕਦੇ ਨੀ ਫੋਨ ਹੁਣ, ਜਿਨ੍ਹਾਂ ਪੈਸੇ ਮੋੜਨੇ ਨਾ
ਰਹਿਗੇ ਹੁਣ ਠੱਗੀਆਂ ਤੇ, ਦਾਵਾਂ ਵਾਲੇ ਰਿਸ਼ਤੇ।

ਛੋਟੀ ਜਿਹੀ ਗੱਲ ਕਰ, ਛੋਟੇ ਬਣ ਜਾਂਦੇ ਆ
ਟਾਵੇਂ ਟਾਵੇਂ ਵੱਡਿਆਂ, ਭਰਾਵਾਂ ਵਾਲੇ ਰਿਸ਼ਤੇ।

ਤੇਰੇ ਪਿੰਡ ਵਾਲੇ ਰੋੜ ਮੇਰੇ ਪੈਰਾਂ ਦੀਆਂ ਤਲੀਆਂ
ਭੁੱਲਦੇ ਨੀ ਛਾਲਿਆਂ ਤੇ, ਰਾਹਵਾਂ ਵਾਲੇ ਰਿਸ਼ਤੇ।

ਲੋਕੀਂ ਪੈਸੇ ਵਾਸਤੇ ਜ਼ਮੀਰ ਵੇਚ ਦਿੰਦੇ ਆ
ਹੁੰਦੇ ਕਈ ਝੂਠਿਆਂ, ਗਵਾਹਾਂ ਵਾਲੇ ਰਿਸ਼ਤੇ।

ਹੌਲੀ ਹੌਲੀ ਦਿਲਾਂ 'ਚੋਂ ਪਿਆਰ ਘਟੀ ਜਾਂਦੇ ਆ
ਰਹਿਗੇ ਕੁਲਵੀਰ ਹੁਣ, ਨਾਵਾਂ ਵਾਲੇ ਰਿਸ਼ਤੇ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

# ਖੇਤੀ ਪ੍ਰਧਾਨ ਮੁਲਕ, ਖੇਤੀ ਨੀਤੀ ਅਤੇ ਸਰਕਾਰਾਂ



ਅਮਰਜੀਤ ਸਿੰਘ ਵੜੈਚ
ਫੋਨ: +91-94178-01988

ਹੁਣ ਤੱਕ ਜਿੰਨੀਆਂ ਵੀ ਪਾਰਟੀਆਂ ਨੇ ਪੰਜਾਬ 'ਚ ਸਰਕਾਰਾਂ ਬਣਾਈਆਂ ਹਨ, ਉਨ੍ਹਾਂ ਨੇ ਰਾਜ ਲਈ ਨਵੀਂ ਖੇਤੀ ਨੀਤੀ ਬਣਾਉਣ ਦੇ ਨਾਂ 'ਤੇ ਵੋਟਾਂ ਲੈ ਕੇ ਸਰਕਾਰਾਂ ਤਾਂ ਬਣਾ ਲਈਆਂ ਪਰ ਕਿਸੇ ਵੀ ਸਰਕਾਰ ਨੇ ਖੇਤੀ ਨੀਤੀ ਬਣਾਉਣ ਦੀ ਦਿਸ਼ਾ ਵਿਚ ਕੋਈ ਠੋਸ ਕਦਮ ਨਹੀਂ ਚੁੱਕਿਆ। ਸਾਰੀਆਂ ਸਰਕਾਰਾਂ ਮਾਹਿਰਾਂ ਤੋਂ ਖੇਤੀ ਨੀਤੀ ਦੇ ਖਰੜੇ ਬਣਵਾਉਂਦੀਆਂ ਰਹੀਆਂ ਪਰ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੁਝ ਨਹੀਂ ਕੀਤਾ ਅਤੇ ਪੰਜ ਸਾਲ ਪੂਰੇ ਹੋਣ ਦੀ ਉਡੀਕ ਕਰਦੀਆਂ ਰਹੀਆਂ। ਆਮ ਆਦਮੀ ਪਾਰਟੀ ਦੀ ਮੌਜੂਦਾ ਪੰਜਾਬ ਸਰਕਾਰ ਵੀ ਇਸ ਮੁੱਦੇ 'ਤੇ ਬਹੁਤ ਧੀਮੀ ਗਤੀ ਨਾਲ ਤੁਰ ਰਹੀ ਹੈ।

11 ਮੈਂਬਰੀ ਸਰਕਾਰੀ ਪੈਨਲ ਨੇ ਪਿਛਲੇ ਸਾਲ 15 ਅਕਤੂਬਰ ਨੂੰ ਖੇਤੀ ਨੀਤੀ ਦੀਆਂ ਸਿਫ਼ਾਰਸ਼ਾਂ ਦੇ ਖਰੜੇ ਦੀਆਂ 5 ਕਾਪੀਆਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਸੌਂਪ ਦਿੱਤੀਆਂ ਸਨ ਪਰ ਅਜੇ ਤੱਕ ਰਿਪੋਰਟ ਦੀ ਕੋਈ ਉੱਘ-ਸੁੱਘ ਨਹੀਂ ਨਿਕਲੀ। ਪਿਛਲੇ ਵਰ੍ਹੇ ਸਰਕਾਰ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਨ 'ਤੇ 17 ਅਕਤੂਬਰ ਨੂੰ ਖੇਤੀ ਨੀਤੀ ਜਾਰੀ ਕਰਨਾ ਚਾਹੁੰਦੀ ਸੀ ਤਾਂ ਕਿ ਲੋਕ ਸਭਾ ਦੀਆਂ ਚੋਣਾਂ ਵਿਚ ਲਾਹਾ ਲਿਆ ਜਾ ਸਕੇ। ਫਿਰ ਪਤਾ ਨਹੀਂ ਕੀ ਹੋਇਆ, ਉਸ ਰਿਪੋਰਟ ਦੀ ਕਿਧਰੇ ਕੋਈ ਗੱਲ ਨਹੀਂ ਹੋਈ।

ਸਰਕਾਰ ਨੇ ਖੇਤੀ ਨੀਤੀ ਬਣਾਉਣ ਲਈ ਜਨਵਰੀ 2023 ਵਿਚ 11 ਮੈਂਬਰੀ ਪੈਨਲ ਦਾ ਐਲਾਨ ਕੀਤਾ ਸੀ ਜਿਸ ਦੇ ਕਨਵੀਨਰ ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਸਨ ਪਰ ਜੂਨ 2023 ਨੂੰ ਸਰਕਾਰ ਨੇ ਪੰਜਾਬ ਵਿਚ ਫ਼ਸਲੀ ਵੰਨ-ਸਵੰਨਤਾ ਦੀ ਸਕੀਮ ਤਿਆਰ ਕਰਨ ਲਈ ਅਮਰੀਕਾ ਦੇ ਸ਼ਹਿਰ ਬੋਸਟਨ 'ਚ ਸਥਿਤ 'ਬੋਸਟਨ ਕੰਸਲਟਿੰਗ ਗਰੁੱਪ' ਨੂੰ 5.65 ਕਰੋੜ ਰੁਪਏ ਦਾ ਠੇਕਾ ਦੇ ਦਿੱਤਾ। ਸਰਕਾਰ ਨੇ ਜਦੋਂ 11 ਮੈਂਬਰੀ ਪੈਨਲ ਜਿਸ ਵਿਚ ਕੌਮਾਂਤਰੀ ਪੱਧਰ ਦੇ ਖੇਤੀ ਤੇ ਆਰਥਿਕ ਮਾਹਿਰ ਸ਼ਾਮਿਲ ਸਨ, ਕਾਇਮ ਕਰ ਦਿੱਤਾ ਸੀ ਤਾਂ ਫ਼ਸਲੀ ਵੰਨ-ਸਵੰਨਤਾ ਲਈ 'ਬੋਸਟਨ ਕੰਸਲਟਿੰਗ ਗਰੁੱਪ' ਨੂੰ ਠੇਕਾ ਦੇਣ ਦੀ ਗੱਲ ਸਮਝ ਨਹੀਂ ਆਉਂਦੀ। ਡਾ. ਐਸ.ਐਸ. ਜੌਹਲ ਨੇ ਮਈ 1986 ਵਿਚ ਰਿਪੋਰਟ ਬਣਾ ਕੇ ਸਰਕਾਰ ਨੂੰ ਦਿੱਤੀ ਸੀ। ਉਸ ਰਿਪੋਰਟ 'ਚ ਸਭ ਤੋਂ ਮਹੱਤਵਪੂਰਨ ਸਿਫ਼ਾਰਿਸ਼ ਇਹ ਸੀ ਕਿ ਪੰਜਾਬ ਨੂੰ 20 ਫ਼ੀਸਦੀ ਧਰਤੀ ਝੋਨੇ ਅਤੇ ਕਣਕ ਹੇਠੋਂ ਕੱਢ ਕੇ ਹੋਰਨਾਂ ਫ਼ਸਲਾਂ ਹੇਠ ਲਿਆਉਣੀ ਚਾਹੀਦੀ ਹੈ। ਉਹ ਰਿਪੋਰਟ ਕਿੱਥੇ ਹੈ? ਮਈ 1986 'ਚ ਪੰਜਾਬ ਵਿਚ ਬਰਨਾਲਾ ਸਰਕਾਰ ਸੀ। ਡਾ. ਜੌਹਲ ਨੇ 2002 ਵਿਚ ਫਿਰ ਰਿਪੋਰਟ ਦਿੱਤੀ ਜਿਸ ਵਿਚ ਉਨ੍ਹਾਂ 95 ਸਿਫ਼ਾਰਸ਼ਾਂ ਕੀਤੀਆਂ ਸਨ। ਉਸ ਵਕਤ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਉਹ ਰਿਪੋਰਟ ਵੀ ਗਾਇਬ ਹੈ। ਮਾਰਚ 2013 ਵਿਚ ਡਾ. ਜੀ.ਐਸ. ਕਾਲਕਟ (ਪੰਜਾਬ ਕਿਸਾਨ ਤੇ ਖੇਤੀ ਮਜ਼ਦੂਰ ਕਮਿਸ਼ਨ ਦੇ ਪਹਿਲੇ ਚੇਅਰਮੈਨ ਤੇ ਸਾਬਕਾ ਵਾਈਸ ਚਾਂਸਲਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ) ਨੇ ਖੇਤੀ ਬਾਰੇ ਲੰਮੀ ਚੌੜੀ ਰਿਪੋਰਟ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੀ। ਉਹ ਰਿਪੋਰਟ ਵੀ ਸਕੱਤਰੇਤ 'ਚ ਦਫ਼ਨ ਕਰ ਦਿੱਤੀ ਗਈ।

ਹੁਣ ਖੇਤੀ ਸੰਕਟ ਹੋਰ ਗੰਭੀਰ ਹੋ ਗਿਆ ਹੈ। ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ, ਖੇਤੀ ਲਈ ਖਾਦਾਂ, ਬੀਜਾਂ, ਮਸ਼ੀਨਰੀ, ਦਵਾਈਆਂ ਤੇ ਦਿਹਾੜੀ ਦੀਆਂ ਵਧ ਰਹੀਆਂ ਦਰਾਂ, ਬਿਮਾਰੀਆਂ ਤੇ ਕੁਦਰਤੀ ਆਫ਼ਤਾਂ, ਨਕਲੀ ਬੀਜਾਂ ਤੇ ਦਵਾਈਆਂ 'ਚ ਕਿਸਾਨਾਂ ਨੂੰ ਪੈਂਦੀ ਮਾਰ, ਫ਼ਸਲਾਂ ਦੇ ਵਾਜਬ ਮੁੱਲ ਨਾ ਮਿਲਣਾ, ਸਬਜ਼ੀਆਂ ਤੇ ਫ਼ਲ ਭੰਡਾਰ ਨਾ ਕਰ ਸਕਣ ਕਰ ਕੇ ਵਪਾਰੀਆਂ ਦੇ ਰਹਿਮੋ-ਕਰਮ 'ਤੇ ਜਿਊਣਾ, ਫ਼ਸਲਾਂ ਦਾ ਬੀਮਾ ਨਾ ਹੋਣਾ, ਵਧ ਰਹੀ ਮਹਿੰਗਾਈ, ਪੇਂਡੂ ਨੌਜਵਾਨਾਂ ਵਿਚ ਵਧ ਰਹੀ ਬੇਰੁਜ਼ਗਾਰੀ, ਨਸ਼ਿਆਂ ਦਾ ਰੁਝਾਨ ਤੇ ਸਮਾਜਿਕ ਰੀਸ-ਘੜੀਸ ਵਰਗੀਆਂ ਜ਼ਹਿਮਤਾਂ ਕਾਰਨ ਕਿਸਾਨ ਕਰਜ਼ੇ ਲੈਣ ਲਈ ਮਜਬੂਰ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਰਵੇਖਣ ਅਨੁਸਾਰ, ਕਿਸਾਨ ਖ਼ੁਦਕੁਸ਼ੀਆਂ ਵਿਚੋਂ 88 ਫ਼ੀਸਦੀ ਕਿਸਾਨ ਉਹ ਹਨ ਜੋ ਕਰਜ਼ੇ ਦਾ ਬੋਝ ਨਾ ਸਹਾਰਦੇ ਹੋਏ ਮੌਤ ਦੇ ਖੂਹ ਵਿਚ ਡਿੰਗ ਰਹੇ ਹਨ। ਇਨ੍ਹਾਂ ਵਿਚ ਵੀ 77 ਫ਼ੀਸਦੀ ਕਿਸਾਨ ਛੋਟੇ ਅਤੇ ਹਾਸ਼ੀਏ 'ਤੇ ਧੱਕੇ ਹੋਏ ਸਨ।



ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ (ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਦੇ ਸਰਵੇਖਣ ਮੁਤਾਬਿਕ, ਸਭ ਤੋਂ ਵੱਧ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ (16606) ਸਾਲ 2000 ਤੋਂ 2015 ਦਰਮਿਆਨ ਹੋਈਆਂ। ਇਨ੍ਹਾਂ ਵਿਚ 9007 ਕਿਸਾਨ ਅਤੇ 7234 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ; ਭਾਵ, ਹਰ ਦੋ ਦਿਨ ਮਗਰੋਂ ਤਿੰਨ-ਚਾਰ ਪੰਜਾਬੀ ਕਿਸਾਨਾਂ ਅਤੇ ਹਰ ਦੋ ਦਿਨ ਮਗਰੋਂ ਤਿੰਨ ਖੇਤੀ ਮਜ਼ਦੂਰਾਂ ਨੇ ਆਤਮ-ਹੱਤਿਆ ਕੀਤੀ। ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੁਲਾਕਾਤ ਮਗਰੋਂ ਇਸੇ ਵਰ੍ਹੇ 20 ਜੁਲਾਈ ਨੂੰ ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਕਿ ਝੋਨਾ ਨਾ ਬੀਜ ਕੇ ਕੋਈ ਹੋਰ ਫ਼ਸਲ ਬੀਜਣ ਵਾਲੇ ਕਿਸਾਨਾਂ ਨੂੰ 17500 ਰੁਪਏ ਪ੍ਰਤੀ ਹੈਕਟੇਅਰ ਪੰਜਾਬ ਸਰਕਾਰ ਮਦਦ ਕਰੇਗੀ। ਪਹਿਲੀ ਗੱਲ ਤਾਂ ਇਹ ਕਿ ਐਲਾਨ ਕਰਨ ਤੱਕ ਪੰਜਾਬ ਵਿਚ 90 ਪ੍ਰਤੀਸ਼ਤ ਝੋਨਾ ਲੱਗ ਚੁੱਕਿਆ ਸੀ; ਦੂਜੀ ਗੱਲ, ਇਸ ਰਾਸ਼ੀ ਵਿਚ 60:40 ਦੇ ਅਨੁਪਾਤ ਨਾਲ ਕ੍ਰਮਵਾਰ ਕੇਂਦਰ ਤੇ ਪੰਜਾਬ ਹਿੱਸਾ ਪਾਉਣਗੇ।

ਕੀ ਕਰਜ਼ ਮਾਰਿਆ ਪੰਜਾਬ ਇਸ ਹਾਲਤ ਵਿਚ ਹੈ ਕਿ ਆਪਣਾ ਬਣਦਾ 40 ਫ਼ੀਸਦੀ (ਸੱਤ ਹਜ਼ਾਰ ਪ੍ਰਤੀ ਹੈਕਟੇਅਰ) ਹਿੱਸਾ ਪਾ ਸਕੇਗਾ? ਕੇਂਦਰ ਨੇ ਪੰਜਾਬ ਦੇ 10 ਹਜ਼ਾਰ ਕਰੋੜ ਤੋਂ ਵੱਧ ਦੇ ਫੰਡ ਰੋਕੇ ਹੋਏ ਹਨ। ਝੋਨੇ ਦੀ ਸਿੱਧੀ ਬਿਜਾਈ ਅਤੇ ਮੂੰਗੀ ਦੀ ਬਿਜਾਈ ਵਾਲੇ ਕਿਸਾਨ ਵੀ ਸ਼ਿਕਾਇਤਾਂ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੀ ਮਦਦ ਦਾ ਐਲਾਨ ਤਾਂ ਕਰਦੀ ਹੈ ਪਰ ਐਲਾਨ ਅਨੁਸਾਰ ਖਰੀ ਨਹੀਂ ਉਤਰਦੀ। ਸਰਕਾਰ ਦਾ ਅੱਧਾ ਸਮਾਂ ਇਸੇ ਸਾਲ 16 ਸਤੰਬਰ ਨੂੰ ਪੂਰਾ ਹੋ ਜਾਵੇਗਾ। ਤਤਕਾਲੀ ਖੇਤੀ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਨੇ ਕਈ ਵਾਰ ਐਲਾਨ ਕੀਤਾ ਕਿ 31 ਮਾਰਚ 2023 ਤੱਕ ਖੇਤੀ ਨੀਤੀ ਜਾਰੀ ਕਰ ਦਿੱਤੀ ਜਾਵੇਗੀ ਪਰ ਇਹ ਨੀਤੀ ਨਹੀਂ ਆਈ ਤੇ ਪਹਿਲੀ ਜੂਨ 2023 ਨੂੰ ਧਾਲੀਵਾਲ ਦੀ ਥਾਂ ਗੁਰਮੀਤ ਸਿੰਘ ਖੁੱਡੀਆਂ ਨੂੰ ਖੇਤੀ ਵਿਭਾਗ ਦੇ ਦਿੱਤਾ ਗਿਆ।

ਕੇਂਦਰ ਨੇ 2024-25 ਦੇ ਬਜਟ ਲਈ ਪੰਜਾਬ ਵਾਸਤੇ, ਖ਼ਾਸਕਰ ਪੰਜਾਬ ਦੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਉਣ ਲਈ ਕੋਈ ਐਲਾਨ ਨਹੀਂ ਕੀਤਾ। ਇਸ ਕਰ ਕੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਵਿਚ ਉਦਾਸੀਨਤਾ ਵਧੇਗੀ। ਇਸ ਹਾਲਤ ਵਿਚ ਜੇ ਪੰਜਾਬ ਸਰਕਾਰ ਵੀ ਕਿਸਾਨਾਂ ਲਈ ਕੁਝ ਨਹੀਂ ਕਰਦੀ ਤਾਂ ਫਿਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਸੰਕਟ ਵਿਚੋਂ ਕੌਣ ਕੱਢੇਗਾ? ਪੰਜਾਬ ਸਰਕਾਰ ਨੇ ਭਾਵੇਂ ਵਿੱਤ ਕਮਿਸ਼ਨ ਨੂੰ ਪੰਜਾਬ ਲਈ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਦੇ ਦਿੱਤੀ ਹੈ ਪਰ ਹੁਣ ਸਰਕਾਰ ਨੇ ਨੀਤੀ ਆਯੋਗ ਦੀ ਮੀਟਿੰਗ ਵਿਚ ਹਿੱਸਾ ਹੀ ਨਹੀਂ ਲਿਆ ਜਿੱਥੇ ਰਾਜਾਂ ਨੇ ਆਪੋ-ਆਪਣੇ ਰਾਜਾਂ ਦੇ ਵਿਕਾਸ ਲਈ ਤਜਵੀਜ਼ਾਂ ਰੱਖਣੀਆਂ ਹੁੰਦੀਆਂ ਹਨ। ਸਿਧਾਂਤਕ ਤੌਰ 'ਤੇ ਇਹ ਮੀਟਿੰਗ ਰਾਜਨੀਤਕ ਨਹੀਂ ਹੁੰਦੀ ਸਗੋਂ ਲੋਕਾਂ ਦੀਆਂ ਚੁਣੀਆਂ ਸਰਕਾਰਾਂ ਦੀ ਹੁੰਦੀ ਹੈ ਪਰ ਭਾਜਪਾ ਸਰਕਾਰ 'ਤੇ ਇਸ ਮੀਟਿੰਗ 'ਚ ਵੀ ਰਾਜਨੀਤੀ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਇਸ ਵਾਰ ਵੀ ਪੰਜਾਬ ਸਮੇਤ ਗ਼ੈਰ-ਭਾਜਪਾ ਸਰਕਾਰਾਂ ਨੇ ਇਸੇ ਤਰ੍ਹਾਂ ਦੇ ਦੋਸ਼ ਲਾਏ ਹਨ। ਮੀਟਿੰਗ 'ਚ ਹਿੱਸਾ ਨਾ ਲੈਣ ਕਾਰਨ ਹੁਣ ਕੇਂਦਰ ਸਰਕਾਰ ਅਤੇ ਪੰਜਾਬ ਭਾਜਪਾ ਨੂੰ ਇਹ ਮੁੱਦਾ ਮਿਲ ਜਾਵੇਗਾ ਕਿ ਪੰਜਾਬ ਸਰਕਾਰ ਸੂਬੇ ਦੇ ਮੁੱਦਿਆਂ ਬਾਰੇ ਕੇਂਦਰ ਕੋਲ ਆਪਣਾ ਪੱਖ ਹੀ ਨਹੀਂ ਰੱਖਦੀ ਤਾਂ ਫਿਰ ਮਦਦ ਦੀ ਆਸ ਕਿਉਂ ਰੱਖਦੀ ਹੈ। ਹੁਣ ਪੰਜਾਬ ਸਰਕਾਰ ਆਪਣਾ ਧਿਆਨ ਮਾਲਵਾ ਨਹਿਰ 'ਤੇ ਕੇਂਦਰਿਤ ਕਰ ਰਹੀ ਹੈ ਜਿਸ ਹੇਠ 1328 ਏਕੜ ਖੇਤੀਯੋਗ ਜ਼ਮੀਨ ਆ ਜਾਵੇਗੀ ਜਿਸ ਤੋਂ ਉਸ ਇਲਾਕੇ ਦੇ ਕਿਸਾਨ ਬਿਲਕੁਲ ਵੀ ਖ਼ੁਸ਼ ਨਹੀਂ।

ਅੱਜ ਪੰਜਾਬ ਵਿਚ ਖੇਤੀ ਵਾਲੀ ਜ਼ਮੀਨ ਦਾ ਰੇਟ ਕਿਤੇ ਵੀ 30 ਲੱਖ ਰੁਪਏ ਫ਼ੀ ਏਕੜ ਤੋਂ ਘੱਟ ਨਹੀਂ ਹੈ। 'ਭਾਰਤਮਾਲਾ' ਲਈ ਤਾਂ ਜ਼ਮੀਨ ਇਸ ਤੋਂ ਵੀ ਕਈ ਗੁਣਾ ਮਹਿੰਗੀ ਖਰੀਦੀ ਜਾ ਰਹੀ ਹੈ। ਕਰਜ਼ੇ ਦੇ ਭਾਰ ਹੇਠ ਤੜਫ ਰਹੀ ਪੰਜਾਬ ਸਰਕਾਰ ਇਸ ਨਹਿਰ ਦੀ ਜ਼ਮੀਨ ਲਈ 4000 ਕਰੋੜ ਦਾ ਖ਼ਰਚਾ ਕਿੱਥੋਂ ਕਰੇਗੀ? ਖੇਤੀ ਵੰਨ-ਸਵੰਨਤਾ ਲਈ ਕੇਂਦਰ ਕੋਲੋਂ ਇਸੇ ਸਾਲ 10 ਜੂਨ ਨੂੰ ਪੰਜਾਬ ਲਈ ਆਇਆ ਤਕਰੀਬਨ 290 ਕਰੋੜ ਰੁਪਏ ਦਾ ਫੰਡ ਅਫਸਰਸ਼ਾਹੀ ਦੀ ਬੇਰੁਖੀ ਦੀ ਭੇਟ ਚੜ੍ਹ ਗਿਆ। ਪਤਾ ਲੱਗਾ ਹੈ ਕਿ ਅਫਸਰਸ਼ਾਹੀ 40 ਦਿਨ ਇਸ ਸਕੀਮ 'ਤੇ ਬੈਠੀ ਰਹੀ ਤੇ 20 ਜੁਲਾਈ ਨੂੰ ਇਸ ਦਾ ਐਲਾਨ ਕੀਤਾ ਗਿਆ ਜਦੋਂ 90 ਫ਼ੀਸਦੀ ਤੋਂ ਵੱਧ ਝੋਨੇ ਦੀ ਫ਼ਸਲ ਲਾਈ ਜਾ ਚੁੱਕੀ ਸੀ। ਇਹ ਸਕੀਮ ਬਾਸਮਤੀ ਲਈ ਨਹੀਂ ਹੈ। ਹੁਣ ਚਾਰ ਹੋਰ ਵਿਧਾਨ ਸਭਾ ਹਲਕਿਆਂ (ਗਿੱਦੜਬਾਹਾ, ਬਰਨਾਲਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ) ਵਿਚ ਅਗਲੇ ਪੰਜ ਮਹੀਨਿਆਂ 'ਚ ਜ਼ਿਮਨੀ ਚੋਣਾਂ ਹੋਣੀਆਂ ਹਨ। ਇਹ ਚਾਰੇ ਹਲਕੇ ਪੇਂਡੂ ਖੇਤਰ ਵਿਚ ਹਨ ਜਿੱਥੇ ਸਭ ਤੋਂ ਵੱਧ ਵੋਟਾਂ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹਨ। ਹੁਣ ਸਵਾਲ ਹੈ: ਕੀ ਪੰਜਾਬ ਸਰਕਾਰ ਅਗਲੇ ਦਿਨਾਂ ਵਿਚ ਖੇਤੀ ਨੀਤੀ ਬਾਰੇ ਕੁਝ ਕਰੇਗੀ ਜਾਂ ਫਿਰ ਜ਼ਿਮਨੀ ਚੋਣਾਂ ਵਿਚ ਇਸ ਨੀਤੀ ਨੂੰ ਵੋਟਾਂ ਬਟੋਰਨ ਦਾ 'ਝੁਰਲੂ' ਬਣਾ ਕੇ ਵਰਤੇਗੀ?

# ਸਰਕਾਰੀ ਕਾਲਜਾਂ ਨੂੰ ਖ਼ੁਦਮੁਖਤਾਰੀ ਦੇਣ ਦੇ ਬਹਾਨੇ

ਰਣਵੀਰ ਕੁਰੜ
ਫੋਨ: +91-76967-38860

ਕੇਂਦਰ ਸਰਕਾਰ ਦੀ ਬਣਾਈ ਨਵੀਂ ਸਿੱਖਿਆ ਨੀਤੀ ਵਿਚ ਕਾਲਜਾਂ ਨੂੰ ਖ਼ੁਦਮੁਖਤਾਰੀ ਦੇਣ ਦਾ ਜੋ ਫੈਸਲਾ ਕੀਤਾ ਗਿਆ ਹੈ, ਪੰਜਾਬ ਸਰਕਾਰ ਇਹ ਫੈਸਲਾ ਲਾਗੂ ਕਰਨ ਲਈ ਕੇਂਦਰ ਸਰਕਾਰ ਨਾਲੋਂ ਵੀ ਕਾਹਲੀ ਜਾਪਦੀ ਹੈ। ਪੰਜਾਬ ਸਰਕਾਰ ਨੇ ਅੱਠ ਸਰਕਾਰੀ ਕਾਲਜਾਂ (ਮਹਿੰਦਰਾ ਕਾਲਜ ਪਟਿਆਲਾ, ਲੜਕੀਆਂ ਦਾ ਸਰਕਾਰੀ ਕਾਲਜ ਪਟਿਆਲਾ, ਮਲੇਰਕੋਟਲਾ, ਮੁਹਾਲੀ, ਹੁਸ਼ਿਆਰਪੁਰ ਦੇ ਸਰਕਾਰੀ ਕਾਲਜ, ਸਰਕਾਰੀ ਕਾਲਜ ਲੁਧਿਆਣਾ (ਲੜਕੀਆਂ), ਸਰਕਾਰੀ ਕਾਲਜ ਲੁਧਿਆਣਾ) ਨੂੰ ਖ਼ੁਦਮੁਖਤਾਰੀ ਦੇ ਦਰਜੇ ਵਾਸਤੇ ਯੂਜੀਸੀ ਦੀ ਸਾਇਟ ਉਪਰ ਕਾਲਜਾਂ ਨੂੰ ਅਪਲਾਈ ਕਰਨ ਲਈ ਕਿਹਾ ਹੈ। ਇਸ ਕਾਰਜ ਲਈ ਸਰਕਾਰ ਨੇ ਕਾਲਜਾਂ ਨੂੰ ਕੋਈ ਨੋਟੀਫਿਕੇਸ਼ਨ ਜਾਂ ਡਰਾਫਟ ਨਹੀਂ ਭੇਜਿਆ ਬਲਕਿ ਵੱਡੇ ਅਧਿਕਾਰੀ, ਪ੍ਰਿੰਸੀਪਲਾਂ ਉਪਰ ਫੋਨ ਰਾਹੀਂ ਦਬਾਅ ਪਾ ਕੇ ਆਨਲਾਈਨ ਅਪਲਾਈ ਕਰਨ ਲਈ ਕਹਿ ਰਹੇ ਹਨ। ਪਹਿਲੇ ਪੜਾਅ ਵਿਚ 8 ਕਾਲਜ ਹਨ, ਅਗਲੇ ਪੜਾਅ ਵਿਚ ਪੰਜਾਬ ਦੇ ਬਾਕੀ ਵੱਡੇ ਸਰਕਾਰੀ ਕਾਲਜ ਵੀ ਖ਼ੁਦਮੁਖਤਾਰ ਕੀਤੇ ਜਾਣਗੇ।

ਖ਼ੁਦਮੁਖਤਾਰੀ ਕੀ ਹੈ?

ਕਾਲਜਾਂ ਨੂੰ ਪੇਪਰ ਲੈਣ, ਸਿਲੇਬਸ ਤੈਅ ਕਰਨ, ਫੀਸ ਤੈਅ ਕਰਨ, ਅਧਿਆਪਕ ਰੱਖਣ, ਡਿਗਰੀ ਜਾਰੀ ਕਰਨ ਅਤੇ ਵਿੱਤੀ ਫੈਸਲੇ ਕਰਨ ਵਿਚ ਖ਼ੁਦਮੁਖਤਾਰੀ (ਆਜ਼ਾਦੀ) ਦਿੱਤੀ ਜਾਵੇਗੀ। ਯੂਨੀਵਰਸਿਟੀ ਦਾ ਕਾਲਜਾਂ ਵਿਚ ਕੋਈ ਦਖ਼ਲ ਨਹੀਂ ਹੋਵੇਗਾ। ਕਾਲਜ ਹਰ ਤਰ੍ਹਾਂ ਦੇ ਫੈਸਲੇ ਕਰਨ ਵਿਚ ਆਜ਼ਾਦ ਹੋਣਗੇ। ਖ਼ੁਦਮੁਖਤਾਰੀ ਅਸਲ ਵਿਚ ਨਿੱਜੀਕਰਨ ਵੱਲ ਪਹਿਲਾ ਕਦਮ ਹੈ। ਸਰਕਾਰੀ ਕਾਲਜਾਂ ਨੂੰ ਸਰਕਾਰ ਗ੍ਰਾਂਟ ਦਿੰਦੀ ਹੈ ਤਾਂ ਕਾਲਜਾਂ ਦਾ ਕੰਮ ਚੱਲਦਾ ਹੈ ਪਰ ਜਦੋਂ ਖ਼ੁਦਮੁਖਤਾਰੀ ਮਿਲ ਜਾਵੇਗੀ ਤਾਂ ਵਿੱਤ (ਪੈਸੇ) ਦਾ ਪ੍ਰਬੰਧ ਕਰਨਾ ਕਾਲਜ ਦੀ ਜ਼ਿੰਮੇਵਾਰੀ ਹੋਵੇਗੀ। ਬਿਲਡਿੰਗ, ਬਿਜਲੀ ਬਿੱਲ, ਅਧਿਆਪਕਾਂ ਦੀ ਤਨਖਾਹ, ਹੋਰ ਸੱਭਿਆਚਾਰਕ ਤੇ ਖੇਡ ਸਰਗਰਮੀਆਂ ਸਮੇਤ ਪੂਰੇ ਬੁਨਿਆਦੀ ਢਾਂਚੇ ਲਈ ਕਾਲਜਾਂ ਨੂੰ ਆਪ ਵਿੱਤੀ ਵਸੀਲੇ ਹਾਸਿਲ ਕਰਨੇ ਪੈਣਗੇ। ਇਸ ਦਾ ਸਾਰਾ ਬੋਝ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਉਪਰ ਪਵੇਗਾ ਕਿਉਂਕਿ ਬਿਨਾਂ ਫੀਸ ਵਧਾਏ ਪੈਸੇ ਨਹੀਂ ਆ ਸਕਦੇ। ਅਧਿਆਪਕਾਂ ਨੂੰ ਵੀ ਤਨਖਾਹ ਕਟੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਯੂਨੀਵਰਸਿਟੀਆਂ ਨੂੰ ਜ਼ਿਆਦਾ ਆਰਥਿਕ ਨੁਕਸਾਨ ਹੋਵੇਗਾ ਕਿਉਂਕਿ ਯੂਨੀਵਰਸਿਟੀ ਨੂੰ ਕਾਲਜਾਂ ਤੋਂ ਫੀਸ ਦੇ ਪੈਸੇ ਜਾਂਦੇ ਹਨ। ਜੇ ਕਾਲਜਾਂ ਦੀ ਐਫੀਲੀਏਸ਼ਨ ਖ਼ਤਮ ਹੁੰਦੀ ਹੈ ਤਾਂ ਯੂਨੀਵਰਸਿਟੀਆਂ ਦਾ ਚੱਲਣਾ ਸੰਭਵ ਨਹੀਂ ਲੱਗਦਾ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਖ਼ੁਦਮੁਖਤਾਰ ਸੰਸਥਾ ਹੈ ਪਰ ਯੂਨੀਵਰਸਿਟੀ ਵੀ ਵਿੱਤੀ ਘਾਟੇ ਵਿਚ ਚੱਲ ਰਹੀ ਹੈ। ਗ੍ਰਾਂਟ ਲੈਣ ਲਈ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਧਰਨੇ ਪ੍ਰਦਰਸ਼ਨ ਕਰਨੇ ਪਏ ਹਨ। ਜੇ ਯੂਨੀਵਰਸਿਟੀ ਸਰਕਾਰੀ ਮਦਦ ਤੋਂ ਬਿਨਾਂ ਨਹੀਂ ਚੱਲ ਸਕੀ ਤਾਂ ਕਾਲਜ ਕਿਵੇਂ ਚੱਲਣਗੇ?

ਸਰਕਾਰ ਅਧਿਕਾਰੀ ਦਾਅਵਾ ਕਰ ਰਹੇ ਹਨ ਕਿ ਉਹ ਕਾਲਜਾਂ ਨੂੰ ਸਿਰਫ ਅਕਾਦਮਿਕ ਖ਼ੁਦਮੁਖਤਾਰੀ ਦੇ ਰਹੇ ਹਾਂ, ਵਿੱਤੀ ਖ਼ੁਦਮੁਖਤਾਰੀ ਨਹੀਂ। ਕਾਲਜਾਂ ਨੂੰ ਪਹਿਲਾਂ ਵਾਂਗ ਗ੍ਰਾਂਟ ਮਿਲਦੀ ਰਹੇਗੀ, ਕਾਲਜ ਉਪਰ ਕੋਈ ਵਿੱਤੀ ਬੋਝ ਨਹੀਂ ਪਵੇਗਾ। ਅਸਲ ਵਿਚ ਸਰਕਾਰ ਪਹਿਲੇ ਪੜਾਅ ਵਿਚ ਅਕਾਦਮਿਕ ਖ਼ੁਦਮੁਖਤਾਰੀ ਰਾਹੀਂ ਹੀ ਕਾਲਜਾਂ ਨੂੰ ਪ੍ਰਾਈਵੇਟ ਕਰਨ ਵਾਲੇ ਪਾਸੇ ਲੈ ਕੇ ਜਾਵੇਗੀ। ਦੂਜੇ ਪੜਾਅ ਵਿਚ ਵਿੱਤੀ ਬੋਝ ਵੀ ਕਾਲਜਾਂ ਉਪਰ ਪਾਇਆ ਜਾਵੇਗਾ। ਵਿੱਤੀ ਅਤੇ ਅਕਾਦਮਿਕ ਖ਼ੁਦਮੁਖਤਾਰੀ ਆਪਸ ਵਿਚ ਜੁੜੇ ਹੋਏ ਹਨ। ਅਕਾਦਮਿਕ ਕੰਮ ਜਿਵੇਂ ਪ੍ਰੀਖਿਆ ਸ਼ਾਖਾ ਦਾ ਨਿਰਮਾਣ, ਪ੍ਰਬੰਧਕੀ ਬਲਾਕ ਦਾ ਨਿਰਮਾਣ, ਸਿਲੇਬਸ ਤੈਅ ਕਰਨ ਆਦਿ ਦੇ ਕਾਰਜ ਬਿਨਾਂ ਵਿੱਤੀ (ਪੈਸੇ) ਮਦਦ ਤੋਂ ਸੰਭਵ ਨਹੀਂ। ਦੂਸਰੇ ਪੜਾਅ ਵਿਚ ਸਰਕਾਰ ਕਾਲਜਾਂ ਨੂੰ ਸਾਰੇ ਕੰਮ ਲਈ ਪੈਸੇ ਦਾ ਪ੍ਰਬੰਧ ਕਰਨ ਲਈ ਕਹੇਗੀ। ਪੰਜਾਬ ਸਰਕਾਰ ਅਤੇ ਡੀ.ਪੀ.ਆਈ. ਦਫ਼ਤਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ। ਪੰਜਾਬ ਦੇ ਸਰਕਾਰੀ ਕਾਲਜਾਂ ਕੋਲ ਪਏ ਪੀ.ਟੀ.ਏ. ਫੰਡ, ਐੱਚ.ਈ.ਆਈ.ਐੱਸ. (ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ) ਦੇ ਫੰਡ ਅਤੇ ਨਵੇਂ ਖੁੱਲ੍ਹ ਰਹੇ ਕਾਲਜਾਂ ਨੂੰ ਫਰਨੀਚਰ ਨੂੰ ਦੇਣ ਲਈ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਡੀ.ਪੀ.ਆਈ. ਦਫ਼ਤਰ ਫਰਮਾਨ ਜਾਰੀ ਕਰ ਚੁੱਕਿਆ ਹੈ। ਇਹ ਫਰਮਾਨ ਸੰਘਰਸ਼ ਤੋਂ ਬਾਅਦ ਹੀ ਵਾਪਸ ਹੋਇਆ ਹੈ। ਸਰਕਾਰ ਨਵੇਂ ਕਾਲਜਾਂ ਨੂੰ ਆਪ ਗ੍ਰਾਂਟ ਦੇਣ ਦੀ ਬਜਾਇ ਕਾਲਜਾਂ ਕੋਲ ਜਮ੍ਹਾਂ ਪਏ ਫੰਡਾਂ ਪਿੱਛੇ ਪਈ ਹੋਈ ਹੈ। ਸਰਕਾਰ ਦੀ ਜ਼ਿੰਮੇਵਾਰੀ ਕਾਲਜਾਂ ਨੂੰ ਪੈਸੇ ਦੇਣ ਦੀ ਹੈ। ਪੰਜਾਬ ਅੰਦਰ ਏਡਿਡ ਕਾਲਜਾਂ ਨੂੰ ਸਰਕਾਰ ਪਹਿਲਾਂ 95 ਫੀਸਦੀ ਗ੍ਰਾਂਟ ਦਿੰਦੀ ਸੀ ਜੋ ਘਟਾ ਕੇ 85% ਕਰ ਦਿੱਤੀ; ਹੁਣ ਇਹ 75% ਹੈ ਤੇ ਇਹ ਵੀ ਪੂਰੀ ਨਹੀਂ ਆਉਂਦੀ। ਸਿੱਟੇ ਵਜੋਂ ਏਡਿਡ ਕਾਲਜ ਵਿਦਿਆਰਥੀਆਂ ਤੋਂ ਵੱਧ ਫੀਸ ਲੈਂਦੇ ਹਨ।

ਇਹ ਸਾਰੀਆਂ ਉਦਾਹਰਨਾਂ ਸਾਬਿਤ ਕਰਦੀਆਂ ਹਨ ਕਿ ਸਰਕਾਰ ਸਿੱਖਿਆ ਉਪਰ ਪੈਸਾ ਖਰਚਣ ਤੋਂ ਪਿੱਛੇ ਹਟ ਰਹੀ ਹੈ। ਅਕਾਦਮਿਕ ਖ਼ੁਦਮੁਖਤਾਰੀ ਦੇ ਬਹਾਨੇ ਕਾਲਜਾਂ ਉਪਰ ਖਰਚੇ ਪਾ ਕੇ ਨਿੱਜੀਕਰਨ ਕਰਨਾ ਸਰਕਾਰ ਦਾ ਮਕਸਦ ਜਾਪਦਾ ਹੈ। ਨਵੀਂ ਸਿੱਖਿਆ ਨੀਤੀ ਦਾ ਮੁੱਦਾ ਫੈਡਰਲ ਹੈ ਪਰ ਕੇਂਦਰ ਸਰਕਾਰ ਇਹ ਨੀਤੀ ਲਾਗੂ ਕਰਨ ਲਈ ਸੂਬਿਆਂ ਉਪਰ ਦਬਾਅ ਬਣਾ ਰਹੀ ਹੈ। ਤਾਮਿਲਨਾਡੂ ਅਤੇ ਪੱਛਮੀ ਬੰਗਾਲ ਫੈਡਰਲ ਨਜ਼ਰੀਏ ਤੋਂ ਨਵੀਂ ਸਿੱਖਿਆ ਨੀਤੀ ਦਾ ਵਿਰੋਧ ਕਰ ਰਹੇ ਹਨ ਪਰ ਪੰਜਾਬ ਸਰਕਾਰ ਸੂਬੇ ਦੇ ਹੱਕ ਕੇਂਦਰ ਸਰਕਾਰ ਕੋਲ ਉਠਾਉਣ ਵਿਚ ਅਸਫਲ ਸਾਬਿਤ ਹੋ ਰਹੀ ਹੈ। ਇਸ ਮਸਲੇ ਨੂੰ ਸਿੱਖਿਆ ਰਾਜ ਸੂਚੀ ਵਿਚ ਦਰਜ ਕਰਨ ਦੀ ਮੰਗ ਨਾਲ ਜੋੜ ਕੇ ਪੰਜਾਬ ਸਰਕਾਰ ਵਿਧਾਨ ਸਭਾ ਵਿਚ ਮਤਾ ਪੇਸ਼ ਕਰੇ।

ਅੱਜ ਤੱਕ ਪੰਜਾਬ ਦੇ ਜਿਹੜੇ ਕਾਲਜ ਖ਼ੁਦਮੁਖਤਾਰ ਕੀਤੇ ਗਏ, ਉਹਨਾਂ ਦੀਆਂ ਫੀਸਾਂ ਬਾਕੀ ਕਾਲਜਾਂ ਨਾਲੋਂ ਢਾਈ ਗੁਣਾ ਜ਼ਿਆਦਾ ਹਨ। ਪੰਜਾਬ ਦੇ ਕਿਸੇ ਕਾਲਜ ਦੇ ਪ੍ਰਿੰਸੀਪਲ, ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਕਦੇ ਵੀ ਕਾਲਜਾਂ ਨੂੰ ਖ਼ੁਦਮੁਖਤਾਰੀ ਦੇਣ ਦੀ ਮੰਗ ਨਹੀਂ ਕੀਤੀ, ਫਿਰ ਸਰਕਾਰ ਨੂੰ ਇਹ ਕਾਹਲ ਕਿਉਂ ਹੈ। ਪੰਜਾਬ ਦੇ 8 ਕਾਲਜ ਇਤਿਹਾਸਕ ਹਨ। ਕਈ ਕਾਲਜਾਂ ਨੂੰ ਬਣਿਆਂ 100 ਸਾਲ ਤੋਂ ਉਪਰ ਸਮਾਂ ਹੋ ਗਿਆ ਹੈ। ਇਹਨਾਂ ਕਾਲਜਾਂ ਦੀ ਇਤਿਹਾਸਕ ਮਹੱਤਤਾ, ਪੁਰਾਤਨ ਦਿੱਖ ਅਤੇ ਭਾਵਨਾਤਮਿਕ ਸਾਂਝ ਤਾਂ ਹੀ ਬਚੀ ਰਹਿ ਸਕਦੀ ਹੈ ਜੇ ਸਰਕਾਰ ਇਹਨਾਂ ਨੂੰ ਬਣਦੀ ਗ੍ਰਾਂਟ ਦੇਵੇ ਅਤੇ ਵਿਦਿਆਰਥੀ ਤੇ ਅਧਿਆਪਕਾਂ ਦੀਆਂ ਮੰਗਾਂ ਵੱਲ ਧਿਆਨ ਦੇਵੇ।

ਅਸਲ ਵਿਚ ਕੇਂਦਰ ਅਤੇ ਪੰਜਾਬ ਸਰਕਾਰ ਸਿੱਖਿਆ ਤੋਂ ਆਪਣੇ ਹੱਥ ਖਿੱਚ ਰਹੀਆਂ ਹਨ। ਬਚੀ-ਖੁਚੀ ਸਰਕਾਰੀ ਸਿੱਖਿਆ ਨੂੰ ਪ੍ਰਾਈਵੇਟ ਕਰ ਕੇ ਗ਼ਰੀਬ ਵਿਦਿਆਰਥੀਆਂ ਨੂੰ ਸਿੱਖਿਆ ਵਿਚੋਂ ਬਾਹਰ ਕੀਤਾ ਜਾ ਰਿਹਾ ਹੈ। ਅੱਜ ਵੀ ਕਾਲਜਾਂ ਅੰਦਰ ਅਧਿਆਪਕਾਂ ਦੀ ਘਾਟ ਹੈ। ਸਰਕਾਰ ਨੇ ਕਲੱਸਟਰ ਬਣਾ ਕੇ ਇੱਕ ਅਧਿਆਪਕ ਨੂੰ ਦੋ-ਦੋ ਕਾਲਜਾਂ ਅੰਦਰ ਤਿੰਨ-ਤਿੰਨ ਦਿਨ ਕਲਾਸਾਂ ਲਾਉਣ ਲਈ ਕਿਹਾ ਹੈ। ਇਸ ਨਾਲ ਉਚੇਰੀ ਸਿੱਖਿਆ ਦੇ ਮਿਆਰ ਵਿਚ ਕਮੀ ਆ ਰਹੀ ਹੈ। ਕਈ ਕਾਲਜ ਰੈਗੂਲਰ ਪ੍ਰਿੰਸੀਪਲਾਂ ਤੋਂ ਬਿਨਾਂ ਚੱਲ ਰਹੇ ਹਨ। ਕਾਲਜਾਂ ਅੰਦਰ ਸੈਲਫ ਫਾਈਨਾਂਸ ਕੋਰਸਾਂ ਜ਼ਰੀਏ ਸਰਕਾਰੀ ਕਾਲਜਾਂ ਅੰਦਰ ਪ੍ਰਾਈਵੇਟ ਕਾਲਜ ਚਲਾਏ ਜਾ ਰਹੇ ਹਨ। ਪੰਜਾਬ ਅੰਦਰ ਸੈਲਫ ਫਾਇਨਾਂਸ ਕੋਰਸ ਸਰਕਾਰੀ ਕਾਲਜਾਂ ਅੰਦਰ ਜ਼ੋਰ-ਸ਼ੋਰ ਨਾਲ ਲਾਗੂ ਕੀਤੇ ਜਾ ਰਹੇ ਹਨ। ਇਹਨਾਂ ਕੋਰਸਾਂ ਦੀਆਂ ਫੀਸਾਂ ਇੰਨੀਆਂ ਜ਼ਿਆਦਾ ਹਨ ਕਿ ਆਮ ਵਿਦਿਆਰਥੀ ਫੀਸਾਂ ਭਰਨ ਤੋਂ ਅਸਮਰੱਥ ਹਨ। ਇਹ ਕੋਰਸ ਪੜ੍ਹਾ ਰਹੇ ਅਧਿਆਪਕ ਅੱਜ ਵੀ ਕੱਚੇ ਹਨ। ਸਰਕਾਰ ਖ਼ੁਦਮੁਖਤਾਰੀ ਦੇਣ ਦੀ ਬਜਾਇ ਸੈਲਫ ਫਾਇਨਾਂਸ ਕੋਰਸਾਂ ਨੂੰ ਸਰਕਾਰੀ ਕੀਤਾ ਜਾਵੇ ਅਤੇ ਅਧਿਆਪਕਾਂ ਦੇ ਮਸਲੇ ਹੱਲ ਕੀਤੇ ਜਾਣ। ਪੰਜਾਬ ਸਰਕਾਰ ਉਚੇਰੀ ਸਿੱਖਿਆ ਦਾ ਸੰਕਟ ਘਟਾਉਣ ਵਿਚ ਜ਼ੋਰ ਲਗਾਉਣ ਦਾ ਬਜਾਇ ਵਧਾ ਰਹੀ ਹੈ। ਸਰਕਾਰ ਨੇ ਸਿੱਖਿਆ ਨੂੰ ਵੇਚਣ ਖਰੀਦਣ ਵਾਲੀ ਵਸਤੂ ਬਣਾ ਦਿੱਤਾ ਹੈ; ਜਿਸ ਦੀ ਜੇਬ ਵਿਚ ਜਿੰਨੇ ਪੈਸੇ ਹਨ, ਉਹ ਓਨੀ ਸਿੱਖਿਆ ਖਰੀਦ ਲਵੇ।

ਸਰਕਾਰ ਨੂੰ ਚਾਹੀਦਾ ਹੈ ਕਿ ਯੂ.ਜੀ.ਸੀ. ਦੇ ਨਿਯਮਾਂ ਤਹਿਤ ਅਧਿਆਪਕ ਵਿਦਿਆਰਥੀ ਅਨੁਪਾਤ ਅਨੁਸਾਰ ਨਵੀਂਆਂ ਅਸਾਮੀਆਂ ਪੈਦਾ ਕੀਤੀਆਂ ਜਾਣ ਤਾਂ ਜੋ ਰੁਜ਼ਗਾਰ ਅਤੇ ਸਿੱਖਿਆ ਦੀ ਗੁਣਵੱਤਾ ਦੇ ਮਸਲੇ ਹੱਲ ਹੋਣ। ਨਾਲ ਹੀ ਸਰਕਾਰ ਕਾਲਜਾਂ ਨੂੰ ਖ਼ੁਦਮੁਖਤਾਰ ਕਰਨ ਵਾਲਾ ਫੈਸਲਾ ਵਾਪਿਸ ਲਵੇ।

# ਤੇਜ਼ੀ ਨਾਲ ਬਦਲ ਰਹੀ ਤਕਨੀਕ ਵਿਚ ਸੁਧਾਰ ਦੇ ਮਸਲੇ

ਆਧੁਨਿਕ ਤਕਨੀਕੀ ਯੁੱਗ ਵਿਚ ਸੂਚਨਾ ਤਕਨੀਕ ਇੰਨੀ ਤੇਜ਼ੀ ਨਾਲ ਤਬਦੀਲ ਹੋ ਰਹੀ ਹੈ ਕਿ ਦੋ-ਤਿੰਨ ਸਾਲਾਂ ਬਾਅਦ ਹੀ ਵਰਤੇ ਜਾ ਰਹੇ ਜੰਤਰ ਜਾਂ ਡਿਵਾਈਸ ਪੁਰਾਣੇ ਲੱਗਣ ਲੱਗਦੇ ਹਨ। ਉਨ੍ਹਾਂ ਦੇ ਚੱਲਣ ਅਤੇ ਕੰਮ ਕਰਨ ਦੀ ਗਤੀ ਹੌਲੀ ਪੈਣ ਲੱਗਦੀ ਹੈ। ਮੋਬਾਇਲ, ਕੰਪਿਊਟਰ ਤੇ ਲੈਪਟਾਪ ਇਸ ਦੀਆਂ ਉਦਾਹਰਨਾਂ ਹਨ। ਸੂਚਨਾ ਤਕਨੀਕ ਦਾ ਵਿਕਾਸ ਇੰਨਾ ਜ਼ਿਆਦਾ ਤੇ ਉੱਚ ਪੱਧਰ ਦਾ ਹੋ ਗਿਆ ਹੈ ਕਿ ਇਸ ਨੇ ਹਰ ਪ੍ਰਕਾਰ ਦੀ ਦੂਰੀ ਖਤਮ ਕਰ ਦਿੱਤੀ ਹੈ। ਦੋਸਤਾਂ ਮਿੱਤਰਾਂ ਨਾਲ ਗੱਲ ਕਰਦੇ ਹੋਏ ਅਨੇਕ ਪ੍ਰਕਾਰ ਦੀ ਨਿਜੀ ਜਾਣਕਾਰੀ ਵੀ ਸਾਂਝੀ ਕਰ ਲੈਂਦੇ ਹਾਂ। ਇਕ-ਦੂਜੇ ਨਾਲ ਆਪਣੀਆਂ ਨਿਜੀ ਫੋਟੋਆਂ ਵੀ ਸਾਂਝੀਆਂ ਕਰਦੇ ਹਾਂ।

ਕੀ ਅਜੋਕੀ ਸੂਚਨਾ ਤਕਨੀਕ ਦੀ ਵਰਤੋਂ ਕਰਦੇ ਹੋਏ ਅਸੀਂ ਆਪਣੇ ਆਪ ਨੂੰ ਕਿਸੇ ਅਣਚਾਹੀ ਅਤੇ ਅਣਕਿਆਸੀ ਸਥਿਤੀ ਵਿਚ ਤਾਂ ਨਹੀਂ ਧੱਕ ਰਹੇ? ਦੋਸਤਾਂ ਮਿੱਤਰਾਂ ਨਾਲ ਆਪਣੀ

**ਡਾ. ਗੁਰਜੀਤ ਸਿੰਘ ਭੱਠਲ**
ਫੋਨ: +91-98142-05475

ਗੱਲ ਸਾਂਝੀ ਕਰਦੇ ਹੋਏ ਇਸ ਦੀ ਜਾਣਕਾਰੀ ਕਿਸੇ ਹੋਰ ਏਜੰਸੀ ਕੋਲ ਇਕੱਠੀ ਤਾਂ ਨਹੀਂ ਹੋ ਰਹੀ? ਸਾਡੀ ਮਨੋਵਿਗਿਆਨਕ ਸਥਿਤੀ ਦਾ ਨਾਜਾਇਜ਼ ਫਾਇਦਾ ਤਾਂ ਨਹੀਂ ਉਠਾਇਆ ਜਾ ਰਿਹਾ? ਇਹ ਕੁਝ ਸਵਾਲ ਹਨ ਜਦੋਂ ਕਿਸੇ ਨਾਲ ਵਟਸਐਪ, ਫੇਸਬੁੱਕ ਜਾਂ ਕਿਸੇ ਹੋਰ ਹੈਂਡਲ ਜ਼ਰੀਏ ਆਪਣੀ ਕਿਸੇ ਵੀ ਪ੍ਰਕਾਰ ਦੀ ਸੂਚਨਾ ਸਾਂਝੀ ਕਰਦੇ ਹਾਂ ਤਾਂ ਅੱਗੇ ਤੋਂ ਅੱਗੇ ਉਸੇ ਪ੍ਰਕਾਰ ਦੀ ਯੂਟਿਊਬ, ਮਸ਼ਹੂਰੀਆਂ ਜਾਂ ਫੋਟੋਆਂ ਆਦਿ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹ ਸਾਰਾ ਕੁਝ ਕਿਵੇਂ ਵਾਪਰ ਰਿਹਾ ਹੈ? ਕੀ ਸਾਡੀ ਗੱਲਬਾਤ ਨੂੰ ਕੋਈ ਏਜੰਸੀ ਮੌਨਿਟਰ ਕਰ ਰਹੀ ਹੈ? ਡੇਟਾ ਇਕੱਠਾ ਕਰ ਰਹੀ ਹੈ? ਜਾਂ ਸਾਡੇ ਬਾਰੇ ਵਿਅਕਤੀਗਤ ਜਾਣਕਾਰੀ ਹਾਸਿਲ ਕਰ ਲਈ ਹੈ ਕਿ ਅਸੀਂ ਕਿਸ ਖਿੱਤੇ ਤੇ ਕਿੱਤੇ ਤੋਂ ਹਾਂ, ਕਿਸ ਪ੍ਰਕਾਰ ਦੇ ਕੰਮ ਕਾਜ ਜਾਂ ਕਾਰਵਾਈਆਂ ਆਦਿ ਕਰਦੇ ਹਾਂ ਤੇ ਬੜਾ ਕੁਝ ਹੋਰ। ਇਸ ਲਈ ਅੱਜ ਵਰਤੋਂਕਾਰ ਰਾਜ਼ਦਾਰੀ ਨੀਤੀ ਵਿਚ ਸੁਧਾਰ ਦੀ ਲੋੜ ਹੈ।

ਵਟਸਐਪ ਰਾਹੀਂ ਵਿਅਕਤੀਗਤ ਜਾਣਕਾਰੀ ਕੌਣ ਭੇਜ ਰਿਹਾ ਹੈ ਤੇ ਕਿਸ ਨੂੰ ਭੇਜ ਰਿਹਾ ਹੈ, ਇਹ ਕੇਵਲ ਤੇ ਕੇਵਲ ਦੋਹਾਂ ਵਿਚਾਲੇ ਹੀ ਰਹੇ, ਇਹ ਯਕੀਨੀ ਬਣਾਉਣ ਵਾਸਤੇ ਹੀ ਪ੍ਰੋਗਰਾਮ ਇਜਾਦ ਕੀਤਾ ਗਿਆ ਜਿਸ ਨੂੰ ਐਂਡ-ਟੂ-ਐਂਡ ਐਨਕ੍ਰਿਪਸ਼ਨ ਕਿਹਾ ਜਾਂਦਾ ਹੈ। ਇਹ ਉੱਚ ਪਧਰੀ ਸੁਰੱਖਿਆ ਪ੍ਰਣਾਲੀ ਹੈ ਜਿਸ ਦੀ ਵਰਤੋਂ ਖਾਸ ਤੌਰ 'ਤੇ ਵਟਸਐਪ ਰਾਹੀਂ ਸੰਦੇਸ਼ ਭੇਜਣ ਲਈ ਕੀਤੀ ਜਾਂਦੀ ਹੈ। ਇਹ ਐਨਕ੍ਰਿਪਸ਼ਨ ਵਿਧੀ ਯਕੀਨੀ ਬਣਾਉਂਦੀ ਹੈ ਕਿ ਸਿਰਫ ਸੰਦੇਸ਼ ਭੇਜਣ ਵਾਲਾ ਤੇ ਸੰਦੇਸ਼ ਪ੍ਰਾਪਤ ਕਰਨ ਵਾਲਾ ਹੀ ਇਸ ਨੂੰ ਪੜ੍ਹ ਸਕਦਾ ਹੈ, ਹੋਰ ਕੋਈ ਨਹੀਂ। ਖੁਦ ਵਟਸਐਪ ਵੀ ਇਸ ਨੂੰ ਨਹੀਂ ਪੜ੍ਹ ਸਕਦਾ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ? ਇਸ ਪ੍ਰਣਾਲੀ ਤਹਿਤ ਜਦੋਂ ਸੰਦੇਸ਼ ਭੇਜਿਆ ਜਾਂਦਾ ਹੈ ਤਾਂ ਭੇਜਣ ਵਾਲੇ ਦੀ ਡਿਵਾਈਸ ਦੇ ਸੰਦੇਸ਼ ਨੂੰ ਵਿਲੱਖਣ ਕੁੰਜੀ ਦੀ ਵਰਤੋਂ ਨਾਲ ਤਾਲਾ ਲਾਇਆ ਜਾਂਦਾ ਹੈ; ਜਾਂ ਤਕਨੀਕੀ ਭਾਸ਼ਾ ਵਿਚ ਇਸ ਨੂੰ ਐਨਕ੍ਰਿਪਟ ਕੀਤਾ ਜਾਂਦਾ ਹੈ ਜਿਸ ਨੂੰ ਕੇਵਲ ਸੰਦੇਸ਼ ਪ੍ਰਾਪਤ ਕਰਨ ਵਾਲੇ ਦੀ ਡਿਵਾਈਸ ਦੁਆਰਾ ਹੀ ਉਸ ਦੀ ਵਿਲੱਖਣ ਕ੍ਰਿਪਟੋਗ੍ਰਾਫਿਕ ਕੁੰਜੀ ਦੁਆਰਾ ਡੀਕ੍ਰਿਪਟ ਕੀਤਾ ਜਾ ਸਕਦਾ ਹੈ। ਇੰਝ ਇਹ ਸੰਦੇਸ਼ ਭਾਵੇਂ ਵਟਸਐਪ ਦੇ ਕੰਪਿਊਟਰਾਂ ਰਾਹੀਂ ਜਾਂਦਾ ਹੈ



ਪਰ ਇਸ ਸੁਰੱਖਿਆ ਪ੍ਰਣਾਲੀ ਤਹਿਤ ਇਹ ਐਨਕ੍ਰਿਪਟਿਡ ਰਹਿੰਦਾ ਹੈ। ਭੇਜਣ ਅਤੇ ਪ੍ਰਾਪਤ ਕਰਨ ਵਾਲੇ ਤੋਂ ਇਲਾਵਾ ਕਿਸੇ ਹੋਰ ਲਈ ਇਸ ਨੂੰ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ। ਇਸ ਪ੍ਰਕਾਰ ਵਿਅਕਤੀਗਤ ਨਿੱਜਤਾ ਬਰਕਰਾਰ ਰਹਿੰਦੀ ਹੈ ਪਰ ਜਦੋਂ ਕਿਸੇ ਤਕਨੀਕ ਦਾ ਦੁਰਉਪਯੋਗ ਹੋਣ ਲੱਗਦਾ ਹੈ ਤਾਂ ਉਸ ਬਾਰੇ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੁੰਦੀ ਹੈ। ਇਸ ਸੁਰੱਖਿਆ ਪ੍ਰਣਾਲੀ ਦੀ ਵਰਤੋਂ ਹੋਰ ਲੁੱਟਾਂ ਖੋਹਾਂ ਕਰਨ ਵਾਲੇ ਗਰੋਹ, ਲੁਟੇਰੇ ਜਾਂ ਹੋਰ ਸਮਾਜ ਵਿਰੋਧੀ ਅਨਸਰ ਕਰਦੇ ਹਨ ਤਾਂ ਇਹ ਸਮਾਜ ਨੂੰ ਹੀ ਨਹੀਂ ਸਗੋਂ ਦੇਸ਼ ਦੀ ਸੁਰੱਖਿਆ ਨੂੰ ਵੀ ਖਤਰੇ ਵਿਚ ਪਾ ਸਕਦੀ ਹੈ। ਕਿਸ ਥਾਂ 'ਤੇ ਬੰਬ ਰੱਖਿਆ ਹੈ, ਰੇਲ ਪਟੜੀ ਜਾਂ ਪੁਲ ਉਡਾਉਣਾ ਹੈ, ਬੈਂਕ ਡਕੈਤੀ ਕਰਨੀ ਹੈ, ਇਸ ਬਾਰੇ ਪਹਿਲਾਂ ਤੋਂ ਜਾਣਕਾਰੀ ਪ੍ਰਾਪਤ ਕਰਨੀ ਅਸੰਭਵ ਹੋ ਜਾਂਦੀ ਹੈ, ਜਦੋਂ ਗੱਲਬਾਤ ਜਾਂ ਸੰਦੇਸ਼ ਇਸ ਪ੍ਰਣਾਲੀ ਦੀ ਵਰਤੋਂ ਕਰਦੇ ਹੋਏ ਭੇਜਿਆ ਤੇ ਪ੍ਰਾਪਤ ਕੀਤਾ ਜਾਂਦਾ ਹੈ। ਸੋ, ਇਸ ਸਿਸਟਮ ਦੀਆਂ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਭਾਰਤ ਸਰਕਾਰ ਨੇ ਵਟਸਐਪ ਦੀਆਂ ਕਈ ਸੇਵਾਵਾਂ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਵਿਚ ਵਿਸ਼ੇਸ਼ ਤੌਰ ਤੇ ਐਂਡ-ਟੂ-ਐਂਡ ਐਨਕ੍ਰਿਪਸ਼ਨ ਅਤੇ ਇਸ ਨਾਲ ਸਬੰਧਿਤ ਪੁਣ-ਛਾਣ/ਟ੍ਰੇਸਿਬਿਲਟੀ ਦਾ ਸਵਾਲ ਹੈ।

ਭਾਰਤ ਸਰਕਾਰ ਦੇ ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਿਆਂ ਨੇ ਖਦਸ਼ਾ ਜਤਾਇਆ ਹੈ ਕਿ ਵਟਸਐਪ ਦੀ ਪੇਰੈਂਟ ਕੰਪਨੀ 'ਮੈਟਾ' ਵਰਤੋਂਕਾਰਾਂ ਦੇ ਡੇਟੇ ਦਾ ਗਲਤ ਉਪਯੋਗ ਕਰ ਸਕਦੀ ਹੈ। ਇਸ ਤਰ੍ਹਾਂ ਕਰਨਾ ਵੀ ਵਿਅਕਤੀਗਤ ਨਿੱਜਤਾ ਅਤੇ ਸੀਕਰੇਸੀ ਦੇ ਨਿਯਮਾਂ ਦੀ ਉਲੰਘਣਾ ਹੈ; ਨਾਲ ਹੀ ਕਿਸੇ ਵਰਤੋਂਕਾਰ ਦੀ ਸ਼ਿਕਾਇਤ ਦਾ ਨਿਬੇੜਾ ਉਸੇ ਦੇਸ਼ ਵਿਚ ਕਰਨ ਤੋਂ ਇਨਕਾਰੀ ਵਰਤੋਂਕਾਰ ਦੇ ਅਧਿਕਾਰਾਂ ਦੀ ਉਲੰਘਣਾ ਹੈ। ਅੱਜ ਦੇ ਸਮੇਂ ਦੌਰਾਨ ਸੋਸ਼ਲ ਮੀਡੀਆ ਦੇ ਵਧ ਰਹੇ ਪ੍ਰਭਾਵ ਅਤੇ ਇਸ ਨਾਲ ਆ ਰਹੀਆਂ ਦਿੱਕਤਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਚਿੰਤਤ ਹੈ। ਇਸ ਦੀ ਗੰਭੀਰਤਾ ਨੂੰ ਸਮਝਦੇ ਹੋਏ ਪਹਿਲਾਂ ਤੋਂ ਚੱਲ ਰਹੇ ਸੂਚਨਾ ਤਕਨਾਲੋਜੀ ਕਾਨੂੰਨ-2020 ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਜਿਨ੍ਹਾਂ ਨੂੰ ਸੂਚਨਾ ਤਕਨਾਲੋਜੀ ਕਾਨੂੰਨ-2021 ਦੇ ਨਾਮ ਹੇਠ 25 ਫਰਵਰੀ 2021 ਨੂੰ ਲਾਗੂ ਕਰ ਦਿੱਤਾ ਗਿਆ। ਇਹ ਕਾਨੂੰਨ ਸੰਦੇਸ਼ ਭੇਜਣ ਵਾਲੀਆਂ ਸੇਵਾਵਾਂ ਮੁਹੱਈਆ ਕਰਦੀਆਂ ਵਿਚੋਲਾ ਕੰਪਨੀਆਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਵਿਚ ਟਵਿਟਰ (ਹੁਣ ਐਕਸ), ਵਟਸਐਪ ਆਦਿ ਅਹਿਮ ਹਨ। ਇਹ 'ਵਿਚੋਲਾ ਦਿਸ਼ਾ ਨਿਰਦੇਸ਼ ਅਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ-2021' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਾਨੂੰਨ ਦੇ ਉਪ ਧਾਰਾ 4(2) ਅਨੁਸਾਰ, ਇਸ ਦਾ ਸਬੰਧ ਸੋਸ਼ਲ ਮੀਡੀਆ ਤੇ ਸੰਦੇਸ਼ ਦੀ ਸ਼ੁਰੂਆਤ ਕਰਨ ਵਾਲੇ ਦੀ ਪਛਾਣ, ਕਿਸੇ ਸਮਰੱਥ ਅਧਿਕਾਰੀ ਜਾਂ ਅਦਾਲਤ ਦੇ ਆਦੇਸ਼ਾਂ ਤਹਿਤ ਕੋਈ ਜਾਣਕਾਰੀ ਮੰਗਣ ਅਤੇ ਸੂਚਨਾ ਤਕਨਾਲੋਜੀ ਕਾਨੂੰਨ-2000 ਦੀ ਧਾਰਾ 69 ਅਧੀਨ ਜਾਣਕਾਰੀ ਦੇਣ ਲਈ ਯਕੀਨੀ ਬਣਾਉਣ ਬਾਰੇ ਹੈ। ਇਹ ਭਾਰਤ ਦੀ ਅਖੰਡਤਾ, ਕੌਮੀ ਸੁਰੱਖਿਆ, ਮੁਲਕ ਦੇ ਦੂਜੇ ਦੇਸ਼ਾਂ ਨਾਲ ਸਬੰਧਾਂ ਅਤੇ ਸੁਤੰਤਰਤਾ ਬਣਾਈ ਰੱਖਣ ਦੇ ਉਦੇਸ਼ ਨਾਲ ਅਤੇ ਲੋਕਾਂ ਨੂੰ ਭੜਕਾਉਣ ਸਬੰਧੀ ਸਮੱਗਰੀ ਫੈਲਾਉਣ ਬਾਰੇ ਸੰਦੇਸ਼ ਦੀ ਸ਼ੁਰੂਆਤ ਕਰਨ ਵਾਲੇ ਦੀ ਪਛਾਣ ਦੀ ਜਾਣਕਾਰੀ ਮੰਗਣ ਉਤੇ ਮੁਹੱਈਆ ਕਰਵਾਉਣੀ ਯਕੀਨੀ ਬਣਾਉਣ ਬਾਰੇ ਹੈ।

ਭਾਰਤ ਸਰਕਾਰ ਅਤੇ ਵਟਸਐਪ ਦੀ ਪੇਰੈਂਟ ਕੰਪਨੀ 'ਮੈਟਾ' ਦੀ ਤਕਰਾਰ 2021 ਤੋਂ ਸ਼ੁਰੂ ਹੁੰਦੀ ਹੈ ਜਦੋਂ ਤੋਂ ਸਰਕਾਰ ਨੇ ਸੂਚਨਾ ਤਕਨਾਲੋਜੀ ਕਾਨੂੰਨ-2021 ਲਾਗੂ ਕੀਤਾ ਹੈ। ਇਸ ਨਵੇਂ ਵਿਵਾਦ ਵਿਚ ਮੈਟਾ ਨੇ ਭਾਰਤ ਸਰਕਾਰ ਖਿਲਾਫ ਅਦਾਲਤ ਦਾ ਦਰਵਾਜ਼ਾ ਖੜਕਾਇਆ। ਅਦਾਲਤ ਵਿਚ ਇਸ ਬਾਰੇ ਬਹਿਸ 22 ਮਾਰਚ 2024 ਨੂੰ ਹੋਈ। ਵਟਸਐਪ ਦੁਆਰਾ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਗਿਆ ਕਿ ਜੇ ਉਹ ਐਂਡ-ਟੂ-ਐਂਡ ਐਨਕ੍ਰਿਪਸ਼ਨ ਤੋੜ ਦੇਣਗੇ ਤਾਂ ਵਰਤੋਂਕਾਰਾਂ ਦੀ ਵਿਅਕਤੀਗਤ ਨਿੱਜਤਾ ਦੇ ਨਿਯਮ ਦੀ ਉਲੰਘਣਾ ਹੋਵੇਗੀ। ਇਸ ਲਈ ਉਹ ਇਸ ਤਰ੍ਹਾਂ ਨਹੀਂ ਕਰਨਗੇ। ਜੇਕਰ ਫਿਰ ਵੀ ਦਬਾਅ ਪਾਇਆ ਗਿਆ ਤਾਂ ਉਹ ਭਾਰਤ ਵਿਚੋਂ ਆਪਣੀਆਂ ਸੇਵਾਵਾਂ ਬੰਦ ਕਰ ਦੇਣਗੇ। ਸੋਸ਼ਲ ਮੀਡੀਆ ਦੇ ਇਸ ਜਵਾਬ ਨੇ ਸਾਰੀਆਂ ਹੀ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਸੀਕਰੇਸੀ ਬਾਰੇ ਨਵੀਂ ਬਹਿਸ ਛੇੜ ਦਿੱਤੀ। ਭਾਰਤ ਸਰਕਾਰ ਦੇ ਵਕੀਲ ਨੇ ਬਹਿਸ ਦੌਰਾਨ ਕਾਫੀ ਹੋਰ ਇਲਜ਼ਾਮ ਮੈਟਾ ਉਤੇ ਲਗਾਏ ਹਨ।

ਵਟਸਐਪ ਦੀ ਰਾਜ਼ਦਾਰੀ ਨੀਤੀ-ਅਪਡੇਟ-2021 ਵਿਚ ਕਿਹਾ ਗਿਆ ਹੈ ਕਿ ਉਹ ਆਪਣੀ ਪੇਰੈਂਟ ਕੰਪਨੀ ਮੈਟਾ ਨਾਲ ਆਪਣੇ ਵਰਤੋਂਕਾਰ ਦਾ ਡੇਟਾ ਸ਼ੇਅਰ ਕਰ ਸਕਦੀ ਹੈ। ਇਸ ਦੇ ਜਨਤਕ ਵਿਰੋਧ ਤੋਂ ਬਾਅਦ ਭਾਰਤ ਸਰਕਾਰ ਨੇ ਦਾਖਲ ਦਿੰਦੇ ਹੋਏ ਇਸ ਬਾਰੇ ਜਾਂਚ ਕਰਵਾਈ ਅਤੇ ਬਾਅਦ ਵਿਚ ਇਹ ਨੀਤੀ ਲਾਗੂ ਨਹੀਂ ਕੀਤੀ। ਦੂਜਾ, ਸਰਕਾਰ ਚਾਹੁੰਦੀ ਹੈ ਕਿ ਜਿੰਨੀਆਂ ਵੀ ਇਸ ਤਰ੍ਹਾਂ ਦੀਆਂ ਕੰਪਨੀਆਂ ਦੇਸ਼ ਵਿਚ ਸੰਦੇਸ਼ ਭੇਜਣ ਦੀਆਂ ਸੇਵਾਵਾਂ ਦੇ ਰਹੀਆਂ ਹਨ, ਉਹ ਸਾਰੀਆਂ ਵਰਤੋਂਕਾਰਾਂ ਦਾ ਡੇਟਾ ਭਾਰਤ ਵਿਚ ਸਟੋਰ ਕਰਨ ਜਿਸ ਨੂੰ ਡੇਟਾ ਲੋਕਲਾਈਜ਼ੇਸ਼ਨ/ਸਥਾਨੀਕਰਨ ਦੇ ਨਿਯਮ ਤਹਿਤ ਸਾਰੀਆਂ ਕੰਪਨੀਆਂ ਨੂੰ ਹਦਾਇਤਾਂ ਹਨ ਕਿ ਉਹ ਆਪਣੇ ਗਲੋਬਲ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਦੇ ਹੋਏ ਇਨ੍ਹਾਂ ਨਿਯਮਾਂ ਦੀ ਵੀ ਪਾਲਣਾ ਕਰਨ। ਤੀਜਾ, ਸਰਕਾਰ ਦੇ ਰੈਗੂਲੇਟਰੀ ਪਾਲਣਾ ਨਿਯਮਾਂ ਤਹਿਤ ਵਰਤੋਂਕਾਰਾਂ ਦੀਆਂ ਸ਼ਿਕਾਇਤਾਂ ਬਾਰੇ ਵਟਸਐਪ ਨੂੰ ਅਧਿਕਾਰੀ ਨਿਯੁਕਤ ਕਰਨ ਬਾਰੇ ਹਦਾਇਤ ਕੀਤੀ ਗਈ ਜੋ ਸਮਾਂ ਬੱਧ ਸ਼ਿਕਾਇਤਾਂ ਦਾ ਨਿਬੇੜਾ ਕਰੇ। ਭਾਰਤ ਸਰਕਾਰ ਨੇ ਵਟਸਐਪ ਨੂੰ ਜਾਅਲੀ ਖਬਰਾਂ ਅਤੇ ਗਲਤ ਜਾਣਕਾਰੀ ਜਿਸ ਨੂੰ ਡੀਪ ਫੇਕ ਘਟਨਾਵਾਂ ਵੀ ਕਿਹਾ ਜਾਂਦਾ ਹੈ, ਦਾ ਪ੍ਰਸਾਰ ਰੋਕਣ ਲਈ ਖਾਸ ਪ੍ਰਬੰਧ ਕਰਨ, ਖਾਸ ਤੌਰ 'ਤੇ ਚੋਣਾਂ ਤੇ ਫਿਰਕੂ ਅਸ਼ਾਂਤੀ ਵਰਗੇ ਸੰਵੇਦਨਸ਼ੀਲ ਸਮੇਂ ਦੌਰਾਨ ਆਪਣੇ ਪਲੇਟਫਾਰਮਾਂ ਤੋਂ ਗਲਤ ਜਾਣਕਾਰੀ ਹਟਾਉਣ ਬਾਰੇ ਵੀ ਅਪੀਲ ਕੀਤੀ ਹੈ। ਭਾਰਤ ਸਰਕਾਰ ਨੇ ਵਟਸਐਪ ਭੁਗਤਾਨ ਜਿਸ ਵਿਚ ਵਰਤੋਂਕਾਰ ਨੂੰ ਐਪ ਰਾਹੀਂ ਪੈਸੇ ਭੇਜਣ ਅਤੇ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਉਸ ਉਤੇ ਚਿੰਤਾ ਜਤਾਉਂਦੇ ਹੋਏ ਪਲੇਟਫਾਰਮ ਨੂੰ ਆਰ.ਬੀ.ਆਈ. ਦੇ ਦਿਸ਼ਾ ਨਿਰਦੇਸ਼ ਤਹਿਤ ਭੁਗਤਾਨ ਕਰਨ ਲਈ ਕਿਹਾ ਹੈ।

ਕੇਂਦਰ ਸਰਕਾਰ ਨੇ ਅਦਾਲਤ ਵਿਚ ਦਲੀਲ ਦਿੱਤੀ ਹੈ ਕਿ ਸੰਪਰਦਾਇਕ ਹਿੰਸਾ ਦੇ ਮਾਮਲੇ ਵਿਚ ਸੰਦੇਸ਼ ਸ਼ੁਰੂ ਕਰਨ ਵਾਲਿਆਂ ਦਾ ਪਤਾ ਲਗਾਉਣ ਲਈ ਨਿਯਮ ਜ਼ਰੂਰੀ ਹਨ। ਸਰਕਾਰ ਨੇ ਇਹ ਵੀ ਦੱਸਿਆ ਹੈ ਕਿ ਵਟਸਐਪ ਵਰਤੋਂਕਾਰਾਂ ਦੀ ਜਾਣਕਾਰੀ ਦਾ ਲੈਣ-ਦੇਣ ਕਰਦਾ ਹੈ। ਇਸ ਲਈ ਪੂਰਨ ਰਾਜ਼ਦਾਰੀ ਅਤੇ ਸੁਰੱਖਿਆ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਵਟਸਐਪ ਦੇ ਵਕੀਲ ਨੇ ਦੱਸਿਆ ਕਿ ਐਨਕ੍ਰਿਪਸ਼ਨ ਤੋੜਨਾ ਠੀਕ ਨਹੀਂ, ਇਸ ਨਾਲ ਕਈ ਤਰ੍ਹਾਂ ਦੀਆਂ ਹੋਰ ਮੁਸ਼ਕਿਲਾਂ ਪੈਦਾ ਹੋ ਜਾਣਗੀਆਂ। ਅਸਲ ਵਿਚ ਸੰਦੇਸ਼ ਸ਼ੁਰੂ ਕਰਨ ਵਾਲੇ ਦਾ ਪਤਾ ਲਗਾਉਣ ਲਈ ਅਜੇ ਤੱਕ ਕੋਈ ਸਹੀ ਢੰਗ ਤਰੀਕਾ ਨਹੀਂ ਹੈ। ਅਦਾਲਤ ਨੇ ਦੋਵੇਂ ਧਿਰਾਂ ਦੀਆਂ ਦਲੀਲਾਂ ਅਤੇ ਬਹਿਸ ਸੁਣਨ ਤੋਂ ਬਾਅਦ ਕਿਹਾ ਹੈ ਕਿ ਨਿੱਜਤਾ ਅਧਿਕਾਰ ਸੰਪੂਰਨ ਨਹੀਂ ਹਨ। ਇਨ੍ਹਾਂ ਵਿਚ ਸੰਤੁਲਨ ਜ਼ਰੂਰੀ ਹੈ। ਬੈਂਚ ਨੇ 14 ਅਗਸਤ 2024 ਨੂੰ ਕੇਸ ਦੀ ਸੁਣਵਾਈ ਜਾਰੀ ਰੱਖਣ ਲਈ ਕਿਹਾ ਹੈ। ਦੇਖਣਾ ਇਹ ਹੋਵੇਗਾ ਕਿ ਹੁਣ ਭਾਰਤ ਵਿਚ ਸੰਦੇਸ਼ ਸੇਵਾਵਾਂ ਦੇਣ ਵਾਲੇ ਵਿਚੋਲੇ ਪਲੇਟਫਾਰਮ ਐਨਕ੍ਰਿਪਸ਼ਨ ਅਤੇ ਵਰਤੋਂਕਾਰਾਂ ਦੀ ਵਿਅਕਤੀਗਤ ਨਿੱਜਤਾ ਤੇ ਸੀਕ੍ਰੇਸੀ ਨੂੰ ਕਿਵੇਂ ਸੰਭਾਲਦੇ ਹਨ ਅਤੇ ਇਸ ਲਈ ਮੌਜੂਦਾ ਸਿਸਟਮ ਵਿਚ ਕਿਹੜੇ ਸੁਧਾਰ ਕਰਦੇ ਹਨ।

# ਗੁਆਚਿਆ ਬਟੂਆ

ਮੇਰਾ ਸਕੂਲ ਘਰ ਤੋਂ ਕੁਝ ਵਿੱਥ ਉਤੇ ਪੈਂਦਾ ਸੀ ਜੋ ਸ਼ਹਿਰ ਦੀ ਮੁੱਖ ਮਾਰਕਿਟ ਦੇ ਬਿਲਕੁਲ ਨਾਲ ਲੱਗਦਾ ਸੀ। ਜਦੋਂ ਕੋਈ ਮੈਨੂੰ ਬਾਹਰੋਂ ਮਿਲਣ ਆਉਂਦਾ ਤਾਂ ਮੈਂ ਅਕਸਰ ਉਸ ਬੰਦੇ ਨੂੰ ਘਰ ਬੁਲਾਉਣ ਦੀ ਬਜਾਏ ਮਾਰਕਿਟ 'ਚ ਮਿਲਣ ਦਾ ਸਮਾਂ ਦੇ ਦਿੰਦਾ। ਮੈਨੂੰ ਹੁੰਦਾ ਸੀ ਕਿ ਬਾਹਰੋਂ ਆਉਣ ਵਾਲਾ ਬੰਦਾ ਘਰ ਲੱਭਣ ਲਈ ਕਿੱਥੇ ਖੱਜਲ-

**ਅਜੀਤ ਖੰਨਾ**
ਫੋਨ: +91-85448-54669

ਖੁਆਰ ਹੁੰਦਾ ਫਿਰੇਗਾ, ਉਥੇ ਚਾਹ ਪਾਣੀ ਪਿਆਉਣਾ ਵੀ ਸੌਖਾ ਹੁੰਦਾ ਸੀ।

ਇਹ ਗੱਲ ਚਾਰ ਕੁ ਵਰ੍ਹੇ ਪੁਰਾਣੀ ਹੈ। ਮੇਰਾ ਇੱਕ ਦੋਸਤ ਕਿਸੇ ਕੰਮ ਲਈ ਲਹਿਰਾਗਾਗਾ ਤੋਂ ਮੈਨੂੰ ਮਿਲਣ ਆਇਆ। ਸ਼ਾਮ ਦਾ ਵਕਤ ਸੀ। ਮੈਂ ਉਸ ਨੂੰ ਮਾਰਕਿਟ ਤੋਂ ਚਾਹ ਪਾਣੀ ਪਿਆਇਆ, ਉਸ ਨਾਲ ਗੱਲਾਂ ਬਾਤਾਂ ਕੀਤੀਆਂ, ਇੰਨੇ ਨੂੰ ਹਲਕਾ-ਹਲਕਾ ਮੀਂਹ ਪੈਣ ਲੱਗਿਆ। ਮੈਂ ਘਰੋਂ ਪੈਦਲ ਆਇਆ ਸਾਂ ਜਿਸ ਕਰ ਕੇ ਮੈਂ ਉਹਨੂੰ ਕਿਹਾ ਕਿ ਆਪਣੀ ਕਾਰ 'ਤੇ ਮੈਨੂੰ ਮੇਰੇ ਘਰ ਨੇੜੇ ਛੱਡ ਦੇਵੇ। ਉਹ ਮੈਨੂੰ ਘਰ ਛੱਡਣ ਲਈ ਚੱਲ ਪਿਆ। ਮੈਂ ਲੋਅਰ ਤੇ ਟੀ-ਸ਼ਰਟ ਪਾਈ ਹੋਈ ਸੀ। ਜੇਬ 'ਚ ਇੱਕ ਪਾਸੇ ਬਟੂਆ ਸੀ। ਮੋਬਾਈਲ ਨੂੰ ਮੀਂਹ ਤੋਂ ਬਚਾਉਣ ਲਈ ਦੂਜੀ ਜੇਬ 'ਚ ਪਾ ਲਿਆ। ਜਦੋਂ ਉਸ ਨੇ ਮੈਨੂੰ ਘਰ ਕੋਲ ਕਾਰ 'ਚੋਂ ਉਤਾਰਿਆ ਤਾਂ ਮੈਂ ਕਾਹਲੀ-ਕਾਹਲੀ ਘਰ ਨੂੰ ਚੱਲ ਪਿਆ। ਜਿੱਥੇ ਉਹ ਮੈਨੂੰ ਛੱਡ ਕੇ ਗਿਆ ਸੀ, ਉਥੋਂ ਮੇਰੇ ਘਰ ਦਾ ਫ਼ਾਸਲਾ ਮਸਾਂ ਅੱਧਾ ਕਿਲੋਮੀਟਰ ਹੋਵੇਗਾ।

ਕਾਰ 'ਚੋਂ ਉਤਰ ਕੇ ਮੈਂ ਮੀਂਹ ਤੋਂ ਬਚਣ ਲਈ ਕਾਹਲੇ ਕਦਮੀਂ ਘਰ ਨੂੰ ਚੱਲ ਪਿਆ। ਘਰ ਅੱਪੜ ਕੇ ਆਪਣਾ ਲੋਅਰ ਬਦਲਿਆ ਤਾਂ ਉਸ ਵਿਚੋਂ ਬਟੂਆ ਕੱਢਣ ਲੱਗਾ। ਬਟੂਆ ਨਾ ਮਿਲਿਆ। ਮੈਂ ਉਸੇ ਵਕਤ ਪੁੱਠੇ ਪੈਰੀਂ ਉਸੇ ਰਾਹ ਬਟੂਆ ਲੱਭਣ ਤੁਰ ਪਿਆ। ਤਰਕਾਲਾਂ ਦਾ ਵੇਲਾ ਸੀ। ਮੀਂਹ ਕਰ ਕੇ ਹਨੇਰਾ ਥੋੜ੍ਹਾ ਜ਼ਿਆਦਾ ਸੀ। ਖ਼ੈਰ! ਜਿੱਥੇ ਮੇਰਾ ਦੋਸਤ ਮੈਨੂੰ ਛੱਡ ਕੇ ਗਿਆ ਸੀ, ਮੈਂ ਉਥੋਂ ਤੱਕ ਬਟੂਆ ਲੱਭਣ ਦੀ ਕਾਫ਼ੀ ਕੋਸ਼ਿਸ਼ ਕੀਤੀ ਪਰ ਬਟੂਆ ਨਾ ਮਿਲਿਆ। ਇਸ ਕਰ ਕੇ ਮੈਨੂੰ ਚਿੰਤਾ ਲੱਗ ਗਈ, ਬਟੂਏ ਵਿਚ ਬੈਂਕ ਦੇ ਏ.ਟੀ.ਐਮ. ਕਾਰਡ ਅਤੇ ਹੋਰ ਜ਼ਰੂਰੀ ਦਸਤਾਵੇਜ਼ ਸਨ। ਮੈਨੂੰ ਸਾਰੀ ਰਾਤ ਨੀਂਦ ਨਾ ਆਈ। ਬੈਂਕਾਂ ਦੇ ਏ.ਟੀ.ਐਮ. ਕਾਰਡ ਮੈਂ ਰਾਤ ਨੂੰ ਹੀ ਬਲਾਕ ਕਰ ਦਿੱਤੇ। ਸਵੇਰੇ ਉਠ ਕੇ ਸਭ ਤੋਂ ਪਹਿਲਾਂ ਬੈਂਕ ਗਿਆ। ਏ.ਟੀ.ਐਮ. ਕਾਰਡ ਬਣਵਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ। ਕੁਝ ਦਿਨਾਂ 'ਚ ਹੌਲੀ-ਹੌਲੀ ਮੈਂ ਸਾਰੇ ਕਾਰਡ ਬਣਵਾ ਲਏ। ਇਸ ਕੰਮ ਵਾਸਤੇ ਮੇਰਾ ਇੱਕ-ਡੇਢ ਮਹੀਨਾ ਲੱਗ ਗਿਆ। ਕਾਰਡ ਅਤੇ ਹੋਰ ਦਸਤਾਵੇਜ਼ ਬਣ ਕੇ ਘਰ ਆਉਣ ਪਿੱਛੋਂ ਸੁਖ ਦਾ ਸਾਹ ਆਇਆ।

ਤਕਰੀਬਨ ਦੋ ਕੁ ਮਹੀਨੇ ਬਾਅਦ ਇੱਕ ਦਿਨ ਮੈਂ ਤੇ ਮੇਰੀ ਪਤਨੀ ਸ਼ਾਮ ਵੇਲੇ ਕੋਠੇ ਉਤੇ ਸੈਰ ਕਰ ਰਹੇ ਸਾਂ, ਕੋਈ ਔਰਤ ਤੇ ਦੋ ਨੌਜਵਾਨ ਗੇਟ 'ਤੇ ਖਲੋ ਕੇ ਮੈਨੂੰ ਆਵਾਜ਼ਾਂ ਮਾਰ ਰਹੇ ਸਨ। ਦੇਖਿਆ ਤਾਂ ਉਨ੍ਹਾਂ ਵਿਚੋਂ ਇੱਕ ਨੌਜਵਾਨ ਮੇਰੇ ਨੰਦ ਸਿੰਘ ਐਵੇਨਿਊ 'ਚ ਨਾਲ ਦੀ ਗਲੀ ਵਾਲਾ ਸੀ ਜਿਸ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਸਾਂ। ਦੂਜੇ ਨੂੰ ਵੀ ਥੋੜ੍ਹਾ ਜਾਣਦਾ ਸਾਂ।

ਉਨ੍ਹਾਂ ਨਾਲ ਆਈ ਔਰਤ ਨੂੰ ਆਉਂਦੇ ਜਾਂਦੇ ਕਈ ਵਾਰ ਦੇਖਿਆ ਸੀ ਪਰ ਉਸ ਤੋਂ ਬਹੁਤਾ ਵਾਕਫ਼ ਨਹੀਂ ਸਾਂ। ਉਨ੍ਹਾਂ ਮੈਨੂੰ ਥੱਲੇ ਆਉਣ ਨੂੰ ਕਿਹਾ।

ਥੱਲੇ ਆ ਕੇ ਅਸੀਂ ਘਰ ਦਾ ਗੇਟ ਖੋਲ੍ਹਿਆ ਤੇ ਉਨ੍ਹਾਂ ਨੂੰ ਅੰਦਰ ਆਉਣ ਲਈ ਕਿਹਾ। ਉਨ੍ਹਾਂ ਨੂੰ ਡਰਾਇੰਗ ਰੂਮ 'ਚ ਬਿਠਾ ਕੇ ਚਾਹ ਪਾਣੀ ਪੁੱਛਿਆ। ਉਸ ਪਿੱਛੋਂ ਮੈਂ ਉਨ੍ਹਾਂ ਦੇ ਆਉਣ ਦਾ ਮਕਸਦ ਪੁੱਛਿਆ। ਉਨ੍ਹਾਂ ਦੱਸਿਆ ਕਿ ਉਹ ਮੇਰਾ ਬਟੂਆ ਦੇਣ ਆਏ ਸਨ ਜੋ ਉਸ ਔਰਤ ਨੂੰ ਲੱਭਿਆ ਸੀ। ਮੈਂ ਹੈਰਾਨ ਸੀ ਕਿ ਬਟੂਏ ਗੁਆਚੇ ਨੂੰ ਤਾਂ ਦੋ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ, ਹੁਣ ਕਿਵੇਂ ਮਿਲਿਆ? ਮੈਨੂੰ ਇਹ ਗੱਲ ਜਾਣਨ ਦੀ ਉਤਸੁਕਤਾ ਸੀ। ਇਸ ਲਈ ਮੈਂ ਉਨ੍ਹਾਂ ਨੂੰ ਮੁੜ ਪੁੱਛਿਆ ਕਿ ਤੁਹਾਨੂੰ ਇਹ ਬਟੂਆ ਕਿੱਥੋਂ ਮਿਲਿਆ?

ਉਸ ਔਰਤ ਨੇ ਦੱਸਿਆ ਕਿ ਇਹ ਬਟੂਆ ਉਸ ਨੂੰ ਡੇਢ ਦੋ ਮਹੀਨੇ ਪਹਿਲਾਂ ਹੀ ਮੀਂਹ ਵਾਲੇ ਇੱਕ ਦਿਨ ਨੰਦ ਸਿੰਘ ਐਵੇਨਿਊ ਦੇ ਸਾਈਨ ਬੋਰਡ ਕੋਲੋਂ ਮਿਲਿਆ ਸੀ। ਉਹ ਕਹਿਣ ਲੱਗੀ, "ਮੈਂ ਇਸ ਵਿਚ ਤੁਹਾਡੀ ਫੋਟੋ ਦੇਖੀ ਪਰ ਮੈਂ ਇਹ ਬਟੂਆ ਆਪਣੇ ਘਰ ਲਿਜਾ ਕੇ ਰੱਖ ਦਿੱਤਾ।" ਮੈਂ ਉਸ ਔਰਤ ਨੂੰ ਕਿਹਾ, "ਤੁਸੀਂ ਹਰ ਦੂਜੇ-ਤੀਜੇ ਦਿਨ ਗਲੀ 'ਚੋਂ ਲੰਘਦੇ ਹੋ, ਤੁਸੀਂ ਇਸ ਬਾਰੇ ਉਦੋਂ ਕਿਉਂ ਨਹੀਂ ਦੱਸਿਆ?" ਉਹ ਕਹਿਣ ਲੱਗੀ, "ਮੈਂ ਸੋਚਿਆ, ਬਈ ਕੋਈ ਨਹੀਂ, ਕਿਸੇ ਦਿਨ ਦੇ ਆਵਾਂਗੀ।"


ਮੈਂ ਹੈਰਾਨ ਹੋਇਆ ਸੋਚ ਰਿਹਾ ਸਾਂ ਕਿ ਹੁਣ ਕੀ ਫ਼ਾਇਦਾ, ਹੁਣ ਤਾਂ ਮੈਂ ਸਾਰੇ ਕਾਰਡ ਵਗੈਰਾ ਬਣਵਾ ਲਏ ਤੇ ਬਟੂਆ ਵੀ ਨਵਾਂ ਖਰੀਦ ਲਿਆ ਹੈ। ਉਹ ਚੁੱਪ ਰਹੀ। ਮੈਂ ਬਟੂਆ ਫੜਿਆ ਤੇ ਉਸ ਵਿਚਲੇ ਪੈਸੇ ਉਸ ਔਰਤ ਨੂੰ ਦੇ ਦਿੱਤੇ। ਉਹ ਖ਼ੁਸ਼ ਹੋ ਗਈ।


ਬੇਸ਼ੱਕ ਸਾਨੂੰ ਬਟੂਆ ਮਿਲਣ ਦੀ ਬਾਹਲੀ ਖ਼ੁਸ਼ੀ ਨਹੀਂ ਹੋਈ ਪਰ ਉਸ ਔਰਤ ਦੀ ਇਮਾਨਦਾਰੀ ਦੇਖ ਕੇ ਮਨ ਬਹੁਤ ਖ਼ੁਸ਼ ਹੋਇਆ। ਨਹੀਂ ਤਾਂ ਅਜੋਕੇ ਸਮੇਂ ਵਿਚ ਲੱਭੀ ਚੀਜ਼ ਤੇ ਖ਼ਾਸ ਕਰ ਪੈਸਿਆਂ ਵਾਲਾ ਬਟੂਆ ਕੌਣ ਮੋੜਦਾ ਹੈ!

ਮੈਂ ਤੇ ਮੇਰੀ ਪਤਨੀ ਨੇ ਹੱਥ ਜੋੜ ਕੇ ਉਨ੍ਹਾਂ ਤਿੰਨਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਗੇਟ ਤੱਕ ਛੱਡ ਗਏ। ਅਸਲ 'ਚ ਮੈਂ ਬਾਅਦ ਵਿਚ ਸਮਝਿਆ ਕਿ ਕਸੂਰ ਉਸ ਔਰਤ ਦਾ ਨਹੀਂ ਸਗੋਂ ਉਸ ਦੀ ਅਨਪੜ੍ਹਤਾ ਦਾ ਸੀ ਜਿਸ ਕਾਰਨ ਉਸ ਨੂੰ ਬਟੂਏ ਵਿਚਲੇ ਕਾਰਡਾਂ ਦੀ ਮਹੱਤਤਾ ਦਾ ਪਤਾ ਨਹੀਂ ਸੀ।

# ਪੰਜਾਬੀ ਫਿਲਮ 'ਬਾਗੀ ਦੀ ਧੀ' ਦੀ ਬੱਲੇ-ਬੱਲੇ





*ਖੱਬਿਓਂ: ਫਿਲਮ 'ਬਾਗੀ ਦੀ ਧੀ' ਦੇ ਪੰਜਾਬੀ ਤੇ ਅੰਗਰੇਜ਼ੀ ਵਾਲੇ ਪੋਸਟਰ, ਫਿਲਮ ਦਾ ਨਿਰਦੇਸ਼ਕ ਮੁਕੇਸ਼ ਗੌਤਮ ਅਤੇ ਉਘੇ ਲੇਖਕ ਗੁਰਮੁਖ ਸਿੰਘ ਮੁਸਾਫਿਰ ਜਿਨ੍ਹਾਂ ਦੀ ਕਹਾਣੀ 'ਤੇ ਆਧਾਰਿਤ ਇਹ ਫਿਲਮ ਹੈ।*

ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ 70ਵੇਂ ਕੌਮੀ ਫਿਲਮ ਇਨਾਮਾਂ (2024) ਦਾ ਐਲਾਨ ਕਰ ਦਿੱਤਾ ਹੈ। ਇਹ ਇਨਾਮ 2022 ਵਿਚ ਰਿਲੀਜ਼ ਹੋਈਆਂ ਫਿਲਮਾਂ ਲਈ ਦਿੱਤੇ ਗਏ ਹਨ ਜਿਨ੍ਹਾਂ ਵਿਚ ਦੱਖਣੀ ਭਾਰਤ ਦੀਆਂ ਫਿਲਮਾਂ ਦੀ ਸਰਦਾਰੀ ਰਹੀ। ਇਸ ਵਾਰ ਖੇਤਰੀ ਭਾਸ਼ਾਵਾਂ ਦੀਆਂ ਫਿਲਮਾਂ ਤੇ ਉਨ੍ਹਾਂ ਦੇ ਅਦਾਕਾਰਾਂ ਨੇ ਜ਼ਿਆਦਾਤਰ ਇਨਾਮ ਜਿੱਤੇ। ਕੌਮੀ

ਕੁਦਰਤ ਕੌਰ

ਫਿਲਮ ਇਨਾਮਾਂ ਵਿਚ ਸਰਵੋਤਮ ਪੰਜਾਬੀ ਫਿਲਮ ਦਾ ਖਿਤਾਬ ਮੁਕੇਸ਼ ਗੌਤਮ ਦੇ ਨਿਰਦੇਸ਼ਨ ਹੇਠ ਤਿਆਰ ਹੋਈ ਪੰਜਾਬੀ ਫਿਲਮ 'ਬਾਗ਼ੀ ਦੀ ਧੀ' ਨੇ ਹਾਸਲ ਕੀਤਾ ਹੈ। ਇਹ ਫਿਲਮ ਉਘੇ ਲੇਖਕ ਗੁਰਮੁਖ ਸਿੰਘ ਮੁਸਾਫਿਰ ਦੀ ਪ੍ਰਸਿੱਧ ਕਹਾਣੀ ਬਾਗੀ ਦੀ ਧੀ 'ਤੇ ਆਧਾਰਿਤ ਹੈ।

ਦੱਸਣਾ ਬਣਦਾ ਹੈ ਕਿ ਮੁਕੇਸ਼ ਗੌਤਮ ਮਸ਼ਹੂਰ ਫਿਲਮ ਅਦਾਕਾਰਾ ਯਾਮੀ ਗੌਤਮ ਦਾ ਪਿਤਾ ਹੈ। ਇਹ ਫਿਲਮ 2022 ਵਿਚ ਰਿਲੀਜ਼ ਹੋਈ ਸੀ ਜੋ ਆਜ਼ਾਦੀ ਹਾਸਲ ਕਰਨ ਲਈ ਲੜੇ ਸੰਘਰਸ਼ 'ਤੇ ਆਧਾਰਿਤ ਹੈ। ਇਸ ਫਿਲਮ ਵਿਚ ਕੁਲਜਿੰਦਰ ਸਿੰਘ ਸਿੱਧੂ, ਗੁਰਪ੍ਰੀਤ ਭੰਗੂ, ਦਿਲਨੂਰ ਕੌਰ, ਦਿਲਰਾਜ ਉਦੈ ਅਤੇ ਹੋਰ ਪ੍ਰਤਿਭਾਸ਼ਾਲੀ ਅਦਾਕਾਰ ਹਨ। ਇਸ ਵਾਰ ਰਿਸ਼ਭ ਸ਼ੈੱਟੀ ਨੂੰ ਕੰਨੜ ਫਿਲਮ 'ਕੰਟਾਰਾ' ਵਿਚ ਬਿਹਤਰੀਨ ਅਦਾਕਾਰੀ ਲਈ ਸਰਵੋਤਮ ਅਦਾਕਾਰ ਅਤੇ ਫਿਲਮ ਨਿਰਮਾਤਾ ਸੂਰਜ ਬੜਜਾਤੀਆ ਨੂੰ ਫਿਲਮ 'ਊਂਚਾਈ' ਲਈ ਸਰਵੋਤਮ ਨਿਰਦੇਸ਼ਕ ਐਲਾਨਿਆ ਗਿਆ ਹੈ। ਸਰਵੋਤਮ ਅਦਾਕਾਰਾ ਦਾ ਇਨਾਮ 'ਤਿਰੁਚਿਤਰੰਬਲਮ' ਤੇ 'ਕੱਛ ਐਕਸਪ੍ਰੈਸ' ਵਿਚ ਕ੍ਰਮਵਾਰ ਨਿਤਿਆ ਮੈਨਨ ਤੇ ਮਾਨਸੀ ਪਾਰਿਖ ਨੂੰ ਮਿਲਿਆ ਹੈ। ਮਨੋਜ ਬਾਜਪਾਈ ਨੇ 'ਗੁਲਮੋਹਰ' ਲਈ ਵਿਸ਼ੇਸ਼ ਇਨਾਮ ਜਿੱਤਿਆ ਹੈ।

## ਸਰਵੋਤਮ ਮਲਿਆਲੀ 'ਆਤਮ' ਵਾਲਿਆਂ ਦੀਆਂ ਆਦਾਵਾਂ

ਫਿਲਮਸਾਜ਼ ਆਨੰਦ ਇਕਾਰਸੀ ਦੀ ਫਿਲਮ 'ਆਤਮ' ਨੇ ਸਾਲ 2022 ਲਈ ਸਰਵੋਤਮ ਫੀਚਰ ਫਿਲਮ ਦਾ ਕੌਮੀ ਇਨਾਮ ਹਾਸਲ ਕੀਤਾ ਹੈ। ਇਹ 13ਵੀਂ ਮਲਿਆਲੀ ਫਿਲਮ ਹੈ ਜਿਸ ਨੂੰ ਇਹ ਮਾਣ ਹਾਸਲ ਹੋਇਆ ਹੈ। ਇਸ ਫਿਲਮ ਨੇ ਸਰਵੋਤਮ ਪਟਕਥਾ (ਆਨੰਦ ਇਕਾਰਸ਼ੀ) ਅਤੇ ਸਰਵੋਤਮ ਸੰਪਾਦਨ (ਮਹੇਸ਼ ਭੂਵਾਨੰਦ) ਦੇ ਇਨਾਮ ਵੀ ਜਿੱਤੇ ਹਨ।

ਫਿਲਮ ਦੀ ਕਹਾਣੀ ਅਜਿਹੀ ਔਰਤ ਦੁਆਲੇ ਘੁੰਮਦੀ ਹੈ ਜੋ ਜਿਨਸੀ ਹਮਲੇ ਦਾ ਸ਼ਿਕਾਰ ਹੋ ਜਾਂਦੀ ਹੈ ਤੇ ਇਸ ਘਟਨਾ ਬਾਰੇ ਚਰਚਾ 11 ਆਦਮੀ ਕਰਦੇ ਹਨ। ਉਹ ਦਾਇਰਾ ਬਣਾ ਕੇ ਬੈਠੇ ਹੋਏ ਹਨ। ਇਸ ਚਰਚਾ ਵਿਚ ਮਰਦਾਂ ਦਾ ਦੰਭ ਨਿੱਖੜ ਕੇ ਸਾਹਮਣੇ ਆਉਂਦਾ ਹੈ। ਜਿਵੇਂ-ਜਿਵੇਂ ਫਿਲਮ ਦੀ ਕਹਾਣੀ ਅਗਾਂਹ ਵਧਦੀ ਹੈ,



*ਫਿਲਮ 'ਆਤਮ: ਦਿ ਪਲੇਅ' ਦਾ ਪੋਸਟਰ।*

ਇਨ੍ਹਾਂ ਲੋਕਾਂ ਦਾ ਅਸਲ ਕਿਰਦਾਰ ਦਰਸ਼ਕਾਂ ਅੱਗੇ ਉਘੜਨਾ ਸ਼ੁਰੂ ਹੋ ਜਾਂਦਾ ਹੈ। ਫਿਲਮ ਵਿਚ ਅੰਜਲੀ ਵਾਲਾ ਕਿਰਦਾਰ ਅਦਾਕਾਰਾ ਜ਼ਰੀਨ ਨੇ ਬਾਖ਼ੂਬੀ ਨਿਭਾਇਆ ਹੈ। ਇਹ ਕਿਰਦਾਰ ਵਾਰ-ਵਾਰ ਧਿਆਨ ਖਿੱਚਦਾ ਹੈ।

ਆਨੰਦ ਇਕਾਰਸ਼ੀ ਨੇ ਇਹ ਕਹਾਣੀ ਇਸ ਢੰਗ ਨਾਲ ਬੁਣੀ ਹੈ ਕਿ ਮਰਦ ਪ੍ਰਧਾਨ ਸਮਾਜ ਦੇ ਪਾਜ ਨੰਗੇ ਹੋ ਜਾਂਦੇ ਹਨ। ਆਨੰਦ ਇਕਾਰਸ਼ੀ ਨੇ ਔਰਤ ਦਾ ਜਿਹੜਾ ਕਿਰਦਾਰ ਇਸ ਫਿਲਮ ਦੇ ਜ਼ਰੀਏ ਪੇਸ਼ ਕੀਤਾ, ਉਹ ਆਪਣੀ ਮਿਸਾਲ ਆਪ ਹੈ। ਇਸ ਲਈ ਇਹ ਵੀ ਚੰਗੀ ਤਰ੍ਹਾਂ ਸਮਝ ਆਉਂਦਾ ਹੈ ਕਿ ਇਸ ਫਿਲਮ ਨੂੰ ਕੌਮੀ ਪਟਕਥਾ ਇਨਾਮ ਲਈ ਕਿਉਂ ਚੁਣਿਆ ਗਿਆ ਹੈ। ਫਿਲਮ ਦੇ ਅਦਾਕਾਰਾਂ ਵਿਚੋਂ ਸਾਰੇ ਥੀਏਟਰ ਨਾਲ ਜੁੜੇ ਹੋਏ ਲੋਕ ਹਨ। ਮਰਦਾਂ ਵਾਲੇ 13 ਵਿਚੋਂ 11 ਅਦਾਕਰਾਂ ਨੂੰ ਆਨੰਦ ਇਕਾਰਸ਼ੀ ਚੰਗੀ ਤਰ੍ਹਾਂ ਤਰ੍ਹਾਂ ਜਾਣਦਾ ਹੈ। ਅਦਾਕਾਰਾ ਜ਼ਰੀਨ ਸ਼ਿਹਾਬ ਅਤੇ ਕਲਾਭਵਨ ਸ਼ਜੋਹਨ ਇਸ ਮਾਮਲੇ ਵਿਚ ਅਪਵਾਦ ਹਨ। ਇਹ ਸਾਰੇ ਕਲਾਕਾਰ 'ਲੋਕਧਰਮੀ' ਥੀਏਟਰ ਗਰੁੱਪ ਨਾਲ ਕੰਮ ਕਰਦੇ ਹਨ। ਇਸ ਤੋਂ ਵੀ ਵੱਡੀ ਗੱਲ ਸਾਰੇ ਦੇ ਸਾਰੇ ਕਲਾਕਾਰ ਦਿਹਾੜੀਦਾਰ ਹਨ। ਇਹ ਲੋਕ ਆਪਣੀ ਰੋਜ਼ੀ-ਰੋਟੀ ਲਈ ਆਪੋ-ਆਪਣਾ ਕੰਮ ਕਰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਸੀਨੀਅਰ ਅਦਾਕਾਰ ਸੇਲਵਰਾਜ ਰਾਘਵਨ ਸਾਬਕਾ ਹੈੱਡਲੋਡ ਵਰਕਰ ਹੈ। ਜੌਲੀ ਐਂਟਨੀ ਟਾਈਲਾਂ ਲਾਉਂਦਾ ਹੈ। ਅਜੀ ਤਿਰੂਵੰਕਲਮ ਰੰਗਸਾਜ਼ ਹੈ, ਸੁਧੀਰ ਬਾਬੂ ਡਰਾਮਾ ਅਧਿਆਪਕ ਹੈ। ਇਸੇ ਤਰ੍ਹਾਂ ਬਾਕੀ ਅਦਾਕਾਰਾਂ ਦੇ ਕਿੱਸੇ ਹਨ। ***-ਗੁਰਜੰਟ ਸਿੰਘ***

# ਫਿਲਮ 'ਸਤ੍ਰੀ 2' ਦਾ ਜਲਵਾ





*ਫਿਲਮ 'ਸਤ੍ਰੀ 2' ਦਾ ਪੋਸਟਰ, ਅਦਾਕਾਰਾ ਰਾਜਕੁਮਾਰ ਰਾਓ ਅਤੇ ਅਦਾਕਾਰਾ ਸ਼੍ਰਧਾ ਕਪੂਰ।*

'ਸਤ੍ਰੀ 2' ਅਮਰ ਕੌਸ਼ਿਕ ਦੀ ਨਿਰਦੇਸ਼ਨਾ ਹੇਠ ਬਣੀ ਹੌਰਰ ਫਿਲਮ ਹੈ। ਇਸ ਦਾ ਪੂਰਾ ਨਾਂ 'ਸਤ੍ਰੀ 2: ਸਿਰਕਟੇ ਕਾ ਆਤੰਕ' ਹੈ। ਇਹ 2018 ਵਿਚ ਆਈ ਫਿਲਮ 'ਸਤ੍ਰੀ' ਦਾ ਅਗਲਾ ਭਾਗ ਹੈ ਹੋ ਅਮਰ ਕੌਸ਼ਿਕ ਦੀ ਪਲੇਠੀ ਫਿਲਮ ਸੀ। 'ਸਤ੍ਰੀ' ਅਤੇ ਸਤ੍ਰੀ 2' ਦੇ ਵਿਚਕਾਰ ਅਮਰ ਕੌਸ਼ਿਕ ਚਾਰ ਹੋਰ ਫਿਲਮਾਂ ('ਬਾਲਾ'-2019, 'ਭੇੜੀਆ'-2022, 'ਚੋਰ ਨਿਕਲ ਕੇ ਭਾਗਾ'-2023 ਤੇ 'ਮੁਨੀਆ'-2024) ਬਣਾ ਚੁੱਕਾ ਹੈ। ਇਨ੍ਹਾਂ ਚਾਰਾਂ ਵਿਚੋਂ ਵਿਚੋਂ ਦੋ ਫਿਲਮਾਂ 'ਬਾਲਾ' ਅਤੇ 'ਭੇੜੀਆ' ਉਸ ਨੇ ਆਪ ਨਿਰਦੇਸ਼ਤ ਕੀਤੀਆਂ ਹਨ। 'ਚੋਰ ਨਿਕਲ ਕੇ ਭਾਗਾ' ਤੇ 'ਮੁਨੀਆ' ਦਾ ਉਹ ਨਿਰਮਾਤਾ ਵੀ ਸੀ ਅਤੇ ਫਿਲਮ 'ਚੋਰ ਨਿਕਲ ਕੇ ਭਾਗਾ' ਉਸ ਨੇ ਲਿਖੀ ਵੀ ਆਪ ਹੀ ਸੀ। 'ਸਤ੍ਰੀ 2' ਵਿਚ ਵੀ 'ਸਤ੍ਰੀ' ਫਿਲਮ ਵਾਲੀ ਜੋੜੀ (ਰਾਜਕੁਮਾਰ ਰਾਓ ਅਤੇ ਸ਼੍ਰਧਾ ਕਪੂਰ) ਨੇ ਹੀ ਅਦਾਕਾਰੀ ਕੀਤੀ ਹੈ।

ਅਮਰ ਕੌਸ਼ਿਕ ਦਾ 'ਸਤ੍ਰੀ' ਦਾ ਅਗਲਾ ਬਾਗ ਬਣਾਉਣ ਦਾ ਵਿਚਾਰ 2018 ਵਿਚ ਹੀ ਬਣ ਗਿਆ ਸੀ ਪਰ ਇਹ ਪ੍ਰੋਜੈਕਟ ਵਿਚ ਲਿਆਉਂਦੇ-ਲਿਆਉਂਦੇ ਛੇ ਸਾਲ ਲੱਗ ਗਏ। ਇਹ ਫਿਲਮ ਐਤਕੀਂ 15 ਅਗਸਤ ਵਾਲੇ ਰਿਲੀਜ਼ ਹੋਈ।

ਆਮਨਾ ਕੌਰ

ਆਲੋਚਕਾਂ ਅਤੇ ਦਰਸ਼ਕਾਂ ਨੇ ਇਸ ਦੀ ਖ਼ੂਬ ਪ੍ਰਸ਼ੰਸਾ ਕੀਤੀ ਹੈ। ਕੁੱਲ 50 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਹ ਫਿਲਮ ਹੁਣ ਤੱਕ 200 ਕਰੋੜ ਰੁਪਏ ਤੋਂ ਵੱਧ ਦੀ ਕਿਮਾਈ ਕਰ ਚੁੱਕੀ ਹੈ। ਇਹ ਭਾਰਤ ਦੀ ਅਜਿਹੀ ਛੇਵੀਂ ਫਿਲਮ ਹੈ ਜਿਸ ਨੇ ਸਾਲ 2024 ਵਿਚ ਸਭ ਤੋਂ ਵੱਧ ਕਮਾਈ ਕੀਤੀ ਹੈ। ਇਹ ਹਿੰਦੀ ਫਿਲਮਾਂ ਵਿਚੋਂ ਸਾਲ 2024 ਵਿਚ ਸਭ ਤੋਂ ਵੱਧ ਪੈਸੇ ਕਮਾਉਣ ਵਾਲੀ ਤੀਜੀ ਫਿਲਮ ਬਣ ਗਈ ਹੈ। ਫਿਲਮ ਵਿਚ ਪੰਕਜ ਤ੍ਰਿਪਾਠੀ, ਅਭਿਸ਼ੇਕ ਬੈਨਰਜੀ, ਅਪਾਰਸ਼ਕਤੀ ਖ਼ੁਰਾਣਾ ਵਰਗੇ ਅਦਾਕਾਰਾਂ ਨੇ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਫਿਲਮ 'ਸਤ੍ਰੀ 2' ਦੇ ਨਾਲ ਹੀ ਦੋ ਹੋਰ ਫਿਲਮਾਂ ਵੀ ਰਿਲੀਜ਼ ਹੋਈਆਂ ਸਨ: ਅਕਸ਼ੈ ਕੁਮਾਰ ਦੀ ਫਿਲਮ 'ਖੇਲ ਖੇਲ ਮੇਂ' ਅਤੇ ਜੌਹਨ ਅਬਰਾਹਮ ਦੀ ਫਿਲਮ 'ਵੇਦਾ' ਪਰ 'ਸਤ੍ਰੀ 2' ਨੇ ਕਮਾਈ ਪੱਖੋਂ ਇਨ੍ਹਾਂ ਦੋਹਾਂ ਨੂੰ ਬੁਰੀ ਤਰ੍ਹਾਂ ਪਛਾੜ ਦਿੱਤਾ ਹੈ। ਇਸ ਫਿਲਮ ਨਾਲ ਅਦਾਕਾਰਾ ਸ਼੍ਰਧਾ ਕਪੂਰ ਇਕ ਵਾਰ ਫਿਰ ਛਾ ਗਈ ਹੈ। ਪਿਛਲੇ ਸਾਲ ਉਸ ਦੀ ਫਿਲਮ 'ਤੂ ਝੂਠੀ ਮੈਂ ਮੱਕਾਰ' ਰਿਲੀਜ਼ ਹੋਈ ਸੀ। ਇਹ ਫਿਲਮ ਬਹੁਤਾ ਕ੍ਰਿਸ਼ਮਾ ਨਹੀਂ ਸੀ ਦਿਖਾ ਸਕੀ। ਇਸ ਫਿਲਮ ਦਾ ਬਜਟ 200 ਕਰੋੜ ਰੁਪਏ ਦਾ ਸੀ ਅਤੇ ਇਹ ਫਿਲਮ ਮਸੀਂ 220 ਕਰੋੜ ਰੁਪਏ ਹੀ ਕਮਾ ਸਕੀ। ਇਸ ਫਿਲਮ ਵਿਚ ਸ਼੍ਰਧਾ ਕਪੂਰ ਦਾ ਹੀਰੋ ਰਣਬੀਰ ਕਪੂਰ ਸੀ। 'ਸਤ੍ਰੀ 2' ਨੇ ਸਭ ਕਸਰਾਂ ਕੱਢ ਦਿੱਤੀਆਂ ਹਨ।

# ਰਾਣੀ ਮੁਖਰਜੀ ਦਾ ਦਾਅਵਾ

ਕੋਲਕਾਤਾ ਬਲਾਤਕਾਰ ਕੇਸ ਨੇ ਔਰਤਾਂ ਦੀ ਸੁਰੱਖਿਆ ਬਾਰੇ ਨਵੇਂ ਸਿਰਿਓਂ ਚਰਚਾ ਛੇੜੀ। ਇਸ ਬਾਰੇ ਅਦਾਕਾਰ ਰਾਣੀ ਮੁਖਰਜੀ, ਦੀਪਿਕਾ ਪਾਦੂਕੋਣ, ਅਨੁਸ਼ਕਾ ਸ਼ਰਮਾ ਅਤੇ ਹੋਰ ਅਦਾਕਾਰਾਵਾਂ ਦੇ ਵਿਚਾਰ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਰਾਣੀ ਮੁਖਰਜੀ ਨੇ ਬਹੁਤ ਤਿੱਖੇ ਰੂਪ ਵਿਚ ਆਪਣੀ ਹਾਜ਼ਰੀ ਲੁਆਈ ਹੈ ਅਤੇ ਕਿਹਾ ਹੇ ਕਿ ਅਜਿਹੀਆਂ ਘਟਨਾਵਾਂ ਲਈ ਅਸੀਂ ਆਪ ਵੀ ਓਨੇ ਹੀ ਜ਼ਿੰਮੇਵਾਰ ਹਾਂ। ਉਸ ਨੇ ਕਿਹਾ, "ਔਰਤਾਂ ਨੂੰ ਹਰ ਪੱਖੋਂ ਤਕੜੇ ਹੋਣਾ ਪਵੇਗਾ, ਭਾਵੇਂ ਕਰਾਟੇ ਹੀ ਕਿਉਂ ਨਾ ਸਿੱਖਣੇ ਪੈਣ।"

ਇਹ ਵੱਖਰੀ ਗੱਲ ਹੈ ਕਿ ਅਜਿਹੇ ਦਾਅਵਿਆਂ ਨਾਲ ਸਰਕਾਰ ਦੇ ਦੋਸ਼ ਪਿਛੋਕੜ ਵਿਚ ਚਲੇ ਜਾਂਦੇ ਹਨ। ਅਸਲ ਵਿਚ ਮੁੱਖ ਮਸਲਾ ਮਰਦ ਪ੍ਰਧਾਨ ਸਮਾਜ ਦੀ ਉਸ ਸੋਚ ਦਾ ਹੈ ਜੋ ਔਰਤ ਨੂੰ ਹੀਣੀ ਸਮਝਣਾ ਹੈ। ਇਸ ਸੋਚ ਨੂੰ ਬਦਲਣਾ ਪਵੇਗਾ। ***-ਜਗਜੀਤ ਸਿੰਘ ਸੇਖੋਂ***



# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1783 Egret ct Hayward CA 94545
2. 15740 Via Castana Morgan Hill CA 95037
3. 3104 Salisbury court CA 94555
4. 1672 Northgate Manteca CA 95336
5. 819 Saint Rufina Lane Unit 19 Morgan Hill CA 95037
6. 26676 Campeche St Hayward CA 94545
7. 1777 Osage Ave Hayward CA 94545
8. 2249 moody ave Hayward ca 94545
9. 9714 Fall Valley Way Sacramento CA 95829
10. 3597 Skyline dr Hayward CA 94542
11. 1549 -1561 Landess Ave Milpitas CA 95035
12. 11401 Rampart Dr Dublin CA 94568
13. 7790 Squirrel Creek Cir Dublin CA, 94568
14. 2798 Tostalinda Dr Tracy CA 95377
15. 1216 Cliff Swallow Dr Patterson CA 95363-8732
16. 3626 Platt ct S Pleasanton CA 94588

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20